29-SEP-PAGE-1.qxd 9/28/2024 10:57 PM Page 1

ਐਤਵਾਰ, 29 ਸਤੰਬਰ, 2024
14 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 119

# ਨਵਾਂ ਜ਼ਮਾਨਾ

DAILY NAWAN ZAMANA • SUNDAY, 29 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

# ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਮੋਗਾ ਲਾਲੋ-ਲਾਲ

## ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਅਗਲੇ ਪੜਾਅ 'ਬਨੇਗਾ ਪ੍ਰਾਪਤੀ ਮੁਹਿੰਮ' ਦਾ ਆਗਾਜ਼, ਸੰਘਰਸ਼ ਜਾਰੀ ਰੱਖਣ ਦਾ ਲਿਆ ਪ੍ਰਣ

**ਮੋਗਾ (ਇਕਬਾਲ ਸਿੰਘ ਖਹਿਰਾ)**

ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ 'ਬਨੇਗਾ ਪ੍ਰਾਪਤੀ ਮੁਹਿੰਮ' ਦੇ ਬੈਨਰ ਹੇਠ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ 'ਬਨੇਗਾ' ਭਾਵ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ', ਜਿਸ ਅਨੁਸਾਰ ਹਰ ਇਕ ਨੂੰ (ਜੋ ਚਾਹੁੰਦਾ ਹੈ) ਉਹਦੀ ਯੋਗਤਾ ਅਨੁਸਾਰ ਕੰਮ ਅਤੇ ਕੰਮ ਅਨੁਸਾਰ ਤਨਖਾਹ ਅਣ-ਸਿੱਖਿਅਤ ਨੂੰ 30,000, ਅਰਧ ਸਿੱਖਿਅਤ ਨੂੰ 35,000, ਸਿੱਖਿਅਤ ਨੂੰ 45,000 ਅਤੇ ਉੱਚ-ਸਿੱਖਿਅਤ ਨੂੰ 60,000 ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦੀ ਗਰੰਟੀ ਹੋਵੇ ਅਤੇ ਜੇਕਰ ਸਰਕਾਰ ਇਕ ਸਾਲ ਦੇ ਅੰਦਰ ਕੰਮ ਦੇਣ ਵਿੱਚ ਅਸਫਲ ਹੈ ਤਾਂ ਉਕਤ ਤਨਖਾਹ ਦਾ ਅੱਧਾ ਹਿੱਸਾ ਕੰਮ ਇੰਤਜ਼ਾਰ ਭੱਤਾ ਲਾਜ਼ਮੀ ਹੋਵੇ, ਬਨੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਅਤੇ ਨਵਾਂ ਰੁਜ਼ਗਾਰ ਪੈਦਾ ਕਰਨ ਲਈ 'ਕੰਮ ਦਿਹਾੜੀ ਦੀ ਕਾਨੂੰਨੀ ਸੀਮਾ 6 ਘੰਟੇ ਹੋਵੇ', ਹਰ ਇਕ ਲਈ ਮੁਫ਼ਤ ਅਤੇ ਲਾਜ਼ਮੀ ਵਿਗਿਆਨਕ ਸਿੱਖਿਆ, ਮੁਫ਼ਤ ਸਿਹਤ ਸਹੂਲਤਾਂ, ਵਾਤਾਵਰਣ ਅਤੇ ਪਾਣੀਆਂ ਦੀ ਸੰਭਾਲ, ਚੰਗੀ ਉਸਾਰੂ ਖੇਡ ਨੀਤੀ ਅਤੇ ਮਨੁੱਖਾ ਸ਼ਕਤੀ ਦੀ ਮੁਕੰਮਲ ਯੋਜਨਾਬੰਦੀ ਆਦਿ ਦੀ ਪ੍ਰਾਪਤੀ ਲਈ ਸ਼ਨੀਵਾਰ ਇੱਥੇ ਸਥਾਨਕ ਇਨਡੋਰ ਸਟੇਡੀਅਮ ਗੋਧੇਵਾਲਾ ਵਿਖੇ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੀ ਸਿਲਵਰ ਜੁਬਲੀ ਮੌਕੇ 'ਬਨੇਗਾ ਵਲੰਟੀਅਰ ਸੰਮੇਲਨ ਅਤੇ ਮਾਰਚ' ਕੀਤਾ ਗਿਆ, ਜਿਸ ਵਿੱਚ ਪੰਜਾਬ ਭਰ ਵਿਚੋਂ ਹਜ਼ਾਰਾਂ ਵਲੰਟੀਅਰਾਂ ਨੇ ਭਗਤ ਸਿੰਘ ਦੀ ਫੋਟੋ ਵਾਲੀ ਬਨੇਗਾ ਟੀ-ਸ਼ਰਟ ਪਹਿਨ ਕੇ ਸ਼ਮੂਲੀਅਤ ਕੀਤੀ।

ਇਸ ਪ੍ਰੋਗਰਾਮ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਪੰਜਾਬ ਪ੍ਰਧਾਨ ਰਮਨ ਕੁਮਾਰ ਧਰਮੂ ਵਾਲਾ, ਸੂਬਾ ਸਕੱਤਰ ਪ੍ਰਿਤਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੁਖਵਿੰਦਰ ਮਲੋਟ ਅਤੇ ਨੌਜਵਾਨ ਸਭਾ ਦੇ ਸੂਬਾਈ ਸਕੱਤਰੇਤ ਆਗੂ ਕਰਮਵੀਰ ਕੌਰ ਬੱਧਨੀ ਨੇ ਕੀਤੀ। ਪ੍ਰੋਗਰਾਮ ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਦਿਨੇਸ਼ ਕੁਮਾਰ (ਤਾਮਿਲਨਾਡੂ) ਅਤੇ ਬਨੇਗਾ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।



ਲਾਲ ਵਰਦੀਧਾਰੀ ਵਲੰਟੀਅਰਾਂ ਨੇ ਹੱਥਾਂ ਵਿੱਚ ਭਗਤ ਸਿੰਘ ਦੀਆਂ ਫੋਟੋਆਂ, ਲਾਲ ਝੰਡੇ, ਬੈਨਰ, ਫਲੈਕਸ ਅਤੇ ਤਖ਼ਤੀਆਂ ਫੜ ਕੇ ਮੋਗਾ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਮਾਰਚ ਕਰਦਿਆਂ ਪੂਰਾ ਮੋਗਾ ਲਾਲੋ-ਲਾਲ ਕਰ ਦਿੱਤਾ ਅਤੇ 'ਇਨਕਲਾਬ-ਜ਼ਿੰਦਾਬਾਦ, ਭਗਤ ਸਿੰਘ ਤੇਰੀ ਸੋਚ ਤੇ, ਪਹਿਰਾ ਦੇਵਾਂਗੇ ਠੋਕ ਕੇ, ਬਨੇਗਾ ਕਾਨੂੰਨ ਲੈ ਕੇ ਰਹਾਂਗੇ' ਆਦਿ ਨਾਹਰਿਆਂ ਨਾਲ ਆਕਾਸ਼ ਗੂੰਜਣ ਲਗਾ ਦਿੱਤਾ।

ਹੋਰ ਤਸਵੀਰਾਂ ਸਫਾ 10 'ਤੇ

ਸਮਾਗਮ ਦੀ ਸ਼ੁਰੂਆਤ ਵੇਲੇ ਤਿਆਰੀ ਕਮੇਟੀ ਦੇ ਕਨਵੀਨਰ ਡਾਕਟਰ ਇੰਦਰਬੀਰ ਸਿੰਘ ਗਿੱਲ ਜਿਲ੍ਹਾ ਆਗੂ ਐਪਸੋ ਨੇ ਸਮਾਗਮ ਦਾ ਉਦਘਾਟਨ ਕਰਦਿਆਂ ਭਗਤ ਸਿੰਘ ਦੇ ਜਨਮ ਦਿਨ ਦੀਆਂ ਅਮੁੱਕ ਮੁਬਾਰਕਾਂ ਦਿੱਤੀਆਂ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਵਲੰਟੀਅਰਾਂ ਦਾ ਸਵਾਗਤ ਕੀਤਾ। ਇਸ ਮੌਕੇ ਵਿਸ਼ਾਲ ਬਨੇਗਾ ਵਲੰਟੀਅਰ ਸੰਮੇਲਨ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਜਗਰੂਪ ਸਿੰਘ ਨੇ ਪਰਮਗੁਣੀ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ ਮੌਕੇ ਅਮੁੱਕ ਮੁਬਾਰਕਾਂ ਦਿੰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ। ਹਾਜ਼ਰੀਨ ਹਜ਼ਾਰਾਂ ਬਨੇਗਾ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਅੱਜ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਤੋਂ ਇਲਾਵਾ ਅੱਜ ਤੋਂ 25 ਸਾਲ ਪਹਿਲਾਂ ਰੁਜ਼ਗਾਰ ਪ੍ਰਾਪਤ ਕਰਨ ਦੀ ਮੰਗ 'ਤੇ ਸ਼ੁਰੂ ਕੀਤੀ ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ ਨੇ ਆਪਣੀਆਂ ਬੇਰੋਕ ਸਰਗਰਮੀਆਂ ਦੇ ਸ਼ਾਨਦਾਰ ਇਤਿਹਾਸਕ 25 ਸਾਲ ਪੂਰੇ ਕਰਕੇ ਸਿਲਵਰ ਜੁਬਲੀ ਮਨਾ ਰਹੀ ਹੈ। ਉਹਨਾਂ ਇਤਿਹਾਸਕ ਪਲਾਂ ਨੂੰ ਯਾਦ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਕਾਰਨ ਖ਼ੁਦਕੁਸ਼ੀਆਂ ਦਾ ਦੌਰ ਚੱਲ ਰਿਹਾ ਸੀ ਤਾਂ ਉਸ ਵੇਲੇ 'ਖ਼ੁਦਕੁਸ਼ੀਆ ਨਹੀਂ, ਪ੍ਰਾਪਤੀ ਦੇ ਰਾਹ ਪੈ ਵੇ ਲੋਕਾ' ਦਾ ਨਾਹਰਾ ਮਾਰ ਕੇ ਕਿਵੇਂ ਬੇਰੁਜ਼ਗਾਰ ਜਵਾਨੀ ਵਿੱਚ ਆਸ ਦੀ ਲੋਅ ਜਗਾਈ, ਜੋ ਅੱਜ 'ਬਨੇਗਾ ਪ੍ਰਾਪਤੀ ਮੁਹਿੰਮ' ਦੇ ਰੂਪ ਵਿੱਚ ਪ੍ਰਚੰਡ ਹੋ ਕੇ ਪ੍ਰਾਪਤੀ ਦੇ ਸੰਘਰਸ਼ ਵਿੱਚ ਮੋਹਰੀ ਰੋਲ ਨਿਭਾ ਰਹੀ ਹੈ।

ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ, ਸੂਬਾ ਪ੍ਰਧਾਨ ਪਰਮਜੀਤ ਢਾਬਾਂ ਨੇ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੀ ਲਗਾਤਾਰ ਬਿਨਾਂ ਨਾਗਾ ਸਰਗਰਮੀ ਦਾ ਨਤੀਜਾ ਹੈ ਕਿ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਤਿਉਹਾਰ ਵਾਂਗ ਮਨਾਇਆ ਜਾਣ ਲੱਗਿਆ ਹੈ। ਅੱਜ ਜਦੋਂ ਸਮਾਜ ਬੇਰੁਜ਼ਗਾਰੀ ਕਾਰਨ ਆਰਥਕ ਥੁੜਾਂ ਸਮੇਤ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ ਤਾਂ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਕ ਅਗਵਾਈ ਦੀ ਵਧੇਰੇ ਲੋੜ ਹੈ। ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ 'ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਦਾ ਖਰੜਾ ਭਗਤ ਸਿੰਘ ਦੀ ਵਿਚਾਰਧਾਰਕ ਅਗਵਾਈ ਦੀ ਹੀ ਦੇਣ ਹੈ। ਉਹਨਾਂ ਕਿਹਾ ਕਿ ਜਿੱਥੇ ਇਕ ਪਾਸੇ ਸਰਕਾਰਾਂ ਦਾ ਆਮ ਲੋਕਾਂ ਅਤੇ ਉਹਨਾਂ ਦੀਆਂ ਜੀਵਨ ਹਾਲਤਾਂ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ ਅਤੇ ਸਿਰਫ ਕਾਰਪੋਰੇਟ ਸੈਕਟਰ ਲਈ ਹੀ ਨੀਤੀਆਂ ਬਣਾ ਰਹੀਆਂ ਹਨ, ਉਥੇ ਦੂਜੇ ਪਾਸੇ ਬਨੇਗਾ ਪ੍ਰਾਪਤੀ ਮੁਹਿੰਮ ਦੇ ਉਕਤ ਸ਼ਾਨਦਾਰ ਠੋਸ ਪ੍ਰੋਗਰਾਮ ਸਮਾਜ ਦੇ ਹਰ ਵਰਗ ਦੀ ਬੰਦ-ਖਲਾਸੀ ਦਾ ਮੁੱਦਈ ਹੈ। ਇਸ ਪ੍ਰੋਗਰਾਮ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਪਵੇਗਾ। ਇਸ ਸੰਘਰਸ਼ ਲਈ ਭਗਤ ਸਿੰਘ ਦਾ ਜੀਵਨ ਫਲਸਫ਼ਾ ਸਾਡੀ ਯੋਗ ਅਗਵਾਈ ਕਰੇਗਾ।

ਸੰਮੇਲਨ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਦਿਨੇਸ਼ ਕੁਮਾਰ (ਤਾਮਿਲਨਾਡੂ) ਨੇ ਭਗਤ ਸਿੰਘ ਦੇ ਜਨਮ ਦਿਨ ਮੌਕੇ ਪੰਜਾਬ ਵੱਲੋਂ ਕੀਤੇ ਜਾ ਰਹੇ ਇਸ ਵਿਸ਼ਾਲ ਪ੍ਰੋਗਰਾਮ ਅਤੇ ਭਗਤ ਸਿੰਘ ਦੇ ਜਨਮ ਦਿਨ ਦੀ ਬਹੁਤ-ਬਹੁਤ ਵਧਾਈ ਦਿੱਤੀ ਅਤੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੇ ਜਨਮ ਦਿਨ ਸਮਾਗਮ ਕਰਵਾਉਣ ਦੀ ਪਿਰਤ ਨੇ ਪੂਰੇ ਭਾਰਤ ਨੂੰ ਜਗਾਇਆ ਹੈ ਅਤੇ ਅੱਜ ਸਾਰਾ ਦੇਸ਼ ਭਗਤ ਸਿੰਘ ਦੇ ਜਨਮ ਦਿਨ ਨੂੰ ਇਨਕਲਾਬੀ ਜੋਸ਼ ਨਾਲ ਮਨਾਉਂਦਾ ਹੈ। ਉਹਨਾ ਕਿਹਾ ਕਿ ਦੇਸ਼ ਦੀ ਵਿਦਿਆਰਥੀ ਲਹਿਰ ਖਾਸ ਕਰਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਆਪਣੇ ਸੰਘਰਸ਼ ਲੜ ਰਹੀ ਅਤੇ ਜਿੱਤ ਰਹੀ ਹੈ। ਜਿਸ ਤਰ੍ਹਾਂ ਦੇਸ਼ ਦੀ ਸਰਮਾਏਦਾਰ ਹਕੂਮਤ ਵਿਦਿਆਰਥੀਆਂ ਤੋਂ ਸਿੱਖਿਆ ਦਾ ਹੱਕ ਖੋਹਣਾ ਚਾਹੁੰਦੀ ਤਾਂ ਸਾਨੂੰ ਹੋਰ ਸ਼ਿੱਦਤ ਨਾਲ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਲੈਸ ਹੋਣਾ ਪਵੇਗਾ, ਤਾਂ ਕਿ ਸਿੱਖਿਆ ਨੂੰ ਬਚਾਇਆ ਜਾ ਸਕੇ।

ਸ ਾ ਬ ਕ ਾ ● ਬਾਕੀ ਸਫ਼ਾ 2 'ਤੇ

### ਪਟਾਕਾ ਫੈਕਟਰੀ 'ਚ ਧਮਾਕਾ, 3 ਮੌਤਾਂ

**ਸੋਨੀਪਤ** : ਨੇੜਲੇ ਪਿੰਡ ਰਿਢਾਊ ਵਿਚ ਸ਼ਨੀਵਾਰ ਸਵੇਰੇ ਨਾਜਾਇਜ਼ ਪਟਾਕਾ ਫੈਕਟਰੀ 'ਚ ਧਮਾਕੇ ਨਾਲ ਇਮਾਰਤ ਢਹਿ ਗਈ, ਜਿਸ ਦੇ ਨਤੀਜੇ ਵਜੋਂ ਇਕ ਬੱਚੇ ਤੇ ਦੋ ਮਹਿਲਾਵਾਂ ਦੀ ਮੌਤ ਹੋ ਗਈ ਅਤੇ 9 ਜਣੇ ਜ਼ਖਮੀ ਹੋ ਗਏ, ਜਿਨ੍ਹਾਂ ਵਿਚ ਬਹੁਤੀਆਂ ਮਹਿਲਾਵਾਂ ਹਨ। ਧਮਾਕੇ ਵੇਲੇ ਮਜ਼ਦੂਰ ਤੇ ਪਰਵਾਰ ਦੇ ਲੋਕ ਮੌਜੂਦ ਸਨ। ਜ਼ਖਮੀਆਂ 'ਚ ਫਰਮਾਨ (26), ਉਸ ਦੀ ਪਤਨੀ ਯਾਸਮੀਨ (23), ਇਕਰਾ (22), ਸਿਦਰਾ (18), ਆਸਰਾ (21), ਆਸੀ (28) ਅਤੇ ਅੰਜਲੀ (27) ਸ਼ਾਮਲ ਹਨ। ਪੁਲਸ ਨੇ ਮਕਾਨ ਮਾਲਕ ਵੇਦ ਪ੍ਰਕਾਸ਼ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਖਮੀ ਹੋਣ ਵਾਲੀ ਅੰਜਲੀ ਉਸ ਦੀ ਹੀ ਬੇਟੀ ਹੈ।

### 2 ਦਹਿਸ਼ਤਗਰਦ ਹਲਾਕ, ਪੁਲਸ ਅਫਸਰ ਤੇ 4 ਜਵਾਨ ਜ਼ਖਮੀ

**ਕੁਲਗਾਮ** : ਆਦਿਗਾਮ ਦੇਵਸਰ ਇਲਾਕੇ 'ਚ ਸ਼ਨੀਵਾਰ ਸਵੇਰੇ ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਨੇ 2 ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਏ ਐੱਸ ਪੀ ਤੇ ਫੌਜ ਦੇ 4 ਜਵਾਨ ਜ਼ਖਮੀ ਹੋ ਗਏ। ਜ਼ਖਮੀਆਂ ਦੀ ਪਛਾਣ ਐਡੀਸ਼ਨਲ ਐੱਸ ਪੀ ਮੁਮਤਾਜ਼ ਅਲੀ ਭੱਟੀ, ਸਿਪਾਹੀ ਮੋਹਨ ਸ਼ਰਮਾ, ਸੋਹਨ ਕੁਮਾਰ, ਯੋਗਿੰਦਰ ਤੇ ਮੁਹੰਮਦ ਇਸਰਾਨ ਵਜੋਂ ਹੋਈ ਹੈ।

### ਪ੍ਰੇਮ ਵਿਆਹ ਕਰਾਉਣ ਵਾਲੇ ਦਾ ਕਤਲ

**ਲਹਿਰਾਗਾਗਾ** : ਨੇੜਲੇ ਪਿੰਡ ਭਾਈ ਕੀ ਪਿਸ਼ੌਰ ਵਿਚ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ ਗੁਰਦੀਪ ਸਿੰਘ ਉਰਫ ਘੋਗੜ (27) ਨੂੰ ਕੁੜੀ ਦੇ ਪਿਓ ਵੱਲੋਂ ਕਥਿਤ ਤੌਰ 'ਤੇ ਅਣਖ ਲਈ ਕਤਲ ਕਰ ਦਿੱਤਾ। ਮ੍ਰਿਤਕ ਦੇ ਭਰਾ ਮਨਜੀਤ ਸਿੰਘ ਪੁੱਤਰ ਹਰਨੈਬ ਸਿੰਘ ਨੇ ਲਹਿਰਾਗਾਗਾ ਪੁਲਸ ਨੂੰ ਦੱਸਿਆ ਕਿ ਗੁਰਦੀਪ ਸਿੰਘ ਨੇ ਕਰੀਬ 3 ਸਾਲ ਪਹਿਲਾਂ ਗੁਰਜੰਟ ਸਿੰਘ ਦੀ ਕੁੜੀ ਰਜਨੀ ਕੌਰ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ। ਸ਼ੁੱਕਰਵਾਰ ਸ਼ਾਮ ਉਹ ਗੁਰਦੀਪ ਸਿੰਘ ਨਾਲ ਠੇਕੇ ਤੋਂ ਸ਼ਰਾਬ ਲੈਣ ਗਿਆ ਸੀ ਤਾਂ ਠੇਕੇ ਕੋਲ ਗੁਰਜੰਟ ਸਿੰਘ ਬੈਠਾ ਸ਼ਰਾਬ ਪੀ ਰਿਹਾ ਸੀ ਅਤੇ ਉਸ ਦੇ ਨਾਲ ਦੋ/ਤਿੰਨ ਹੋਰ ਨਾਮਲੂਮ ਵਿਅਕਤੀ ਵੀ ਬੈਠੇ ਸਨ, ਜਿਨ੍ਹਾਂ ਦੇ ਹੱਥਾਂ ਵਿੱਚ ਮਾਰੂ ਹਥਿਆਰ ਸਨ। ਗੁਰਜੰਟ ਸਿੰਘ ਨੇ ਲਲਕਾਰੇ ਮਾਰਦਿਆਂ ਗੁਰਦੀਪ ਸਿੰਘ ਦੇ ਸਿਰ ਵਿਚ ਕੁਹਾੜੀ ਮਾਰ ਦਿੱਤੀ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਦੀ ਕੁੱਟਮਾਰ ਵੀ ਕੀਤੀ। ਗੁਰਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਜ਼ੇਰੇ ਦਫਾ 103, 3 (5) 191 (3) ਬੀ ਐੱਨ ਐੱਸ ਤਹਿਤ ਗੁਰਜੰਟ ਸਿੰਘ ਸਮੇਤ ਨਾਮਾਲੂਮ ਦੋ-ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

## ਹਿਜ਼ਬੁੱਲ੍ਹਾ ਚੀਫ ਨੂੰ 80 ਟਨ ਦੇ ਬੰਬ ਨਾਲ ਮਾਰਿਆ

**ਯੇਰੂਸ਼ਲਮ** : ਇਜ਼ਰਾਈਲੀ ਫੌਜ ਨੇ ਸਨਿੱਚਰਵਾਰ ਦਾਅਵਾ ਕੀਤਾ ਕਿ ਉਸ ਨੇ ਸ਼ੁੱਕਰਵਾਰ ਰਾਤ ਲਿਬਨਾਨ ਦੀ ਰਾਜਧਾਨੀ ਬੈਰੂਤ ਵਿਚ ਮਿਥ ਕੇ ਕੀਤੇ ਭਿਆਨਕ ਹਮਲੇ ਵਿਚ ਦਹਿਸ਼ਤੀ ਜਥੇਬੰਦੀ ਹਿਜ਼ਬੁੱਲ੍ਹਾ ਦੇ ਮੁਖੀ ਹਸਨ ਨਸਰੱਲ੍ਹਾ ਦਾ ਖਾਤਮਾ ਕਰ ਦਿੱਤਾ। ਇਹ ਹਮਲਾ ਬੈਰੂਤ ਦੇ ਬਾਹਰਵਾਰ ਸਥਿਤ ਹਿਜ਼ਬੁੱਲ੍ਹਾ ਦੇ ਹੈੱਡਕੁਆਰਟਰ ਉਤੇ ਕੀਤਾ ਗਿਆ। ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਹਮਲੇ ਵਿਚ ਨਸਰੱਲ੍ਹਾ ਤੋਂ ਇਲਾਵਾ ਜਥੇਬੰਦੀ ਦੇ ਹੋਰ ਕਈ ਚੋਟੀ ਦੇ ਕਮਾਂਡਰ ਵੀ ਮਾਰੇ ਗਏ ਹਨ, ਜਿਨ੍ਹਾਂ ਵਿਚ ਅਲੀ ਕਾਰਚੀ ਵੀ ਸ਼ਾਮਲ ਹੈ, ਜੋ ਹਿਜ਼ਬੁੱਲ੍ਹਾ ਦੇ ਦੱਖਣੀ ਮੋਰਚੇ ਭਾਵ ਲਿਬਨਾਨ ਦੇ ਇਜ਼ਰਾਈਲ ਨਾਲ ਲੱਗਦੇ ਖੇਤਰ ਦਾ ਕਮਾਂਡਰ ਸੀ। ਇਜ਼ਰਾਈਲ ਨੇ ਕਿਹਾ ਕਿ ਹਿਜ਼ਬੁੱਲ੍ਹਾ ਦੇ ਹੈੱਡਕੁਆਰਟਰ 'ਤੇ 80 ਟਨ ਦੇ ਬੰਕਰ-ਤੋੜ ਬੰਬ ਨਾਲ ਹਮਲਾ ਕੀਤਾ ਗਿਆ। ਨਸਰੱਲ੍ਹਾ ਉਥੇ ਮੌਜੂਦ ਸੀ। ਨਸਰੱਲ੍ਹਾ 1992 ਵਿਚ ਹਿਜ਼ਬੁੱਲ੍ਹਾ ਦਾ 32 ਸਾਲ ਦੀ ਉਮਰ ਵਿਚ ਚੀਫ ਬਣਿਆ ਸੀ। ਨਸਰੱਲ੍ਹਾ ਦੀ ਮੌਤ ਦੀ ਹਿਜ਼ਬੁੱਲ੍ਹਾ ਨੇ ਪੁਸ਼ਟੀ ਕਰ ਦਿੱਤੀ ਹੈ ਤੇ ਹਮਲੇ ਵਿਚ ਉਸ ਦੀ ਧੀ ਜ਼ੈਨਬ ਨਸਰੱਲ੍ਹਾ ਵੀ ਮਾਰੀ ਗਈ ਹੈ।



ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸ਼ੁੱਕਰਵਾਰ ਸੰਯੁਕਤ ਰਾਸ਼ਟਰ ਵਿਚ ਭਾਸ਼ਣ ਦੇ ਬਾਅਦ ਆਪਣੇ ਹੋਟਲ ਦੇ ਕਮਰੇ ਤੋਂ ਹਮਲੇ ਲਈ ਹਰੀ ਝੰਡੀ ਦਿੱਤੀ ਸੀ। ਹਮਲੇ ਦੇ ਬਾਅਦ ਨੇਤਨਯਾਹੂ ਦੇ ਦਫਤਰ ਨੇ ਇਕ ਤਸਵੀਰ ਜਾਰੀ ਕੀਤੀ, ਜਿਸ ਵਿਚ ਉਹ ਲੈਂਡਲਾਈਨ ਫੋਨ ਤੋਂ ਹਮਲੇ ਦਾ ਹੁਕਮ ਦੇ ਰਿਹਾ ਹੈ।

ਨਸਰੱਲ੍ਹਾ 'ਤੇ ਹਮਲੇ ਤੋਂ ਬਾਅਦ ਈਰਾਨ ਦੇ ਸੁਪਰੀਮ ਕਮਾਂਡਰ ਆਇਆਤੁੱਲ੍ਹਾ ਅਲੀ ਖਾਮੇਨੇਈ ਨੂੰ ਸੁਰੱਖਿਅਤ ਟਿਕਾਣੇ 'ਤੇ ਸ਼ਿਫਟ ਕਰ ਦਿੱਤਾ ਗਿਆ ਹੈ। ਖਾਮੇਨੇਈ ਨੇ ਇਕ ਬਿਆਨ ਵਿਚ ਸਾਰੇ ਮੁਸਲਮਾਨਾਂ ਨੂੰ ਲਿਬਨਾਨ ਤੇ ਹਿਜ਼ਬੁੱਲ੍ਹਾ ਨਾਲ ਖੜ੍ਹਨ ਦਾ ਸੱਦਾ ਦਿੱਤਾ ਹੈ। ਇਸ ਖਿੱਤੇ ਦਾ ਭਵਿੱਖ ਹੁਣ ਇਸ ਗੱਲ 'ਤੇ ਟਿਕਿਆ ਹੈ ਕਿ ਇਜ਼ਰਾਈਲ ਨੂੰ ਕਿੰਨੀ ਤਾਕਤ ਨਾਲ ਰੋਕਿਆ ਜਾ ਸਕਦਾ ਹੈ। ਹਿਜ਼ਬੁੱਲ੍ਹਾ ਇਸ ਮੁਹਿੰਮ ਵਿਚ ਅਗਵਾਈ ਕਰ ਰਿਹਾ ਹੈ।

ਇਸੇ ਦੌਰਾਨ ਈਰਾਨੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਈਰਾਨ ਆਉਣ ਵਾਲੇ ਦਿਨਾਂ ਵਿਚ ਲਿਬਨਾਨ ਤੇ ਸੀਰੀਆ ਵਿਚ ਆਪਣੇ ਫੌਜੀ ਤਾਇਨਾਤ ਕਰਨ ਦੀ ਤਿਆਰੀ ਕਰ ਰਿਹਾ ਹੈ।

## 'ਭਗਤ ਸਿੰਘ ਦੇ ਵਿਚਾਰਾਂ ਦੀ ਆਜ਼ਾਦੀ ਸੰਗਰਾਮ ਨਾਲੋਂ ਵੀ ਵੱਧ ਲੋੜ'



**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸਮਾਗਮ ਦੇ ਮੁੱਖ ਬੁਲਾਰੇ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ ਤੇ ਕਮੇਟੀ ਮੈਂਬਰ ਰਮਿੰਦਰ ਸਿੰਘ ਪਟਿਆਲਾ ਸਨ। ਆਗੂਆਂ ਨੇ ਕਿਹਾ ਕਿ ਭਗਤ ਸਿੰਘ ਦੇ ਵਿਚਾਰ ਅਜੋਕੇ ਪ੍ਰਸੰਗ ਵਿੱਚ ਵਿੱਚ ਵੀ ਓਨੇ ਹੀ ਮਹੱਤਤਾ ਰੱਖਦੇ ਹਨ, ਜਿੰਨੀ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਸਮੇਂ ਸਨ। ਸਗੋਂ ਇਸ ਵੇਲੇ ਤਾਂ ਆਜ਼ਾਦੀ ਸੰਗਰਾਮ ਤੋਂ ਵੀ ਵਧੇਰੇ ਭਗਤ ਸਿੰਘ ਦੇ ਵਿਚਾਰਾਂ ਦੀ ਲੋੜ ਹੈ, ਕਿਉਂਕਿ ਭਾਜਪਾ ਦੀ ਹਕੂਮਤ, ਜਿਸ ਨੂੰ ਆਰ ਐੱਸ ਐੱਸ ਚਲਾ ਰਿਹਾ ਹੈ, ਉਹ ਭਗਤ ਸਿੰਘ ਦੇ ਰੂਪ ਨੂੰ ਵਿਗਾੜ ਕੇ ਪੇਸ਼ ਕਰ ਰਹੀ ਹੈ। ਉਹ ਤਾਂ ਭਗਤ ਸਿੰਘ ਨੂੰ ਟੋਪੀ ਵਾਲਾ ਪੇਸ਼ ਕਰਕੇ ਹਿੰਦੂ ਪੱਖੀ ਬਣਾ ਰਹੀ ਹੈ। ਸਿੱਖ ਫਿਰਕੇ ਦੀਆਂ ਕੁਝ ਤਾਕਤਾਂ ਭਗਤ ਸਿੰਘ ਨੂੰ ਪੱਗ ਵਾਲੇ ਸਰਦਾਰ ਦੇ ਤੌਰ 'ਤੇ ਪੇਸ਼ ਕਰਦੀਆਂ ਹਨ। ਇਸ ਲਈ ਅਜਿਹੀਆਂ ਫਿਰਕੂ ਤਾਕਤਾਂ ਦਾ ਜਵਾਬ ਭਗਤ ਸਿੰਘ ਦੇ ਵਿਚਾਰਾਂ ਰਾਹੀਂ ਹੀ ਦਿੱਤਾ ਜਾ ਸਕਦਾ ਹੈ। ਭਗਤ ਸਿੰਘ ਨੇ ਗਦਰ ਪਾਰਟੀ ਦੇ ਯੋਧਿਆਂ ਦੇ ਪਦ-ਚਿੰਨ੍ਹਾਂ 'ਤੇ ਚੱਲਦੇ ਹੋਏ ਮਹਾਤਮਾ ਗਾਂਧੀ ਦੇ ਵਿਚਾਰਾਂ ਤੇ ਸਮਾਜਵਾਦੀ ਵਿਚਾਰਾਂ ਦਾ ਵਖਰੇਵਾਂ ਕੀਤਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਬਣਾਈਸ਼ ਸੋਸ਼ਲਿਸਟ ਖੁਸ਼ਹਾਲੀ ਦਾ ਪ੍ਰਤੀਕ ਹੈ, ਇਸ ਲਈ ਭਗਤ ਸਿੰਘ ਦੇ ਵਿਚਾਰਾਂ ਦੀ ਪੂਰਤੀ ਹੋਣ ਨਾਲ ਹੀ ਸਮਾਜ ਵਿੱਚ ਖੁਸ਼ਹਾਲੀ ਪਰਤੇਗੀ, ● ਬਾਕੀ ਸਫ਼ਾ 2 'ਤੇ

## ਸ਼੍ਰੋਮਣੀ ਕਮੇਟੀ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਏਗੀ

### ਪੰਜਾਬ ਸਰਕਾਰ ਫਿਲਮ 'ਐਮਰਜੈਂਸੀ' 'ਤੇ ਰੋਕ ਲਾਵੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਨੀਵਾਰ ਇਥੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨਵੰਬਰ 2025 ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਆ ਰਿਹਾ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਅਤੇ ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਵੀ ਆ ਰਹੀ ਹੈ। ਇਨ੍ਹਾਂ ਦਿਹਾੜਿਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਪੱਧਰ 'ਤੇ ਮਨਾਇਆ ਜਾਵੇਗਾ, ਜਿਸ ਦੀ ਰੂਪ-ਰੇਖਾ ਜਲਦ ਉਲੀਕੀ ਜਾਵੇਗੀ।

ਉਨ੍ਹਾ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ ਵਿਖੇ ਪੰਜਾਬੀ ਕਲੋਨੀ 'ਚ ਸਥਿਤ 200 ਸਾਲ ਪੁਰਾਣੇ ਗੁਰੂ ਘਰ ਨੂੰ ਢਾਹੁਣ ਦੀ ਕਾਰਵਾਈ ਦਾ ਵੀ ਸਖ਼ਤ ਨੋਟਿਸ ਲਿਆ ਗਿਆ। ਉਨ੍ਹਾ ਕਿਹਾ ਕਿ ● ਬਾਕੀ ਸਫ਼ਾ 2 'ਤੇ

## ਮੋਦੀ-ਸ਼ਾਹ ਦੀ ਜੋੜੀ ਭਾਈਚਾਰਕ ਸਾਂਝ ਨੂੰ ਤੋੜਨ 'ਤੇ ਤੁਲੀ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**



ਸੰਵਿਧਾਨਕ ਤਬਦੀਲੀ ਕਰਨ ਲਈ ਸੰਵਿਧਾਨਕ ਹੱਕਾਂ ਨਿਆਂ, ਆਰਥਿਕ, ਸਮਾਜਿਕ ਤੇ ਰਾਜਸੀ ਹੱਕਾਂ ਤੋਂ ਮੋਦੀ ਸਰਕਾਰ ਵੰਚਿਤ ਕਰ ਰਹੀ ਹੈ, ਦੇਸ਼ ਦੇ ਮੁੱਠੀਭਰ ਅਮੀਰ ਤੇ ਤਾਕਤਵਰ ਲੋਕਾਂ ਦੇ ਹੱਥਾਂ ਵਿੱਚ ਖੇਡ ਕੇ ਉਹਨਾਂ ਨੂੰ ਆਰਥਕ ਲਾਭ ਪੁਚਾਉਣ ਲਈ ਦੇਸ਼ ਦੇ ਕਿਰਤੀ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਆਮ ਲੋਕਾਂ ਦਾ ਖ਼ੂਨ ਚੂਸ ਕੇ ਉਨ੍ਹਾਂ ਨੂੰ ਅਧਿਕਾਰਾਂ ਤੋਂ ਵਾਂਝੇ ਕਰਕੇ ਧਰਮ, ਜਾਤ ਅਤੇ ਭਾਸ਼ਾ ਦੇ ਨਾਂਅ 'ਤੇ ਵੰਡੀਆਂ ਪਾ ਕੇ ਭਾਈਚਾਰਕ ਸਾਂਝ ਨੂੰ ਤੋੜਿਆ ਜਾ ਰਿਹਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਸੀ ਪੀ ਆਈ ਦਫ਼ਤਰ ਵਿੱਚ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਮੌਕੇ ਸੰਬੋਧਨ ਕਰਦਿਆਂ ਕੀਤਾ। ਉਹਨਾ ਕਿਹਾ ਅੱਜ ਮੋਦੀ ਤੇ ਸ਼ਾਹ ਦੀ ਜੋੜੀ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਦੇਸ਼ ਵਿਚ ਸੰਪਰਦਾਇਕ ਦੰਗੇ ਕਰਵਾ ਰਹੀ ਹੈ ਅਤੇ ਦੇਸ਼ ਨੂੰ ਧਰਮ ਜਾਤ ਦੇ ਆਧਾਰ ● ਬਾਕੀ ਸਫ਼ਾ 2 'ਤੇ

### ਅੱਜ-ਨਾਮਾ

ਚੜ੍ਹਿਆ ਜਿਨ੍ਹਾਂ ਨੂੰ ਚੌਧਰ ਦਾ ਚਾਅ ਮੀਆਂ,
ਗਲੀਉ-ਗਲੀ ਗੇੜਾ ਰਹੇ ਉਹ ਲਾ ਮੀਆਂ।
ਕਿਸੇ ਵੱਲ ਸਾਂਝ ਦੀ ਯਾਦ ਕਰਾਉਣ ਜਾਂਦੇ,
ਕਈਆਂ ਨੂੰ ਬੋਤਲ ਉਹ ਰਹੇ ਪੁਚਾ ਮੀਆਂ।
ਅੜੇ-ਥੁੜੇ ਲਈ ਪੈਸੇ ਦਾ ਕਰਨ ਵਾਅਦਾ,
ਪਹਿਲਾਂ ਵੋਟਾਂ ਉਹ ਕਹਿਣ ਭੁਗਤਾ ਮੀਆਂ।
ਸਰਪੰਚੀ ਛੋਟੀ ਰਿਆਸਤ ਦੇ ਰਾਜ ਵਰਗੀ,
ਜਿਸ ਦੇ ਵਾਸਤੇ ਲੱਗਣ ਪਏ ਦਾਅ ਮੀਆਂ।
ਅਜੇ ਤੱਕ ਪਿੰਡਾਂ ਦੀ ਚੌਧਰ ਦੀ ਗੱਲ ਚੱਲੀ,
ਮਗਰੋਂ ਸ਼ਹਿਰ ਦਾ ਨੰਬਰ ਵੀ ਆਊ ਮੀਆਂ।
ਪੁੱਜੀ ਪਿੰਡਾਂ ਦੀ ਲਾਗਤ ਕਈ ਲੱਖ ਤੀਕਰ,
ਸ਼ਹਿਰਾਂ ਦੀ ਸ਼ਰਤ ਕਰੋੜਾਂ ਨੂੰ ਜਾਊ ਮੀਆਂ।

-ਤੀਸ ਮਾਰ ਖਾਂ

## ਨਿਰਮਲਾ ਸੀਤਾਰਮਨ 'ਤੇ ਜਬਰੀ ਵਸੂਲੀ ਦੀ ਐੱਫ ਆਈ ਆਰ

### ਵੱਡੀਆਂ ਕੰਪਨੀਆਂ ਨੂੰ ਕੇਂਦਰੀ ਏਜੰਸੀਆਂ ਦਾ ਡਰਾਵਾ ਦੇ ਕੇ ਚੋਣ ਬਾਂਡ ਖਰੀਦਣ ਲਈ ਮਜਬੂਰ ਕਰਨ ਦਾ ਦੋਸ਼

**ਬੇਂਗਲੁਰੂ** : ਲੋਕ ਨੁਮਾਇੰਦਿਆਂ ਬਾਰੇ ਸਥਾਨਕ ਸਪੈਸ਼ਲ ਕੋਰਟ ਨੇ ਸ਼ੁੱਕਰਵਾਰ ਤਿਲਕ ਨਗਰ ਥਾਣੇ ਨੂੰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਖਿਲਾਫ ਐੱਫ ਆਈ ਆਰ ਦਰਜ ਕਰਨ ਦਾ ਹੁਕਮ ਦਿੱਤਾ। ਥਾਣੇ ਨੇ ਐੱਫ ਆਈ ਆਰ ਧਾਰਾ 384 (ਜਬਰੀ ਵਸੂਲੀ ਲਈ ਸਜ਼ਾ) ਅਤੇ 120 ਬੀ (ਫੌਜਦਾਰੀ ਸਾਜ਼ਿਸ਼) ਤਹਿਤ ਦਰਜ ਕਰ ਲਈ ਹੈ।

ਜਨਅਧਿਕਾਰ ਸੰਘਰਸ਼ ਪ੍ਰੀਸ਼ਦ ਦੇ ਸਹਿ-ਪ੍ਰਧਾਨ ਆਦਰਸ਼ ਅਈਅਰ ਨੇ ਦੋਸ਼ ਲਾਇਆ ਸੀ ਕਿ ਵਿੱਤ ਮੰਤਰੀ ਨੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਤੇ ਹੋਰਨਾਂ ਭਾਜਪਾ ਆਗੂਆਂ ਨੇ ਈ ਡੀ ਅਧਿਕਾਰੀਆਂ ਦੀ ਮਦਦ ਨਾਲ ਇਲੈਕਟੋਰਲ ਬਾਂਡਾਂ ਰਾਹੀਂ ਜਬਰੀ ਵਸੂਲੀ ਕੀਤੀ। ਮਾਮਲੇ ਦੀ ਅਗਲੀ ਸੁਣਵਾਈ 10 ਅਕਤੂਬਰ ਨੂੰ ਹੋਵੇਗੀ।



ਕਾਂਗਰਸੀ ਕਾਰਕੁਨ ਸ਼ਨੀਵਾਰ ਨਿਰਮਲਾ ਸੀਤਾਰਮਨ ਤੇ ਹੋਰਨਾਂ ਦੇ ਨਕਾਬ ਪਾ ਕੇ ਬੇਂਗਲੁਰੂ 'ਚ ਮੁਜ਼ਾਹਰਾ ਕਰਦੇ ਹੋਏ।

ਅਈਅਰ ਨੇ ਨਿਰਮਲਾ ਸੀਤਾਰਮਨ, ਈ ਡੀ ਅਧਿਕਾਰੀਆਂ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਭਾਜਪਾ ਦੇ ਕੌਮੀ ਆਗੂਆਂ ਤੱਤਕਾਲੀ ਕਰਨਾਟਕ ਪ੍ਰਧਾਨ ਨਲਿਨ ਕੁਮਾਰ ਕਟੀਲ, ਬੀ ਵਾਈ ਵਿਜੇਂਦਰ ਦੇ ਖਿਲਾਫ ਸ਼ਿਕਾਇਤ ਕੀਤੀ ਸੀ। ਸ਼ਿਕਾਇਤ ਮੁਤਾਬਕ ਅਪ੍ਰੈਲ 2019 ਤੋਂ ਅਗਸਤ 2022 ਤੱਕ ਕਾਰੋਬਾਰੀ ਅਨਿਲ ਅਗਰਵਾਲ ਦੀ ਫਰਮ ਤੋਂ ਲਗਭਗ 230 ਕਰੋੜ ਰੁਪਏ ਤੇ ਅਰਬਿੰਦੋ ਫਾਰਮੇਸੀ ਤੋਂ 49 ਕਰੋੜ ਰੁਪਏ ਚੋਣ ਬਾਂਡਾਂ ਰਾਹੀਂ ਵਸੂਲੇ ਗਏ। ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਕਿ ਕੀ ਨਿਰਮਲਾ ਸੀਤਾਰਮਨ ਖਿਲਾਫ ਪੁਲਸ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਿਨਾਂ ਜਾਂਚ ਕਰ ਸਕਦੀ ਹੈ, ਕਿਉਂਕਿ ਉਹ ਕੇਂਦਰੀ ਮੰਤਰੀ ਹੈ। ਨਿਰਮਲਾ ਕਰਨਾਟਕ ਤੋਂ ਰਾਜ ਸਭਾ ਮੈਂਬਰ ਹੈ। ਵਿਜੇਂਦਰ ਖਿਲਾਫ ਜਾਂਚ ਲਈ ਕਰਨਾਟਕ ਦੇ ਰਾਜਪਾਲ ਦੀ ਮਨਜ਼ੂਰੀ ਜ਼ਰੂਰੀ ਹੈ, ਕਿਉਂਕਿ ਉਹ ਵਿਧਾਇਕ ਹਨ।

ਪ੍ਰੀਸ਼ਦ ਨੇ ਦੋਸ਼ ਲਾਇਆ ਹੈ ਕਿ ਈ ਡੀ ਵਿੱਤ ਮੰਤਰੀ ਨਿਰਮਲਾ ਦੇ ਹੇਠ ਕੰਮ ਕਰਦੀ ਹੈ ਅਤੇ ਨਿਰਮਲਾ ਨੇ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਕਈ ਵਿਅਕਤੀਆਂ ਨਾਲ ਸਾਜ਼ਿਸ਼ ਰਚੀ, ਜਿਸ ਤਹਿਤ ਅਲੂਮੀਨੀਅਮ ਤੇ ਤਾਂਬੇ ਦੀਆਂ ਵੱਡੀਆਂ ਕੰਪਨੀਆਂ—ਵੇਦਾਂਤਾ, ਸਟਰਲਾਈਟ ਤੇ ਅਰਬਿੰਦੋ ਫਾਰਮਾ 'ਤੇ ਚੋਣ ਬਾਂਡ ਰਾਹੀਂ 8 ਹਜ਼ਾਰ ਕਰੋੜ ਰੁਪਏ ਤੋਂ ਵੱਧ ਵਸੂਲਣ ਲਈ ਛਾਪੇ ਮਾਰੇ ਗਏ।

ਵਰਨਣਯੋਗ ਹੈ ਕਿ ਅਰਬਿੰਦੋ ਫਾਰਮਾ ਦੇ ਡਾਇਰੈਕਟਰ ਤੇ ਹੈਦਰਾਬਾਦ ਦੇ ਕਾਰੋਬਾਰੀ ਪੀ ਸਰਥ ਚੰਦਰ ਰੈੱਡੀ ਨੂੰ ਈ ਡੀ ਨੇ 11 ਨਵੰਬਰ 2022 ਨੂੰ ਦਿੱਲੀ ਆਬਕਾਰੀ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਕੁਝ ਦਿਨਾਂ ਬਾਅਦ 15 ਨਵੰਬਰ ਨੂੰ ਅਰਬਿੰਦੋ ਫਾਰਮਾ ਨੇ 5 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ, ਜਿਹੜੇ 21 ਨਵੰਬਰ ਨੂੰ ਭਾਜਪਾ ਨੇ ਕੈਸ਼ ਕਰਵਾਏ। ਜੂਨ 2023 ਵਿਚ ਰੈੱਡੀ ਦੇ ਸਰਕਾਰੀ ਗਵਾਹ ਬਣਨ ਦੇ ਬਾਅਦ ਅਰਬਿੰਦੋ ਫਾਰਮਾ ਨੇ ਨਵੰਬਰ 2023 ਵਿਚ ਭਾਜਪਾ ਨੂੰ ਹੋਰ 25 ਕਰੋੜ ਰੁਪਏ ਦਾ ਚੰਦਾ ਦਿੱਤਾ। ਕੁਲ ਮਿਲਾ ਕੇ ਅਰਬਿੰਦੋ ਫਾਰਮਾ ਨੇ 52 ਕਰੋੜ ਦੇ ਚੋਣ ਬਾਂਡ ਖਰੀਦੇ, ਜਿਨ੍ਹਾਂ ਵਿੱਚੋਂ 34.5 ਕਰੋੜ ਰੁਪਏ ਭਾਜਪਾ ਨੂੰ, 15 ਕਰੋੜ ਰੁਪਏ ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਤੇ ਢਾਈ ਕਰੋੜ ਰੁਪਏ ਤੇਲਗੂ ਦੇਸਮ ਪਾਰਟੀ ਨੂੰ ਦਿੱਤੇ। ਸੁਪਰੀਮ ਕੋਰਟ ਨੇ 15 ਫਰਵਰੀ 2024 ਨੂੰ ਸਿਆਸੀ ਫੰਡਿੰਗ ਲਈ ਚੋਣ ਬਾਂਡ ਸਕੀਮ ਨੂੰ ਅਸੰਵਿਧਾਨਕ ਕਰਾਰ ਦੇ ਕੇ ਇਸ 'ਤੇ ਰੋਕ ਲਾ ਦਿੱਤੀ ਸੀ। ਉਸ ਨੇ ਸਟੇਟ ਬੈਂਕ ਆਫ ਇੰਡੀਆ ਨੂੰ ਚੋਣ ਬਾਂਡਾਂ ਦੇ ਅੰਕੜੇ ਜਨਤਕ ਕਰਨ ਦਾ ਵੀ ਹੁਕਮ ਦਿੱਤਾ ਸੀ। ਅੰਕੜਿਆਂ ਮੁਤਾਬਕ 2018 ਤੋਂ 2023 ਤੱਕ ਦੇਸ਼ ਦੀਆਂ ਕੰਪਨੀਆਂ ਨੇ 11484 ਕਰੋੜ ਦੇ ਬਾਂਡ ਖਰੀਦੇ ਸਨ। ਟਰੇਡਿੰਗ ਕੰਪਨੀਆਂ ਨੇ ਸਭ ਤੋਂ ਵੱਧ 2955 ਕਰੋੜ ਰੁਪਏ ਸਿਆਸੀ ਪਾਰਟੀਆਂ ਨੂੰ ਦਿੱਤੇ। ਲੋਕ ਸਭਾ ਚੋਣਾਂ ਤੋਂ ਪਹਿਲਾਂ ਨਿਰਮਲਾ ਸੀਤਾਰਮਨ ਨੇ ਕਿਹਾ ਸੀ ਕਿ ਜੇ ਉਹ ਮੁੜ ਸੱਤਾ ਵਿਚ ਆਏ ਤਾਂ ਚੋਣ ਬਾਂਡ ਸਕੀਮ ਫਿਰ ਲਿਆਉਣਗੇ।

ਹਾਲਾਂਕਿ ਕਾਂਗਰਸ ਤੇ ਹੋਰਨਾਂ ਆਪੋਜ਼ੀਸ਼ਨ ਪਾਰਟੀਆਂ ਨੇ ਕਿਹਾ ਸੀ ਕਿ ਭਾਜਪਾ ਲੋਕਾਂ ਨੂੰ ਹੋਰ ਕਿੰਨਾ ਲੁੱਟਣਾ ਚਾਹੁੰਦੀ ਹੈ। ਸੀਤਾਰਮਨ ਖਿਲਾਫ ਐੱਫ ਆਈ ਆਰ ਦਰਜ ਕਰਨ ਦਾ ਹੁਕਮ ਜਾਰੀ ਹੋਣ ਤੋਂ ਬਾਅਦ ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ ਹੈ ਕਿ ਕਰਨਾਟਕ ਭਾਜਪਾ ਦੇ ਆਗੂ ਸੀਤਾਰਮਨ ਦੇ ਅਸਤੀਫੇ ਲਈ ਕਦੋਂ ਮੁਜ਼ਾਹਰੇ ਤੇ ਮਾਰਚ ਕਰਨਗੇ। ਜੇ ਨਿਰਪੱਖ ਜਾਂਚ ਕਰਾਉਣੀ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੁਮਾਰਸਵਾਮੀ ਨੂੰ ਵੀ ਅਸਤੀਫਾ ਦੇਣਾ ਚਾਹੀਦਾ ਹੈ।

## ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਇਨਕਲਾਬੀ ਪ੍ਰੋਗਰਾਮ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ.ਪੀ.ਆਈ.ਐਮ.ਐਲ ਲਿਬਰੇਸ਼ਨ ਵੱਲੋਂ ਸ਼ਹੀਦੇ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਪਰਤ ਇਨਕਲਾਬੀ ਪ੍ਰੋਗਰਾਮ ਬਾਬਾ ਬੂਝਾ ਸਿੰਘ ਭਵਨ ਮਾਨਸਾ ਵਿਖੇ ਕਾ. ਹਾਕਮ ਸਿੰਘ ਖਿਆਲਾ, ਕਾ ਦਰਸ਼ਨ ਸਿੰਘ ਦਾਨੇਵਾਲੀਆ, ਕਾ ਕ੍ਰਿਸ਼ਨਾ ਕੌਰ ਮਾਨਸਾ, ਕਾ ਕਿਰਨਾ ਭੀਖੀ, ਵਿਦਿਆਰਥੀ ਆਗੂ ਗਗਨਦੀਪ ਕੌਰ ਮਾਨਸਾ, ਬੂਟਾ ਦੂਲੋਵਾਲ, ਭੋਲਾ ਸਿੰਘ ਗੜੱਦੀ ਦੀ ਪ੍ਰਧਾਨਗੀ ਹੇਠ ਦੁਨੀਆਂ ਵਿੱਚ ਮਕਬੂਲ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਦੇ ਵਿਛੋੜੇ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਸਰਧਾਂਜਲੀ ਭੇਟ ਕਰਨ ਨਾਲ ਸ਼ੁਰੂ ਕੀਤਾ ਗਿਆ।ਇਸ ਤੋਂ ਬਾਅਦ ਬਾਬਾ ਬੂਝਾ ਸਿੰਘ ਭਵਨ ਤੋਂ ਲੈ ਕੇ ਬਾਬਾ ਜੀਵਨ ਸਿੰਘ ਪਾਰਕ ਤੱਕ ਮਾਰਚ ਕਰਕੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਗਲਾਂ ਵਿੱਚ ਹਾਰ ਪਾਏ।ਸਟੇਜ ਸਕੱਤਰ ਦੀ ਭੂਮਿਕਾ ਕਾਮਰੇਡ ਸੁਰਿੰਦਰਪਾਲ ਸ਼ਰਮਾ ਵੱਲੋਂ ਬਖ਼ੂਬੀ ਨਿਭਾਈ ਗਈ।ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਕੇਂਦਰੀ ਆਗੂ ਕਾ.ਰਾਜਵਿੰਦਰ ਸਿੰਘ ਰਾਣਾ ਤੇ ਜ਼ਿਲ੍ਹਾ ਮਾਨਸਾ ਦੇ ਕਾਰਜਕਾਰੀ ਸਕੱਤਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਭਾਰਤ ਦੀ ਆਜ਼ਾਦੀ ਲਈ ਫ਼ਿਕਰਮੰਦ ਸੀ, ਉਸਨੇ ਦੇਸ਼ ਦੇ ਲੋਕਾਂ ਉੱਪਰ ਜ਼ੁਲਮ ਕਰ ਰਹੀ ਅੰਗਰੇਜ਼ੀ ਹਕੂਮਤ ਤੇ ਉਸਦੀ ਲੁੱਟ ਦੇ ਖ਼ਾਤਮੇ ਲਈ ਅੰਗਰੇਜ਼ੀ ਰਾਜ ਦਾ ਤਖ਼ਤਾ ਪਲਟਣ ਲਈ ਦੇਸ਼ ਭਰ ਵਿੱਚ ਇਨਕਲਾਬ ਦੀ ਚਿਣਗ ਜਗਾਈ। ਸ਼ਹੀਦ ਭਗਤ ਸਿੰਘ ਨੇ ਦੇਸ਼ ਤੇ ਆਜ਼ਾਦੀ ਦੇ ਅਰਥ ਸਪਸ਼ਟ ਕੀਤੇ। ਉਨ੍ਹਾਂ ਭਾਰਤ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਤੋਂ ਇਲਾਵਾ ਇੱਕ ਸਮਾਜਵਾਦੀ ਮੁਲਕ ਬਣਾਉਣ ਲਈ ਸੰਘਰਸ਼ ਕਰਨ ਦਾ ਸੰਕਲਪ ਲਿਆ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਬਿੱਟੂ ਦੇ ਘਰ ਅੱਗੇ ਕਰਨਗੀਆਂ ਰੋਸ ਮੁਜ਼ਾਹਰਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਘਰ ਅੱਗੇ ਲੁਧਿਆਣਾ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ 2 ਅਕਤੂਬਰ ਨੂੰ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤਾ ਜਾਵੇਗਾ। ਯੂਨੀਅਨ ਦੀ ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਨੇ ਦੱਸਿਆ ਕਿ 2 ਅਕਤੂਬਰ 1975 ਨੂੰ ਦੇਸ ਭਰ ਵਿੱਚ ਆਂਗਣਵਾੜੀ ਸੈਂਟਰਾਂ ਨੂੰ ਖੋਲਿਆ ਗਿਆ ਸੀ ਤੇ 50 ਸਾਲ ਹੋਣ ਵਾਲੇ ਹਨ। ਪਰ ਐਨੇ ਲੰਮੇ ਸਮੇਂ ਵਿੱਚ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ, ਜਦੋਂ ਕਿ ਬਾਕੀ ਵਿਭਾਗਾਂ ਦੇ ਬਾਕੀ ਸਾਰੇ ਮੁਲਾਜ਼ਮ ਪੱਕੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 6 ਸਾਲਾਂ ਤੋਂ ਕੇਂਦਰ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣਭੱਤੇ ਵਿੱਚ ਨਿੱਕੇ ਪੈਸੇ ਦਾ ਵਾਧਾ ਨਹੀਂ ਕੀਤਾ। ਕੇਂਦਰ ਸਰਕਾਰ ਵਰਕਰ ਨੂੰ 4500 ਰੁਪਏ ਤੇ ਹੈਲਪਰ ਨੂੰ 2250 ਰੁਪਏ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ ਦੀਆਂ 28 ਲੱਖ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਸਰਕਾਰ ਆਰਥਿਕ ਤੌਰ 'ਤੇ ਸੋਸ਼ਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਸਾਰੇ ਆਂਗਣਵਾੜੀ ਸੈਂਟਰਾਂ ਦੀਆਂ ਸਰਕਾਰੀ ਇਮਾਰਤਾਂ ਨਹੀਂ ਬਣਾਈਆਂ ਗਈਆਂ ਤੇ ਅੱਧੋਂ ਵੱਧ ਆਂਗਣਵਾੜੀ ਸੈਂਟਰ ਸਹੂਲਤਾਂ ਤੋਂ ਸੱਖਣੇ ਪਏ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇ ਕੇ ਸਰਕਾਰੀ ਮੁਲਾਜ਼ਮ ਐਲਾਨੇ ਤੇ ਹੈਲਪਰਾਂ ਨੂੰ ਗਰੇਡ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਆਂਗਣਵਾੜੀ ਸੈਂਟਰਾਂ ਵਿੱਚ ਨਾ ਤਾਂ ਬੱਚੇ ਹਨ ਤੇ ਨਾ ਹੀ ਰਾਸ਼ਨ ਬਣ ਰਿਹਾ ਹੈ।

## ਦਾਜ ਮੰਗਣ ਦੇ ਦੋਸ਼ 'ਚ ਪਤੀ, ਸੱਸ, ਦੇਵਰ ਤੇ ਨਨਾਣ ਖਿਲਾਫ ਮਾਮਲਾ ਦਰਜ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਥਾਣਾ ਮਮਦੋਟ ਵਿਖੇ ਦਾਜ ਦਹੇਜ ਵਾਸਤੇ ਤੰਗ ਪ੍ਰੇਸ਼ਾਨ ਤੇ ਕੁੱਟਣ ਮਾਰਨ ਦੇ ਦੋਸ਼ਾਂ ਤਹਿਤ ਸੀਨੀਅਰ ਪੁਲਸ ਕਪਤਾਨ ਫ਼ਿਰੋਜ਼ਪੁਰ ਦੇ ਨਿਰਦੇਸ਼ਾਂ ਤਹਿਤ ਪਤੀ, ਸੱਸ, ਦੇਵਰ ਅਤਰ ਨਨਾਣ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਮਾਣਯੋਗ ਸੀਨੀਅਰ ਪੁਲਸ ਕਪਤਾਨ ਫ਼ਿਰੋਜ਼ਪੁਰ ਨੂੰ ਦਿੱਤੀ ਲਿਖਤੀ ਦਰਖ਼ਾਸਤ ਵਿੱਚ ਮਮਤਾ ਪਤਨੀ ਅਭਿਸ਼ੇਕ ਸ਼ਰਮਾ (ਪੁੱਤਰੀ ਵਿਜੇ ਸ਼ਰਮਾ) ਵਾਸੀ ਨਜ਼ਦੀਕ ਦੁਰਗਾ ਮੰਦਰ ਮਮਦੋਟ ਨੇ ਦੱਸਿਆ ਹੈ ਕਿ ਉਸਦੀ ਸ਼ਾਦੀ 7 ਫਰਵਰੀ 2013 ਨੂੰ ਹਿੰਦੂ ਰੀਤੀ ਰਿਵਾਜਾਂ ਨਾਲ ਅਭਿਸ਼ੇਕ ਸ਼ਰਮਾ ਪੁੱਤਰ ਸਵ ਗੁਰਮੇਸ਼ ਸ਼ਰਮਾ ਵਾਸੀ ਬਟਾਲਾ ਰੋਡ ਗੁਰੂ ਨਾਨਕ ਨਗਰ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਹੋਈ ਸੀ, ਜਿਸ ਵਿੱਚੋਂ ਮੇਰੀ ਇਕ ਦਸ ਸਾਲ ਦੀ ਬੇਟੀ ਕਾਇਨਾ ਸ਼ਰਮਾ ਹੈ ਤੇ ਉਸ ਸਮੇਂ ਮੇਰੇ ਪੇਕੇ ਪਰਵਾਰ ਨੇ ਆਪਣੀ ਹੈਸੀਅਤ ਤੋਂ ਵੱਧ ਕਥਿਤ ਦੋਸ਼ੀਆਂ ਦੀ ਮੰਗ ਮੁਤਾਬਕ ਦਾਜ ਦਹੇਜ, ਜਿਸ ਵਿੱਚ 20 ਤੋਲੇ ਸੋਨਾ ਇਕ ਲੱਖ 10 ਹਜ਼ਾਰ ਦੇ ਚੈੱਕ ਸਮੇਤ ਹੋਰ ਘਰੇਲੂ ਵਰਤੋਂ ਵਾਲਾ ਸਾਜੋ ਸਮਾਨ ਦਿੱਤਾ ਸੀ, ਜਿਸ 'ਤੇ ਕਰੀਬ ਪੱਚੀ ਲੱਖ ਰੁਪਏ ਖਰਚ ਆਏ ਸਨ। ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਬਲਬੀਰ ਸਿੰਘ ਨੇ ਦੱਸਿਆ ਕਿ ਐਸਐਸਪੀ ਦਫਤਰ ਵਿਖੇ ਦਿੱਤੀ ਦਰਖਾਸਤ ਦੀ ਪੜਤਾਲ ਉਪਰੰਤ ਮਮਤਾ ਸ਼ਰਮਾ ਦੇ ਪਤੀ ਅਭਿਸ਼ੇਕ ਸ਼ਰਮਾ, ਦੇਵਰ ਨੀਤਨ ਸ਼ਰਮਾ ਤੇ ਨਨਾਣ ਪੂਜਾ ਸ਼ਰਮਾ ਦੇ ਖਿਲਾਫ ਆਈਪੀਸੀ ਦੀ ਧਾਰਾ 498 ਏ ਅਤੇ 406 ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਪੰਚਾਇਤੀ ਚੋਣਾਂ ਲੜਨ ਦੇ ਚਾਹਵਾਨਾਂ ਨੂੰ ਜ਼ਰੂਰੀ ਕਾਗਜ਼ਾਤ ਨਾ ਮਿਲਣ 'ਤੇ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਭੇਜੀ ਲਿਖਤੀ ਸ਼ਿਕਾਇਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਚਾਇਤੀ ਚੋਣਾਂ ਦੇ ਐਲਾਨ ਮਗਰੋਂ ਬਲਾਕ ਵਿਕਾਸ ਦਫਤਰ ਗੁਰੂ ਹਰਸਹਾਏ ਵਿਖੇ ਪੰਚੀ, ਸਰਪੰਚੀ ਚੋਣਾਂ ਲੜਨ ਦੇ ਚਾਹਵਾਨਾਂ ਦਾ ਸਾਰਾ ਦਿਨ ਮੇਲਾ ਲੱਗਾ ਰਿਹਾ।ਲੋਕ ਬੇਸਬਰੀ ਨਾਲ ਆਪੋ ਆਪਣੇ ਪਿੰਡਾਂ ਦੀ ਵਾਰਡਬੰਦੀ ਤੇ ਸਰਪੰਚੀ ਦੀ ਰਿਜ਼ਰਵ ਜਰਨਲ ਸੀਟ ਨੂੰ ਚੈਕਿੰਗ ਕਰਦੇ ਵੇਖੇ ਗਏ।

ਅੱਜ ਨਾਮਜ਼ਦਗੀ ਪੱਤਰ ਭਰਨ ਦਾ ਪਹਿਲਾ ਦਿਨ ਸੀ, ਜਿਸ ਦੌਰਾਨ ਚੋਣਾਂ ਲੜਨ ਦੇ ਚਾਹਵਾਨ ਵੱਡੀ ਗਿਣਤੀ ਵਿੱਚ ਬਲਾਕ ਵਿਕਾਸ ਪੰਚਾਇਤ ਦਫਤਰ ਗੁਰੂ ਹਰਸਹਾਏ ਵਿਖੇ ਪੁੱਜ ਕੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਕੋਲੋਂ ਫਾਰਮ ਭਰਨ ਲਈ ਆਪਣੇ ਜ਼ਰੂਰੀ ਕਾਗਜ਼ਾਤ ਮੰਗਦੇ ਰਹੇ, ਤੇ ਪਿੰਡਾਂ ਦੀ ਵੋਟਰ ਸੂਚੀ ਦੀ ਉਡੀਕ ਵੀ ਕਰਦੇ ਰਹੇ, ਪਰ ਉਨ੍ਹਾਂ ਦੇ ਹੱਥ ਨਿਰਾਸ਼ਾ ਹੀ ਪੱਲੇ ਪਈ, ਜਿਸ 'ਤੇ ਲੋਕਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ।ਇਸ ਸਬੰਧੀ ਵੱਖ ਵੱਖ ਪਿੰਡਾਂ ਦੇ ਲੋਕਾਂ ਨੇ ਰੋਸ ਪ੍ਰਗਟ ਕੀਤਾ।ਇਸ ਸਬੰਧੀ ਮੁਖਤਿਆਰ ਸਿੰਘ ਪਿੰਡ ਮੇਘਾ ਪੰਜਗਰਾਈਂ, ਗੁਰਪ੍ਰੀਤ ਸਿੰਘ ਪਿੰਡ ਜੰਡਵਾਲਾ, ਸੁੱਚਾ ਸਿੰਘ ਮੋਹਨ ਕੇ ਉਤਾੜ, ਇਕਬਾਲ ਸਿੰਘ ਬੋਦਲ ਪੀਰੇ ਕੇ, ਹਰਨਾਮ ਸਿੰਘ ਮੇਘਾ ਪੰਜ ਗਰਾਈ, ਰੇਖਾ ਰਾਣੀ ਆਤੂ ਵਾਲਾ, ਰਕੇਸ਼ ਕੁਮਾਰ ਵਿਰਕ ਖੁਰਦ, ਹਰਜਿੰਦਰ ਸਿੰਘ ਕੁਤਬਗੜ੍ਹ ਭਾਟਾ, ਪੂਰਨ ਚੰਦ ਪੰਜੇ ਕੇ ਆਦਿ ਸਮੇਤ ਕੋਈ ਦੋ ਦਰਜਨ ਤੋਂ ਵੱਧ ਲੋਕਾਂ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਵੋਟਰ ਸੂਚੀ, ਚੁੱਲ੍ਹਾ ਟੈਕਸ, ਨੋ ਡਿਊ, ਸਰਟੀਫਿਕੇਟ ਨਹੀਂ ਦਿੱਤੇ ਜਾ ਰਹੇ।ਇਨ੍ਹਾਂ ਲੋਕਾਂ ਦੀ ਹਮਾਇਤ ਕਰਨ ਲਈ ਹਲਕੇ ਦੇ ਕਾਂਗਰਸੀ ਆਗੂ ਗੁਰਦੀਪ ਸਿੰਘ ਢਿੱਲੋਂ ਨੇ ਮੌਕੇ 'ਤੇ ਪਹੁੰਚ ਕੇ ਉਪ ਮੰਡਲ ਮੈਜਿਸਟਰੇਟ ਮੈਡਮ ਦਿਵਿਆ ਪੀ ਨੂੰ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ ਕਿ ਲੋਕਾਂ ਨੂੰ ਚੋਣ ਲੜਨ ਦੇ ਹੱਕ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।ਸੱਤਾਧਾਰੀ ਪਾਰਟੀ ਵੱਲੋਂ ਆਪਣੇ ਚਹੇਤਿਆਂ ਨੂੰ ਜ਼ਰੂਰੀ ਕਾਗਜ਼ਾਤ ਦਿੱਤੇ ਜਾ ਰਹੇ ਹਨ।ਦੂਸਰੀਆਂ ਪਾਰਟੀਆਂ ਦੇ ਲੋਕਾਂ ਨੂੰ ਕੋਈ ਵੀ ਅਧਿਕਾਰੀ ਮਿਲ ਨਹੀਂ ਰਿਹਾ ਅਤੇ ਨਾ ਹੀ ਉਨ੍ਹਾਂ ਦੀ ਗੱਲ ਸੁਣੀ ਜਾ ਰਹੀ ਹੈ।ਕਾਂਗਰਸੀ ਆਗੂ ਗੁਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਸਾਰਾ ਮਾਮਲਾ ਗੁਰੂ ਹਰਸਹਾਏ ਦੀ ਐੱਸ ਡੀ ਐੱਮ ਰਾਹੀਂ ਚੋਣ ਕਮਿਸ਼ਨ ਦੇ ਧਿਆਨ ਵਿੱਚ ਲਿਆ ਦਿੱਤਾ ਹੈ।ਉਧਰ ਪੰਚਾਇਤ ਅਧਿਕਾਰੀਆਂ ਨੇ ਦੱਸਿਆ ਕਿ ਸਾਰੀ ਪ੍ਰਕਿਰਿਆ ਨੂੰ ਲਾਗੂ ਕੀਤਾ ਜਾ ਰਿਹਾ।

## ਭਾਈ ਦਇਆ ਸਿੰਘ ਸਕੂਲ 'ਚ ਰੋਬੋਟਿਕ ਟੈਕਨਾਲਜੀ ਵਰਕਸ਼ਾਪ



**ਰਾਜਪੁਰਾ (ਕਟਾਰੀਆ)**-ਸਥਾਨਕ ਭਾਈ ਸਾਹਿਬ ਭਾਈ ਦਇਆ ਸਿੰਘ ਸਕੂਲ, ਰਾਜਪੁਰਾ ਵਿਖੇ ਐੱਮ.ਬੀ.ਡੀ. ਗਰੁੱਪ ਵੱਲੋਂ ਇਕ ਰੋਬੋਟਿਕ ਟੈਕਨਾਲਜੀ ਸੰਬੰਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੱਥ ਕੀਤੇ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਭੱਵਿਖ ਵਿੱਚ ਬੱਚੇ ਆਪਣਾ ਹੱਥ ਕੀਤਾ ਅਪਣਾ ਕੇ ਆਪਣਾ ਵਧੀਆ ਕਾਰੋਬਾਰ ਚੱਲਾ ਸਕਣ।ਐੱਮ. ਬੀ. ਡੀ. ਗਰੁੱਪ ਵੱਲੋਂ ਬੱਚਿਆਂ ਨੂੰ ਹੱਥ ਕੀਤੇ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਤੌਰ 'ਤੇ ਮੈਡਮ ਸ਼ਰੂਤੀ ਦੱਤਾ ਐੱਮ. ਟੈਕ. ਅਕੈਡਮਿਕ ਕੌਂਸਲਟੈਂਟ ਤੇ ਸ੍ਰੀ ਅਸੀਮ ਮਿਸ਼ਰਾ ਏਰੀਆ ਸੇਲਜ਼ ਮੈਨੇਜਰ ਪਹੁੰਚੇ।ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਆਟੋ ਮੋਬਾਇਲ, ਇਲੈਕਟਰੀਕਲ, ਇਲੈਕਟ੍ਰੋਨਕ ਉਪਕਰਨਾਂ ਨੂੰ ਬਣਾਉਣਾ ਤੇ ਉਨ੍ਹਾਂ ਦੀ ਮੁਰੰਮਤ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਡੈਮੋ ਦੇ ਅਧਾਰ 'ਤੇ ਬੱਚਿਆਂ ਨੂੰ ਇਕ ਰੋਬੋਟਿਕ ਕਾਰ ਬਣਾ ਕੇ ਦਿਖਾਈ ਗਈ ਤੇ ਉਸ ਨੂੰ ਚਲਾਇਆ ਵੀ ਗਿਆ ਅਤੇ ਬਾਅਦ ਵਿੱਚ ਬੱਚਿਆਂ ਵੱਲੋਂ ਵੀ ਇਸ ਸੰਬੰਧੀ ਪ੍ਰੈਕਟੀਕਲ ਕੀਤਾ ਗਿਆ।ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਇਸ ਵਰਕਸ਼ਾਪ ਦਾ ਲਾਭ ਉਠਾਇਆ।ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸ੍ਰ. ਭਰਪੂਰ ਸਿੰਘ ਨੇ ਆਈ ਹੋਈ ਟੀਮ ਦਾ ਐਵਾਰਡ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸੋਨੀਆ ਤੋਂ ਇਲਾਵਾ ਕੁਲਵੰਤ ਸਿੰਘ, ਰਜਿੰਦਰ ਕੌਰ, ਰੇਖਾ ਸ਼ਰਮਾ, ਸਿਮਰਨ, ਮਨਜੀਤ ਕੌਰ, ਅਮਨਦੀਪ ਕੌਰ, ਸੁਸ਼ਮਾ, ਜਗਦੀਪ ਹਾਜ਼ਰ ਸਨ।

## ਆਂਗਣਵਾੜੀ ਸੈਂਟਰ ਵਿਖੇ ਭਗਤ ਸਿੰਘ ਦਾ ਜਨਮ ਦਿਨ ਮਨਾਇਆ

**ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣਾ ਸਮੇਂ ਦੀ ਲੋੜ : ਨੀਲੋਂ**



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਆਂਗਣਵਾੜੀ ਸੈਂਟਰ ਨੰਬਰ 122 ਵਿੱਚ ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਦੀ ਅਗਵਾਈ ਵਿੱਚ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦਾ 117ਵਾਂ ਜਨਮ ਦਿਨ ਸ਼ਰਧਾ ਪੂਰਵਕ ਮਨਾਇਆ ਗਿਆ।ਇਸ ਮੌਕੇ ਸੁਰਿੰਦਰ ਕੁਮਾਰ ਛਿੰਦੀ ਸਾਬਕਾ ਐੱਮ ਸੀ ਤੇ ਸਮਾਜ ਸੇਵੀ ਪਰਮਜੀਤ ਸਿੰਘ ਨੀਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਆਪਣੀ ਜ਼ਿੰਦਗੀ ਦੇਸ਼ ਤੋਂ ਨਿਛਾਵਰ ਕਰਕੇ ਭਾਰਤ ਦੇ ਲੋਕਾਂ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਦਵਾ ਕੇ ਦੁਨੀਆ ਦਾ ਚਾਨਣ ਮੁਨਾਰਾ ਬਣੇ, ਪਰ ਸ਼ਹੀਦੀਆਂ ਤੋਂ ਮਿਲੀ ਆਜ਼ਾਦੀ ਨੂੰ ਲੋਕ ਭੁੱਲਦੇ ਜਾ ਰਹੇ ਹਨ।ਸਾਨੂੰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਭੁੱਲਣਾ ਨਹੀਂ ਚਾਹੀਦਾ।ਉਨ੍ਹਾਂ ਵੱਲੋਂ ਦਿੱਤੀ ਸ਼ਹਾਦਤ ਨੂੰ ਯਾਦ ਰੱਖਣਾ ਚਾਹੀਦਾ ਹੈ।ਸਾਨੂੰ ਸਾਰਿਆਂ ਨੂੰ ਉਨ੍ਹਾਂ ਵੱਲੋਂ ਦਿੱਤੇ ਵੱਡਮੁੱਲੇ ਵਿਚਾਰਾਂ ਦਾ ਅਧਿਐਨ ਕਰਕੇ ਉਨ੍ਹਾਂ ਦੀ ਸੋਚ ਨੂੰ ਅਪਣਾਉਣਾ ਚਾਹੀਦਾ ਹੈ ਤੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।ਕੁਲਵੰਤ ਕੌਰ ਨੀਲੋਂ ਨੇ ਕਿਹਾ ਕਿ ਭਗਤ ਸਿੰਘ ਜੀ ਦੇ ਵਿਚਾਰਾਂ ਨੂੰ ਘਰ ਘਰ ਲੈ ਕੇ ਜਾਣਾ ਸਮੇਂ ਦੀ ਲੋੜ ਹੈ।ਕੁਲਵੰਤ ਕੌਰ ਨੀਲੋਂ ਵੱਲੋਂ ਬੱਚਿਆਂ ਨੂੰ ਭਗਤ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ।ਬੱਚਿਆਂ ਵੱਲੋਂ ਭਗਤ ਸਿੰਘ ਦੇ ਜੀਵਨ ਬਾਰੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।ਇਸ ਸਮੇਂ ਪਰਮਜੀਤ ਸਿੰਘ ਨੀਲੋਂ, ਮੈਡਮ ਸੁਸ਼ਮਾ ਰਾਣੀ, ਗੁਰਪ੍ਰੀਤ ਕੌਰ, ਅੱਛਰ ਰਾਮ, ਚਰਨਜੀਤ ਲਾਲ, ਮਲਕੀਤ ਕੌਰ, ਜਸਵੀਰ ਕੌਰ, ਅਮਨਦੀਪ, ਰੀਨਾ ਰਾਣੀ ਸਾਕਿਰਨ, ਬਲਜੀਤ ਕੌਰ, ਮਦਨਪਾਲ ਸਿੰਘ, ਗੁਲਸ਼ਨ ਕੁਮਾਰ, ਕਮਲਜੀਤ ਕੁਮਾਰ ਆਦਿ ਹਾਜ਼ਰ ਸਨ।

## ਵਿਸ਼ਵ ਸੈਰ-ਸਪਾਟਾ ਦਿਵਸ ਨੂੰ ਸਮਰਪਤ ਸਕੂਲਾਂ 'ਚ ਪੇਂਟਿੰਗ ਮੁਕਾਬਲੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਵਿਸ਼ਵ ਸੈਰ ਸਪਾਟਾ ਦਿਵਸ ਨੂੰ ਸਮਰਪਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਖਿਆ ਵਿਭਾਗ ਵੱਲੋਂ ਬਚਿਆਂ ਅੰਦਰ ਵਿਰਾਸਤੀ ਥਾਵਾਂ ਦੀ ਮਹੱਤਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਤੇ ਉਨ੍ਹਾਂ ਨੂੰ ਪੁਰਾਣੀਆਂ ਧਰੋਹਰਾਂ ਨਾਲ ਜੋੜੀ ਰੱਖਣ ਲਈ ਜ਼ਿਲ੍ਹੇ ਦੇ ਸਕੂਲਾਂ ਅੰਦਰ ਪੇਂਟਿੰਗ ਗਤੀਵਿਧੀਆਂ ਕਰਵਾਈਆਂ ਗਈਆਂ।ਜ਼ਿਲ੍ਹਾ ਸਿੱਖਿਆ ਅਫਸਰ ਬ੍ਰਿਜ ਮੋਹਨ ਬੇਦੀ, ਜ਼ਿਲ੍ਹਾ ਸਿੱਖਿਆ ਅਫਸਰ ਸਤੀਸ਼ ਕੁਮਾਰ ਤੇ ਡਿਪਟੀ ਡੀ.ਈ.ਓ. ਪੰਕਜ ਅੰਗੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਨੋਡਲ ਅਫਸਰ ਵਿਜੈ ਪਾਲ ਦੀ ਅਗਵਾਈ ਹੇਠ ਸਮੂਹ ਸਕੂਲਾਂ ਅੰਦਰ ਪੇਂਟਿੰਗ ਮੁਕਾਬਲੇ ਕਰਵਾਏ ਗਏ। ਉਨ੍ਹਾਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਜ਼ਿਲ੍ਹੇ ਦੀਆਂ ਇਤਿਹਾਸਕ ਥਾਵਾਂ ਨੂੰ ਦਰਸਾਉਂਦੇ ਪੇਂਟਿੰਗ ਮੁਕਾਬਲੇ ਵਿੱਚ ਵੱਧ ਚੜ੍ਹ ਕੇ ਭਾਗ ਲਿਆ ਗਿਆ ਤੇ ਆਪਣੀ ਕਲਾ ਨੂੰ ਪੇਂਟਿੰਗ ਦੇ ਜ਼ਰੀਏ ਪੇਸ਼ ਕੀਤਾ ਗਿਆ।ਇਸ ਮੌਕੇ ਸਰਕਾਰੀ ਸਕੂਲ ਬਾਂਡੀ ਵਾਲਾ, ਸਰਕਾਰੀ ਸਕੂਲ ਕਬੂਲਸ਼ਾਹ ਖੁਬਣ, ਸਰਕਾਰੀ ਸਕੂਲ ਖੁਈ ਖੇੜਾ ਤੇ ਸਰਕਾਰੀ ਸਕੂਲ ਕਰਨੀ ਖੇੜਾ ਦੇ ਵਿਦਿਆਰਥੀਆਂ ਵੱਲੋਂ ਘੰਟਾ ਘਰ, ਆਸਫ ਵਾਲਾ ਮੈਮੋਰੀਅਲ, ਟੀ.ਵੀ. ਟਾਵਰ ਨੂੰ ਦਰਸਾਉਂਦੀ ਪੇਂਟਿੰਗ ਕਲਾ ਪ੍ਰਦਰਸ਼ਤ ਕੀਤੀ ਗਈ।

## ਹਨੀ ਫੱਤਣਵਾਲਾ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਸ਼ਰਧਾ ਦੇ ਫੁੱਲ ਭੇਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਆਪਣੇ ਸਾਥੀਆਂ ਸਮੇਤ ਸਥਾਨਕ ਜਲਾਲਾਬਾਦ ਰੋਡ 'ਤੇ ਬਣੀ ਸ਼ਹੀਦਾਂ ਦੀ ਸਮਾਰਕ 'ਤੇ ਜਾ ਕੇ ਸ਼ਹੀਦ ਭਗਤ ਸਿੰਘ ਦੇ 117ਵੇਂ ਜਨਮ ਦਿਨ ਉਪਰ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ ਤੇ ਸ਼ਹੀਦਾਂ ਨੂੰ ਨਮਨ ਕੀਤਾ ਗਿਆ।ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ ਦੇ ਦਿਖਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਸਾਨੂੰ ਵਧੀਆ ਅਨੁਸ਼ਾਸਨ ਦੇਣ ਲਈ ਆਪਣੀ ਜਾਨ ਤੱਕ ਵਾਰ ਦਿੱਤੀ।ਇਸ ਲਈ ਸਾਨੂੰ ਵੀ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਦਾ ਮੁੱਲ ਉਤਰਨਾ ਚਾਹੀਦਾ ਹੈ।ਉਨ੍ਹਾਂ ਨੇ ਨੌਜਵਾਨਾਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿ ਕੇ ਦੇਸ਼ ਦੀ ਸੇਵਾ ਲਈ ਅੱਗੇ ਆਉਣ ਦੀ ਅਪੀਲ ਕੀਤੀ ਤੇ ਸ਼ਹੀਦਾਂ ਦੇ ਸੁਪਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਬੋਹੜ ਸਿੰਘ ਹਰਾਜ, ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਇਕਬਾਲ ਸਿੰਘ ਸੰਗੂਧੌਣ, ਰੌਬੀ ਬਰਾੜ, ਮੁਕੇਸ਼ ਕੁਮਾਰ, ਡੀ ਸੀ ਕੋਟਲੀ ਸੰਘਰ, ਜਸਪਾਲ ਸਿੰਘ ਬਧਾਈ, ਸ਼ਮਿੰਦਰ ਸਿੰਘ ਸੰਧੂ, ਲਖਵੀਰ ਸਿੰਘ ਸੰਧੂ, ਗੁਰਜੰਟ ਸਿੰਘ ਮੱਤਾ, ਕੁਲਦੀਪ ਸਿੰਘ, ਬੋਹੜ ਸਿੰਘ ਪ੍ਰਧਾਨ ਸ਼ਹਿਰੀ ਅਕਾਲੀ ਦਲ, ਟਿੰਕੂ ਗਰੋਵਰ, ਜਗਸੀਰ ਸਿੰਘ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਆਈ ਐੱਸ ਐੱਫ ਕਾਲਜ 'ਚ ਫਾਰਮਾਸਿਸਟ ਦਿਵਸ ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਫਾਰਮਾਸਿਸਟ ਦਿਵਸ ਮਨਾਇਆ ਗਿਆ। ਕੋਆਰਡੀਨੇਟਰ ਡਾ: ਸੌਰਭ ਕੋਸੇ ਨੇ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਨੂੰ ਫਾਰਮਾਸਿਸਟ, ਫਾਰਮਾਸਿਸਟ ਮੀਟਿੰਗ, ਗਲੋਬਲ ਹੈਲਥ ਮੀਟ ਦੇ ਵਿਸ਼ੇ 'ਤੇ ਪੋਸਟਰ ਮੁਕਾਬਲੇ, ਲੈਕਚਰ, ਕੁਇਜ਼, ਐਲੋਕੇਸ਼ਨ, ਫਾਰਮਾ ਰੀਲ ਆਦਿ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਸਮੂਹ ਵਿਦਿਆਰਥੀਆਂ ਨੂੰ ਫਾਰਮਾਸਿਸਟ ਦੀ ਸਹੁੰ ਚੁਕਾਈ, ਜਿਸ 'ਚ ਫਾਰਮਾਸਿਸਟ ਬਣ ਕੇ ਆਪਣੇ ਮੌਲਿਕ ਫਰਜ਼ਾਂ ਦੀ ਪਾਲਣਾ ਕਰਦੇ ਹੋਏ ਸਮਾਜ ਲਈ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਦੇ ਨਿਰਮਾਣ 'ਚ ਹਿੱਸਾ ਪਾਉਣਗੇ। ਇਸ ਮੌਕੇ ਆਈ.ਐਸ.ਐਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ, ਵਿਭਾਗ ਦੇ ਮੁਖੀ ਡਾ. ਸ਼ਮਸ਼ੇਰ ਸਿੰਘ, ਡਾ. ਬਾਲਕ ਦਾਸ, ਡਾ. ਮਨੀਸ਼ ਕੁਮਾਰ, ਡਾ. ਸੰਤ ਕੁਮਾਰ ਵਰਮਾ, ਡਾ. ਸ਼ਿਵਾਨੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਫਾਰਮਾਸਿਸਟ ਸਿਹਤ ਸੰਭਾਲ ਪ੍ਰਣਾਲੀ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਸ ਲਈ ਬੁਨਿਆਦੀ ਤੌਰ 'ਤੇ ਫਾਰਮੇਸੀ ਕੌਂਸਲ ਆਫ ਇੰਡੀਆ, ਇੰਡੀਅਨ ਫਾਰਮੇਸੀ ਕਮਿਸ਼ਨ, ਸਿਹਤ ਵਿਭਾਗ ਵੱਲੋਂ ਫਾਰਮਾਸਿਸਟਾਂ ਨੂੰ ਹਸਪਤਾਲਾਂ ਵਿੱਚ ਡਾਕਟਰਾਂ ਦੀ ਮਦਦ ਅਤੇ ਇਲਾਜ ਵਿੱਚ ਮਰੀਜ਼ਾਂ ਦੀ ਮਦਦ ਕਰਨ ਲਈ ਮਾਡਲ ਤਿਆਰ ਕੀਤੇ ਜਾ ਰਹੇ ਹਨ, ਜੋ ਭਵਿੱਖ ਵਿੱਚ ਲਾਹੇਵੰਦ ਸਾਬਤ ਹੋਣਗੇ। ਕੋਵਿਡ ਪੀਰੀਅਡ ਦੌਰਾਨ ਫਾਰਮਾਸਿਸਟਾਂ ਦੁਆਰਾ ਨਿਭਾਈ ਗਈ ਭੂਮਿਕਾ ਦੀ ਵਿਸ਼ਵ ਪੱਧਰ 'ਤੇ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ ਨੇ ਅੰਤਰਰਾਸ਼ਟਰੀ ਫਾਰਮਾਸਿਸਟ ਦਿਵਸ ਦੇ ਸਫਲ ਆਯੋਜਨ 'ਤੇ ਵਧਾਈ ਦਿੱਤੀ।

## ਸ਼ੈਲੀ ਸ਼ਰਮਾ ਨੂੰ ਸਦਮਾ, ਪੁੱਤਰ ਦਾ ਦਿਹਾਂਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਵਸ਼ਿਸ਼ਟ ਪਰਵਾਰ ਦੇ ਹੈੱਡ ਮਾਸਟਰ ਨਰਿੰਦਰ ਸ਼ਰਮਾ ਦੇ ਭਤੀਜੇ ਤੇ ਸ਼ੈਲੀ ਸ਼ਰਮਾ ਦੇ ਪੁੱਤਰ ਨਵਜੋਤ ਵਸ਼ਿਸ਼ਟ (25) ਦਾ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਰਾਮਬਾਗ ਲੋਹਾਖੇੜਾ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ।ਇਸ ਅਚਾਨਕ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੇਲਾ ਸਿੰਘ ਸੂਬੇਦਾਰ ਕੌਂਸਲਰ, ਦਲਜੀਤ ਸਿੰਘ ਸਿੱਧੂ ਸਾਬਕਾ ਪ੍ਰਧਾਨ, ਵਿਜੇ ਗੋਇਲ ਭਾਜਪਾ ਆਗੂ, ਸੰਜੇ ਸੈਨ, ਕਾਲਾ ਮਿੱਤਲ, ਬਬਲੂ ਸਿੰਗਲਾ, ਮੁਨੀਸ਼ ਕੁਮਾਰ ਮੋਨਾ, ਨਿਗਮ ਭਾਸਕਰ, ਡਾ. ਮਨੀਸ਼ ਵਸ਼ਿਸ਼ਟ, ਬੀਬੀ ਸ਼ਮਿੰਦਰ ਕੌਰ ਗਿੱਲ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਗੁਰਮੀਤ ਸਿੰਘ ਲੱਲੀ ਕੌਂਸਲਰ, ਸੁਰਜੀਤ ਸਿੰਘ ਦੁੱਲਟ, ਦੇਵਿੰਦਰ ਵਸ਼ਿਸ਼ਟ, ਹਰਮੇਸ਼ ਸ਼ਰਮਾ ਲੌਂਗੋਵਾਲ, ਵਪਾਰ ਮੰਡਲ ਪ੍ਰਧਾਨ ਅੰਮ੍ਰਿਤਪਾਲ ਸਿੰਗਲਾ, ਮਹਿੰਦਰ ਸਿੰਘ ਦੁੱਲਟ, ਡਾ. ਗੁਰਪ੍ਰੀਤ ਸਿੰਘ ਵਾਲੀਆ, ਮਨਜੀਤ ਸ਼ਰਮਾ ਲੌਂਗੋਵਾਲ, ਮਾ. ਅਵਨੀਸ਼ ਕੁਮਾਰ, ਮਾ. ਪਰਮਿੰਦਰ ਕੁਮਾਰ ਬਬਲੀ, ਪਾਲਾ ਰਾਮ ਜਿੰਦਲ, ਮਾ. ਗੁਰਬਿੰਦਰ ਸਿੰਘ, ਸੁਖਜਿੰਦਰ ਸਿੰਘ ਦੁੱਲਟ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

## ਸੌਂਦ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਕਾਰਜਭਾਰ ਸੰਭਾਲਿਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਵਿਧਾਨ ਸਭਾ ਹਲਕਾ ਖੰਨਾ ਤੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਕਾਮਰਸ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਉਨ੍ਹਾਂ ਬਹੁਤ ਸਾਦੇ ਢੰਗ ਨਾਲ ਪਰਿਵਾਰ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲਿਆ।ਅਰਦਾਸ ਉਪਰੰਤ ਉਨ੍ਹਾਂ ਦੇ ਪਿਤਾ ਭੁਪਿੰਦਰ ਸਿੰਘ ਸੌਂਦ, ਮਾਤਾ ਸੁਖਵਿੰਦਰ ਕੌਰ ਤੇ ਪਤਨੀ ਕਮਲਪ੍ਰੀਤ ਕੌਰ ਨੇ ਉਨ੍ਹਾਂ ਨੂੰ ਕੁਰਸੀ 'ਤੇ ਬੈਠਾਇਆ।ਇਸ ਮੌਕੇ ਉਨ੍ਹਾਂ ਦੇ ਦੋਵੇਂ ਬੱਚੇ ਨਵਰਾਜ ਸਿੰਘ, ਜਸਕੀਰਤ ਕੌਰ ਤੇ ਵੱਡੇ ਭਰਾ ਰਮਨਜੀਤ ਸਿੰਘ ਸੌਂਦ ਵੀ ਹਾਜ਼ਰ ਸਨ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਹੈ, ਉਹ ਪੂਰੀ ਤਨਦੇਹੀ, ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਨ ਲਈ ਉਹ ਦਿਨ-ਰਾਤ ਇੱਕ ਕਰ ਦੇਣਗੇ।ਸੌਂਦ ਨੇ ਦੱਸਿਆ ਕਿ 'ਰੰਗਲਾ ਪੰਜਾਬ' ਬਣਾਉਣ ਲਈ ਜਿਹੜੀਆਂ ਨੀਤੀਆਂ ਜਾਂ ਯੋਜਨਾਵਾਂ ਪੰਜਾਬ ਸਰਕਾਰ ਵੱਲੋਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਪੰਜਾਬ ਦੇ ਹਰੇਕ ਵਾਸੀ ਤੱਕ ਪੁੱਜਦਾ ਕਰਨ ਲਈ ਉਹ ਆਪਣੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰਨਗੇ।ਉਨ੍ਹਾ ਕਿਹਾ ਕਿ ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ, ਉਦਯੋਗ ਤੇ ਕਾਮਰਸ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗਾਂ ਦੀ ਜ਼ਿੰਮੇਵਾਰੀ ਨੂੰ ਵੀ ਉਹ ਸਮਰਪਤ ਭਾਵਨਾ ਨਾਲ ਨਿਭਾਉਣਗੇ ਤਾਂ ਜੋ ਪੰਜਾਬ ਦੀ ਤਰੱਕੀ ਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਇਆ ਜਾ ਸਕੇ।

## ਵਿਦਿਆਰਥੀਆਂ ਨੂੰ ਸਮਾਜ ਸੇਵਾ ਲਈ ਕੀਤਾ ਪ੍ਰੇਰਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕੌਮੀ ਸੇਵਾ ਯੋਜਨਾ ਇਕਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਚੌਕ ਵੱਲੋਂ ਇੰਚਾਰਜ ਤੇ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਦੀ ਦੇਖ ਰੇਖ ਵਿੱਚ ਕੌਮੀ ਸੇਵਾ ਯੋਜਨਾ ਦਿਵਸ ਨੂੰ ਮਨਾਉਣ ਸੰਬੰਧੀ ਸਮਾਗਮ ਕਰਾਇਆ ਗਿਆ।ਸਮਾਗਮ ਦੇ ਕੋਆਰਡੀਨੇਟਰ ਰਾਜੇਸ਼ ਕੁਮਾਰ ਲੈਕਚਰਾਰ ਹਿਸਟਰੀ ਨੇ ਵਿਦਿਆਰਥੀਆਂ ਨੂੰ ਕੌਮੀ ਸੇਵਾ ਯੋਜਨਾ ਦੇ ਉਦੇਸ਼ ਅਤੇ ਲੋਗੋ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ।ਉਨ੍ਹਾਂ ਵਿਦਿਆਰਥੀਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਐਨ.ਐਸ.ਐਸ. ਦਾ ਬਹੁਤ ਵੱਡਾ ਮਹੱਤਵ ਹੈ, ਅਸੀਂ ਇਸ ਯੋਜਨਾ ਨਾਲ ਜੁੜ ਕੇ ਆਪਣੇ ਆਪ ਨੂੰ ਇੱਕ ਵਧੀਆ ਲੀਡਰ ਤੇ ਸਮਾਜ ਸੇਵੀ ਬਣਾ ਸਕਦੇ ਹਾਂ ਤੇ ਆਪਣੀ ਸ਼ਖ਼ਸੀਅਤ ਉਸਾਰੀ ਕਰ ਸਕਦੇ ਹਾਂ। ਇਸ ਮੌਕੇ ਗੁਰਦੀਪ ਸਿੰਘ ਲੈਕਚਰਾਰ, ਹਰਵਿੰਦਰ ਸਿੰਘ, ਕੰਚਨ ਸਿੰਗਲਾ ਨੇ ਵੀ ਵਿਦਿਆਰਥੀਆਂ ਨੂੰ ਕੌਮੀ ਸੇਵਾ ਯੋਜਨਾ ਇਕਾਈ ਨਾਲ ਜੁੜਨ ਦੇ ਹੋਣ ਵਾਲੇ ਫਾਇਦਿਆਂ ਤੋਂ ਜਾਣੂ ਕਰਾਇਆ।ਇਸ ਮੌਕੇ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਅਤੇ ਪੂਰੀ ਟੀਮ ਵੱਲੋਂ ਪਿੱਤਰਾਂ ਨੂੰ ਸਮਰਪਤ ਵਾਤਾਵਰਨ ਦੀ ਸ਼ੁੱਧਤਾ ਲਈ ਬੇਲ ਦੇ ਬੂਟੇ ਲਾਏ ਅਤੇ ਉਨ੍ਹਾਂ ਸਮੂਹ ਵਲੰਟੀਅਰਾਂ ਦੇ ਸਹਿਯੋਗ ਨਾਲ ਸਕੂਲ ਕੈਂਪਸ ਦੀ ਸਫਾਈ ਕੀਤੀ।ਉਨ੍ਹਾਂ ਧੰਨਵਾਦ ਕਰਦੇ ਹਾਂ ਹੋਏ ਕਿਹਾ ਕਿ ਸਾਨੂੰ ਜੀਵਨ ਵਿੱਚ ਉੱਚੇ ਮੁਕਾਮ 'ਤੇ ਪਹੁੰਚਣ ਲਈ ਕੌਮੀ ਸੇਵਾ ਯੋਜਨਾ ਇੱਕ ਪੌੜੀ ਦੇ ਰੂਪ ਵਿੱਚ ਮਦਦਗਾਰ ਹੁੰਦੀ ਹੈ, ਜਿਸਦੇ ਸਹਾਰੇ ਨਾਲ ਅਸੀਂ ਸਮਾਜ ਵਿੱਚ ਵਿਚਰਨ ਦਾ ਤੌਰ ਤਰੀਕਾ ਸਿੱਖ ਲੈਂਦੇ ਹਾਂ।

## ...ਸ.ਫਾ 1 ਦੇ ਬਾਕੀ

### ਪਰਮਗੁਣੀ ਭਗਤ ਸਿੰਘ...

ਨੌਜਵਾਨ ਆਗੂਆਂ ਕਸ਼ਮੀਰ ਸਿੰਘ ਗਦਾਈਆ, ਕੁਲਦੀਪ ਭੋਲਾ, ਹੰਸ ਰਾਜ ਗੋਲਡਨ, ਸਰੋਜ ਰਾਣੀ ਛੱਪੜੀ ਵਾਲਾ, ਸੁਰਿੰਦਰ ਢੰਡੀਆਂ ਅਤੇ ਸੁਖਦੇਵ ਸ਼ਰਮਾ ਪ੍ਰਧਾਨ ਏਟਕ ਪੰਜਾਬ ਨੇ ਭਗਤ ਸਿੰਘ ਦੇ ਜਨਮ ਦਿਨ ਦੀਆਂ ਨੌਜਵਾਨਾਂ ਨੂੰ ਵਧਾਈਆਂ ਦਿੱਤੀਆਂ ਅਤੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ 1997 ਤੋਂ ਉਹਨਾਂ ਵੱਲੋਂ ਸ਼ੁਰੂ ਕੀਤੀ ਮੁਹਿੰਮ ਅੱਜ ਆਪਣੇ ਅਗਲੇ ਪ੍ਰਾਪਤੀ ਦੇ ਪੜਾਅ ਵਿੱਚ ਸ਼ਾਮਲ ਹੋ ਕੇ ਪ੍ਰਾਪਤੀ ਵੱਲ ਵਧ ਰਹੀ ਹੈ ਅਤੇ ਉਹ ਦਿਨ ਦੂਰ ਨਹੀਂ, ਜਦੋਂ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਉਸਾਰਨ ਵਿੱਚ ਦੇਰ ਨਹੀਂ ਲੱਗੇਗੀ।

ਅੰਤ ਵਿੱਚ ਆਗੂਆਂ ਨੇ ਸਮੁੱਚੇ ਰੂਪ ਵਿੱਚ ਬੇਰੁਜ਼ਗਾਰ ਜਵਾਨੀ ਤੇ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਯੂਨੀਅਨਾਂ ਅਤੇ ਜਥੇਬੰਦੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਬਨੇਗਾ ਪ੍ਰਾਪਤੀ ਮੁਹਿੰਮ ਦਾ ਹਿੱਸਾ ਬਣਨ, ਤਾਂ ਹੀ ਸਭ ਲਈ ਉਹਨਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਦਾ ਹੱਕ ਜਿੱਤਿਆ ਜਾ ਸਕਦਾ ਹੈ।

ਸਮਾਗਮ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਆਗੂ ਜਸਪ੍ਰੀਤ ਕੌਰ ਬੱਧਨੀ, ਨਵਕਿਰਨ ਬੱਧਨੀ, ਗੁਰਦਿੱਤ ਦੀਨਾ, ਜਗਵਿੰਦਰ ਕਾਕਾ, ਸਵਰਾਜ ਖੋਸਾ, ਨਵਜੋਤ ਕੌਰ ਬਿਲਾਸਪੁਰ, ਹਰਪ੍ਰੀਤ ਸਿੰਘ, ਹਰਭਜਨ ਛੱਪੜੀ ਵਾਲਾ, ਸ਼ੁਬੇਗ ਝੰਗੜ ਭੈਣੀ, ਸਤੀਸ਼ ਛੱਪੜੀ ਵਾਲਾ, ਗੁਰਦਿਆਲ ਢਾਬਾਂ, ਰਾਜ ਕੁਮਾਰ ਬਹਾਦਰ ਕੇ, ਕੇਵਲ ਛਾਂਗਾ ਰਾਏ, ਕੁਲਦੀਪ ਆਜ਼ਾਬਾ, ਵਿਸ਼ਾਲ ਵਲਟੋਹਾ, ਹਰਭਿੰਦਰ ਕਸੇਲ, ਗੁਰਪ੍ਰੀਤ ਵਲਟੋਹਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਰਾਹੁਲ ਗਰਗ, ਗੁਰਜੰਟ ਸਿੰਘ, ਰਮਨਪ੍ਰੀਤ ਕੌਰ, ਗੋਰਾ ਪਿੱਪਲੀ ਆਦਿ ਦੀ ਅਗਵਾਈ ਵਿੱਚ ਸੈਂਕੜੇ ਬਨੇਗਾ ਵਲੰਟੀਅਰਾਂ ਦੇ ਕਾਫਲਿਆਂ ਦੀ ਅਗਵਾਈ ਕਰਕੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਵਾਗਤੀ ਕਮੇਟੀ ਦੇ ਸੀਨੀਅਰ ਮੈਂਬਰ ਬਲਦੇਵ ਸਿੰਘ ਸੜਕਨਾਮਾ, ਸੁਖਦੇਵ ਸਿਰਸਾ, ਗੁਰਚਰਨ ਸੰਘਾ, ਗੁਰਚਰਨ ਕੌਰ ਮੋਗਾ ਤੇ ਡਾ. ਅਰਵਿੰਦਰਪਾਲ ਗਿੱਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

### 'ਭਗਤ ਸਿੰਘ ਦੇ ਵਿਚਾਰਾਂ ਦੀ ...

ਜਦੋਂ ਕਿ ਅੱਜ ਸਾਡਾ ਦੇਸ਼ ਭੁੱਖਮਰੀ ਵਾਲੇ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ।

ਆਗੂਆਂ ਕਿਹਾ ਕਿ ਹਿੰਦੁਸਤਾਨ ਵਿੱਚ ਔਰਤਾਂ ਨਾਲ ਬਲਾਤਕਾਰ ਦਾ ਵਰਤਾਰਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਹੁਣ ਤਾਂ ਸਭ ਹੱਦਾਂ ਹੀ ਟੱਪ ਗਈਆਂ ਹਨ। ਤਿੰਨ-ਤਿੰਨ ਸਾਲ ਦੀਆਂ ਬਾਲੜੀਆਂ ਨਾਲ ਦਰਿੰਦੇ ਬਲਾਤਕਾਰ ਕਰ ਰਹੇ ਹਨ। ਉਹਨਾਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਤੀਜੀ ਵਿਸ਼ਵ ਜੰਗ ਵਾਲੇ ਹਾਲਾਤ ਬਣਦੇ ਜਾ ਰਹੇ ਹਨ। ਇਜ਼ਰਾਈਲ ਤੇ ਫਲਸਤੀਨ ਦੀ ਜੰਗ ਵਿੱਚ ਇਜ਼ਰਾਈਲੀਆਂ ਨੇ ਹੁਣ ਤੱਕ 80000 ਹਜ਼ਾਰ ਫ਼ਲਸਤੀਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਯੂਕਰੇਨ ਤੇ ਰੂਸ ਦੀ ਜੰਗ ਕਰਾਉਣ ਵਾਲਾ ਸਾਮਰਾਜੀ ਅਮਰੀਕਾ ਹੈ, ਕਿਉਂਕਿ ਅਮਰੀਕਾ ਯੂਕਰੇਨ ਵਿੱਚ ਰੂਸ ਨੂੰ ਘੇਰਨ ਲਈ ਨਾਟੋ ਦਾ ਅੱਡਾ ਬਣਾ ਰਿਹਾ ਹੈ। ਵਿਸ਼ਵ ਲਈ ਇਹ ਹਾਲਾਤ ਬਹੁਤ ਘਾਤਕ ਸਾਬਤ ਹੋ ਸਕਦੇ ਹਨ। ਯੂਕਰੇਨ ਵਿੱਚ ਖਾਧ ਖੁਰਾਕ ਦੀਆਂ ਮੁੱਖ ਵਸਤਾਂ ਹਨ, ਜੇ ਫ਼ਸਲਾਂ ਨਾ ਪੈਦਾ ਹੋ ਸਕੀਆਂ ਤਾਂ ਵਿਸ਼ਵ ਵਿੱਚ ਭੁੱਖਮਰੀ ਫੈਲ ਸਕਦੀ ਹੈ। ਸਮਾਗਮ ਨੂੰ ਕਮੇਟੀ ਦੇ ਮੀਤ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ, ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ, ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਰੀ ਕੋਛੜ, ਡਾਕਟਰ ਸ਼ੈਲੇਸ ਤੇ ਵਿਜੇ ਬੰਬੇਲੀ ਹਾਜ਼ਰ ਸਨ।

### ਮੋਦੀ-ਸ਼ਾਹ ਦੀ ਜੋੜੀ ...

'ਤੇ ਵੰਡ ਕੇ ਇਸ ਦੇ ਟੁਕੜੇ ਕਰਨਾ ਚਾਹੁੰਦੀ ਹੈ।

ਕਮਿਊਨਿਸਟ ਆਗੂ ਨੇ ਲੋਕਾਂ ਅਪੀਲ ਕਰਦਿਆਂ ਕਿਹਾ ਕਿ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣ ਲਈ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲਾਗੂ ਕਰਕੇ ਸੰਵਿਧਾਨ, ਲੋਕਤੰਤਰ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਉੱਡਤ, ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਨੇ ਕਿਹਾ ਕਿ ਅਜੋਕੇ ਨਾਜ਼ੁਕ ਦੌਰ 'ਚ ਸੰਵਿਧਾਨ ਦੀ ਰਾਖੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੋਕ ਲਹਿਰ ਦੀ ਉਸਾਰੀ ਕਰਕੇ ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਦਿਆਂ ਦੇਸ਼ ਨੂੰ ਟੁਕੜਿਆਂ 'ਚ ਵੰਡਣ ਤੋਂ ਬਚਾਇਆ ਜਾਵੇ, ਤਾਂ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਵੀ ਰੋਕਿਆ ਜਾ ਸਕੇ।

ਇਸ ਮੌਕੇ ਵੇਦ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ ਢਿੱਲੋਂ, ਰਤਨ ਭੋਲਾ, ਮੰਗਤ ਰਾਮ ਭੀਖੀ, ਹਰਪਾਲ ਸਿੰਘ ਬੱਪੀਆਣਾ, ਹਰਮੀਤ ਸਿੰਘ ਬੋੜਾਵਾਲ, ਭੁਪਿੰਦਰ ਗੁਰਨੇ, ਗੋਰਾ ਟਾਹਲੀਆਂ, ਮਨਜੀਤ ਕੌਰ ਗਾਮੀਵਾਲਾ, ਹਰਪ੍ਰੀਤ ਮਾਨਸਾ, ਸੁਖਦੇਵ ਪੰਧੇਰ, ਗੁਰਤੇਜ ਖ਼ਿਆਲੀ ਚਹਿਲਾਂ ਵਾਲੀ, ਬੂਟਾ ਸਿੰਘ ਬਾਜੇਵਾਲਾ, ਸੁਖਦੇਵ ਮਾਨਸਾ, ਬੂਟਾ ਸਿੰਘ ਬਰਨਾਲਾ, ਗੁਰਦਿਆਲ ਸਿੰਘ, ਬੰਬੂ ਸਿੰਘ, ਮੱਖਣ ਰੰਘੜਿਆਲ, ਗੁਰਪਿਆਰ ਸਿੰਘ ਫੱਤਾ, ਸ਼ੰਕਰ ਸਿੰਘ ਜਟਾਣਾ ਤੇ ਬਲਵਿੰਦਰ ਸਿੰਘ ਕੋਟ ਧਰਮੂ ਆਦਿ ਹਾਜ਼ਰ ਸਨ।

## ਮਜ਼ਦੂਰ ਆਗੂਆਂ ਨੇ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਦਿਹਾਤੀ ਮਜ਼ਦੂਰ ਸਭਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਆਗੂਆਂ ਨੇ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਮਜ਼ਦੂਰ ਮੋਰਚੇ ਦੇ ਸਾਂਝੇ ਸੱਦੇ ਉੱਪਰ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਸੱਦੋਵਾਲ, ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲਮਾਜਰਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੌਰ ਸਿੰਘ ਕਲਾਲਮਾਜਰਾ ਦੀ ਅਗਵਾਈ ਹੇਠ ਮਜ਼ਦੂਰਾਂ ਦੇ ਇੱਕ ਵਫਦ ਤਹਿਸੀਲ ਮਹਿਲ ਕਲਾਂ ਦੇ ਨਾਇਬ ਤਹਿਸੀਲਦਾਰ ਬਲਵਿੰਦਰ ਸਿੰਘ ਨੂੰ ਮਿਲ ਕੇ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਬਰਨਾਲਾ, ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਨਰੇਗਾ ਦੇ ਨਾਂਅ ਉੱਪਰ ਆਪਣਾ ਇੱਕ ਮੰਗ ਪੱਤਰ ਸੌਂਪਿਆ।ਇਸ ਮੌਕੇ ਨਾਇਬ ਤਹਿਸੀਲਦਾਰ ਬਲਵਿੰਦਰ ਸਿੰਘ ਨੇ ਮਜ਼ਦੂਰਾਂ ਦੇ ਵਫਦ ਨੂੰ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦਾ ਮੰਗ ਪੱਤਰ ਉੱਚ ਅਧਿਕਾਰੀਆਂ ਤੱਕ ਪਹਿਲ ਦੇ ਅਧਾਰ 'ਤੇ ਪਹੁੰਚਾਇਆ ਜਾਵੇਗਾ।ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਸੱਦੋਵਾਲ, ਜ਼ਿਲ੍ਹਾ ਜਰਨਲ ਸਕੱਤਰ ਭੋਲਾ ਸਿੰਘ ਕਲਾਲਮਾਜਰਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੌਰ ਸਿੰਘ ਕਲਾਲਮਾਜਰਾ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਉਹ ਪਹਿਲਾਂ ਵੀ ਕਈ ਵਾਰ ਬੀ ਡੀ ਪੀ ਓ ਦਫਤਰ ਜਾ ਮਜ਼ਦੂਰਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਹੱਲ ਕਰਾਉਣ ਲਈ ਮੰਗ ਪੱਤਰ ਦੇ ਚੁੱਕੇ ਹਨ, ਪਰ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਮੌਕੇ ਮਜ਼ਦੂਰ ਆਗੂ ਸਾਧੂ ਸਿੰਘ ਛੀਨੀਵਾਲ ਤੇ ਗੁਰਮੇਲ ਸਿੰਘ ਗੰਗੋਹਰ ਵੀ ਹਾਜ਼ਰ ਸਨ।

## ਐੱਸ ਡੀ ਓ ਪੁਸ਼ਪਿੰਦਰ ਸਿੰਘ ਦਾ ਸਨਮਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਾਵਰਕਾਮ ਦਫਤਰ ਮਹਿਲ ਕਲਾਂ ਵਿਖੇ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਐੱਸ ਡੀ ਓ ਪੁਸ਼ਪਿੰਦਰ ਸਿੰਘ ਨੂੰ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਲੋਈ, ਸਨਮਾਨ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਵਿੱਤ ਸਕੱਤਰ ਬਲਵਿੰਦਰ ਸਿੰਘ ਵਜੀਦਕੇ, ਚੇਅਰਮੈਨ ਸੋਨੀ ਮਾਂਗੇਵਾਲ ਨੇ ਦੱਸਿਆ ਕਿ ਕਲੱਬ ਵੱਲੋਂ ਵਧੀਆ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਨੂੰ ਸਮੇਂ ਸਮੇਂ ਵਿਸ਼ੇਸ਼ ਸਨਮਾਨ ਦਿੱਤਾ ਜਾ ਰਿਹਾ ਹੈ, ਐੱਸ ਡੀ ਓ ਪੁਸ਼ਪਿੰਦਰ ਸਿੰਘ ਲਗਨ ਮਿਹਨਤ ਨਾਲ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਅ ਰਹੇ।ਉਨ੍ਹਾਂ ਦੀਆਂ ਅਣਥੱਕ ਸੇਵਾਵਾਂ ਤੋਂ ਹੋਰ ਅਧਿਕਾਰੀਆਂ ਨੂੰ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਮੌਕੇ ਐਡੀਸ਼ਨਲ ਐੱਸ ਡੀ ਓ ਜਸਵਿੰਦਰ ਸਿੰਘ, ਅਵਤਾਰ ਸਿੰਘ ਅਣਖੀ, ਸਿਕੰਦਰ ਸਿੰਘ ਮਹਿਲ ਖੁਰਦ, ਅਵਤਾਰ ਸਿੰਘ ਲਾਇਨਮੈਨ, ਬਲਵੰਤ ਸਿੰਘ ਚੁਹਾਣਕੇ, ਜਗਮੋਹਨ ਸ਼ਾਹ ਰਾਏਸਰ, ਪ੍ਰਦੀਪ ਸਿੰਘ ਲੋਹਗੜ੍ਹ, ਅਜਮੇਰ ਸਿੰਘ ਭੱਠਲ, ਸਰਬਜੀਤ ਸਿੰਘ ਗੰਗੋਹਰ ਆਦਿ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਨੌਵੇਂ ਪਾਤਸ਼ਾਹ...

ਸਰਕਾਰ ਇਹ ਕਾਰਵਾਈ ਤੁਰੰਤ ਬੰਦ ਕਰੇ ਅਤੇ ਸਥਾਨਕ ਸਿੱਖਾਂ ਦੇ ਰਿਹਾਇਸ਼ੀ ਹੱਕਾਂ ਦੀ ਸੁਰੱਖਿਆ ਵੀ ਯਕੀਨੀ ਬਣਾਏ। ਉਹਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਾਮਲੇ 'ਚ ਦਖ਼ਲ ਦੇਣ।ਅੰਤ੍ਰਿੰਗ ਕਮੇਟੀ ਨੇ ਭਾਜਪਾ ਸਾਂਸਦ ਕੰਗਨਾ ਰਣੌਤ ਵੱਲੋਂ ਬਣਾਈ ਸਿੱਖਾਂ ਦੀ ਕਿਰਦਾਰਕੁਸ਼ੀ ਕਰਦੀ ਫ਼ਿਲਮ 'ਐਮਰਜੈਂਸੀ' ਨੂੰ ਮੂਲੋਂ ਰੱਦ ਕਰਨ ਦਾ ਮਤਾ ਪਾਸ ਕਰਦਿਆਂ ਸਰਕਾਰ ਨੂੰ ਇਸ 'ਤੇ ਪੂਰਨ ਰੋਕ ਲਗਾਉਣ ਲਈ ਆਖਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਫ਼ਿਲਮ ਨੂੰ ਸਿੱਖ ਵਿਰੋਧੀ ਏਜੰਡੇ ਤਹਿਤ ਕੌਮ ਵਿਰੁੱਧ ਜ਼ਹਿਰ ਉਗਲਣ ਤੇ ਨਫ਼ਰਤ ਫੈਲਾਉਣ ਦੀ ਭਾਵਨਾ ਨਾਲ ਬਣਾਇਆ ਗਿਆ ਹੈ, ਜਿਸ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਐਮਰਜੈਂਸੀ ਫ਼ਿਲਮ ਉੱਤੇ ਰੋਕ ਲਗਾ ਕੇ ਸੂਬੇ ਦੀ ਤਰਜਮਾਨੀ ਕਰੇ, ਤਾਂ ਜੋ ਭਾਈਚਾਰਕ ਮਾਹੌਲ ਸੁਖਾਵਾਂ ਰਹੇ। ਉਨ੍ਹਾ ਲੋਕ ਸਭਾ ਦੇ ਸਪੀਕਰ ਨੂੰ ਕੰਗਣਾ ਵੱਲੋਂ ਕੀਤੀ ਜਾਂਦੀ ਫ਼ਿਰਕੂ ਬਿਆਨਬਾਜ਼ੀ ਦਾ ਨੋਟਿਸ ਲੈਣ ਅਤੇ ਉਸ ਦੀ ਮੈਂਬਰਸ਼ਿਪ ਰੱਦ ਕਰਨ ਲਈ ਵੀ ਆਖਿਆ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਭਾਈ ਰਾਜੋਆਣਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਜਾਰੀ ਰੱਖਣ ਦੀ ਵੀ ਵਚਨਬੱਧਤਾ ਪ੍ਰਗਟਾਈ ਹੈ। ਉਹਨਾ ਅੰਤ੍ਰਿੰਗ ਕਮੇਟੀ ਦੇ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਅਤਿ-ਆਧੁਨਿਕ ਇਮਾਰਤ ਤਿਆਰ ਕਰਕੇ ਦਿੱਲੀ ਸਿੱਖ ਮਿਸ਼ਨ ਨੂੰ ਅਜ਼ਾਦਾਨਾ ਤੌਰ 'ਤੇ ਸਰਗਰਮ ਕਰਨ ਦਾ ਫੈਸਲਾ ਕੀਤਾ ਹੈ। ਦਿੱਲੀ ਵਿਖੇ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦਾ ਸਿੱਖ ਮਿਸ਼ਨ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਕਾਰਜਸ਼ੀਲ ਹੈ, ਪਰ ਹੁਣ ਲੋੜਾਂ ਨੂੰ ਮੁੱਖ ਰੱਖਦਿਆਂ ਜ਼ਮੀਨ ਖ਼ਰੀਦ ਕੇ ਇਮਾਰਤ ਤਿਆਰ ਕੀਤੀ ਜਾਵੇਗੀ, ਜਿਥੋਂ ਧਰਮ ਦੇ ਪ੍ਰਚਾਰ, ਪ੍ਰਸਾਰ ਦੇ ਕਾਰਜ ਚਲਾਏ ਜਾਣਗੇ।

## ਸ਼ਾਹਿਦ ਸੈਫੀ ਪੁਲਸ ਪ੍ਰਸ਼ਾਸਨ ਸੈੱਲ ਦੇ ਕਨਵੀਨਰ ਬਣੇ



**ਲੁਧਿਆਣਾ (ਜਸਦੀਪ ਵਰਤੀਆ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪਾਰਟੀ ਦੇ ਪੁਰਾਣੇ ਤੇ ਮਿਹਨਤੀ ਵਰਕਰ ਸ਼ਾਹਿਦ ਸੈਫੀ ਨੂੰ ਲੁਧਿਆਣਾ ਪੁਲਸ ਪ੍ਰਸ਼ਾਸਨ ਸੈੱਲ ਦਾ ਜ਼ਿਲ੍ਹਾ ਕਨਵੀਨਰ ਨਿਯੁਕਤ ਕੀਤਾ ਹੈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਸਕੱਤਰ ਸਤਨਾਮ ਸਿੰਘ ਸੇਠੀ, ਨਵਲ ਜੈਨ, ਜ਼ਿਲ੍ਹਾ ਕਾਰਜਕਾਰਨੀ ਮੈਂਬਰ ਸੁਰੇਸ਼ ਮਿਗਲਾਨੀ, ਜਸਦੇਵ ਤਿਵਾੜੀ, ਮੁਕੇਸ਼ ਗੌਤਮ ਆਦਿ ਹਾਜ਼ਰ ਸਨ।

## ਸ੍ਰੀ ਕ੍ਰਿਸ਼ਨਾ ਡਰਾਮਾਟਿਕ ਕਲੱਬ ਵੱਲੋਂ ਰਾਮਲੀਲ੍ਹਾ ਮੰਚਨ 2 ਤੋਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਹਰ ਸਾਲ ਸ੍ਰੀ ਕ੍ਰਿਸ਼ਨਾ ਡਰਾਮਾਟਿਕ ਕਲੱਬ ਸਮਾਣਾ ਵੱਲੋਂ ਸਥਾਨਕ ਮਿਰਚਿਆ ਮੰਦਰ ਵਿਖੇ ਕਰਵਾਈ ਜਾਂਦੀ ਰਾਮਲੀਲ੍ਹਾ ਨੂੰ ਲੈ ਕੇ ਜਿੱਥੇ ਸ਼ਹਿਰ ਦੇ ਦਰਸ਼ਕ ਬੇਸਬਰੀ ਨਾਲ ਇੰਤਜ਼ਾਰ ਕਰਦੇ ਨਜ਼ਰ ਆ ਰਹੇ ਹਨ, ਉੱਥੇ ਹੀ ਰਾਮਲੀਲ੍ਹਾ ਦੇ ਆਯੋਜਕਾਂ ਤੇ ਮੰਚਨ ਕਰਨ ਵਾਲੇ ਕਲਾਕਾਰਾਂ ਵਿੱਚ ਭਾਰੀ ਉਤਸ਼ਾਹ ਹੈ।ਇਸ ਸਬੰਧੀ ਕਲੱਬ ਦੇ ਅਹੁਦੇਦਾਰ ਸ੍ਰੀ ਰਾਮ ਬਾਂਸਲ ਤੇ ਸੰਜੇ ਸਿੰਗਲਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ 2 ਅਕਤੂਬਰ ਨੂੰ ਸ਼ੁਰੂ ਹੋਣ ਜਾ ਰਹੀ ਰਾਮਲੀਲ੍ਹਾ ਦੇ ਮੰਚਨ ਨੂੰ ਲੈ ਕੇ ਕਲਾਕਾਰਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਰਿਹਰਸਲਾਂ ਦਾ ਦੌਰ ਜਾਰੀ ਹੈ ਤੇ ਬਾਕੀ ਤਿਆਰੀਆਂ ਵੀ ਅਖੀਰਲੇ ਪੜਾਅ 'ਚ ਹਨ।ਉਨ੍ਹਾਂ ਦੱਸਿਆ ਕਿ ਰਾਮਲੀਲ੍ਹਾ ਦਾ ਮੰਚਨ ਕਾਫ਼ੀ ਸ਼ਰਧਾ ਤੇ ਉਤਸ਼ਾਹ ਨਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 2 ਅਕਤੂਬਰ ਤੋਂ ਸ਼ੁਰੂ ਕੀਤਾ ਜਾ ਰਿਹਾ ਰਾਮਲੀਲ੍ਹਾ ਦਾ ਮੰਚਨ 12 ਅਕਤੂਬਰ ਤੱਕ ਚੱਲੇਗਾ ਤੇ 12 ਅਕਤੂਬਰ ਨੂੰ ਹੀ ਦੁਸਹਿਰੇ ਵਾਲੇ ਦਿਨ ਮਿਰਚਿਆ ਮੰਦਰ ਤੋਂ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ, ਜੋ ਵੱਖ ਵੱਖ ਬਜ਼ਾਰਾਂ 'ਚੋਂ ਹੁੰਦੀ ਹੋਈ ਨਗਰ ਪਾਲਿਕਾ ਦੇ ਗਰਾਊਂਡ ਵਿਖੇ ਪਹੁੰਚੇਗੀ, ਜਿੱਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤਾ ਜਾਵੇਗਾ।ਇਸ ਮੌਕੇ ਪ੍ਰਧਾਨ ਜਨਾਰਦਨ ਲਾਲ ਵਰਮਾ, ਸੈਕਟਰੀ ਰੁਲਦੂਰਾਮ, ਯਸ਼ਪਾਲ ਪੰਮੀ, ਪ੍ਰਦੀਪ ਸਿੰਗਲਾ, ਦੇਵੀ ਦਿਆਲ ਧੀਮਾਨ, ਕ੍ਰਿਸ਼ਨ ਬਜਾਜ, ਵਿਜੇ ਡਾਵਰ, ਸੀਤਾ ਰਾਮ ਸਾਖਲਾ, ਗੁਰਦੀਪ ਸਿੰਘ ਬਾਬਾ, ਸੁਸ਼ੀਲ ਸ਼ਰਮਾ, ਰੋਹਿਤ ਵਰਮਾ, ਰਵੀ ਛਾਵੜਾ, ਰਾਕੇਸ਼ ਕੁਮਾਰ, ਮਹਿੰਦਰ ਬਿੱਲਾ, ਸੁਸ਼ੀਲ ਪਸਰੀਚਾ, ਰਾਜ ਕੁਮਾਰ, ਕ੍ਰਿਸ਼ਨ ਗੋਇਲ, ਕਪਿਲ ਧੀਮਾਨ, ਅਨਿਲ ਸ਼ਰਮਾ, ਬਿੰਦੂ ਗੋਇਲ, ਚਰਕੇਸ਼ ਕੁਮਾਰ, ਦਿਨੇਸ਼ ਧੀਮਾਨ, ਰੋਹਿਤ, ਮਾਨਵ ਥਰੇਜਾ, ਹੈਪੀ ਧੀਮਾਨ ਤੇ ਬੀਸੂ ਆਦਿ ਮੌਜੂਦ ਸਨ।

## ਸੀ ਬੀ ਜੀ ਪ੍ਰੋਜੈਕਟਾਂ ਦਾ ਕੈਂਸਰ ਨਾਲ ਕੋਈ ਸਿੱਧਾ ਸੰਬੰਧ ਨਹੀਂ : ਮਾਹਰ ਕਮੇਟੀ

**ਵਿਗਿਆਨੀ ਤੇ ਓਨਕੋਲੋਜਿਸਟ ਵੱਲੋਂ ਸ਼ੰਕਿਆਂ ਤੇ ਚਿੰਤਾਵਾਂ ਬਾਰੇ ਸਥਿਤੀ ਸਪੱਸ਼ਟ**

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਵਿੱਚ ਕੰਪਰੈਸਡ ਬਾਇਓਗੈਸ (ਸੀ ਬੀ ਜੀ) ਪ੍ਰਾਜੈਕਟਾਂ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਤੌਖਲੇ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਨਿਯੁਕਤ ਮਾਹਰਾਂ ਦੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਹੈ ਕਿ ਇਨ੍ਹਾਂ ਵਾਤਾਵਰਨ ਪੱਖੀ ਪ੍ਰਾਜੈਕਟਾਂ ਦਾ ਕੈਂਸਰ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ।ਇਸ ਕਮੇਟੀ ਵਿੱਚ ਡਾ. ਮਨੋਜ ਸ੍ਰੀਵਾਸਤਵ, ਪ੍ਰਮੁੱਖ ਵਿਗਿਆਨੀ ਆਈ.ਸੀ.ਏ.ਆਰ., ਡਾ. ਸਚਿਨ ਕੁਮਾਰ, ਐੱਨ.ਆਈ.ਬੀ.ਈ. ਕਪੂਰਥਲਾ, ਡਾ. ਤਾਰਕ ਮੰਡਲ, ਸਹਾਇਕ ਪ੍ਰੋਫੈਸਰ, ਕੈਮੀਕਲ ਇੰਜੀਨੀਅਰ, ਆਈ.ਆਈ.ਟੀ. ਰੋਪੜ, ਐੱਮ. ਪੀ. ਸਿੰਘ, ਡਾਇਰੈਕਟਰ ਪੇਡਾ, ਕੁਲਬੀਰ ਸਿੰਘ ਸੰਧੂ ਸੰਯੁਕਤ ਡਾਇਰੈਕਟਰ, ਅਮਨਦੀਪ ਸਿੰਘ ਸਿੱਧੂ, ਜੈਵਿਕ ਖੇਤੀ ਵਿਭਾਗ, ਪੀ.ਏ.ਯੂ., ਵਿਜੇ ਕੁਮਾਰ ਐੱਸ.ਈ., ਪੀ.ਪੀ.ਸੀ.ਬੀ., ਡਾ. ਪਰਦੀਪ ਕੁਮਾਰ ਮਿਸ਼ਰਾ, ਡਾ. ਕੁਨਾਲ ਜੈਨ, ਓਨਕੋਲੋਜੀ ਵਿਭਾਗ, ਡੀ.ਐੱਮ.ਸੀ.ਐੱਚ. ਲੁਧਿਆਣਾ, ਡਾ. ਜੀ. ਐੱਸ. ਬਰਾੜ, ਓਨਕੋਲੋਜੀ ਵਿਭਾਗ, ਡੀ ਐੱਮ ਸੀ ਐੱਚ ਲੁਧਿਆਣਾ, ਡਾ. ਸਰਿਤ ਸ਼ਰਮਾ, ਕਮਿਊਨਿਟੀ ਮੈਡੀਸਨ ਵਿਭਾਗ, ਡੀ ਐੱਮ ਸੀ ਐੱਚ ਲੁਧਿਆਣਾ, ਡਾ. ਸ਼ਾਲਿਨੀ, ਫਾਰਮਾਕੋਲੋਜੀ ਵਿਭਾਗ, ਡੀ ਐੱਮ ਸੀ ਐੱਚ ਲੁਧਿਆਣਾ, ਡਾ. ਵਰਿੰਦਰ ਕੁਮਾਰ ਵਿਜੇ, ਆਈ.ਆਰ.ਈ.ਡੀ.ਏ. ਦੇ ਪ੍ਰੋਫੈਸਰ, ਆਈ.ਆਈ.ਟੀ. ਦਿੱਲੀ ਤੇ ਡਾ. ਸਰਬਜੀਤ ਸੂਚ, ਬਾਇਓ ਐਨਰਜੀ ਵਿਭਾਗ, ਪੀ.ਏ.ਯੂ. ਸ਼ਾਮਲ ਸਨ।ਡੀ ਐੱਮ ਸੀ ਐਚ ਕੈਂਸਰ ਕੇਅਰ ਸੈਂਟਰ ਦੇ ਸਰਜੀਕਲ ਓਨਕੋਲੋਜੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ: ਗੁਰਪ੍ਰੀਤ ਸਿੰਘ ਬਰਾੜ ਨੇ ਦੱਸਿਆ ਕਿ ਉਨ੍ਹਾਂ ਤੇ ਉਨ੍ਹਾਂ ਦੀ ਟੀਮ ਨੇ ਵਿਦੇਸ਼ਾਂ ਵਿੱਚ ਪਿਛਲੇ ਅਧਿਐਨਾਂ ਦੀ ਸਮੀਖਿਆ ਸਮੇਤ ਇੱਕ ਅਧਿਐਨ ਕੀਤਾ ਤੇ ਪਾਇਆ ਗਿਆ ਕਿ ਸੀ.ਬੀ.ਜੀ. ਦਾ ਕੈਂਸਰ ਨਾਲ ਕੋਈ ਸਿੱਧਾ ਸਬੰਧ ਨਹੀਂ।ਹਾਲਾਂਕਿ, ਸੀ ਬੀ ਜੀ ਪਲਾਂਟਾਂ ਦੁਆਰਾ ਛੱਡੇ ਜਾਣ ਵਾਲੇ ਗੰਦੇ ਪਾਣੀ ਦੀ ਇਜਾਜ਼ਤ ਸੀਮਾਵਾਂ ਦੇ ਅੰਦਰ ਹੋਣੀ ਚਾਹੀਦੀ ਹੈ ਅਤੇ ਪਲਾਂਟਾਂ ਨੂੰ ਇਹ ਯਕੀਨੀ ਬਣਾਉਣ ਲਈ ਸਰਕਾਰ ਤੇ ਵਿਭਾਗ ਦੁਆਰਾ ਨਿਰਧਾਰਤ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਕਿ ਇਹ ਪਲਾਂਟ ਸੁਚਾਰੂ ਢੰਗ ਨਾਲ ਕੰਮ ਕਰਦੇ ਹਨ। ਸ੍ਰ. ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਦੇ ਵਿਗਿਆਨੀ ਤੇ ਮਾਹਰ ਕਮੇਟੀ ਦੇ ਮੈਂਬਰ ਡਾ: ਸਚਿਨ ਕੁਮਾਰ ਨੇ ਵੀ ਦੱਸਿਆ ਕਿ ਕਿਸਾਨ ਸੰਘਰਸ਼ ਕਮੇਟੀ ਦੇ ਮੈਂਬਰਾਂ ਵੱਲੋਂ ਉਠਾਏ ਗਏ ਜ਼ਿਆਦਾਤਰ ਸ਼ੰਕਿਆਂ ਨੂੰ ਮੀਟਿੰਗਾਂ ਵਿੱਚ ਦੂਰ ਕੀਤਾ ਗਿਆ ਹੈ।ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਸਾਨਾਂ ਨੂੰ ਸੀ ਬੀ ਜੀ ਪਲਾਂਟਾਂ ਨੂੰ ਅਪਣਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਵਾਤਾਵਰਨ ਅਨੁਕੂਲ ਪ੍ਰੋਜੈਕਟ ਹਨ ਤੇ ਇਨ੍ਹਾਂ ਨਾਲ ਝੋਨੇ ਦੀ ਪਰਾਲੀ ਸਾੜਨ ਦੀ ਸਮੱਸਿਆ ਨੂੰ ਵੀ ਸਹੀ ਢੰਗ ਨਾਲ ਖਤਮ ਕੀਤਾ ਜਾ ਸਕਦਾ ਹੈ।ਕਮੇਟੀ ਨੇ ਕਿਸਾਨਾਂ ਨਾਲ ਵੀ ਮੀਟਿੰਗ ਕੀਤੀ ਤੇ ਚਿੰਤਾਵਾਂ ਨੂੰ ਦੂਰ ਕੀਤਾ ਤੇ ਸੀ ਬੀ ਜੀ ਪ੍ਰੋਜੈਕਟਾਂ ਬਾਰੇ ਕਿਸਾਨ ਯੂਨੀਅਨਾਂ ਦੁਆਰਾ ਉਠਾਏ ਗਏ ਸਾਰੇ ਸ਼ੰਕਿਆਂ ਨੂੰ ਸਪੱਸ਼ਟ ਕੀਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਾਂਗਰਸੀ ਵਰਕਰਾਂ ਨੇ ਐੱਸ ਡੀ ਐੱਮ ਦਫਤਰ ਅੱਗੇ ਦਿੱਤਾ ਰੋਸ ਧਰਨਾ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵੱਲੋਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ ਧੱਕੇਸ਼ਾਹੀ ਦੇ ਦੋਸ਼ ਲਾਏ ਗਏ। ਇਸ ਮੌਕੇ ਸਬ-ਡਵੀਜ਼ਨਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਦੇ ਦਫਤਰ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ।ਇਸ ਮੌਕੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਚੇਅਰਮੈਨ ਬਲਕਾਰ ਸਿੰਘ ਬੱਲ ਅਤੇ ਡਾ: ਬਿਕਰਮਜੀਤ ਸਿੰਘ ਬਾਠ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਨੇ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਦੇ ਸੰਭਾਵੀ ਸਰਪੰਚੀ-ਪੰਚੀ ਦੇ ਉਮੀਦਵਾਰ ਬਲਾਕ ਦਫਤਰ ਰਈਆ ਦੇ ਲਗਾਤਾਰ ਦੋ ਦਿਨ ਤੋਂ ਚੱਕਰ ਲਾ ਰਹੇ ਹਨ ਅਤੇ ਅੱਜ ਨਾਮਜ਼ਦਗੀ ਪੱਤਰ ਭਰਨ ਦੀ ਸ਼ੁਰੂਆਤ ਵੀ ਹੋ ਚੁੱਕੀ ਹੈ, ਪਰ ਨਾ ਤਾਂ ਬੀਡੀਪੀਓ, ਪੰਚਾਇਤ ਸੈਕਟਰੀ ਜਾਂ ਹੋਰ ਅਧਿਕਾਰੀ ਦਫਤਰ ਵਿੱਚ ਮਿਲ ਰਿਹਾ ਹੈ ਅਤੇ ਨਾ ਹੀ ਸਾਨੂੰ ਪਿੰਡਾਂ ਵਿੱਚ ਰਿਜ਼ਰਵੇਸ਼ਨ ਦੀ ਸੂਚੀ ਦਿੱਤੀ ਗਈ ਹੈ, ਨਾ ਹੀ ਵੋਟਾਂ ਦੀਆਂ ਲਿਸਟਾਂ ਮਿਲੀਆਂ ਹਨ ਤਾਂ ਫਿਰ ਇਹ ਕਾਹਦੀਆਂ ਚੋਣਾਂ ਹਨ ਅਤੇ ਉਮੀਦਵਾਰ ਕਿੱਦਾਂ ਆਪਣੇ ਨਾਮਜ਼ਦਗੀ ਪੱਤਰ ਭਰਨਗੇ, ਜਦੋਂ ਤੱਕ ਉਨ੍ਹਾਂ ਨੂੰ ਕੋਈ ਜਾਣਕਾਰੀ ਹੀ ਨਹੀਂ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਸੱਤਧਾਰੀ ਪਾਰਟੀ ਵੱਲੋਂ ਪ੍ਰਸ਼ਾਸਨ ਨਾਲ ਮਿਲੀਭੁਗਤ ਨਾਲ ਹੋ ਰਿਹਾ ਹੈ ਅਤੇ ਅਸੀਂ ਇਸ ਤੋਂ ਬਾਅਦ ਡੀਸੀ ਅੰਮ੍ਰਿਤਸਰ ਅਤੇ ਚੋਣ ਕਮਿਸ਼ਨਰ ਪੰਜਾਬ ਕੋਲ ਵੀ ਸ਼ਿਕਾਇਤ ਦਰਜ ਕਰਵਾ ਰਹੇ ਹਾਂ।ਉਨ੍ਹਾਂ ਕਿਹਾ ਕਿ ਕੁਝ ਪਿੰਡਾਂ ਵਿੱਚ ਸਾਡੇ ਵਰਕਰਾਂ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕਾਂਗਰਸ ਪਾਰਟੀ ਆਪਣੇ ਵਰਕਰਾਂ ਨਾਲ ਧੱਕੇਸ਼ਾਹੀ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਸਬੰਧੀ ਪਾਰਟੀ ਹਾਈਕਮਾਨ ਦੇ ਧਿਆਨ ਹਿੱਤ ਲਿਆ ਕੇ ਵੱਡਾ ਸੰਘਰਸ਼ ਕੀਤਾ ਜਾਵੇਗਾ।ਇਸ ਦੌਰਾਨ ਭਲਾਈਪੁਰ ਨੇ ਫੋਨ ਤੇ ਐੱਸਡੀਐੱਮ ਅਮਨਪ੍ਰੀਤ ਸਿੰਘ ਨਾਲ ਗੱਲਬਾਤ ਵੀ ਕੀਤੀ ਅਤੇ ਇਕ ਵਫਦ ਤਹਿਸੀਲਦਾਰ ਸੁਖਦੇਵ ਬੰਗੜ ਨੂੰ ਮਿਲਿਆ।ਧਰਨੇ ਨੂੰ ਜਰਮਨਜੀਤ ਸਿੰਘ, ਜਸਪਾਲ ਪ੍ਰਧਾਨ ਜ਼ਿਲ੍ਹਾ ਯੂਥ ਵਿੰਗ ਕਾਂਗਰਸ, ਅਰਸ਼ ਬੱਲ ਬਲਾਕ ਪ੍ਰਧਾਨ ਰਈਆ, ਸਰਪੰਚ ਪ੍ਰਦੀਪ ਸਿੰਘ ਭਲਾਈਪੁਰ ਪ੍ਰਧਾਨ ਯੂਥ ਵਿੰਗ ਹਲਕਾ ਬਾਬਾ ਬਕਾਲਾ, ਸੁਖਜੀਤ ਸਿੰਘ ਮਾਨ ਸੂਬਾ ਜਨਰਲ ਸਕੱਤਰ ਕਿਸਾਨ ਸੈੱਲ, ਸਰਪੰਚ ਸਾਹਬੀ ਕੋਟ ਮਹਿਤਾਬ, ਚੇਅਰਮੈਨ ਜਤਿੰਦਰ ਸਿੰਘ ਸੋਨੂੰ, ਨਵਜੋਤ ਸਿੰਘ ਨਵ ਲਾਹੌਰੀਆ ਪ੍ਰਧਾਨ ਯੂਥ ਵਿੰਗ, ਗੁਰਦਿਆਲ ਸਿੰਘ ਕੰਗ ਬੁਟਾਰੀ, ਸਰਪੰਚ ਦਲਜੀਤ ਸਿੰਘ ਭੱਪੀ, ਜੈਵਿੰਦਰ ਸਿੰਘ ਭੁੱਲਰ ਪ੍ਰਧਾਨ ਸ਼ਹਿਰੀ, ਚੈਂਚਲ ਸਿੰਘ ਭੁੱਲਰ, ਸਰਪੰਚ ਸਵਿੰਦਰ ਸਿੰਘ ਬੱਲ, ਸਰਪੰਚ ਇਕਬਾਲ ਸਿੰਘ ਬੱਲ ਸੱਤੋਵਾਲ, ਪਰਮਪ੍ਰੀਤ ਸਿੰਘ ਸਾਹਬੀ ਪ੍ਰਧਾਨ ਜ਼ਿਲ੍ਹਾ ਕਿਸਾਨ ਵਿੰਗ, ਸੀਨੀਅਰ ਆਗੂ ਗੁਰਮੇਜ ਸਿੰਘ ਚੀਮਾ ਵੜੈਚ,ਚੇਅਰਮੈਨ ਹਰਿੰਦਰਪਾਲ ਸਿੰਘ ਮੱਲ੍ਹਾ, ਸਰਪੰਚ ਰਾਮ ਸਿੰਘ ਗਾਜੀਵਾਲ, ਲਖਵਿੰਦਰ ਸਿੰਘ ਭਿੰਡਰ, ਸਰਪੰਚ ਦਲਬੀਰ ਸਿੰਘ ਸਠਿਆਲਾ, ਚੇਅਰਮੈਨ ਨਰਿੰਦਰਪਾਲ ਸਿੰਘ ਢਿੱਲੋਂ, ਚੇਅਰਮੈਨ ਨਿਰਵੈਰ ਸਿੰਘ ਸਾਹਬੀ, ਪ੍ਰਧਾਨ ਦਲੇਰ ਸਿੰਘ ਸਰਲੀ, ਬਲਦੇਵ ਸਿੰਘ ਏਕਲਗੱਡਾ, ਪ੍ਰਧਾਨ ਕੋਮਲ ਸਠਿਆਲਾ, ਅਮਰਜੀਤ ਸਿੰਘ ਨਾਗੋਕੇ, ਜਗਦੀਪ ਸਿੰਘ ਮਾਨ ਪੀ. ਏ., ਰਣਜੀਤ ਸਿੰਘ ਰਾਣਾ ਧੂਲ਼ਕਾ ਅਤੇ ਜਗਤਾਰ ਸਿੰਘ ਸਾ: ਐੱਮ. ਸੀ. ਵੀ. ਮੌਜੂਦ ਸਨ।

# ਕਿਸਾਨ ਭਲਾਈ ਵਿਭਾਗ ਨੇ ਨਾਗੋਕੇ 'ਚ ਲਗਾਇਆ ਕਿਸਾਨ ਜਾਗਰੂਕਤਾ ਕੈਂਪ



**ਤਰਨਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤਰਨ ਤਾਰਨ ਵੱਲੋਂ ਕਰਾਪ ਰੈਜ਼ੀਡਿਊ ਮੈਨੇਜਮੈਂਟ ਸਕੀਮ ਅਧੀਨ ਕਿਸਾਨਾਂ ਨੂੰ ਪਰਾਲੀ ਨੂੰ ਸਾੜਨ ਦੀ ਥਾਂ ਉਸਦੇ ਸੁਚੱਜੇ ਪ੍ਰਬੰਧਨ ਸਬੰਧੀ ਜਾਣਕਾਰੀ ਦੇਣ ਲਈ ਨਾਗੋਕੇ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦਾ ਆਯੋਜਨ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂ ਤੇ ਖੇਤੀਬਾੜੀ ਅਫਸਰ ਡਾ. ਨਵਤੇਜ ਸਿੰਘ ਦੀ ਅਗਵਾਈ ਹੇਠ ਬਲਾਕ ਤਕਨਾਲੋਜੀ ਮੈਨੇਜਰ ਯਾਦਵਿੰਦਰ ਸਿੰਘ ਵੱਲੋਂ ਕੀਤਾ ਗਿਆ। ਕੈਂਪ ਵਿੱਚ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਸੰਬੰਧੀ ਜਾਣਕਾਰੀ ਦਿੰਦਿਆਂ ਬਲਾਕ ਤਕਨਾਲੋਜੀ ਮੈਨੇਜਰ ਯਾਦਵਿੰਦਰ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਜਾਂਦੀ ਹੈ। ਪਰਾਲੀ ਨੂੰ ਅੱਗ ਲਗਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂਏ ਨਾਲ ਗਰਭਵਤੀ ਮਹਿਲਾਵਾਂ ਅਤੇ ਬਜ਼ੁਰਗਾਂ ਦਾ ਵਾਤਾਵਰਨ ਵਿੱਚ ਸਾਹ ਲੈਣਾ ਔਖਾ ਹੋ ਜਾਂਦਾ ਹੈ। ਇਸ ਮੌਕੇ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਆਲੂ ਅਤੇ ਮਟਰ ਦੀ ਬਿਜਾਈ ਕਰਨ ਵਾਲੇ ਕਿਸਾਨ ਬੇਲਰ ਨਾਲ ਪਰਾਲੀ ਦੀਆਂ ਗੰਢਾਂ ਬਣਾ ਸਕਦੇ ਹਨ ਜਾਂ ਫਿਰ ਝੋਨੇ ਦੀ ਕਟਾਈ ਮਗਰੋਂ ਪਰਾਲੀ ਨੂੰ ਮਲਚਰ ਨਾਲ ਕੁਤਰਨ ਤੋਂ ਬਾਅਦ ਰਿਵਰਸੀਬਲ ਪਲੋਅ ਨਾਲ ਪਰਾਲੀ ਨੂੰ ਜ਼ਮੀਨ ਵਿੱਚ ਦਬਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਨਾਈਟ੍ਰੋਜਨ, ਫਾਸਫੋਰਸ, ਸਲਫਰ, ਪੋਟਾਸ਼ ਅਤੇ ਜੈਵਿਕ ਮਾਦੇ ਵਰਗੇ ਜ਼ਰੂਰੀ ਤੱਤ ਜ਼ਮੀਨ ਵਿੱਚੋਂ ਨਸ਼ਟ ਹੋ ਜਾਂਦੇ ਹਨ ਅਤੇ ਅਜਿਹਾ ਕਰਨ ਮਗਰੋਂ ਕਿਸਾਨਾਂ ਨੂੰ ਕੈਮੀਕਲ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ, ਜਿਸ ਨਾਲ ਖੇਤੀ ਖਰਚੇ ਵਧ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਕ ਏਕੜ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਸਾਡਾ ਤਕਰੀਬਨ ਤਿੰਨ ਹਜ਼ਾਰ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਦਸ ਕੁਇੰਟਲ ਜਾਂ ਇਕ ਟਨ ਪਰਾਲੀ ਨੂੰ ਅੱਗ ਲਗਾਉਣ ਨਾਲ 400 ਕਿੱਲੋ ਜੈਵਿਕ ਮਾਦਾ,5.5 ਕਿੱਲੋ ਨਾਈਟ੍ਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼,1.2 ਕਿੱਲੋ ਗੰਧਕ ਦਾ ਨੁਕਸਾਨ ਹੋ ਜਾਂਦਾ ਹੈ। ਇਸ ਮੌਕੇ ਯਾਦਵਿੰਦਰ ਸਿੰਘ ਨੇ ਕਿਸਾਨਾਂ ਨੂੰ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਦੇ ਨਾਲ ਨਾਲ ਝੋਨੇ, ਕੀੜੇ-ਮਕੌੜਿਆਂ ਤੇ ਫਸਲੀ ਬਿਮਾਰੀਆਂ ਸੰਬੰਧੀ ਵੀ ਜਾਣਕਾਰੀ ਦਿੱਤੀ ਤੇ ਖੇਤੀਬਾੜੀ ਵਿਭਾਗ ਵਿੱਚ ਚੱਲ ਰਹੀਆਂ ਸਕੀਮਾਂ ਤੋਂ ਵੀ ਕਿਸਾਨਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਿਮਰਨਜੀਤ ਸਿੰਘ, ਖੇਤੀਬਾੜੀ ਉੱਪ-ਨਿਰੀਖਕ ਸਤਨਾਮ ਸਿੰਘ, ਬੇਲਦਾਰ ਗੁਰਪ੍ਰਤਾਪ ਸਿੰਘ, ਕਿਰਨਬੀਰ ਸਿੰਘ, ਸ਼ਰਮਾ ਖਾਦ ਸਟੋਰ ਨਾਗੋਕੇ, ਹਰਦਿਆਲ ਸਿੰਘ, ਪ੍ਰਗਟ ਸਿੰਘ, ਅਮਰਜੀਤ ਸਿੰਘ, ਜਸਪਾਲ ਸਿੰਘ, ਸੁਖਚੈਨ ਸਿੰਘ, ਸਕੱਤਰ ਸਿੰਘ ਅਤੇ ਹੋਰ ਕਿਸਾਨ ਹਾਜ਼ਰ ਸਨ।

# ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਵੱਖ-ਵੱਖ ਥਾਈਂ ਸ਼ਹੀਦੇ ਆਜ਼ਮ ਭਗਤ ਸਿੰਘ ਦਾ 117ਵਾਂ ਜਨਮ ਦਿਹਾੜਾ










**ਬਟਾਲਾ (ਤਰਲੋਕ ਬੱਗਾ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਦੇ ਦਫਤਰ ਬਟਾਲਾ ਜੀਟੀ ਰੋਡ ਅੰਮ੍ਰਿਤਸਰ ਡੀਲਕਸ ਪੁਲੀ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ 117ਵਾਂ ਜਨਮ ਦਿਹਾੜਾ ਮਨਾਇਆ ਗਿਆ ਜਿਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਮਾਝਾ ਜ਼ੋਨ ਦੇ ਜਨਰਲ ਸਕੱਤਰ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਦੀ ਜਿਸ ਆਜ਼ਾਦੀ ਲਈ ਸ਼ਹੀਦੀ ਦਿੱਤੀ ਉਹ ਇਹ ਆਜ਼ਾਦੀ ਨਹੀਂ ਸੀ। ਗ਼ਰੀਬੀ ਹੰਢਾਉਂਦੇ ਲੋਕ ਅੱਜ ਵੀ ਗੁਲਾਮੀ ਦੀ ਜ਼ਿੰਦਗੀ ਜੀ ਰਹੇ ਹਨ। ਦੇਸ਼ ਦਾ ਗਰੀਬ ਦੋ ਵਕਤ ਦੀ ਰੋਟੀ ਲਈ ਭੁੱਖਾ ਮਰ ਰਿਹਾ। ਭਗਤ ਸਿੰਘ ਦੇ ਜਨਮਦਿਨ ਤੇ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਣੀ ਆਜ਼ਾਦੀ ਲਈ ਲੜੀਏ। ਇਸ ਮੌਕੇ ਜ਼ਿਲਾ ਸੈਕਟਰੀ ਆਰਮਾਨ ਬਟਾਲਾ, ਜੁਗਾੜ ਮੋਟਰਸਾਈਲ ਯੂਨੀਅਨ ਦੇ ਪ੍ਰਧਾਨ ਵਿਜੇ ਮਸੀਹ ਟੀਟੂ, ਧਰਮ ਸਿੰਘ, ਤ੍ਰਿਪਤ ਸਿੰਘ ਰੰਧਾਵਾ, ਬਲਜੀਤ ਸਿੰਘ, ਸਰੂਪ ਸਿੰਘ, ਵਿਜੇ ਕੁਮਾਰ, ਜੌਹਨ ਮਸੀਹ ਆਦਿ ਹਾਜ਼ਰ ਸਨ।




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ ਵੱਖ-ਵੱਖ ਥਾਈਂ ਮਨਾਇਆ ਗਿਆ।ਜਨਮ ਦਿਨ ਤੇ ਕਾਰਪੋਰੇਟਾਂ ਖਿਲਾਫ ਲੋਕ ਲਾਮਬੰਦੀ ਤਹਿਤ ਅੰਮ੍ਰਿਤਸਰ ਜ਼ਿਲੇ ਵਿੱਚ ਵੀ ਸਥਾਨਕ ਭੰਡਾਰੀ ਪੁਲ 'ਤੇ ਵੀ ਪੂਰੀ ਇਨਕਲਾਬੀ ਭਾਵਨਾ ਨਾਲ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਮਾ:ਅਮਰੀਕ ਸਿੰਘ ਸੰਗਤਪੁਰ, ਸਵਿੰਦਰ ਸਿੰਘ ਮੀਰਾਂਕੋਟ, ਬਲਦੇਵ ਸਿੰਘ ਵੇਰਕਾ, ਬਾਬਾ ਅਰਜਨ ਸਿੰਘ, ਗੁਰਦੇਵ ਸਿੰਘ ਵਰਪਾਲ, ਮੰਗਲ ਸਿੰਘ ਟਾਂਡਾ ਤੇ ਅਮੋਲਕ ਸਿੰਘ ਨੇ ਕੀਤੀ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਤਿੰਨ ਕਾਲੇ ਖੇਤੀ ਕਾਨੂੰਨਾਂ ਵੇਲੇ ਸੰਘਰਸ਼ ਦੌਰਾਨ ਤੇ ਮਗਰੋਂ ਵੀ ਇਨ੍ਹਾਂ ਸਾਲਾਂ ਦੌਰਾਨ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਤੇ ਸ਼ਹੀਦੀ ਦਿਹਾੜੇ 'ਤੇ ਲੋਕਾਂ ਨੂੰ ਕਾਰਪੋਰੇਟਾਂ ਦੀ ਲੁੱਟ ਦੇ ਖਿਲਾਫ ਸੰਘਰਸ਼ ਕਰਨ ਦੀ ਅਪੀਲ ਕੀਤੀ ਜਾਂਦੀ ਰਹੀ ਹੈ ਅਤੇ ਅੱਜ ਵੀ ਹੈ।

**ਤਰਨਤਾਰਨ (ਪ੍ਰਿਤਪਾਲ ਸਿੰਘ)**-ਦਿਹਾਤੀ ਮਜ਼ਦੂਰ ਸਭਾ ਅਤੇ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਦੇ 117ਵੇਂ ਜਨਮ ਦਿਨ ਨੂੰ ਸਮਰਪਤ ਸੈਮੀਨਾਰ ਸ਼ਹੀਦ ਦੀਪਕ ਧਵਨ ਯਾਦਗਰੀ ਭਵਨ ਵਿਖੇ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਮੀਨਾ ਕੌਰ ਚੀਮਾ ਜ਼ਿਲ੍ਹਾ ਪ੍ਰਧਾਨ ਵਰਕਰਜ਼ ਯੂਨੀਅਨ ਪੰਜਾਬ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਨਰਿੰਦਰ ਸਿੰਘ ਰਟੌਲ ਅਤੇ ਸਕੱਤਰ ਜਰਨੈਲ ਸਿੰਘ ਰਸੂਲਪੁਰ ਆਦਿ ਆਗੂਆਂ ਨੇ ਕੀਤੀ। ਸੈਮੀਨਾਰ ਦੇ ਮੁੱਖ ਬੁਲਾਰੇ ਪ੍ਰੋ. ਜੈਪਾਲ ਸਿੰਘ ਨੇ ਕਿਹਾ ਕੇ ਸ਼ਹੀਦ ਭਗਤ ਸਿੰਘ ਨੇ ਕਿਰਤੀ ਜਮਾਤ ਦੇ ਭਲੇ ਦੇ ਸਮਾਜਵਾਦੀ ਵਿਚਾਰਾਂ ਨੂੰ ਅਪਣਾਇਆ ਅਤੇ ਇਨਕਲਾਬ ਦੇ ਨਾਹਰੇ ਨੂੰ ਬੁਲੰਦ ਕੀਤਾ। ਉਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਰਾਜਸੀ ਬਦਲ ਸਿਰਜਣ ਦਾ ਸੱਦਾ ਦਿੱਤਾ। ਇਸ ਮੌਕੇ ਮੁਖਤਾਰ ਸਿੰਘ ਮੱਲਾ, ਬਲਦੇਵ ਸਿੰਘ ਪੰਡੋਰੀ ਨੇ ਵੀ ਆਪਣੇ ਵਿਚਾਰ ਰੱਖੇ।ਇਸ ਮੌਕੇ ਕਰਮ ਸਿੰਘ ਪੰਡੋਰੀ, ਬਗੀਚਾ ਸਿੰਘ ਗੰਡੀਵਿੰਡ, ਬੁੱਧ ਸਿੰਘ ਪੱਖੋਕੇ, ਗੁਰਵੇਲ ਸਿੰਘ ਚੀਮਾ, ਕੁਲਦੀਪ ਸਿੰਘ ਰਟੌਲ, ਗੁਰਪ੍ਰੀਤ ਸਿੰਘ ਪਿੰਕੂ, ਤਰਸੇਮ ਸਿੰਘ ਇਬਣ, ਜਰਨੈਲ ਸਿੰਘ ਮੁਗਲਚੱਕ, ਅੰਗਰੇਜ਼ ਸਿੰਘ ਕੋਟਲੀ ਆਦਿ ਆਗੂ ਹਾਜ਼ਰ ਸਨ।

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼ਹੀਦ ਭਗਤ ਸਿੰਘ ਦਾ 117ਵਾਂ ਜਨਮ ਦਿਨ ਲੋਕ ਭਲਾਈ ਮੰਚ ਪੰਜਾਬ ਵਲੋਂ ਮੰਚ ਦੇ ਮੁੱਖ ਦਫਤਰ ਕੱਚੀ ਮਿੱਟੀ ਰੋਡ ਏਕਤਾ ਨਗਰ ਢਪੱਈ ਵਿਖੇ ਸੈਮੀਨਾਰ ਕਰਕੇ ਮਨਾਇਆ ਗਿਆ।ਸੈਮੀਨਾਰ ਨੂੰ ਸੂਬਾਈ ਪ੍ਰਧਾਨ ਬਲਬੀਰ ਸਿੰਘ ਝਾਮਕਾ, ਖਜਾਨਚੀ ਲਾਲ, ਕੁਲਦੀਪ ਸਿੰਘ, ਨਿਰਵੈਲ ਸਿੰਘ ਢਪੱਈ, ਇਕਬਾਲ ਸਿੰਘ ਮੋਹਕਮਪੁਰਾ, ਮਾਸਟਰ ਸੁਖਦੇਵ ਸਿੰਘ, ਹਰਦਿਆਲ ਸਿੰਘ ਹਮਦਰਦ ਤੇ ਗਿਰਧਾਰੀ ਲਾਲ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਅਸੀਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚਲਦਿਆਂ ਸ਼ਹੀਦ ਦੇ ਸੁਪਨਿਆਂ ਦਾ ਭਾਰਤ ਦੇਸ਼ ਜਿਸ ਵਿਚ ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ, ਬੇਰੁਜ਼ਗਾਰੀ, ਮੰਹਿਗਾਈ, ਅਮਨ ਕਾਨੂੰਨ, ਸਮਾਜਿਕ ਨਾਬਰਾਬਰੀ, ਗਰੀਬੀ, ਭੁੱਖਮਰੀ







ਆਦਿ ਕੋਈ ਸਮੱਸਿਆ ਨਾ ਹੋਵੇ, ਬਣਾਉਣ ਲਈ ਪੂਰਾ ਤਾਣ ਲਾ ਦਿਆਂਗੇ।ਇਸ ਸਮੇਂ ਉਪਰੋਕਤ ਤੋਂ ਇਲਾਵਾ ਜੀਤ ਲਾਲ, ਨੇਕੀ ਕੁਮਾਰ, ਤੀਰਥ ਰਾਮ, ਲਖਵਿੰਦਰ ਸਿੰਘ, ਕਿਰਪਾਲ ਸਿੰਘ, ਵਰਿਆਮ ਚੰਦ, ਕੁਲਵੰਤ ਸਿੰਘ, ਗੋਗਾ ਭਲਵਾਨ, ਰਜਿੰਦਰ ਕੁਮਾਰ ਕਾਲਾ, ਸਤਪਾਲ ਸਿੰਘ ਗਿੱਲ, ਮਨਦੀਪ ਸਿੰਘ ਤੇ ਗੋਲਡੀ ਆਦਿ ਵੀ ਹਾਜ਼ਰ ਸਨ।

**ਬਟਾਲਾ (ਤਰਲੋਕ ਬੱਗਾ)**—ਫ਼ੈਜ਼ਪੁਰਾ ਰੋਡ ਲਿਬਰੇਸ਼ਨ ਦਫ਼ਤਰ ਵਿਖੇ ਸੀਪੀਆਈ ਐੱਮਐੱਲ ਲਿਬਰੇਸ਼ਨ ਵਲੋਂ ਸ਼ਹੀਦ ਭਗਤ ਸਿੰਘ ਦਾ 117ਵਾਂ ਜਨਮ ਦਿਵਸ ਮਨਾਇਆ ਗਿਆ।ਇਸ ਸਮੇਂ ਸ਼ਹੀਦ ਨੂੰ ਯਾਦ ਕਰਦਿਆਂ ਲਿਬਰੇਸ਼ਨ ਆਗੂ ਗੁਲਜ਼ਾਰ ਸਿੰਘ ਭੁੰਬਲੀ, ਸੁਖਦੇਵ ਸਿੰਘ ਭਾਗੋਕਾਵਾਂ, ਵਿਜੇ ਸੋਹਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਜ਼ਿੰਦਾਬਾਦ ਅਤੇ ਸਾਮਰਾਜਵਾਦ ਮੁਰਦਾਬਾਦ ਦੇ ਅਰਥ ਇਸ ਤਰ੍ਹਾਂ ਦੀ ਆਜ਼ਾਦੀ ਕਾਇਮ ਕਰਨਾ ਸੀ ਜਿਸ ਰਾਜ ਵਿੱਚ ਹਰ ਤਰ੍ਹਾਂ ਦੀ ਲੁੱਟ-ਖਸੁੱਟ ਦਾ ਖਾਤਮਾ, ਭਰਿਸ਼ਟਾਚਾਰ ਰਹਿਤ ਅਤੇ ਧਰਮ ਨਿਰਪੱਖ ਰਾਜ ਹੋਵੇ।ਪਰ ਦੇਸ਼ ਦੇ ਹਾਲਾਤ ਦਰਸਾਉਂਦੇ ਹਨ ਕਿ ਦੇਸ਼ ਵਿਚ ਵੱਖ-ਵੱਖ ਪਾਰਟੀਆਂ ਦੇ 76 ਸਾਲਾਂ ਦੇ ਰਾਜ ਵਿੱਚ ਹਰ ਤਰ੍ਹਾਂ ਦੀਆਂ ਪਾਰਟੀਆਂ ਦਾ ਰਾਜ ਸਾਮਰਾਜ, ਸਰਮਾਏਦਾਰੀ ਅਤੇ ਜਗੀਰਦਾਰਾਂ ਪੱਖੀ ਰਾਜ ਰਿਹਾ ਹੈ।ਇਸ ਸਮੇਂ ਪਿੰਟਾ ਤਲਵੰਡੀ ਭਰਥ, ਦਲਬੀਰ ਭੋਲਾ ਮਲਕਵਾਲ, ਗੁਰਮੁਖ ਸਿੰਘ ਲਾਲੀ ਭਾਗੋਵਾਲ, ਬਲਬੀਰ ਸਿੰਘ ਉਂਚਾ ਨਕਾਲਾ, ਰਣਜੀਤ ਕੌਰ ਡਡਵਾਂ, ਤਰਲੋਕ ਸਿੰਘ ਭਾਮ, ਸੁਰਜੀਤ ਸਿੰਘ ਸ਼ੰਕਰਪੁਰਾ ਅਤੇ ਸਿਕੰਦਰ ਸਾਬੀ ਗੁਰਦਾਸ ਨੰਗਲ ਸ਼ਾਮਲ ਸਨ।




**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਾਂਝੇ ਤੌਰ 'ਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਦਵਿੰਦਰ ਸੋਹਲ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਕਸੇਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਇਲਾਕੇ 'ਚੋਂ ਵੱਖ-ਵੱਖ ਪਿੰਡਾਂ 'ਚੋਂ ਨੌਜਵਾਨ ਇਕੱਠੇ ਹੋ ਕੇ ਮੋਗੇ ਵਿਖੇ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਉਣ ਲਈ ਗਏ।ਇਸ ਮੌਕੇ ਬਿੱਲਾ ਖੂਹ ਵਾਲਾ, ਮਨਜੀਤ ਸਿੰਘ ਢੰਡ, ਸੁਲੱਖਣ ਸਿੰਘ ਗੰਡੀਵਿੰਡ, ਤਰਸੇਮ ਸਿੰਘ ਸੋਹਲ, ਕਰਨਬੀਰ ਸਿੰਘ ਮੂਸੇ, ਰਾਜਪਾਲ ਸਿੰਘ ਛਿਛਰੇਵਾਲ, ਲਵਪ੍ਰੀਤ ਸਿੰਘ ਮੂਸੇ, ਨਰਤੇਜ ਕੁਮਾਰ ਸ਼ਰਮਾ, ਅਕਾਸ਼ ਝਬਾਲ, ਗੁਰਭੇਜ ਸਿੰਘ ਮੂਸੇ, ਬੇਅੰਤੀ ਸਿੰਘ ਢੰਡ, ਰਮਨਦੀਪ ਸਿੰਘ ਮੂਸੇ, ਜੁਗਰਾਜ ਸਿੰਘ ਮੂਸੇ, ਜਗਰੂਪ ਸਿੰਘ ਮੂਸੇ, ਬਿਕਰਮਜੀਤ ਸਿੰਘ ਮੂਸੇ, ਮੇਜਰ ਸਿੰਘ ਮੂਸੇ, ਜ਼ਿਲਾ ਮੀਤ ਸਕੱਤਰ ਸੁਖਦੇਵ ਸਿੰਘ ਭਿੱਖੀਵਿੰਡ, ਡਾ. ਰਸਾਲ ਸਿੰਘ, ਜਸਪਾਲ ਸਿੰਘ ਆਦਿ ਹਾਜ਼ਰ ਸਨ।

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿਖੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਪ੍ਰਿੰ. ਗੁਰਸੇਵਕ ਰਿਆੜ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਅਤੇ ਨਿਸ਼ਾ ਬਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਗਤ ਸਿੰਘ ਦੀ ਜੰਗ ਕੇਵਲ ਬ੍ਰਿਟੇਨ ਦੇ ਹਾਕਮਾਂ ਤੋਂ ਆਜ਼ਾਦੀ ਦੀ ਜੰਗ ਨਹੀਂ ਸੀ ਸਗੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਸੀ। ਸ਼ਹੀਦ ਭਗਤ ਸਿੰਘ ਦਾ ਮੰਨਣਾ ਸੀ ਕਿ ਭਲਾ ਕਰਨ ਵਾਲੇ ਚਾਹੇ ਕਿੰਨੇ ਵੀ ਨੇਕ ਇਰਾਦਿਆਂ ਵਾਲੇ ਹੋਣ ਉਹ ਸਮਾਜ ਦਾ ਕੁਝ ਨਹੀਂ ਸਵਾਰ ਸਕਦੇ ਜੇਕਰ ਉਹ ਸਮਾਜ ਨੂੰ ਵਿਗਿਆਨਕ ਵਿਚਾਰਾਂ ਦੀ ਰੌਸ਼ਨੀ ਵਿੱਚ ਲੈ ਕੇ ਨਹੀਂ ਜਾਂਦੇ। ਇਸ ਮੌਕੇ ਸਕੂਲ ਦੇ ਅਧਿਆਪਕ ਅਨੂ ਢਿੱਲੋਂ, ਨੇਹਾ ਮੁਕੇਰੀਆਂ, ਇਸ਼ੀਤਾ ਠਾਕੁਰ, ਰਵਨੀਤ ਕੌਰ, ਜਸਬੀਰ ਕੌਰ, ਸ਼ਵੇਤਾ ਸਰਮਾ, ਅਕਾਂਕਸਾ ਠਾਕੁਰ, ਨਿਸਚਲ ਕੌਰ, ਅਮਨਦੀਪ ਕੌਰ, ਕੁਲਜੀਤ ਕੌਰ, ਸੁਨੀਤਾ ਮੁਕੇਰੀਆਂ ਆਦਿ ਅਧਿਆਪਕ ਸਾਹਿਬਾਨ ਮੌਜੂਦ ਸਨ।

## ਐੱਸ ਡੀ ਐੱਮ ਨੇ ਪਿੰਡ-ਪਿੰਡ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਸਬ-ਡਵੀਜ਼ਨ ਦੇ ਨਵ-ਨਿਯੁਕਤ ਐੱਸਡੀਐੱਮ ਜਸਪਿੰਦਰ ਸਿੰਘ ਅਤੇ ਏਸੀਪੀ ਦਿਲਪ੍ਰੀਤ ਸਿੰਘ ਦੀ ਅਗਵਾਈ ਹੇਠ ਦੀਨਾਨਗਰ ਦੇ ਪਿੰਡ ਬਹਿਰਾਮਪੁਰ, ਉਚਾ ਧਕਾਲਾ, ਬਾਹਮਣੀ ਅਤੇ ਰੰਘੜ ਪਿੰਡੀ ਵਿਖੇ ਪਰਾਲੀ ਨਾ ਸਾੜਨ ਲਈ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ।ਇਸ ਮੌਕੇ ਨਾਇਬ ਤਹਸੀਲਦਾਰ ਸੁਖਵਿੰਦਰ ਸਿੰਘ, ਡਾ. ਬਲਜਿੰਦਰ ਸਿੰਘ ਖੇਤੀਬਾੜੀ ਅਫਸਰ, ਡਾ. ਮੋਹਣ ਸਿੰਘ ਵਾਹਲਾ ਖੇਤੀਬਾੜੀ ਵਿਸਥਾਰ ਅਫਸਰ ਗਾਹਲੜੀ, ਠਾਕਰ ਰਵਿੰਦਰ ਸਿੰਘ ਕਾਨੂੰਗੋ, ਅਸ਼ੋਕ ਕੁਮਾਰ, ਪਟਵਾਰੀ ਜੋਗਿੰਦਰਪਾਲ ਐੱਸਐੱਚਓ ਬਹਿਰਾਮਪੁਰ ਸਮੇਤ ਵੱਖ-ਵੱਖ ਪਿੰਡਾਂ ਦੇ ਕਿਸਾਨ ਮੌਜੂਦ ਸਨ।ਇਸ ਮੌਕੇ ਐੱਸਡੀਐੱਮ ਜਸਪਿੰਦਰ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡੀਸੀ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲੇ ਅੰਦਰ ਪਰਾਲੀ ਨਾ ਸਾੜਨ ਦੀ ਮੁਹਿਮ ਚਲਾਈ ਗਈ ਹੈ, ਜਿਸ ਦੇ ਚਲਦਿਆਂ ਦੀਨਾਨਗਰ ਦੇ ਵੱਖ-ਵੱਖ ਪਿੰਡਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ ਹਨ।

## ਕਿਸਾਨਾਂ ਦੀ ਆਮਦਨ ਤੇ ਉਤਪਾਦਨ ਸਮਰੱਥਾ ਵਧਾਉਣ ਲਈ ਡੈਨੋਨ ਵੱਲੋਂ ਨਿਵੇਕਲੀ ਪਹਿਲ

**ਮੋਹਾਲੀ** : ਡੈਨੋਨ ਇੱਕ ਪ੍ਰਮੁੱਖ ਗਲੋਬਲ ਫੂਡ ਅਤੇ ਬੇਵਰੇਜ ਕੰਪਨੀ, ਪੰਜਾਬ ਵਿੱਚ 5000 ਤੋਂ ਵੱਧ ਛੋਟੇ ਡੇਅਰੀ ਕਿਸਾਨਾਂ ਨੂੰ ਸਥਾਈ ਖੇਤੀ ਦੇ ਤਰੀਕਿਆਂ ਅਤੇ ਮਜ਼ਬੂਤ ਖੇਤੀ ਦੇ ਮਾਡਲਾਂ ਦੇ ਗਿਆਨ ਨਾਲ ਲੈਸ ਕਰਨ ਲਈ ਇੱਕ ਤਿੰਨ ਸਾਲਾਂ ਦਾ ਪ੍ਰੋਗਰਾਮ ਸ਼ੁਰੂ ਕਰਨ ਜਾ ਰਹੀ ਹੈ ਤਾਂ ਜੋ ਦੁੱਧ ਦਾ ਉਤਪਾਦਨ ਵਧ ਸਕੇ, ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਪਸ਼ੂ ਭਲਾਈ ਵਿੱਚ ਸੁਧਾਰ ਹੋ ਸਕੇ।ਡੈਨੋਨ ਨੇ ਲਾਲੜੂ ਵਿੱਚ ਆਪਣੀ ਵਿਸ਼ੇਸ਼ ਪੋਸ਼ਣ ਸਹੂਲਤ ਦਾ ਵਿਸਤਾਰ ਕਰਨ ਲਈ ਅਗਲੇ ਚਾਰ ਸਾਲਾਂ ਵਿੱਚ 20 ਮਿਲੀਅਨ ਯੂਰੋ ਦਾ ਹੋਰ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ, ਕਿਉਂਕਿ ਕੰਪਨੀ ਭਾਰਤ ਵਿੱਚ ਆਪਣੀ ਉਤਪਾਦਨ ਸਮਰੱਥਾ ਦਾ ਵਿਸਤਾਰ ਕਰਨਾ ਜਾਰੀ ਰੱਖੇਗੀ।ਇਸ ਪਹਿਲ 'ਤੇ ਟਿੱਪਣੀ ਕਰਦੇ ਹੋਏ ਡੇ ਸੇਂਟ-ਆਫਰਿਕ ਨੇ ਕਿਹਾ ਕਿ ਸਾਨੂੰ ਡੈਨੋਨ ਦੇ ਲੰਬੇ ਸਮੇਂ ਤੋਂ ਸਥਾਨਕ ਕਿਸਾਨ ਸਮੁਦਾਇਆਂ ਪ੍ਰਤੀ ਸਮਰਥਨ ਨੂੰ ਅੱਗੇ ਵਧਾਉਣ ਲਈ ਬੀਏਆਈਐੱਫ ਦੇ ਨਾਲ ਸਾਂਝ ਪਾ ਕੇ ਖੁਸ਼ੀ ਹੋ ਰਹੀ ਹੈ।

## 'ਖੇਡਾਂ ਵਤਨ ਪੰਜਾਬ ਦੀਆਂ' 'ਚ ਗੁਰੂ ਨਾਨਕ ਦੇਵ ਅਕੈਡਮੀ ਨੇ ਮਾਰੀਆਂ ਮੱਲਾਂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਗੁਰੂ ਨਾਨਕ ਦੇਵ ਅਕੈਡਮੀ ਨੂਰਦੀ ਤਰਨ ਤਾਰਨ ਦੇ ਖਿਡਾਰੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਸ਼ੀਜਨ-3 ਦੀਆਂ ਖੇਡਾਂ ਜ਼ਿਲ੍ਹਾ ਖੇਡ ਅਫਸਰ ਮੈਡਮ ਸਤਵੰਤ ਕੌਰ ਦੀ ਨਿਗਰਾਨੀ ਹੇਠ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਮਲਟੀਪਰਪਜ਼ ਸਟੇਡੀਅਮ ਤਰਨ ਤਾਰਨ ਵਿਖੇ ਕਰਵਾਇਆ ਗਿਆ ਜਿਸ ਵਿੱਚ ਗੁਰੂ ਨਾਨਕ ਦੇਵ ਅਕੈਡਮੀ ਦੀਆਂ ਅੰਡਰ-21 ਵਿੱਚ ਦੋ ਖਿਡਾਰਨਾਂ ਨੇ ਭਾਗ ਲਿਆ ਜਿਸ ਵਿੱਚ ਰਜਵੰਤ ਕੌਰ ਨੇ ਪਹਿਲਾ ਸਥਾਨ ਅਤੇ ਮੌਹਦੀਪ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਰੈਂਸਲਿੰਗ ਫਰੀ ਸਟਾਈਲ ਵਿੱਚ ਰਾਜਬੀਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਅਕੈਡਮੀ ਵਿੱਚ ਬਾਬਾ ਅਵਤਾਰ ਸਿੰਘ ਨੇ ਅਤੇ ਪ੍ਰਿੰ. ਮੈਡਮ ਜਸਪਾਲ ਕੌਰ ਸਿੱਧੂ ਨੇ ਖਿਡਾਰੀਆਂ ਨੂੰ ਸਨਮਾਨਤ ਕੀਤਾ।ਬਾਬਾ ਅਵਤਾਰ ਸਿੰਘ ਨੇ ਪ੍ਰਿੰ. ਜਸਪਾਲ ਕੌਰ ਸਿੱਧੂ ਨੂੰ ਖਿਡਾਰੀਆਂ ਵੱਲੋਂ ਖੇਡਾਂ ਵਿੱਚ ਮੱਲਾਂ ਮਾਰਨ ਤੇ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਨੇ ਬਾਬਾ ਅਵਤਾਰ ਸਿੰਘ ਦਾ ਖਿਡਾਰੀਆਂ ਨੂੰ ਸਨਮਾਨਤ ਕਰਨ 'ਤੇ ਧੰਨਵਾਦ ਕੀਤਾ ਅਤੇ ਡੀ. ਪੀ. ਈ. ਗੁਰਪ੍ਰਤਾਪ ਸਿੰਘ, ਡੀ. ਪੀ. ਈ. ਗੁਰਪ੍ਰੀਤ ਸਿੰਘ, ਡੀ. ਪੀ. ਈ. ਗਗਨਪ੍ਰੀਤ ਸਿੰਘ ਅਤੇ ਕੋਚ ਰਾਜੇਸ਼ ਥਾਪਾ ਨੂੰ ਵਧਾਈ ਦਿੱਤੀ ਅਤੇ ਅੱਗੇ ਸਟੇਟ ਤੇ ਨੈਸ਼ਨਲ ਪੱਧਰ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਖਿੱਦੋਵਾਲੀ ਦੇ ਕਈ ਕੱਟੜ ਅਕਾਲੀ ਪਰਿਵਾਰ 'ਆਪ' 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਪਿੰਡ ਖਿੱਦੋਵਾਲੀ ਵਿਖੇ ਸਾਬਕਾ ਸੰਮਤੀ ਮੈਂਬਰ ਤੇ ਸਰਪੰਚ ਸਿਕੰਦਰ ਸਿੰਘ ਖਿੱਦੋਵਾਲੀ ਦੀ ਅਗਵਾਈ ਹੇਠ ਪਿੰਡ ਦੇ ਕਈ ਅਕਾਲੀ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ ਅਤੇ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤਲਬੀਰ ਗਿੱਲ ਨੇ ਕਿਹਾ ਕਿ ਪਿੰਡਾਂ ਦੇ ਸੂਝਵਾਨ ਲੋਕ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਰਬਸੰਮਤੀ ਨਾਲ ਪੰਚਾਇਤ ਬਣਾਉਣ ਤੇ ਆਪਸੀ ਭਾਈਚਾਰਾ ਕਾਇਮ ਰੱਖਣ।ਸਿਕੰਦਰ ਸਿੰਘ ਨੇ ਤਲਬੀਰ ਸਿੰਘ ਗਿੱਲ ਤੇ ਹੋਰ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਕਿੰਦਰਜੀਤ ਕੌਰ ਸਰਪੰਚ, ਸਰਬਜੀਤ ਕੌਰ, ਸਵਿੰਦਰ ਸਿੰਘ, ਰੰਗਾ ਸਿੰਘ, ਬਲਵਿੰਦਰ ਸਿੰਘ, ਮੈਂਬਰ ਦੇਸਾ ਸਿੰਘ, ਬਿਕਰਮ ਸਿੰਘ ਮਾਨ, ਬਿਕਰਮ ਸਿੰਘ ਬਿੱਕਾ, ਸਵਿੰਦਰ ਸਿੰਘ ਫੌਜੀ, ਗੁਰਮੇਜ ਸਿੰਘ ਗੋਲੂ, ਗੁਰਦੀਪ ਸਿੰਘ, ਹਰਭਜਨ ਸਿੰਘ, ਜੋਗਾ ਸਿੰਘ, ਜੋਗਿੰਦਰ ਸਿੰਘ, ਮੰਗਲ ਸਿੰਘ, ਗੁਰਮੀਤ ਸਿੰਘ ਦੱਧੀ, ਬਾਬਾ ਬਲਕਾਰ ਸਿੰਘ, ਸੀਤਲ ਸਿੰਘ, ਕੁਲਦੀਪ ਸਿੰਘ, ਬੀਬੀ ਅਮਨਦੀਪ ਕੌਰ, ਅਮਰਜੀਤ ਸਿੰਘ, ਦਲਬੀਰ ਸਿੰਘ, ਹਰਭਜਨ ਸਿੰਘ, ਬੀਬੀ ਹਰਜਿੰਦਰ ਕੌਰ ਸਮੇਤ ਹੋਰ ਕਈ ਵਰਕਰ ਸ਼ਾਮਿਲ ਸਨ।

## ਮੈਟਿੰਗ ਕੁਸ਼ਤੀ 'ਚ ਅਦਿੱਤਿਆ ਸ਼ਰਮਾ ਨੇ ਕਾਂਸੀ ਦਾ ਤਮਗਾ ਜਿੱਤਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਖੇਡ ਵਿਭਾਗ ਵੱਲੋਂ ਕਰਵਾਈਆਂ ਗਈਆਂ ਜ਼ਿਲ੍ਹਾ ਪੱਧਰੀ ਖੇਡਾਂ 'ਖੇਡਾਂ ਵਤਨ ਪੰਜਾਬ ਦੀਆਂ 2024-2025' ਵਿੱਚ ਭਾਗ ਲੈ ਕੇ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਉਸਤਾਦਾਂ ਦਾ ਨਾਮ ਰੌਸ਼ਨ ਕੀਤਾ।ਪੰਜਵੀਂ ਜਮਾਤ ਦੇ ਵਿਦਿਆਰਥੀ ਅਦਿੱਤਿਆ ਸ਼ਰਮਾ ਨੇ 52 ਕਿਲੋ, ਅੰਡਰ-14 ਵਰਗ 'ਮੈਟਿੰਗ ਕੁਸ਼ਤੀ' ਵਿੱਚੋਂ 'ਕਾਂਸੀ ਦਾ ਤਮਗਾ' ਹਾਸਲ ਕੀਤਾ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਤੇ ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਖੇਡਾਂ ਵਿੱਚ ਹੋਰ ਮਿਹਨਤ ਕਰਕੇ ਵਧੀਆ ਨਤੀਜੇ ਲਿਆਉਣ ਲਈ ਉਤਸ਼ਾਹਿਤ ਕੀਤਾ।

## ਸੰਗਰੂਰ ਪੈਨਸ਼ਨ ਮੋਰਚੇ 'ਚ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਦਾ ਐਲਾਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਤਰਨਤਾਰਨ ਵਿਖੇ ਐੱਨਪੀਐੱਸ ਮੁਲਾਜ਼ਮਾਂ ਦੇ ਵੱਡੇ ਇਕੱਠ ਨਾਲ ਮਾਰਚ ਕਰਕੇ ਹਲਕਾ ਵਿਧਾਇਕ ਤਰਨਤਾਰਨ ਦੀ ਗੈਰ-ਹਾਜ਼ਰੀ ਵਿੱਚ ਉਸਦੇ ਪੀਏ ਕੋਮਲਪ੍ਰੀਤ ਸਿੰਘ ਨੂੰ 'ਕਾਰਨ ਦੱਸੋ ਨੋਟਿਸ' ਸੌਂਪਿਆ ਗਿਆ।ਇਸ ਮੌਕੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਡੀਟੀਐੱਫ ਤਰਨਤਾਰਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਅਮਰਦੀਪ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ, ਭੁਪਿੰਦਰ ਸਿੰਘ ਵਿੱਤ ਸਕੱਤਰ, ਕੰਵਰਦੀਪ ਸਿੰਘ ਢਿੱਲੋਂ, ਪ੍ਰਿੰਸਦੀਪ ਸਿੰਘ, ਬਰਿੰਦਰ ਸਿੰਘ, ਜਸਕੀਰਤ ਸਿੰਘ, ਅਮਰਿੰਦਰ ਸਿੰਘ, ਬਰਿੰਦਰ ਸਿੰਘ, ਵਰਿੰਦਰ ਸਿੰਘ ਆਦਿ ਆਗੂਆ ਨੇ ਦੱਸਿਆ ਕਿ ਆਪ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਆਪਣੇ ਚੋਣ ਵਾਅਦੇ 'ਤੇ ਅਮਲ ਕਰਨ ਅਤੇ ਕੇਂਦਰੀ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਖਿਲਾਫ਼ ਵਿੱਢੇ ਹਮਲੇ ਅੱਗੇ ਗੋਡੇ ਟੇਕਦਿਆਂ ਸੂਬੇ ਦੇ ਐੱਨ. ਪੀ. ਐੱਸ. ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਨਾਕਾਮ ਸਾਬਤ ਹੋਈ ਹੈ।ਆਪ ਸਰਕਾਰ ਦੀ ਇਸ ਨਾਕਾਮੀ ਦੇ ਰੋਸ ਵਜੋਂ ਪੀਪੀਪੀਐੱਫ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ ਹੈ।ਇਸ ਨੋਟਿਸ ਦਾ ਕੋਈ ਸਪੱਸ਼ਟੀਕਰਨ 30 ਸਤੰਬਰ ਤੱਕ ਜਾਰੀ ਨਾ ਹੋਣ ਦੀ ਸੂਰਤ ਵਿੱਚ 1 ਤੋਂ 3 ਅਕਤੂਬਰ ਤੱਕ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ 'ਪੈਨਸ਼ਨ ਪ੍ਰਾਪਤੀ ਮੋਰਚਾ' ਲਗਾਇਆ ਜਾਵੇਗਾ।

## ਵਿਦਿਆਰਥੀਆਂ ਨੂੰ ਪੌਦਿਆਂ ਦੀ ਸਾਫ-ਸਫ਼ਾਈ ਤੇ ਫਾਇਦਿਆਂ ਬਾਰੇ ਕੀਤਾ ਜਾਗਰੂਕ




**ਗੁਰਦਾਸਪੁਰ, (ਜਨਕ ਮਹਾਜਨ)**-ਯੂਥ ਟੂਰਿਜ਼ਮ ਕਲੱਬ ਵੱਲੋਂ ਸਵੱਛਤਾ ਹੀ ਸੇਵਾ 2024 ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ ਗਿਆ। ਗੁਰਦਾਸਪੁਰ। ਹੋਟਲ ਮੈਨੇਜਮੈਂਟ ਇੰਸਟੀਚਿਊਟ ਗੁਰਦਾਸਪੁਰ ਦੇ ਵਿਦਿਆਰਥੀਆਂ ਦਾ ਯੂਥ ਟੂਰਿਜ਼ਮ ਕਲੱਬ ਵੱਲੋਂ ਸਵੱਛਤਾ ਹੀ ਸੇਵਾ 2024 ਵਿਸ਼ੇ 'ਤੇ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਸਵੱਛਤਾ ਪਖਵਾੜਾ ਵਿੱਚ ਸਫਾਈ ਅਤੇ ਰੱਖ-ਰਖਾਅ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਦੀ ਲੜੀ ਵਿੱਚ ਨਗਰ ਨਿਗਮ ਗੁਰਦਾਸਪੁਰ ਦੀ ਦੇਖਰੇਖ ਹੇਠ ਕੂੜਾ ਪ੍ਰਬੰਧਨ ਬਾਰੇ ਵਿਸ਼ਾ ਮਾਹਿਰਾਂ ਅਤੇ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਲੈਕਚਰ ਦਿੱਤਾ ਗਿਆ। ਪ੍ਰੋਗਰਾਮ ਵਿੱਚ ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਕਿਰਨਪ੍ਰੀਤ ਸਿੰਘ ਪਾਹੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਬੂਟੇ ਵੀ ਲਗਾਏ ਗਏ। ਕੇ. ਪੀ. ਸਿੰਘ ਪਾਹੜਾ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕੀਤਾ ਅਤੇ ਪੌਦਿਆਂ ਦੇ ਫ਼ਾਇਦਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣਾ ਆਲਾ-ਦੁਆਲਾ ਸਾਫ਼ ਰੱਖਾਂਗੇ ਤਾਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਜਦੋਂ ਕਿ ਰੁੱਖ ਅਤੇ ਪੌਦੇ ਸਾਨੂੰ ਸ਼ੁੱਧ ਵਾਤਾਵਰਨ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਦੇ ਨਾਲ ਹੀ ਉਹ ਕੁਦਰਤੀ ਆਫ਼ਤਾਂ ਨੂੰ ਰੋਕਣ ਦਾ ਕੰਮ ਕਰਦੇ ਹਨ। ਇਸ ਮੌਕੇ ਫੈਕਲਟੀ ਕੋਆਰਡੀਨੇਟਰ ਭੁਪਿੰਦਰ ਸਿੰਘ ਨੇ ਪ੍ਰੋਗਰਾਮ ਵਿੱਚ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੇ ਵਿਭਾਗ ਮੁਖੀ ਸੋਹਣ ਲਾਲ, ਸੈਨੇਟਰੀ ਇੰਸਪੈਕਟਰ ਰਿੰਕੂ ਕੁਮਾਰ, ਪ੍ਰੋਗਰਾਮ ਕੋਆਰਡੀਨੇਟਰ ਮਨਦੀਪ ਕੌਰ ਵੀ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਵੱਲੋਂ ਸੈਮੀਨਾਰ ਆਯੋਜਿਤ

**ਬਟਾਲਾ, (ਤਰਲੋਕ ਬੱਗਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਵਿਖੇ ਪ੍ਰਿੰ. ਦਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ 'ਨਸ਼ਾ ਵਿਰੋਧੀ' ਮੁਹਿੰਮ ਤਹਿਤ ਨਸ਼ਿਆਂ ਦੇ ਖਾਤਮੇ ਅਤੇ ਨਸ਼ਾ ਪੀੜਤਾਂ ਲਈ ਕਾਨੂੰਨੀ ਸਹਾਇਤਾ ਸਬੰਧੀ ਸੈਮੀਨਾਰ ਲਗਾਇਆ ਗਿਆ।ਐਡਵੋਕੇਟ ਸੰਦੀਪ ਦੱਤਾ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਵੱਡੀ ਗਿਣਤੀ ਵਿੱਚ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਨਾਲ ਵਿਚਾਰ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਦੇ ਅੰਤਰਗਤ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਨਸ਼ਿਆਂ ਨੂੰ ਜੜ ਤੋਂ ਖ਼ਤਮ ਕਰਨ ਲਈ ਮੁਹਿੰਮ ਚਲਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪੈਨਲ ਵਕੀਲਾਂ, ਪੈਰਾ ਲੀਗਲ ਵਲੰਟੀਅਰ, ਪਿੰਡਾਂ, ਸਕੂਲਾਂ, ਕਾਲਜਾਂ ਤੋਂ ਇਲਾਵਾ ਜਨਤਕ ਥਾਵਾਂ ਤੇ ਵੱਖ-ਵੱਖ ਸੈਮੀਨਾਰ ਲਗਾ ਕੇ ਆਮ ਜਨਤਾ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਾਲਸਾ ਸਕੀਮ ਬਾਰੇ ਵੀ ਜਾਣੂ ਕਰਵਾਇਆ।




# ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਫਤਿਹਾਬਾਦ 'ਚ ਵੱਖ-ਵੱਖ ਸਿਆਸੀ ਧਿਰਾਂ ਦੀ ਇਕੱਤਰਤਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਇਤਿਹਾਸਕ ਕਸਬਾ ਫਤਿਹਾਬਾਦ ਵਿਖੇ ਪੰਚਾਇਤ ਦੀਆਂ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਧਿਰਾਂ ਦੀ ਇਕ ਇਕੱਤਰਤਾ ਗੁਰਦੁਆਰਾ ਗੁਰੂ ਨਾਨਕ ਪੜਾਓ ਸਾਹਿਬ ਦੇ ਦੀਵਾਨ ਹਾਲ ਵਿਖੇ ਹੋਈ ਜਿਸ ਵਿਚ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂ ਹਾਜ਼ਰ ਹੋਏ।ਇਸ ਮੌਕੇ ਭੁਪਿੰਦਰ ਸਿੰਘ ਬਿੱਟੂ, ਭੁਪਿੰਦਰ ਸਿੰਘ ਭਿੰਦਾ, ਮਹਿੰਦਰ ਸਿੰਘ ਕੰਬੋਜ, ਜੰਗਲੀ ਮਹਾਸ਼ਾ, ਗੁਰਸ਼ਰਨ ਸਿੰਘ ਪਵਾਰ ਨੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਕਰੀਬ ਦੋ ਘੰਟੇ ਚੱਲੀ ਇਸ ਇਕੱਤਰਤਾ ਵਿਚ ਵੱਖ-ਵੱਖ ਮੁੱਦਿਆਂ ਤੇ ਗੱਲਬਾਤ ਹੋਈ।ਇਸ ਮੀਟਿੰਗ ਦੇ ਅਖੀਰ ਵਿਚ ਕੱਲ 29 ਸਤੰਬਰ ਨੂੰ ਸਵੇਰੇ 8 ਵਜੇ ਇਕ ਵਾਰ ਫਿਰ ਇਕੱਤਰ ਹੋ ਕੇ ਕਿਸੇ ਨਿਰਣੇ 'ਤੇ ਪਹੁੰਚਣ ਦੀ ਗੱਲ ਹੋਈ।ਹਾਲਾਤ ਤੋਂ ਇੰਜ ਲੱਗਦੈ ਜਿਵੇਂ ਕਸਬਾ ਫਤਿਹਾਬਾਦ ਦੇ ਸਾਰੀਆਂ ਪਾਰਟੀਆਂ ਦੇ ਆਗੂ ਸ਼ਾਇਦ ਸਰਬਸੰਮਤੀ ਵੱਲ ਵਧ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਮੱਖਣ ਸਿੰਘ, ਮਹਿੰਦਰ ਸਿੰਘ ਕੰਬੋਜ, ਜਗਵਿੰਦਰ ਸਿੰਘ, ਪ੍ਰਦੀਪ ਕਮਾਰ ਚੋਪੜਾ, ਗੁਰਸ਼ਰਨ ਸਿੰਘ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਭੁਪਿੰਦਰ ਸਿੰਘ ਭਿੰਦਾ ਸਾਬਕਾ ਸਰਪੰਚ, ਗੁਰਦੇਵ ਸਿੰਘ ਪਵਾਰ, ਕੁਲਜੀਤ ਸਿੰਘ ਥਿੰਦ, ਸੁਖਪਾਲ ਸਿੰਘ, ਰਤਨ ਸਿੰਘ ਪ੍ਰਧਾਨ ਲੋਕਲ ਗੁਰਦੁਆਰਾ ਕਮੇਟੀ, ਤੇਜਿੰਦਰ ਸਿੰਘ ਪ੍ਰਿੰਸ, ਗੁਰਭੇਜ ਸਿੰਘ ਭੇਜੀ, ਜਸਕਰਨ ਸਿੰਘ ਆੜ੍ਹਤੀ, ਅਰਸ਼ਦੀਪ ਸਿੰਘ, ਬਲਦੇਵ ਸਿੰਘ ਸ਼ੈਲਰ ਵਾਲੇ, ਕਸ਼ਮੀਰ ਸਿੰਘ ਸਹੋਤਾ, ਸੁਖਦੇਵ ਸਿੰਘ ਠੇਕੇਦਾਰ, ਆਸ਼ੂ ਚੋਪੜਾ, ਅਮਰਜੀਤ ਸਿੰਘ, ਸੰਤੋਖ ਸਿੰਘ ਫੋਰੂਮਾਨ, ਰਵਿੰਦਰ ਕੌਰ ਰਾਣੀ, ਡਾ. ਜਸਬੀਰ ਸਿੰਘ, ਜਗਤਾਰ ਸਿੰਘ ਜਾਗੀ, ਹਰੀਸ਼ ਗੁੱਜਰ, ਸੰਦੀਪ ਸਿੰਘ ਆਦਿ ਹਾਜ਼ਰ ਸਨ।

## ਚੌਥੀ ਸ਼ਬਦ ਚੌਂਕੀ ਯਾਤਰਾ ਗਵਾਲੀਅਰ ਲਈ ਰਵਾਨਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਅਗਵਾਈ ਵਿੱਚ ਮਿਤੀ 27 ਸਤੰਬਰ ਨੂੰ ਦਾਤਾ ਬੰਦੀ ਛੋੜ ਦਿਵਸ ਨੂੰ ਸਮਰਪਿਤ ਬਾਬਾ ਬੁੱਢਾ ਜੀ ਵੱਲੋਂ ਸ਼ੁਰੂ ਕੀਤੀ ਗਈ ਸ਼ਬਦ ਚੌਂਕੀ ਯਾਤਰਾ ਦੀ ਰੀਤ ਨੂੰ ਅੱਗੇ ਤੋਰਦਿਆਂ ਚੌਥੀ ਸ਼ਬਦ ਚੌਂਕੀ ਯਾਤਰਾ ਦੀ ਰਵਾਨਗੀ ਕੀਤੀ ਗਈ।ਯਾਤਰਾ ਦੀ ਸ਼ੁਰੂਆਤ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਅਰਦਾਸ ਕਰਨ ਉਪਰੰਤ ਹੋਈ।ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੇ ਦੱਸਿਆ ਕਿ ਯਾਤਰਾ 29 ਸਤੰਬਰ ਨੂੰ ਗਵਾਲੀਅਰ ਵਿਖੇ ਪੁੱਜ ਕੇ ਸੰਪੂਰਨ ਹੋਵੇਗੀ ਅਤੇ ਰਸਤੇ ਵਿੱਚ ਯਾਤਰਾ ਦੇ ਵੱਖ-ਵੱਖ ਥਾਵਾਂ 'ਤੇ ਪੜਾਅ ਹੋਣਗੇ। ਉਨ੍ਹਾਂ ਨੇ ਸ਼ਬਦ ਚੌਂਕੀ ਦੇ ਇਤਿਹਾਸ ਬਾਰੇ ਸੰਗਤ ਨੂੰ ਜਾਣੂ ਕਰਵਾਉਂਦੇ ਦੱਸਿਆ ਕਿ ਪਹਿਲੀ ਚੌਂਕੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹਾ ਗਵਾਲੀਅਰ ਵਿਖੇ ਨਜ਼ਰਬੰਦ ਹੋਣ ਤੇ ਸਤਿਗੁਰਾਂ ਦੀ ਯਾਦ ਵਿੱਚ ਬਾਬਾ ਬੁੱਢਾ ਜੀ ਨੇ ਆਰੰਭ ਕੀਤੀ ਸੀ।ਇਹ ਪ੍ਰੰਪਰਾ ਗੁਰੂ ਦੇ ਸਨਮੁੱਖ ਸਮਰਪਿਤ ਮੁੜ ਗੁਰੂ ਸਾਹਿਬਾਨ ਅਤੇ ਮਹਾਨ ਗੁਰਸਿੱਖਾਂ ਦੇ ਨਗਰ ਕੀਰਤਨਾਂ ਸਮੇਂ ਪ੍ਰਚੱਲਿਤ ਹੋ ਗਈ ਅਤੇ ਸਹਿਜੇ-ਸਹਿਜੇ ਇਹ ਪ੍ਰੰਪਰਾ ਰੋਜ਼ਾਨਾ ਮਰਯਾਦਾ 'ਚ ਸ਼ਾਮਲ ਹੋ ਗਈ।ਇਸ ਯਾਤਰਾ ਵਿੱਚ ਸ਼ਬਦੀ ਜਥਿਆਂ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ।ਇਸ ਮੌਕੇ ਤੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਮਲਕੀਤ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਸੇਵਾ ਸਿੰਘ, ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਖਡੂਰ ਸਾਹਿਬ ਅਤੇ ਸਮੂਹ ਸੰਗਤਾਂ ਹਾਜ਼ਰ ਸਨ।

## ਜਮਾਤ ਅਹਿਮਦੀਆ ਵੱਲੋਂ ਸਾਲਾਨਾ ਇਜਤਮਾ ਦਾ ਸ਼ੁੱਭ ਆਰੰਭ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੁਸਲਿਮ ਜਮਾਤ ਅਹਿਮਦੀਆ ਦੀ ਤਨਜ਼ੀਮ ਮਜਲਿਸ ਖੁੱਦਾਮ ਉਲ ਅਹਿਮਦੀਆ ਅਤੇ ਮਜਲਿਸ ਇਤਫਾਲ ਉਲ ਅਹਿਮਦੀਆ ਕਾਦੀਆਂ ਦਾ ਸਾਲਾਨਾ ਇਜਤਮਾ ਦਾ ਸ਼ੁਭ ਆਰੰਭ ਦੁਆ ਤੋ ਬਾਦ ਝੰਡਾ ਲਹਿਰਾ ਕੇ ਕੀਤਾ ਗਿਆ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਮਜਲਿਸ ਖੁੱਦਾਮ ਉਲ ਅਹਿਮਦੀਆ ਭਾਰਤ (ਯੂਥ ਵਿੰਗ) ਦੇ ਪ੍ਰਧਾਨ ਸ਼ਮੀਮ ਅਹਿਮਦ ਗੋਰੀ ਨੇ ਕੀਤੀ।ਇਸ ਤੋਂ ਬਾਅਦ ਰਾਸ਼ਟਰੀ ਗੀਤ ਨਾਲ ਖੇਡਾਂ ਦਾ ਉਦਘਾਟਨ ਵੀ ਕੀਤਾ ਗਿਆ। ਜ਼ਿਕਰਯੋਗ ਗੱਲ ਇਹ ਹੈ ਕਿ ਇਸ ਇਜਤਮਾ ਵਿੱਚ ਕਈ ਮੁਕਾਬਲੇ ਕਰਵਾਏ ਜਾਣਗੇ ਜਿਸ ਵਿੱਚ ਖੇਡਾਂ ਦੇ ਮੁਕਾਬਲੇ ਅਤੇ ਧਾਰਮਿਕ ਸਿੱਖਿਆ ਦੇ ਮੁਕਾਬਲੇ ਸ਼ਾਮਿਲ ਹਨ।ਇਸ ਮੌਕੇ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਨੌਜਵਾਨਾਂ ਅਤੇ ਬੱਚੀਆਂ ਨੂੰ ਇਨਾਮ ਵੀ ਵੰਡੇ ਜਾਣਗੇ।ਇਸ ਮੌਕੇ ਹਾਫਿਜ਼ ਮਖਦੂਮ ਸ਼ਰੀਫ, ਅੱਥਰ ਸ਼ਮੀਮ, ਸ਼ਰਜੀਲ ਅਹਿਮਦ, ਐੱਸ. ਐੱਮ. ਬਸ਼ੀਰੁਦੀਨ, ਨਵੀਦ ਫਜ਼ਲ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਮਨਾਉਣ ਸਬੰਧੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਅਰੰਭ ਕੀਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਅੱਜ ਭੋਗ ਪਾਏ ਗਏ।ਉਪਰੰਤ ਬਾਬਾ ਗੁਰਦੇਵ ਸਿੰਘ ਗੁੰਬੀ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਵੱਲੋਂ ਨਿਰਵਿਘਨ ਗੁਰਮਤਿ ਸਮਾਗਮ ਮਨਾਉਣ ਨੂੰ ਲੈ ਕੇ ਗੁਰੂ ਦਾ ਓਟ ਆਸਰਾ ਲੈਣ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਭਾਈ ਹਰਜਿੰਦਰ ਸਿੰਘ , ਭਾਈ ਜਸਵਿੰਦਰ ਸਿੰਘ ਧਾਰੋਵਾਲੀ ਅਤੇ ਭਾਈ ਗੁਰਮੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਉਪਰੰਤ ਹੁਣ ਦਿਵਾਨ ਹਾਲ ਵਿਖੇ ਧਾਰਮਿਕ ਦਿਵਾਨ ਸਜਾਏ ਗਏ ਜਿਸ ਵਿੱਚ ਸਿੱਖ ਪੰਥ ਦੇ ਮਹਾਨ ਰਾਗੀ, ਢਾਡੀ ਅਤੇ ਕੀਰਤਨੀਏ ਜਥਿਆਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਕਾਰ ਸੇਵਾ ਸੇਵਾ ਦੇ ਪੁੰਜ ਪਦਮ ਸ੍ਰੀ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਸ੍ਰੀ ਖਡੂਰ ਸਾਹਿਬ ਵਾਲੇ ,ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ,ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ,ਭਾਈ ਆਗਿਆਕਾਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸਿੱਖ ਪੰਥ ਦੇ ਆਗੂਆਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਕੇ ਸੰਗਤਾਂ ਨਾਲ ਗੁਰਮਤਿ ਦੀ ਸਾਂਝ ਪਾਈ।ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਵੱਲੋਂ ਸਾਡੇ ਵੱਲੋਂ ਪਾਕਿਸਤਾਨ ਸਰਕਾਰ ਨਾਲ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਰੱਖੀ ਸ਼ਰਤ ਪਾਸਪੋਰਟ ਤੇ 20 ਡਾਲਰ ਮਾਫ ਕਰਨ ਦੀ ਮੰਗ ਕੀਤੀ ਗਈ ਹੈ, ਉਨ੍ਹਾਂ ਕਿਹਾ ਕਿ ਸਾਨੂੰ ਆਸ ਹੈ ਕਿ ਸਾਡੀ ਇਸ ਮੰਗ ਨੂੰ ਪਾਕਿਸਤਾਨ ਸਰਕਾਰ ਜਲਦੀ ਪੂਰਾ ਕਰੇਗੀ।ਉਨ੍ਹਾਂ ਉਚੇਚੇ ਤੌਰ ਤੇ ਕਾਰ ਸੇਵਾ ਵਾਲੇ ਮਹਾ ਪੁਰਖ ਸੇਵਾ ਦੇ ਪੁੰਜ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਹਰਜਿੰਦਰ ਸਿੰਘ ਧਾਮੀ ਵੱਲੋਂ ਗੁਬੰਦ ਤੇ ਸੋਨਾ ਲਗਾਉਣ ਦੀ ਕਾਰ ਸੇਵਾ ਕੀਤੀ ਗਈ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਸਮੇਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਉੱਤੇ ਜਾ ਕੇ ਖੁੱਲੇ ਦਰਸ਼ਨ ਦੀਦਾਰੇ ਕਰਨ ਲਈ ਅਰਦਾਸ ਕੀਤੀ ਗਈ।ਇਸ ਮੌਕੇ ਐੱਸਜੀਪੀਸੀ ਦੇ ਜਨਰਲ ਸਕੱਤਰ ਜਥੇਦਾਰ ਰਜਿੰਦਰ ਸਿੰਘ ਮਹਿਤਾ, ਭਾਈ ਸੁਖਵਿੰਦਰ ਸਿੰਘ ਅਗਵਾਨ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਜਸਬੀਰ ਕੌਰ ਜਫਰਵਾਲ, ਮੈਂਬਰ ਬੀਬੀ ਜੋਗਿੰਦਰ ਕੌਰ, ਮੈਂਬਰ ਅਮਰੀਕ ਸਿੰਘ ਸ਼ਾਹਪੁਰ ਗੋਰਾਇਆਂ, ਬਾਬਾ ਸਾਹਿਬ ਸਿੰਘ ਕਾਰ ਸੇਵਾ ਵਾਲੇ, ਸਕੱਤਰ ਸਤਬੀਰ ਸਿੰਘ, ਮੈਨੇਜਰ ਸਤਨਾਮ ਸਿੰਘ ਗੋਸਲ਼, ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਰਮਨਦੀਪ ਸਿੰਘ ਸੰਧੂ, ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਮੈਨੇਜਰ ਸਰਬਜੀਤ ਸਿੰਘ, ਬਾਬਾ ਅਵਤਾਰ ਸਿੰਘ ਬੇਦੀ, ਬਾਬਾ ਰਜਿੰਦਰ ਸਿੰਘ ਬੇਦੀ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਕੁਲਵਿੰਦਰ ਸਿੰਘ ਬੇਦੀ, ਰਜਿੰਦਰ ਸਿੰਘ ਵੇਰੋਕੇ, ਕੁਲਜੀਤ ਸਿੰਘ ਮਝੈਲ, ਪ੍ਰਚਾਰਕ ਜਗਦੀਪ ਸਿੰਘ, ਪ੍ਰਚਾਰਕ ਹਿੰਮਤਬੀਰ ਸਿੰਘ, ਗੁਰਪ੍ਰੀਤ ਸਿੰਘ ਬਾਦਲ, ਸਤਨਾਮ ਸਿੰਘ ਠੇਠਰਕੇ, ਚਰਨਜੀਤ ਸਿੰਘ ਬੇਦੀ, ਕਰਨੈਲ ਸਿੰਘ ਦਾਉਦੀਆਂ, ਮਨਜੀਤ ਸਿੰਘ, ਸੁਖਵਿੰਦਰ ਸਿੰਘ , ਪ੍ਰਗਟ ਸਿੰਘ, ਹਰਵੰਤ ਸਿੰਘ, ਅੰਮ੍ਰਿਤਪਾਲ ਸਿੰਘ, ਜਗਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਾਬਾ ਬਲਵੰਤ ਸਿੰਘ, ਬਾਬਾ ਰਣਧੀਰ ਸਿੰਘ, ਬਾਬਾ ਨਛੱਤਰ ਸਿੰਘ, ਬਾਬਾ ਜਗਵਿੰਦਰ ਸਿੰਘ, ਹਰਜੀਤ ਸਿੰਘ ਬੇਦੀ, ਰਣਜੀਤ ਸਿੰਘ ਕਲਾਨੌਰ, ਕੈਪਟਨ ਬਲਵਿੰਦਰ ਸਿੰਘ ਉਦੋਵਾਲੀ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ?\

# ਪੰਚਾਇਤੀ ਚੋਣਾਂ ਲਈ ਨਾਮਜ਼ਦਗੀਆਂ ਬਲਾਕ ਪੱਧਰ 'ਤੇ ਬਣਾਏ ਵਿਸ਼ੇਸ਼ ਕੇਂਦਰਾਂ 'ਚ ਜਮ੍ਹਾ ਕਰਵਾਈਆਂ ਜਾਣ : ਡੀ ਸੀ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਡਿਪਟੀ ਕਮਿਸ਼ਨਰ ਮੈਡਮ ਸ਼ਾਕਸ਼ੀ ਸਾਹਨੀ ਨੇ ਆ ਰਹੀਆਂ ਪੰਚਾਇਤ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਦੱਸਿਆ ਕਿ ਉਮੀਦਵਾਰਾਂ ਦੀ ਸਹੂਲਤ ਲਈ ਅਸੀਂ ਬਲਾਕ ਪੱਧਰ ਤੇ ਵਿਸ਼ੇਸ਼ ਕੇਂਦਰ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਬਣਾਏ ਹਨ ਜਿਥੇ ਰੋਜ਼ਾਨਾ ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਏ ਜਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਅਜਨਾਲਾ ਬਲਾਕ ਦੇ ਨਾਮਜ਼ਦਗੀ ਪੱਤਰ ਸਰਕਾਰੀ ਆਈਟੀਆਈ ਅਜਨਾਲਾ ਵਿਖੇ ਦਾਖਲ ਕਰਵਾਏ ਜਾਣਗੇ, ਜਦਕਿ ਬਲਾਕ ਰਮਦਾਸ ਦੇ ਦਫਤਰ ਸਬ ਤਹਿਸੀਲ ਰਮਦਾਸ ਵਿਖੇ, ਜੰਡਿਆਲਾ ਗੁਰੂ ਬਲਾਕ ਦੇ ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਜੰਡਿਆਲਾ ਗੁਰੂ ਵਿਖੇ, ਬਲਾਕ ਵੇਰਕਾ ਦੇ ਆਈਟੀਆਈ, ਰਣਜੀਤ ਐਵੀਨਿਊ ਬਲਾਕ-ਏ ਅੰਮ੍ਰਿਤਸਰ ਵਿਖੇ, ਬਲਾਕ ਅਟਾਰੀ ਦੇ ਆਈਟੀਆਈ, ਰਣਜੀਤ ਐਵੀਨਿਊ ਬਲਾਕ-ਬੀ ਅੰਮ੍ਰਿਤਸਰ ਵਿਖੇ, ਬਲਾਕ ਮਜੀਠਾ ਦੇ ਦਫਤਰ ਉਪ ਮੰਡਲ ਮੈਜਿਸਟਰੇਟ ਮਜੀਠਾ ਵਿਖੇ, ਬਲਾਕ ਹਰਸ਼ਾਛੀਨਾ ਦੇ ਦਫਤਰ ਡਿਪਟੀ ਡਾਇਰੈਕਟਰ, ਮੱਛੀ ਪਾਲਣ ਰਾਜਾਸਾਂਸੀ ਵਿਖੇ, ਬਲਾਕ ਚੋਗਾਵਾਂ ਦੇ ਦਫਤਰ ਡਿਪਟੀ ਡਾਇਰੈਕਟਰ, ਮੱਛੀ ਪਾਲਣ ਰਾਜਾਸਾਂਸੀ ਵਿਖੇ, ਬਲਾਕ ਰਈਆ ਦੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਵਿਖੇ ਅਤੇ ਬਲਾਕ ਤਰਸਿੱਕਾ ਦੇ ਨਾਮਜਦਗੀ ਪੱਤਰ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਕਾਲਜ, ਗੁਰੂ ਕੀ ਬੇਰ ਵਿਖੇ ਦਾਖਲ ਕਰਵਾਏ ਜਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਗਜ਼ਟਿਡ ਛੁੱਟੀਆਂ ਅਤੇ ਪਬਲਿਕ ਹੋਲੀਡੇ ਭਾਵ ਸ਼ਨਿਚਰ-ਐਤਵਾਰ ਨੂੰ ਕਾਗਜ਼ ਦਾਖਲ ਨਹੀਂ ਕਰਵਾਏ ਜਾ ਸਕਦੇ।ਉਨ੍ਹਾਂ ਕਿਹਾ ਕਿ ਇਸ ਲਈ 27 ਸਤੰਬਰ, 30 ਸਤੰਬਰ, 1 ਅਕਤੂਬਰ ਅਤੇ 4 ਅਕਤੂਬਰ ਦਾ ਦਿਨ ਹੀ ਨਾਮਜ਼ਦਗੀ ਦਾਖਲ ਹੋਣਗੇ।ਸਾਰੇ ਉਮੀਦਵਾਰ ਇਨ੍ਹਾਂ ਦਿਨਾਂ ਨੂੰ ਧਿਆਨ ਵਿੱਚ ਰਖਦੇ ਹੋਏ ਆਪਣੇ ਕਾਗਜ਼ ਦਾਖਲ ਕਰਵਾਉਣ।

## ਐੱਸ ਸੀ, ਐੱਸ ਟੀ, ਬੀ ਸੀ ਸ਼੍ਰੇਣੀ ਦੀ ਭਲਾਈ ਬਾਰੇ ਕਮੇਟੀ ਨੇ 'ਵਰਸਿਟੀ ਸਟਾਫ਼ ਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸੁਣੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਬਾਰੇ ਕਮੇਟੀ ਨੇ ਬਾਅਦ ਦੁਪਹਿਰ ਪੰਜਾਬੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਅਧਿਕਾਰੀਆਂ, ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਤ ਅਮਲੇ ਦੇ ਮੈਂਬਰਾਂ ਤੇ ਵਿਦਿਆਰਥੀਆਂ ਨਾਲ਼ ਵਿਚਾਰ-ਵਟਾਂਦਰਾ ਕੀਤਾ।ਮੀਟਿੰਗ ਦੌਰਾਨ ਕਮੇਟੀ ਵੱਲੋਂ ਵੱਖ-ਵੱਖ ਕਰਮਚਾਰੀਆਂ, ਅਧਿਕਾਰੀਆਂ ਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਹਰੇਕ ਸਮੱਸਿਆ ਬਾਰੇ ਕਮੇਟੀ ਕੋਲ਼ ਲਿਖਤੀ ਤੌਰ 'ਤੇ ਵੇਰਵੇ ਭੇਜਣ ਲਈ ਕਿਹਾ ਤਾਂ ਕਿ ਹਰੇਕ ਕੇਸ ਦੀ ਵਿਸਥਾਰ-ਪੂਰਵਕ ਸਮੀਖਿਆ ਉਪਰੰਤ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਸਕੇ।ਕਮੇਟੀ ਨੇ ਭਰੋਸਾ ਦਿਵਾਇਆ ਕਿ ਹਰੇਕ ਮੁਲਾਜ਼ਮ ਤੇ ਵਿਦਿਆਰਥੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।ਕਮੇਟੀ ਮੈਂਬਰਾਂ ਨੇ ਇਸ ਗੱਲਬਾਤ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਕਿਸੇ ਵੀ ਤਰੱਕੀ ਤੇ ਭਰਤੀ ਸਮੇਂ ਸੰਬੰਧਤ ਵਰਗ ਦੇ ਕਿਸੇ ਵੀ ਵਿਅਕਤੀ ਨਾਲ਼ ਕੋਈ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ।ਜ਼ਿਕਰਯੋਗ ਹੈ ਕਿ ਇਸ ਕਮੇਟੀ ਦੇ ਸਭਾਪਤੀ ਡਾ. ਰਵਜੋਤ ਸਿੰਘ ਹਨ ਤੇ ਇਸ ਵਿੱਚ ਸ਼ਾਮਲ ਮੈਂਬਰਾਂ ਵਿੱਚ ਅਮਿਤ ਰਤਨ ਕੋਟਫੱਤਾ, ਡਾ. ਚਰਨਜੀਤ ਸਿੰਘ, ਦਲਬੀਰ ਸਿੰਘ ਟੌਂਗ, ਗੁਰਦੇਵ ਸਿੰਘ ਦੇਵ ਮਾਨ, ਜਗਸੀਰ ਸਿੰਘ, ਜਸਬੀਰ ਸਿੰਘ ਸੰਧੂ, ਲਾਭ ਸਿੰਘ ਉੱਗੋਕੇ, ਮਹਿੰਦਰ ਭਗਤ, ਡਾ. ਨਛੱਤਰ ਪਾਲ, ਰਜਨੀਸ਼ ਕੁਮਾਰ ਦਹੀਆ, ਸੁਖਵਿੰਦਰ ਸਿੰਘ ਕੋਟਲੀ ਤੇ ਵਿਕਰਮਜੀਤ ਸਿੰਘ ਚੌਧਰੀ ਸ਼ਾਮਲ ਹਨ।ਮੀਟਿੰਗ ਦੌਰਾਨ ਯੂਨੀਵਰਸਿਟੀ ਤੋਂ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ. ਸੰਜੀਵ ਪੁਰੀ, ਡੀਨ ਵਿਦਿਆਰਥੀ ਭਲਾਈ ਪ੍ਰੋ. ਮੋਨਿਕਾ ਚਾਵਲਾ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਭੋਲਾ ਬਰਾੜ ਦੀ ਹਾਜ਼ਰੀ 'ਚ 'ਆਪ' ਦੇ ਕਈ ਪਰਵਾਰ ਕਾਂਗਰਸ 'ਚ ਸ਼ਾਮਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਮੋਗਾ ਦੇ ਸਬ ਡਵੀਜ਼ਨ ਬਾਘਾ ਪੁਰਾਣਾ ਦੇ ਪਿੰਡ ਘੋਲੀਆ ਕਲਾਂ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਗਹਿਰਾ ਝਟਕਾ ਲੱਗਾ, ਜਦੋਂ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਭੋਲਾ ਸਿੰਘ ਬਰਾੜ ਸਮਾਧ ਭਾਈ ਦੀ ਅਗਵਾਈ ਵਿੱਚ ਭਜਨ ਸਿੰਘ ਗਿਰ ਆਪਣੇ ਸਾਥੀ ਸੱਜਣ ਕੁਲਵਿੰਦਰ ਸਿੰਘ ਫੌਜੀ, ਇੰਦਰਜੀਤ ਸਿੰਘ ਸੁਸਾਇਟੀ ਮੈਂਬਰ, ਮਨਜੀਤ ਸਿੰਘ ਬਬਲੂ ਸਮੇਤ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।ਭੋਲਾ ਸਿੰਘ ਬਰਾੜ ਨੇ ਆਪ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ।ਉਨ੍ਹਾਂ ਕਿਹਾ ਕਿ ਕਾਂਗਰਸ ਹਰ ਵਰਕਰ ਦਾ ਮਾਨ ਸਨਮਾਨ ਕਰਦੀ ਹੈ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਵਰਕਰਾਂ ਨੂੰ ਪੂਰਾ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।ਇਸ ਮੌਕੇ ਜੋਧਾ ਸਿੰਘ ਬਰਾੜ, ਗੁਰਜੰਟ ਸਿੰਘ ਧਾਲੀਵਾਲ ਬਾਘਾ ਪੁਰਾਣਾ, ਜਗਦੀਸ਼ ਸਿੰਘ ਦੀਸ਼ਾ ਪੁਰੀ, ਸਾਬਕਾ ਪੰਚ ਕੁਲਵੰਤ ਸਿੰਘ, ਗੁਰਮੀਤ ਸਿੰਘ ਨੰਬਰਦਾਰ, ਬਲਜਿੰਦਰ ਸਿੰਘ, ਪ੍ਰੀਤਮ ਸਿੰਘ, ਹਰਬੰਸ ਸਿੰਘ, ਜਤਿੰਦਰ ਸਿੰਘ ਸੂਬਾ, ਜਗਸੀਰ ਸਿੰਘ, ਕੰਵਲਜੀਤ ਸਿੰਘ, ਕੇਵਲ ਸਿੰਘ, ਜਗਤਾਰ ਸਿੰਘ ਤੇ ਹੋਰ ਹਾਜ਼ਰ ਸਨ।

## ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਹਾਨ ਨਾਇਕ ਸ਼ਹੀਦੇ-ਏ-ਆਜ਼ਮ ਸ੍. ਭਗਤ ਸਿੰਘ ਦਾ 117ਵਾਂ ਜਨਮ ਦਿਨ ਸ਼ਹੀਦ ਭਗਤ ਸਿੰਘ ਕਲੋਨੀ ਮਾਛੀਵਾੜਾ ਸਾਹਿਬ ਵਿਖੇ ਮਨਾਇਆ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਦੇ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ 1907 ਈ. ਵਿੱਚ ਅਣਵੰਡੇ ਭਾਰਤ ਦੇ ਸੂਬੇ ਪੰਜਾਬ ਵਿੱਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਦੇ ਪਿੰਡ ਬੰਗਾ (ਚੱਕ ਨੰ: 105) ਵਿਖੇ ਮਾਤਾ ਵਿਦਿਆਵਤੀ ਦੇ ਪੇਟੋਂ, ਪਿਤਾ ਕਿਸ਼ਨ ਸਿੰਘ ਦੇ ਘਰ, ਦਾਦਾ ਅਰਜਨ ਸਿੰਘ ਦੇ ਖੇੜੇ ਹੋਇਆ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਸੱਤ ਭੈਣਾਂ ਭਰਾਵਾਂ ਵਿੱਚੋਂ ਦੂਜੇ ਨੰਬਰ 'ਤੇ ਸੀ, ਉਨ੍ਹਾਂ ਦਾ ਪਿਛਲਾ ਜੱਦੀ ਪਿੰਡ ਖਟਕੜ ਕਲਾਂ, ਤਹਿਸੀਲ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਜੋ ਕਿ ਅੱਜਕੱਲ੍ਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਾਮ 'ਤੇ ਹੈ।ਕਾਮਰੇਡ ਜਗਦੀਸ਼ ਰਾਏ ਬੌਬੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਚਾਹੁੰਦਾ ਸੀ ਬਰਾਬਰ ਦਾ ਸਮਾਜ ਹੋਵੇ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇ ਤੇ ਹਰੇਕ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦਿੱਤਾ ਜਾਵੇ। ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਨਰਿੰਦਰਪਾਲ ਨਿੰਦੀ ਤੇ ਆਪ ਦੇ ਸੀਨੀਅਰ ਆਗੂ ਜਸਵੀਰ ਸਿੰਘ ਗਿੱਲ, ਬਲਵਿੰਦਰ ਸਿੰਘ ਮਾਨ (ਬਿੰਦਰ) ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਜੋ ਵੀ ਸ਼ਹੀਦ ਭਗਤ ਸਿੰਘ ਕਲੋਨੀ ਵਾਸੀਆਂ ਨੇ ਆ ਰਹੀਆਂ ਸਮੱਸਿਆਵਾਂ ਬਾਰੇ ਦੱਸਿਆ ਹੈ, ਉਨ੍ਹਾਂ ਨੂੰ ਹਲਕਾ ਸਮਰਾਲਾ ਦੇ ਐੱਮ ਐੱਲ ਏ ਜਗਤਾਰ ਸਿੰਘ ਦਿਆਲਪੁਰਾ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ।ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਲੱਡੂ ਵੰਡ ਕੇ ਮਨਾਇਆ ਗਿਆ।ਇਸ ਮੌਕੇ ਚੰਦ, ਤਰਸੇਮ, ਅਮਰਜੀਤ (ਵਿੱਕੀ), ਗੋਲਡੀ, ਕਾਲਾ, ਰਾਜ ਕੁਮਾਰ, ਸਤਨਾਮ ਸਿੰਘ, ਸੈਂਟੀ, ਜਗਰੂਪ ਸਿੱਧੂ, ਧਰਮ ਪਾਲ ਸਿੱਧੂ, ਯੁਵਰਾਜ ਸਿੰਘ, ਭੁਪਿੰਦਰ ਸਿੰਘ, ਲਵਪ੍ਰੀਤ ਸਿੰਘ, ਗੁਰਸੇਵਕ, ਰੁੱਧਰ, ਸਈਅਮ, ਹਰਸ਼ਪ੍ਰੀਤ ਸਿੰਘ, ਰਾਹੁਲ, ਨਿਸ਼ਾਂਤ, ਬਲਜਿੰਦਰ ਕੌਰ, ਸ਼ਿੰਦੋ, ਗੁਰਮੀਤ ਕੌਰ, ਸੁਨੀਤਾ ਰਾਣੀ, ਬਲਵਿੰਦਰ ਕੌਰ, ਰਾਣੀ, ਰਾਜਵਿੰਦਰ ਕੌਰ, ਸੰਧਿਆ ਦੇਵੀ ਤੇ ਹੋਰ ਸ਼ਾਮਲ ਸਨ।

## ਸੜਕ ਹਾਦਸੇ 'ਚ ਜ਼ਖ਼ਮੀ ਨੌਜਵਾਨ ਦੀ ਇਲਾਜ ਦੌਰਾਨ ਮੌਤ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫ਼ਿਰੋਜ਼ਪੁਰ ਦੀ ਪੁਲਸ ਨੇ ਬੀਤੇ ਦਿਨ ਜੀਆਰਪੀ ਥਾਣਾ ਬਰਟ ਰੋਡ ਨੇੜੇ ਮੋਟਰਸਾਈਕਲ ਦੀ ਟੱਕਰ ਵਿੱਚ ਜ਼ਖ਼ਮੀ ਹੋਏ ਨੌਜਵਾਨ ਦੀ ਹਸਪਤਾਲ ਵਿੱਚ ਮੌਤ ਹੋਣ ਉਪਰੰਤ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਮੋਟਰਸਾਈਕਲ ਸਵਾਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।ਜਾਣਕਾਰੀ ਦਿੰਦਿਆਂ ਥਾਣਾ ਸਦਰ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਉੱਤਮ ਸਿੰਘ ਪੁੱਤਰ ਮਾਨ ਸਿੰਘ ਵਾਸੀ ਗੋਬਿੰਦ ਨਗਰੀ ਫ਼ਿਰੋਜ਼ਪੁਰ ਹਾਲ ਬਾਬਾ ਐਨਕਲੇਵ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਤੇ ਉਸ ਦਾ ਲੜਕਾ ਅਜੀਤਪਾਲ ਸਿੰਘ ਬੀਤੇ ਦਿਨ ਬਰਟ ਰੋਡ 'ਤੇ ਪੈਦਲ ਜਾ ਰਹੇ ਸਨ ਕਿ ਜਦੋਂ ਉਹ ਜੀ.ਆਰ.ਪੀ. ਥਾਣਾ ਨੇੜੇ ਸਨ ਤਾਂ ਮੁਲਜ਼ਮ ਮਨਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ, ਗੁਰਦੇਵ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਡੂੰਮਣੀ ਅਤੇ ਇੱਕ ਅਣਪਛਾਤੇ ਵਿਅਕਤੀ ਨੇ ਪਲੱਸ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਜੀਤਪਾਲ ਸਿੰਘ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ ਤੇ ਜਦੋਂ ਉਸ ਨੂੰ ਇਲਾਜ ਲਈ ਬਾਗੀ ਹਸਪਤਾਲ ਦਾਖਲ ਕਰਵਾਇਆ ਗਿਆ ਤਾਂ ਉੱਥੇ ਉਸ ਦੀ ਮੌਤ ਹੋ ਗਈ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਭੋਗ 'ਤੇ ਵਿਸ਼ੇਸ਼

## ਗਰੀਬਾਂ ਦੀ ਹਮਦਰਦ ਤੇ ਧਾਰਮਿਕ ਖਿਆਲਾਂ ਦੇ ਸਨ ਮਾਤਾ ਸਵਿੱਤਰੀ ਦੇਵੀ



ਮਾਤਾ ਸਵਿੱਤਰੀ ਦੇਵੀ ਦਾ ਜਨਮ 5 ਮਈ 1945 ਵਿੱਚ ਮਾਤਾ ਪ੍ਰਸਿੰਨੀ ਦੇਵੀ ਦੀ ਕੁੱਖੋਂ ਪਿਤਾ ਮੰਗੂ ਰਾਮ ਦੇ ਗ੍ਰਹਿ ਮਾਣੂੰਕੇ (ਲੁਧਿਆਣਾ) ਵਿਖੇ ਹੋਇਆ।ਮਾਪਿਆਂ ਨੇ ਆਪ ਨੂੰ ਬਹੁਤ ਹੀ ਚਾਵਾਂ ਨਾਲ ਪਾਲ਼ਿਆ, ਆਪ ਨੇ ਅੱਠਵੀਂ ਜਮਾਤ ਤੱਕ ਦੀ ਵਿੱਦਿਆ ਪਿੰਡ ਪੱਧਰ 'ਤੇ ਗ੍ਰਹਿਣ ਕੀਤੀ ਤੇ ਘਰਦਿਆਂ ਨੇ ਆਪ ਨੂੰ ਚੰਗੇ ਸੰਸਕਾਰ ਦੇ ਕੇ ਵਧੀਆ ਗੁਣਾਂ ਵਾਲੇ ਬਣਾਇਆ।ਉਪਰੰਤ ਮਾਪਿਆਂ ਨੇ ਆਪ ਜੀ ਦਾ ਵਿਆਹ ਬਠਿੰਡਾ ਜ਼ਿਲ੍ਹੇ ਦੇ ਭਾਈਰੂਪਾ ਨਿਵਾਸੀ ਬਿਹਾਰੀ ਲਾਲ ਦੇ ਸਪੁੱਤਰ ਅਮਰ ਨਾਥ ਬਾਂਸਲ ਨਾਲ ਕੀਤਾ।ਆਪ ਦੇ ਘਰ ਦੋ ਲੜਕੀਆਂ ਸ਼ਸ਼ੀ ਤੇ ਸੁਨੀਤਾ ਅਤੇ ਤਿੰਨ ਲੜਕੇ ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ, ਸੰਜੀਵ ਬਾਂਸਲ ਨੇ ਜਨਮ ਲਿਆ।ਮਾਤਾ ਸ੍ਰੀਮਤੀ ਸਵਿੱਤਰੀ ਦੇਵੀ ਧਾਰਮਿਕ ਵਿਚਾਰਾਂ ਦੇ ਸਨ ਤੇ ਧਾਰਮਿਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਸੱਚੀ ਗੱਲ ਕਹਿਣ ਤੋਂ ਕਦੇ ਪਿੱਛੇ ਨਹੀਂ ਸੀ ਹਟਦੇ।ਆਪ ਨੇ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਇਆ।ਆਪ ਨੇ ਆਪਣੇ ਪੰਜੇ ਬੱਚਿਆਂ ਨੂੰ ਵਧੀਆ ਸੰਸਕਾਰ ਦੇ ਕੇ, ਗੁਣਾਂ ਵਾਲੇ ਬਣਾਉਣ ਤੋਂ ਇਲਾਵਾ ਉੱਚ ਪੱਧਰ ਦੀ ਵਿੱਦਿਆ ਪ੍ਰਦਾਨ ਕਰਵਾਈ ਤੇ ਚੰਗੇ ਘਰਾਣਿਆਂ ਵਿੱਚ ਵਿਆਹ ਕੀਤੇ।ਅੱਜ ਆਪ ਦਾ ਬੇਟਾ ਯਾਦਵਿੰਦਰ ਬਾਂਸਲ ਬਾਘਾ ਪੁਰਾਣਾ ਵਿਖੇ, ਰਾਜੀਵ ਬਾਂਸਲ ਮੋਗਾ ਵਿਖੇ ਤੇ ਸੰਜੀਵ ਬਾਂਸਲ ਲੁਧਿਆਣਾ ਵਿਖੇ ਰਹਿ ਕੇ ਆਪਣੇ ਵੱਡੇ ਕਾਰੋਬਾਰ ਚਲਾ ਰਹੇ ਹਨ, ਜਿਸ ਕਰਕੇ ਤਿੰਨੇ ਲੜਕੇ ਵਧੀਆ ਉਦਯੋਗਪਤੀ ਵਜੋਂ ਪਹਿਚਾਣ ਬਣਾ ਚੁੱਕੇ ਹਨ।ਆਪ ਨੇ ਇੱਕ ਲੜਕੀ ਸ਼ਸ਼ੀ ਗਰਗ ਦਾ ਵਿਆਹ ਡਾ: ਮੋਹਨ ਲਾਲ ਯੂ.ਐੱਸ.ਏ. ਨਾਲ ਕੀਤਾ ਤੇ ਦੂਸਰੀ ਲੜਕੀ ਸੁਨੀਤਾ ਅਗਰਵਾਲ ਦਾ ਵਿਆਹ ਜ਼ੀਰਾ ਨਿਵਾਸੀ ਰਾਜੀਵ ਨਾਲ ਕੀਤਾ।ਬੀਤੀ 18 ਸਤੰਬਰ ਬੁੱਧਵਾਰ ਦਾ ਦਿਨ ਬਾਂਸਲ ਪਰਵਾਰ ਲਈ ਕਾਲਾ ਦਿਨ ਬਣ ਕੇ ਬਹੁੜਿਆ, ਕਿ ਮਾਤਾ ਸਵਿੱਤਰੀ ਦੇਵੀ ਅਚਾਨਕ ਹੱਸਦੇ-ਵੱਸਦੇ ਪਰਵਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਕੇ ਉਸ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਬਾਂਸਲ ਪਰਵਾਰ ਵੱਲੋਂ ਆਪ ਜੀ ਦੀ ਆਤਮਿਕ ਸ਼ਾਂਤੀ ਲਈ ਰਖਵਾਏ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 29 ਸਤੰਬਰ ਐਤਵਾਰ ਨੂੰ ਮਿੱਤਲ ਰਿਜ਼ੋਰਟਸ ਕੋਟਕਪੂਰਾ ਰੋਡ, ਬਾਘਾ ਪੁਰਾਣਾ (ਮੋਗਾ) ਵਿਖੇ ਪਵੇਗਾ ਤੇ ਪੱਗੜੀ ਦੀ ਰਸਮ ਅਦਾ ਕੀਤੀ ਜਾਵੇਗੀ। ਉਪਰੰਤ ਸ਼ਰਧਾਂਜਲੀ ਸਮਾਗਮ ਹੋਵੇਗਾ।

*-ਮਨੀ ਸਿੰਗਲਾ, ਬਾਘਾ ਪੁਰਾਣਾ*

## 'ਖੇਡਾਂ ਵਤਨ ਪੰਜਾਬ ਦੀਆਂ' 'ਚ ਦੇਵ ਸਮਾਜ ਕਲਾਜ ਦੀਆਂ ਖਿਡਾਰਨਾਂ ਨੇ ਗੋਲਡ ਮੈਡਲ ਜਿੱਤੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ, ਫਿਰੋਜ਼ਪੁਰ ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਏ+ ਗ੍ਰੇਡ ਪ੍ਰਾਪਤ ਕਾਲਜ ਹੈ।ਇਹ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ-ਛਾਇਆ ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਤਰੱਕੀ ਦੀ ਰਾਹ 'ਤੇ ਅਗਰਸਰ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਜ਼ੋਨ ਫਿਰੋਜ਼ਪੁਰ ਪੱਧਰ ਦੀਆਂ ਖੇਡਾਂ, ਜੋ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰਜ਼ਪੁਰ ਵਿਖੇ ਕਰਵਾਈਆਂ ਗਈਆਂ, ਵਿੱਚ ਖਿਡਾਰਨਾਂ ਨੇ ਵਾਲੀਬਾਲ ਵਿੱਚ ਗੋਲਡ ਮੈਡਲ, ਖੋ-ਖੋ ਵਿੱਚ ਗੋਲਡ ਮੈਡਲ ਤੇ ਐਥਲੈਟਿਕਸ 'ਚ ਸ਼ਾਟਪੁੱਟ ਵਿੱਚ ਮਨਦੀਪ ਕੌਰ ਨੇ ਗੋਲਡ ਮੈਡਲ ਜਿੱਤਿਆ, ਸਿਮਰਨਜੀਤ ਕੌਰ ਨੇ ਸ਼ਾਟਪੁੱਟ ਵਿੱਚੋਂ ਸਿਲਵਰ ਮੈਡਲ, ਜੈਵਲਿਨ ਵਿੱਚੋਂ ਗੋਲਡ ਮੈਡਲ, ਨਵਦੀਪ ਕੌਰ ਨੇ 400 ਮੀਟਰ ਵਿੱਚੋਂ ਗੋਲਡ ਮੈਡਲ ਜਿੱਤਿਆ।ਸਰੀਰਕ ਸਿੱਖਿਆ ਤੇ ਖੇਡ ਵਿਭਾਗ ਦੇ ਮੁਖੀ ਪਲਵਿੰਦਰ ਸਿੰਘ ਦੱਸਿਆ ਕਿ ਏਸੇ ਤਰ੍ਹਾਂ ਖੇਡਾਂ ਵਤਨ ਪੰਜਾਬ 2024-25 ਦੀਆਂ ਜ਼ਿਲ੍ਹਾ ਫਿਰੋਜ਼ਪੁਰ ਪੱਧਰ ਦੇ ਖੇਡ ਮੁਕਾਬਲੇ, ਜੋ ਕਿ 21-09-2024 ਤੋਂ ਲੈ ਕੇ 25 ਸਤੰਬਰ 2024 ਤੱਕ ਕਰਵਾਏ ਗਏ, ਜਿਸ ਵਿੱਚ ਕਾਲਜ ਦੀਆਂ ਖਿਡਾਰਨਾਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਦਿੰਦਿਆਂ ਖੋ-ਖੋ ਵਿੱਚ ਗੋਲਡ ਮੈਡਲ, ਵਾਲੀਬਾਲ ਵਿੱਚ ਕਾਂਸੀ ਦਾ ਮੈਡਲ, ਕੁਸ਼ਤੀ 68 ਕਿਲੋਗ੍ਰਾਮ ਵਿੱਚ ਗੀਤਕਾ ਨੇ ਗੋਲਡ ਮੈਡਲ, ਅਨੁਰੀਤ ਨੇ 76 ਕਿਲੋਗ੍ਰਾਮ ਵਿੱਚ ਗੋਲਡ ਮੈਡਲ, ਐਥਲੈਟਿਕਸ ਦੇ ਸ਼ਾਟਪੁੱਟ ਵਿੱਚ ਮਨਦੀਪ ਕੌਰ ਨੇ ਗੋਲਡ ਮੈਡਲ, ਸਿਮਰਨਜੀਤ ਕੌਰ ਨੇ ਸ਼ਾਟਪੁੱਟ ਵਿੱਚ ਸਿਲਵਰ ਮੈਡਲ, ਜੈਵਲੋਨ ਥਰੋ ਵਿੱਚ ਗੋਲਡ ਮੈਡਲ ਜਿੱਤਿਆ, ਨਵਦੀਪ ਕੌਰ ਨੇ 400 ਮੀਟਰ ਵਿੱਚ ਕਾਂਸੀ ਦਾ ਮੈਡਲ ਜਿੱਤਿਆ।ਇਸੇ ਤਰ੍ਹਾਂ ਕਾਲਜ ਦੀ ਬੈਡਮਿਟਨ ਟੀਮ ਨੇ ਦਾਸ ਐਂਡ ਬਰਾਊਨ ਸਕੂਲ ਫਿਰੋਜ਼ਪੁਰ ਸ਼ਹਿਰ ਵਿਖੇ ਕਰਵਾਏ ਖੇਡ ਮੁਕਾਬਲਿਆਂ ਵਿੱਚ ਆਪਣੀ ਚੰਗੀ ਕਾਰਗੁਜ਼ਾਰੀ ਦਿਖਾਉਂਦੇ ਹੋਏ ਖਿਡਾਰਣ ਕੁਸਮ ਨੇ ਸਿੰਗਲ ਦੇ ਵਿੱਚ ਗੋਲਡ ਮੈਡਲ ਤੇ ਡਬਲ ਦੇ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਕਾਲਜ ਦੀਆਂ ਜੇਤੂ ਟੀਮਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਜੇਤੂ ਖਿਡਾਰਨਾਂ ਨੇ ਇਸ ਸ਼ਾਨਦਾਰ ਉਪਲਬਧੀ ਸਦਕੇ ਆਪਣੇ ਮਾਤਾ-ਪਿਤਾ ਦੇ ਨਾਲ-ਨਾਲ ਕਾਲਜ ਦਾ ਨਾਮ ਵੀ ਰੋਸ਼ਨ ਕੀਤਾ ਹੈ।ਇਸ ਦੇ ਨਾਲ ਹੀ ਉਨ੍ਹਾਂ ਖਿਡਰਨਾਂ ਦੇ ਉੱਜਵਲ ਭਵਿੱਖ ਦੀ ਕਾਮਨਾਂ ਕਰਦਿਆਂ ਵਿਭਾਗੀ ਅਧਿਆਪਕਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪ੍ਰਦਰਸ਼ਨ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।ਡਾ. ਸੰਗੀਤਾ ਪ੍ਰਿੰਸੀਪਲ ਨੇ ਪਲਵਿੰਦਰ ਸਿੰਘ ਮੁਖੀ ਸਰੀਰਿਕ ਸਿੱਖਿਆ ਤੇ ਖੇਡ ਵਿਭਾਗ, ਵੇਦ ਪ੍ਰਕਾਸ਼, ਅਸਿਸਟੈਂਟ ਪ੍ਰੋਫੈਸਰ, ਡਾ. ਕੁਲਬੀਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਸਰੀਰਿਕ ਸਿੱਖਿਆ ਤੇ ਖੇਡ ਵਿਭਾਗ ਨੂੰ ਵਧਾਈ ਦਿੱਤੀ।ਇਸ ਮੌਕੇ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁਭ-ਕਾਮਨਾਵਾਂ ਦਿੱਤੀਆਂ।

## ਮਜ਼ਦੂਰਾਂ ਨਾਲ ਭਰੀ ਜੀਪ ਦਰੱਖਤ ਨਾਲ ਟਕਰਾਈ, 12 ਜ਼ਖ਼ਮੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇੱਥੋਂ ਕੁਝ ਦੂਰੀ 'ਤੇ ਸਥਿਤ ਪਿੰਡ ਗੜ੍ਹੀ ਤਰਖਾਣਾ ਵਿਖੇ ਸਰਹਿੰਦ ਨਹਿਰ ਕਿਨਾਰੇ ਮਜ਼ਦੂਰਾਂ ਨਾਲ ਭਰੀ ਮਹਿੰਦਰਾ ਪਿਕਅਪ ਜੀਪ ਦਰੱਖਤ ਨਾਲ ਟਕਰਾ ਗਈ, ਜਿਸ ਕਾਰਨ 12 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚ ਬੱਚੇ ਤੇ ਔਰਤਾਂ ਵੀ ਸ਼ਾਮਲ ਹਨ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਸਮਰਾਲਾ ਵਿਖੇ ਦਾਖਲ ਕਰਵਾਇਆ ਗਿਆ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸ਼ੁੱਕਰਵਾਰ ਸਵੇਰੇ ਪਿੰਡ ਗੜ੍ਹੀ ਤਰਖਾਣਾ ਤੋਂ ਮਜ਼ਦੂਰ ਪਿਕਅਪ ਜੀਪ ਵਿੱਚ ਸਵਾਰ ਹੋ ਕੇ ਖੇਤਾਂ ਵਿੱਚ ਕੰਮ ਕਰਨ ਲਈ ਜਾ ਰਹੇ ਸਨ ਤਾਂ ਰਸਤੇ ਵਿੱਚ ਸੰਤੁਲਨ ਗਵਾ ਬੈਠੀ ਤੇ ਸੜਕ ਕਿਨਾਰੇ ਖੜੇ ਦਰੱਖਤ ਨਾਲ ਜਾ ਟਕਰਾਈ। ਇਸ ਜੀਪ ਵਿੱਚ ਪੁਰਸ਼ ਮਜ਼ਦੂਰਾਂ ਤੋਂ ਇਲਾਵਾ ਔਰਤਾਂ ਤੇ ਬੱਚੇ ਸਮੇਤ 15 ਵਿਅਕਤੀ ਸ਼ਾਮਲ ਸਨ, ਜਿਨ੍ਹਾਂ 'ਚੋਂ 12 ਜ਼ਖ਼ਮੀ ਹੋ ਗਏ। ਹਾਦਸੇ ਵਾਲੇ ਸਥਾਨ ਲੰਘਦੇ ਰਾਹਗੀਰਾਂ ਨੇ ਐਂਬੂਲੈਂਸ ਰਾਹੀਂ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਸਮਰਾਲਾ ਪਹੁੰਚਾਇਆ, ਜਿੱਥੇ ਕਿ 8 ਦੀ ਹਾਲਤ ਨੂੰ ਗੰਭੀਰ ਦੇਖਦਿਆਂ ਰੈਫ਼ਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਪਿੰਡ ਗੜ੍ਹੀ ਤਰਖਾਣਾ ਵਿਖੇ ਪ੍ਰਵਾਸੀ ਮਜ਼ਦੂਰਾਂ ਦੀ ਕਾਫ਼ੀ ਵਸੋਂ ਹੈ, ਜਿੱਥੇ ਉਹ ਵਾਹਨਾਂ ਰਾਹੀਂ ਆਸ-ਪਾਸ ਪਿੰਡਾਂ ਵਿੱਚ ਮਜ਼ਦੂਰੀ ਕਰਨ ਜਾਂਦੇ ਹਨ ਅਤੇ ਪਰਵਾਰ ਦਾ ਪਾਲਣ ਪੋਸ਼ਣ ਕਰਦੇ ਹਨ, ਪਰ ਅੱਜ ਜਦੋਂ ਉਹ ਆਪਣੇ ਕੰਮ ਲਈ ਨਿਕਲੇ ਤਾਂ ਹਾਦਸਾ ਵਾਪਰ ਗਿਆ।

## ਅਮ੍ਰਿਤ ਸਿੰਘ ਨੇ ਕੁਸ਼ਤੀ 'ਚ ਗੋਲਡ ਮੈਡਲ ਜਿੱਤਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਾਬਾ ਭਗਤੀਨਾਥ ਜੀ ਅਖਾੜਾ ਦਾ ਭਲਵਾਨ ਅਤੇ ਖਾਲਸਾ ਪਬਲਿਕ ਸਕੂਲ ਬੁਰਜ ਕੱਚਾ ਦਾ ਵਿਦਿਆਰਥੀ ਅਮ੍ਰਿਤ ਸਿੰਘ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਕੋਚ ਪਾਰਸ ਸ਼ਰਮਾ ਨੇ ਦੱਸਿਆ ਕਿ ਅਮ੍ਰਿਤ ਸਿੰਘ ਨੇ 14 ਸਾਲਾ ਵਰਗ ਦੇ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲੇ ਵਿੱਚ ਆਪਣੇ ਵਿਰੋਧੀ ਪਹਿਲਵਾਨ ਨੂੰ ਚਿੱਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰ ਬਾਬਾ ਭਗਤੀ ਨਾਥ ਅਖਾੜਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਹੁਣ ਇਸ ਹੋਣਹਾਰ ਵਿਦਿਆਰਥੀ ਦੀ ਚੋਣ ਰਾਜ ਪੱਧਰੀ ਮੁਕਾਬਲਿਆਂ ਵਿੱਚ ਹੋ ਗਈ ਹੈ, ਜੋ ਕਿ 18 ਅਕਤੂਬਰ ਨੂੰ ਮਾਨਸਾ ਵਿਖੇ ਹੋਣਗੇ। ਗੋਲਡ ਮੈਡਲ ਜਿੱਤਣ ਤੋਂ ਬਾਅਦ ਬਾਬਾ ਭਗਤੀ ਨਾਥ ਅਖਾੜਾ ਪੁੱਜਣ 'ਤੇ ਵਿਦਿਆਰਥੀ ਅਮ੍ਰਿਤ ਸਿੰਘ ਦਾ ਜ਼ੋਰਦਾਰ ਸਵਾਗਤ ਕੀਤਾ।

## ਹਰਜਿੰਦਰ ਸਿੰਘ ਬੇਦੀ ਨੇ ਏ ਡੀ ਸੀ (ਪੇਂਡੂ ਵਿਕਾਸ) ਵਜੋਂ ਅਹੁਦਾ ਸੰਭਾਲਿਆ



**ਲੁਧਿਆਣਾ (ਰਾਜ ਸਿੰਗਲਾ)**-2020 ਬੈਚ ਦੇ ਆਈ.ਏ.ਐੱਸ. ਅਧਿਕਾਰੀ ਸ੍ਰੀ ਹਰਜਿੰਦਰ ਸਿੰਘ ਬੇਦੀ ਨੇ ਲੁਧਿਆਣਾ ਦੇ ਨਵੇਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਜੋਂ ਅਹੁਦਾ ਸੰਭਾਲਿਆ।ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਵੀ ਸ਼ਾਮਲ ਸਨ।ਸ੍ਰੀ ਹਰਜਿੰਦਰ ਸਿੰਘ ਬੇਦੀ ਇਸ ਤੋਂ ਪਹਿਲਾਂ ਬਤੌਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਪਟਿਆਲਾ, ਉਪ ਮੰਡਲ ਮੈਜਿਸਟਰੇਟ ਲੁਧਿਆਣਾ ਪੱਛਮੀ ਤੇ ਉਪ ਮੰਡਲ ਮੈਜਿਸਟਰੇਟ ਧਾਰ ਕਲਾਂ (ਪਠਾਨਕੋਟ) ਵਿਖੇ ਆਪਣੀਆਂ ਸ਼ਾਨਦਾਰ ਸੇਵਾਵਾਂ ਦੇ ਚੁੱਕੇ ਹਨ। ਸ੍ਰੀ ਹਰਜਿੰਦਰ ਸਿੰਘ ਬੇਦੀ ਨੂੰ ਹਾਲ ਹੀ ਵਿੱਚ ਰਾਜ ਸਰਕਾਰ ਵੱਲੋਂ ਪਟਿਆਲਾ ਤੋਂ ਲੁਧਿਆਣਾ ਬਦਲਿਆ ਗਿਆ ਹੈ।ਆਪਣੇ ਨਵੇਂ ਅਹੁਦੇ ਦਾ ਚਾਰਜ ਸੰਭਾਲਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਪੂਰੀ ਜਵਾਬਦੇਹੀ ਤੇ ਪਾਰਦਰਸ਼ੀ ਵਾਲਾ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਹੋਵੇਗਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੇ ਪਿੰਡਾਂ ਦੀਆਂ ਹੋਣ ਵਾਲੀਆਂ ਪੰਚਾਇਤੀ ਚੋਣਾਂ ਨੂੰ ਪਾਰਦਰਸ਼ੀ ਢੰਗ ਨਾਲ ਕਰਵਾਉਣ ਨੂੰ ਤਰਜੀਹ ਦਿੱਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਸ੍ਰੀ ਹਰਜਿੰਦਰ ਸਿੰਘ ਬੇਦੀ ਨੂੰ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ।

## ਮੰਦਰਾਂ 'ਚ ਨਵਰਾਤਰੇ ਮਨਾਉਣ ਲਈ ਪ੍ਰਬੰਧਕ ਕਮੇਟੀਆਂ ਵੱਲੋਂ ਮੀਟਿੰਗਾਂ ਸ਼ੁਰੂ

- 2 ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਤੋਂ ਲਿਆਂਦੀਆਂ ਜਾਣਗੀਆਂ ਪਵਿੱਤਰ ਜੋਤਾਂ
- ਸ਼ਹਿਰ ਵਾਸੀ ਫੁੱਲਾਂ ਦੀ ਵਰਖਾ ਕਰ ਕੇ ਕਰਨਗੇ ਜ਼ੋਰਦਾਰ ਸਵਾਗਤ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮਾਤਾ ਜੀ ਦੇ ਨਵਰਾਤਰੇ ਮੇਲਾ ਮਈਆ ਦੇ ਜਿਵੇਂ-ਜਿਵੇਂ ਨੇੜੇ ਆਈ ਜਾਂਦਾ ਹੈ, ਭਗਤਾਂ ਵਿੱਚ ਖੁਸ਼ੀ ਦਾ ਮਾਹੌਲ ਬਣੀ ਜਾ ਰਿਹਾ ਹੈ ਅਤੇ ਮੰਦਰਾਂ ਵਿੱਚ ਪ੍ਰਬੰਧਕ ਕਮੇਟੀਆਂ ਵੱਲੋਂ ਮਾਤਾ ਜੀ ਦੇ ਨਵਰਾਤਰੇ ਮਨਾਉਣ ਲਈ ਮੀਟਿੰਗਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ, ਸ਼੍ਰੀ ਰਾਮ ਲੀਲ੍ਹਾ ਉਤਸਵ ਕਮੇਟੀ, ਹਰ ਹਰ ਮਹਾਂਦੇਵ ਕਾਂਵੜ ਸੰਘ ਵੱਲੋਂ ਸ੍ਰੀ ਸ਼ਿਵ ਮੰਦਰ ਵਿਖੇ ਪਹਿਲੀ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਡਾਇਰੈਕਟਰ ਅਸ਼ਵਨੀ ਸ਼ਰਮਾ, ਚੇਅਰਮੈਨ ਰੋਸ਼ਨ ਲਾਲ ਰੋਸ਼ੀ ਨੇ ਦੱਸਿਆ ਕਿ ਸ੍ਰੀ ਸ਼ਿਵ ਮੰਦਰ ਵਿਖੇ ਮੇਲਾ ਮਈਆ ਦਾ 3 ਅਕਤੂਬਰ ਤੋਂ ਲੈ ਕੇ 12 ਅਕਤੂਬਰ ਤੱਕ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।ਉਨ੍ਹਾ ਕਿਹਾ ਕਿ 2 ਅਕਤੂਬਰ ਨੂੰ ਮਾਤਾ ਚਿੰਤਪੁਰਨੀ ਜੀ, ਮਾਂ ਜਵਾਲਾ ਜੀ, ਸ੍ਰੀ ਸਾਲਾਸਰ ਧਾਮ ਤੇ ਰਾਮ ਤੀਰਥ ਸਥਾਨ ਤੋਂ ਸ਼ਾਮ 5 ਵਜੇ ਪਵਿੱਤਰ ਜੋਤਾਂ ਆਉਣਗੀਆਂ ਤੇ ਕੋਟਕਪੂਰਾ ਰੋਡ ਰਿਚੀ ਗਰਗ ਦੇ ਪੈਟਰੋਲ ਪੰਪ ਤੋਂ ਲੈ ਕੇ ਸ੍ਰੀ ਸ਼ਿਵ ਮੰਦਰ ਯਾਤਰਾ ਕੱਢੀ ਜਾਵੇਗੀ, ਜਿੱਥੇ ਕਿ ਸ਼ਹਿਰ ਵਾਸੀ ਤੇ ਦੁਕਾਨਦਾਰ ਫੁੱਲਾਂ ਦੀ ਵਰਖਾ ਕਰ ਕੇ ਜ਼ੋਰਦਾਰ ਸਵਾਗਤ ਕਰਨਗੇ ਅਤੇ ਆਸ਼ੀਰਵਾਦ ਪ੍ਰਾਪਤ ਕਰਨਗੇ।ਸ੍ਰੀ ਸ਼ਿਵ ਮੰਦਰ ਵਿਖੇ 3 ਅਕਤੂਬਰ ਨੂੰ ਜੋਤਾਂ ਦਾ ਪੂਜਨ ਸਵੇਰੇ 7 ਵਜੇ ਤੋਂ ਲੈ ਕੇ 8 ਵਜੇ ਤੱਕ ਹੋਵੇਗਾ ਅਤੇ ਸ਼ਾਮ ਨੂੰ 7:30 ਵਜੇ ਤੋਂ ਲੇ ਕੇ 9 ਵਜੇ ਤੱਕ ਸੰਕੀਰਤਨ ਹੋਵੇਗਾ ਅਤੇ ਬਾਅਦ ਵਿੱਚ ਆਰਤੀ ਉਪਰੰਤ ਸਾਰੇ ਹੀ ਭਗਤਾਂ ਨੂੰ ਪ੍ਰਸਾਦ ਦਿੱਤਾ ਜਾਵੇਗਾ।ਇਸ ਮੌਕੇ ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਦੀਪਕ ਗਰਗ ਬੌਬੀ, ਸ੍ਰੀ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਸੈਕਟਰੀ ਮਨੋਜ ਗੋਇਲ, ਸ਼ਿਵਮ ਸਿੰਗਲਾ, ਦੀਪਕ ਸ਼ਾਹੀ, ਵਿਜੇ ਸ਼ਰਮਾ, ਸੰਦੀਪ ਗੋਇਲ ਠੰਢੂ, ਦਵਿੰਦਰ ਬਿਜਲੀ ਵਾਲੇ, ਤਿਲਕ ਰਾਜ ਸੋਨੀ, ਕਾਲਾ ਪ੍ਰਾਪਰਟੀ ਡਿਲਰ ਵਾਲਾ, ਕੇਵਲ ਕ੍ਰਿਸ਼ਨ ਗੋਇਲ, ਪਵਨ ਗੁਪਤਾ, ਚਤੁਰਭੁਜ, ਪਵਨ ਬਾਂਸਲ ਤੇ ਹੋਰ ਸ਼ਾਮਲ ਸਨ।

## ਪੂਰਬੀ ਹਲਕੇ 'ਚ ਅਕਾਲੀ ਦਲ ਨੂੰ ਝਟਕਾ, ਕਈ ਆਗੂ ਭਾਜਪਾ 'ਚ ਸ਼ਾਮਲ

- ਭਾਜਪਾ ਦੇ ਹੱਥਾਂ 'ਚ ਦੇਸ਼ ਦਾ ਭਵਿੱਖ ਸੁਰੱਖਿਅਤ : ਰਜਨੀਸ਼ ਧੀਮਾਨ



**ਲੁਧਿਆਣਾ (ਜਸਦੀਪ ਵਰਤੀਆ)**

ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਭਾਜਪਾ ਦਫ਼ਤਰ ਦੁੱਗਰੀ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਜ਼ਿਲ੍ਹਾ ਸਕੱਤਰ ਨਵਲ ਜੈਨ ਤੇ ਮੁਕੇਸ਼ ਮਿਗਲਾਨੀ ਦੇ ਯਤਨਾਂ ਨਾਲ ਹਲਕਾ ਪੂਰਬੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਸਿਮਰਜੀਤ ਸਿੰਘ ਗੌਰਵ (ਹੈਪੀ), ਗਗਨਦੀਪ ਸਿੰਘ, ਅਜੈ ਪਾਲ, ਅਮਰਜੀਤ ਸਿੰਘ ਨੇ ਅਕਾਲੀ ਦਲ ਨੂੰ ਅਲਵਿਦਾ ਆਖਦਿਆਂ ਭਾਜਪਾ ਜੁਆਇਨ ਕੀਤੀ।

ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਉਨ੍ਹਾਂ ਨੂੰ ਸਿਰੋਪਾ ਪਾ ਕੇ ਸਨਮਾਨਤ ਕਰਦੇ ਹੋਏ ਉਨ੍ਹਾਂ ਨੂੰ ਭਾਜਪਾ ਪਰਵਾਰ ਵਿੱਚ ਸ਼ਾਮਲ ਕਰਵਾਇਆ।ਇਸ ਮੌਕੇ ਸਿਮਰਜੀਤ ਸਿੰਘ ਗੌਰਵ (ਹੈਪੀ), ਗਗਨਦੀਪ ਸਿੰਘ ਨੇ ਕਿਹਾ ਕਿ ਅਕਾਲੀ ਦਲ ਹੁਣ ਸਿਰਫ ਇੱਕ ਪਰਿਵਾਰਕ ਪਾਰਟੀ ਬਣ ਕੇ ਰਹਿ ਗਿਆ ਹੈ, ਅਕਾਲੀ ਦਲ ਵਿੱਚ ਵਰਕਰਾਂ ਦੀ ਕੋਈ ਕਦਰ ਨਹੀਂ ਹੈ, ਜਦਕਿ ਭਾਜਪਾ ਹਰ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੰਦੀ ਹੈ।ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਮੋਦੀ ਦੀਆਂ ਦੂਰ ਅੰਦੇਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਲੋਕ ਉਤਸ਼ਾਹਤ ਹਨ। ਉਨ੍ਹਾ ਕਿਹਾ ਕਿ ਦੇਸ਼ ਦਾ ਭਵਿੱਖ ਭਾਜਪਾ ਦੇ ਹੱਥਾਂ ਵਿੱਚ ਸੁਰੱਖਿਅਤ ਹੈ, ਹਰਿਆਣਾ ਵਿੱਚ ਇੱਕ ਵਾਰ ਫਿਰ ਭਾਜਪਾ ਦੀ ਸਰਕਾਰ ਬਣੇਗੀ ਤੇ ਵਿਰੋਧੀਆਂ ਨੂੰ ਹਾਰ ਦਾ ਮੂੰਹ ਦੇਖਣਾ ਪਵੇਗਾ।

ਇਸ ਮੌਕੇ ਜ਼ਿਲ੍ਹਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਮੋਨੂੰ, ਸਕੱਤਰ ਡਾਕਟਰ ਸਤੀਸ਼ ਕੁਮਾਰ, ਭਰਤ ਕੁਮਾਰ, ਅਸੀਮ ਕੱਕੜ ਆਦਿ ਹਾਜ਼ਰ ਸਨ।

## ਟੱਪਰੀਆਂ ਦੀ ਸਰਬ-ਸੰਮਤੀ ਨਾਲ ਪੰਚਾਇਤ ਬਣੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੂਬੇ ਵਿੱਚ ਕੱਲ੍ਹ ਪੰਚਾਇਤੀ ਚੋਣਾਂ ਦੀਆਂ ਤਰੀਕਾਂ ਐਲਾਨਣ ਤੋਂ ਬਾਅਦ ਪਿੰਡਾਂ ਵਿੱਚ ਸਰਬ ਸੰਮਤੀ ਨਾਲ ਪੰਚਾਇਤਾਂ ਚੁਣਨ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ, ਜਿਸ ਤਹਿਤ ਮਾਛੀਵਾੜਾ ਸਾਹਿਬ ਬਲਾਕ ਦਾ ਪਹਿਲਾ ਪਿੰਡ ਟੱਪਰੀਆਂ ਹੈ, ਜਿਸ ਨੇ ਸਰਬ ਸੰਮਤੀ ਨਾਲ ਆਪਣੀ ਪੰਚਾਇਤ ਚੁਣ ਲਈ ਹੈ। ਅੱਜ ਪਿੰਡ ਵਿੱਚ ਇਕੱਠ ਰੱਖਿਆ ਗਿਆ, ਜਿਸ ਵਿੱਚ ਸਮੂਹ ਵਾਸੀਆਂ ਨੇ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਗੁਰਬਚਨ ਸਿੰਘ ਨੂੰ ਸਰਪੰਚ ਚੁਣ ਲਿਆ। ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੀਂ ਚੁਣੀ ਗਈ ਪੰਚਾਇਤ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਚੁਣੀ ਗਈ ਹੈ, ਜਿਸ ਦਾ ਕਿਸੇ ਵੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾ ਕਿਹਾ ਕਿ ਪਿੰਡ ਵਾਸੀਆਂ ਨੇ ਸਰਬ ਸੰਮਤੀ ਨਾਲ ਗੁਰਬਚਨ ਸਿੰਘ ਨੂੰ ਸਰਪੰਚ ਚੁਣਿਆ ਹੈ, ਜਦਕਿ 5 ਪੰਚ ਵੀ ਸਰਬ ਸੰਮਤੀ ਨਾਲ ਵਾਰਡਬੰਦੀ ਦੀ ਸੂਚੀ ਸਪੱਸ਼ਟ ਹੋਣ ਤੋਂ ਬਾਅਦ ਚੁਣ ਲਏ ਜਾਣਗੇ। ਨਵੇਂ ਚੁਣੇ ਗਏ ਸਰਪੰਚ ਗੁਰਬਚਨ ਸਿੰਘ ਨੇ ਕਿਹਾ ਕਿ ਉਹ ਸਮੂਹ ਪਿੰਡ ਵਾਸੀਆਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ। ਉਨ੍ਹਾ ਕਿਹਾ ਕਿ 4 ਅਕਤੂਬਰ ਨੂੰ ਪਿੰਡ ਵਾਸੀ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਤੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਹਰ ਸੰਭਵ ਯਤਨ ਕਰਨਗੇ ਤੇ ਜੋ ਵੀ ਕੰਮ ਪਹਿਲ ਦੇ ਅਧਾਰ 'ਤੇ ਹੋਣ ਵਾਲੇ ਹਨ, ਉਨ੍ਹਾਂ ਨੂੰ ਕਰਵਾਇਆ ਜਾਵੇਗਾ। ਇਸ ਮੌਕੇ ਪਿੰਡ ਵਾਸੀ ਕੈਪਟਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਸਰਬ ਸੰਮਤੀ ਨਾਲ ਪੰਚਾਇਤ ਦੀ ਚੋਣ ਤੋਂ ਬਾਅਦ ਪਿੰਡ 'ਚ ਧੜੇਬੰਦੀ ਨਹੀਂ ਹੋਵੇਗੀ ਤੇ ਵਿਕਾਸ ਕਾਰਜ ਸੁਚੱਜੇ ਢੰਗ ਨਾਲ ਚੱਲਣਗੇ।

## ਬੀਬੀ ਮਧੂਮਿਤਾ ਦੇ ਦੇਹਾਂਤ 'ਤੇ ਮਾਨ ਦਲ ਵੱਲੋਂ ਦੁੱਖ ਦਾ ਪ੍ਰਗਟਾਵਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਬੀ ਮਧੂਮਿਤਾ (ਅੰਮ੍ਰਿਤਸਰ ਤੋਂ ਮੌਜੂਦਾ ਆਮ ਆਦਮੀ ਪਾਰਟੀ ਦੇ ਐੱਮ.ਐੱਲ.ਏ. ਕੰਵਰਵਿਜੇ ਪ੍ਰਤਾਪ ਸਿੰਘ ਦੀ ਧਰਮ ਸਪਤਨੀ) ਬੀਤੇ ਦਿਨ ਆਪਣੇ ਮਿਲੇ ਸਵਾਸਾਂ ਦੀ ਪੂੰਜੀ ਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਜਿਸ ਨਾਲ ਕੰਵਰਵਿਜੇ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਸਮੁੱਚੇ ਪਰਵਾਰ, ਸੰਬੰਧੀਆਂ ਨੂੰ ਇੱਕ ਅਸਹਿ ਤੇ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਜਿਸ ਨਾਲ ਡੂੰਘਾ ਸਦਮਾ ਪਹੁੰਚਿਆ ਹੈ।ਇਸ ਦੁੱਖ ਦੀ ਘੜੀ ਵਿੱਚ ਸ਼ਮੂਲੀਅਤ ਕਰਦੇ ਹੋਏ ਸ੍. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਹੈ ਕਿ ਜਦੋਂ ਵੀ ਕਿਸੇ ਇਨਸਾਨ ਦਾ ਜੀਵਨ ਸਾਥੀ ਅਚਾਨਕ ਵਿਛੋੜਾ ਦੇ ਦਿੰਦਾ ਹੈ ਤਾਂ ਉਸ ਇਨਸਾਨ ਦੀ ਦੁਨਿਆਵੀ ਤੇ ਜ਼ਿੰਦਗਾਨੀ ਸਥਿਤੀ ਉੱਤੇ ਇੱਕ ਬਹੁਤ ਵੱਡਾ ਬੋਝ ਵੀ ਪੈ ਜਾਂਦਾ ਹੈ ਅਤੇ ਉਸ ਸਦਮੇ ਨੂੰ ਇਸ ਲਈ ਬਰਦਾਸ਼ਤ ਕਰਨਾ ਮੁਸ਼ਕਲ ਹੁੰਦਾ ਹੈ, ਪਰ ਸਾਨੂੰ ਸਿੱਖ ਕੌਮ ਨੂੰ ਗੁਰੂ ਸਾਹਿਬਾਨ ਨੇ ਅਜਿਹੇ ਸਮਿਆਂ 'ਤੇ ਉਸ ਅਕਾਲ ਪੁਰਖ ਦੇ ਭਾਣੇ ਵਿੱਚ ਵਿਚਰਣ ਦੀ ਹਦਾਇਤ ਕੀਤੀ ਹੋਈ ਹੈ।ਇਸ ਲਈ ਅਸੀਂ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਜੋਈ ਕਰਦੇ ਹਾਂ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਕੰਵਰਵਿਜੇ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਸੰਬੰਧੀਆਂ ਨੂੰ ਭਾਣੇ ਵਿੱਚ ਵਿਚਰਣ ਦੀ ਸ਼ਕਤੀ ਬਖਸ਼ਣ।

## ਬਚਿੱਤਰ ਵੜੈਚ ਸਰਬ-ਸੰਮਤੀ ਨਾਲ ਗੁਰੂ ਅਰਜਨ ਨਗਰ ਦੇ ਸਰਪੰਚ ਬਣੇ

- ਪਾਤੜਾਂ ਬਲਾਕ ਦੇ ਪਹਿਲੇ ਸਰਪੰਚ ਬਣਨ ਦਾ ਮਾਣ ਹੋਇਆ ਹਾਸਲ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸੂਬੇ ਵਿੱਚ ਹੋਣ ਜਾ ਰਹੀਆਂ ਪੰਚਾਇਤੀ ਚੋਣਾਂ ਦੌਰਾਨ ਬਲਾਕ ਪਾਤੜਾਂ ਅਧੀਨ ਆਉਂਦੀ ਗ੍ਰਾਮ ਪੰਚਾਇਤ ਗੁਰੂ ਅਰਜਨ ਨਗਰ ਹਰਿਆਊ ਦੇ ਸਰਪੰਚ ਦੀ ਚੋਣ ਸਰਬ ਸੰਮਤੀ ਨਾਲ ਹੋ ਗਈ ਹੈ।ਸਰਪੰਚ ਦੇ ਵਕਾਰੀ ਅਹੁਦੇ ਲਈ ਪਿੰਡ ਦੇ ਨੌਜਵਾਨ ਆਗੂ ਬਚਿੱਤਰ ਸਿੰਘ ਵੜੈਚ ਸਰਬ ਸੰਮਤੀ ਨਾਲ ਸਰਪੰਚ ਚੁਣੇ ਗਏ।ਇਸ ਤਰ੍ਹਾਂ ਬਚਿੱਤਰ ਸਿੰਘ ਵੜੈਚ ਪਾਤੜਾਂ ਬਲਾਕ ਸਰਬ ਸੰਮਤੀ ਨਾਲ ਚੁਣੇ ਜਾਣ ਵਾਲੇ ਪਹਿਲੇ ਸਰਪੰਚ ਬਣ ਗਏ ਹਨ।ਸ੍ਰੀ ਗੁਰੂ ਅਰਜਨ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਨਗਰ ਨਿਵਾਸੀਆਂ ਵੱਲੋਂ ਕੀਤੇ ਗਏ ਇਕੱਠ ਦੌਰਾਨ ਸਰਬ ਸੰਮਤੀ ਨਾਲ ਚੁਣੇ ਗਏ ਸਰਪੰਚ ਬਚਿੱਤਰ ਸਿੰਘ ਵੜੈਚ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਜਿਸ ਤਰ੍ਹਾਂ ਪਿੰਡ ਦੀ ਸੰਗਤ ਨੇ ਉਨ੍ਹਾਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ, ਉਹ ਇਸ ਵਿਸ਼ਵਾਸ ਨੂੰ ਪੂਰੀ ਤਰ੍ਹਾਂ ਕਾਇਮ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ ਅਤੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਜੀਅ ਜਾਨ ਨਾਲ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਪਿੰਡਾਂ ਦੀ ਧੜੇਬੰਦੀ ਕਰਕੇ ਵਿਕਾਸ ਦੇ ਕੰਮ ਅਧੂਰੇ ਰਹਿ ਜਾਂਦੇ ਹਨ, ਇਸ ਲਈ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਸਰਬ ਸੰਮਤੀ ਨਾਲ ਪੰਚਾਇਤਾਂ ਚੁਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਨਗਰ ਨਿਵਾਸੀਆਂ ਵੱਲੋਂ ਸਰਪੰਚੀ ਦੇ ਅਹੁਦੇ ਲਈ ਚੋਣ ਕਰਨ ਮਗਰੋਂ 30 ਸਤੰਬਰ ਨੂੰ ਗ੍ਰਾਮ ਪੰਚਾਇਤ ਤੇ ਸਾਰੇ ਵਾਰਡਾਂ ਲਈ ਪੰਚਾਂ ਦੀ ਚੋਣ ਕਰਨ ਲਈ ਇਕੱਠ ਰੱਖਿਆ ਗਿਆ ਹੈ ਅਤੇ ਉਸ ਨੂੰ ਪੂਰੀ ਉਮੀਦ ਹੈ ਕਿ ਪਿੰਡ ਦੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਪੰਚਾਂ ਦੀ ਚੋਣ ਵੀ ਸਰਬ ਸੰਮਤੀ ਨਾਲ ਨੇਪਰੇ ਚੜ੍ਹੇਗੀ। ਕਰਦੇ ਹੋਏ ਨਗਰ ਨਿਵਾਸੀ।

## ਬਾਲੀਆਂ ਸਕੂਲ ਦੇ ਪੰਜਾਬ ਲਈ ਚੁਣੇ ਖਿਡਾਰੀਆਂ ਦਾ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਲੀਆਂ ਦੇ ਜ਼ਿਲ੍ਹਾ ਪੱਧਰੀ ਸਕੂਲੀ ਵਿੱਚੋਂ ਮੈਡਲ ਪ੍ਰਾਪਤ ਕਰਨ ਵਾਲੇ ਹੋਣਹਾਰ ਖਿਡਾਰੀ ਕਰਨਵੀਰ ਸਿੰਘ, ਮਨਿੰਦਰ ਸਿੰਘ, ਸੋਨੀ ਨੇ ਜ਼ਿਲ੍ਹੇ ਵਿੱਚੋਂ ਗੋਲਡ ਮੈਡਲ ਤੇ ਅਮਰਿੰਦਰ ਸਿੰਘ ਨੇ ਸਿਲਵਰ ਮੈਡਲ ਪ੍ਰਾਪਤ ਕਰਕੇ ਪੰਜਾਬ ਖੇਡਾਂ ਲਈ ਆਪਣਾ ਨਾਮ ਦਰਜ ਕਰਵਾਇਆ।ਬਾਕਸਿੰਗ ਨੂੰ ਪਿਆਰ ਕਰਨ ਵਾਲੇ ਅਮਨਦੀਪ ਸਿੰਘ ਕੰਟਰੈਕਟਰ ਬਰਨਾਲਾ ਨੇ 4400 ਰੁਪਏ, ਬਲਵਿੰਦਰ ਸਿੰਘ ਕੰਟਰੈਕਟਰ ਨੇ 4400 ਰੁਪਏ, ਨਰਿੰਦਰ ਕੌਰ ਰਾਮਾ ਪਿੰਡ ਨੇ 2000 ਰੁਪਏ, ਰਾਕੇਸ਼ ਕੁਮਾਰ ਕੰਟਰੈਕਟਰ 2000 ਰੁਪਏ, ਬੀਰਬਲ ਕੁਮਾਰ ਸਿੰਗਲਾ ਸੁਨਾਮ ਨੇ 1100 ਰੁਪਏ ਦੀ ਰਾਸ਼ੀ ਨਾਲ ਖਿਡਾਰੀਆਂ ਨੂੰ 4 ਟਰੈਕ ਸੂਟ, ਟੀ ਸ਼ਰਟ, 1100 ਰੁਪਏ ਕੈਸ਼ ਰਾਸ਼ੀ ਵਿਦਿਆਰਥੀਆਂ ਨੂੰ ਦਿੱਤੀ।ਸਕੂਲ ਦੀ ਸੇਵਦਾਰ ਬਲਦੀਪ ਕੌਰ ਨੂੰ ਵੀ 1100 ਰੁਪਏ ਦਾ ਇਨਾਮ ਦਿੱਤਾ ਗਿਆ।ਪ੍ਰਿੰਸੀਪਲ ਹਰਦੇਵ ਕੁਮਾਰ ਭਲਵਾਨ ਤੇ ਸਮੂਹ ਸਟਾਫ ਵੱਲੋਂ ਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਵਿਕਾਸ ਮਿੱਤਲ ਨੇ ਕਾਰਜਭਾਰ ਸੰਭਾਲਿਆ



**ਫਰੀਦਕੋਟ (ਡਿਸੂਜ਼ਾ/ਬੇਦੀ)**-ਸਿਵਲ ਸਰਜਨ ਦਫਤਰ ਬਠਿੰਡਾ ਤੋਂ ਬਦਲੀ ਉਪਰੰਤ ਸ੍ਰੀ ਵਿਕਾਸ ਮਿੱਤਲ ਵੱਲੋਂ ਦਫਤਰ ਸਿਵਲ ਸਰਜਨ ਫਰੀਦਕੋਟ ਦਾ ਵਾਧੂ ਕਾਰਜਭਾਰ ਸੰਭਾਲ ਲਿਆ ਹੈ।ਇਸ ਮੌਕੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਸੁਆਗਤ ਕੀਤਾ ਗਿਆ।ਆਪਣਾ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਕਿਹਾ ਕਿ ਆਪਣੀ ਸੀਟ ਨਾਲ ਸੰਬੰਧਤ ਸਾਰੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣਗੇ ਤੇ ਦਫਤਰੀ ਕੰਮਾਂ ਵਿੱਚ ਪਾਰਦਰਸ਼ਤਾ ਤੇ ਸੁਧਾਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤਨਖਾਹ ਤੇ ਹੋਰ ਵਿੱਤੀ ਲੈਣ-ਦੇਣ ਦਾ ਭੁਗਤਾਨ ਸਮੇਂ ਸਿਰ ਹੋਵੇ।

## ਚੇਅਰਮੈਨ ਸੁਰਿੰਦਰ ਪਾਲ ਵੱਲੋਂ ਐੱਸ ਡੀ ਐੱਮ ਇਸਮਤ ਦਾ ਸਵਾਗਤ



**ਨਾਭਾ (ਵਰਿੰਦਰ ਵਰਮਾ)**-ਬੀਤੀ ਦਿਨੀਂ ਮਾਨ ਸਰਕਾਰ ਵੱਲੋਂ ਵੱਖ-ਵੱਖ ਮਹਿਕਮੇ ਵਿੱਚ ਅਫਸਰਾਂ ਦੀਆਂ ਬਦਲੀਆਂ ਕੀਤੀਆਂ ਗਈਆਂ ਹਨ, ਜਿਸ ਦੇ ਤਹਿਤ ਸੂਬਾ ਸਰਕਾਰ ਵੱਲੋਂ ਨਾਭਾ ਵਿਖੇ ਤਾਇਨਾਤ ਐੱਸ ਡੀ ਐੱਮ ਤਰਸੇਮ ਚੰਦ ਦੀ ਬਦਲੀ ਸਮਾਣਾ ਵਿਖੇ ਹੋਣ 'ਤੇ ਬੀਤੀ ਦੁਪਹਿਰ ਮੈਡਮ ਇਸਮਤ ਵਿਜੇ ਸਿੰਘ (ਪੀ.ਸੀ.ਐੱਸ.) ਨੂੰ ਨਾਭਾ ਵਿਖੇ ਐੱਸ.ਡੀ.ਐੱਮ. ਵਜੋਂ ਤਾਇਨਾਤ ਕੀਤਾ ਗਿਆ। ਉਨ੍ਹਾਂ ਵੱਲੋਂ ਅਹੁਦਾ ਸੰਭਾਲਣ 'ਤੇ ਨਵ-ਨਿਯੁਕਤ ਐੱਸ ਡੀ ਐੱਮ ਸ੍ਰੀਮਤੀ ਇਸਮਤ ਵਿਜੇ ਸਿੰਘ ਨੂੰ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕਰਦਿਆਂ ਸਨਮਾਨਤ ਕੀਤਾ।ਇਸ ਮੌਕੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਨਵ-ਨਿਯੁਕਤ ਐੱਸ ਡੀ ਐੱਮ ਨੂੰ ਹਲਕਾ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਤੇ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।ਸਨਮਾਨਤ ਹੋਣ ਉਪਰੰਤ ਐੱਸ ਡੀ ਐੱਮ ਇਸਮਤ ਵਿਜੇ ਸਿੰਘ ਨੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਿੱਧੇ ਤੌਰ 'ਤੇ ਦਫਤਰ ਵਿਖੇ ਮੇਰੇ ਨਾਲ ਸੰਪਰਕ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜੋ ਵੀ ਡਿਊਟੀ ਮੇਰੀ ਹੋਵੇਗੀ, ਉਸ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗੀ ਅਤੇ ਉਸ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਡਾਇਟ ਪ੍ਰਿੰਸੀਪਲ ਸੰਦੀਪ ਨਾਗਰ, ਇੰਪਰੂਵਮੈਂਟ ਟਰੱਸਟ ਕਾਰਜ ਸਾਧਕ ਅਫਸਰ ਯਾਦਵਿੰਦਰ ਸ਼ਰਮਾ, ਡਾਕਟਰ ਧੀਰ ਸਿੰਘ ਕਕਰਾਲਾ, ਅਵਤਾਰ ਕ੍ਰਿਸ਼ਨ ਆਦਿ ਹਾਜ਼ਰ ਸਨ।

## ਗੁੰਮਾਨੀਵਾਲਾ ਦੇ ਲੋਕਾਂ ਨੇ ਸਰਬਸੰਮਤੀ ਨਾਲ ਸਰਪੰਚ ਚੁਣਨ ਦਾ ਲਿਆ ਫੈਸਲਾ



ਸਰਬਸੰਮਤੀ ਨਾਲ ਚੁਣੇ ਗਏ ਸਰਪੰਚ ਬੇਅੰਤ ਕੰਬੋਜ। ਨਾਲ ਖੜੇ ਪਿੰਡ ਵਾਸੀ, ਦੇਵਰਾਜ ਸ਼ਰਮਾ ਅਤੇ ਹੋਰ।

**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-ਪੰਜਾਬ ਵਿੱਚ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚ-ਪੰਚਾਂ ਦੇ ਅਹੁਦੇ ਲਈ 15 ਅਕਤੂਬਰ ਨੂੰ ਹੋ ਰਹੀਆਂ ਹਨ, ਜਿਸ ਨੂੰ ਲੈ ਕੇ ਪਿੰਡਾਂ ਵਿਚ ਸਰਪੰਚੀ ਤੇ ਪੰਚਾਇਤ ਮੈਂਬਰ ਦੀ ਚੋਣ ਲੜਨ ਵਾਲੇ ਚਾਹਵਾਨ ਲੋਕਾਂ ਵੱਲੋਂ ਆਪਣੇ ਸਮਰਥਕਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪਿੰਡ ਗੁੰਮਾਨੀਵਾਲਾ ਦੇ ਲੋਕਾਂ ਵੱਲੋਂ ਪਿੰਡ ਵਿਚ ਮੀਟਿੰਗ ਕੀਤੀ ਗਈ ਅਤੇ ਗ੍ਰਾਮ ਪੰਚਾਇਤ ਦੇ ਸਰਪੰਚ ਅਹੁਦੇ ਦੀ ਚੋਣ ਕਰਨ ਲਈ ਵਿਚਾਰ ਚਰਚਾ ਕਰਨ ਉਪਰੰਤ ਪਿੰਡ ਵਾਸੀਆ ਵੱਲੋਂ ਸਰਬਸੰਮਤੀ ਨਾਲ ਸਰਪੰਚ ਦੀ ਚੋਣ ਕਰਦੇ ਬੇਅੰਤ ਕੰਬੋਜ ਦਾ ਨਾਮ ਪੇਸ਼ ਕੀਤਾ ਗਿਆ, ਜਿਸ 'ਤੇ ਪਿੰਡ ਵਾਸੀਆ ਵੱਲੋਂ ਬੇਅੰਤ ਕੰਬੋਜ ਨੂੰ ਸਰਬਸੰਮਤੀ ਨਾਲ ਸਰਪੰਚ ਅਹੁਦੇ ਦੀ ਚੋਣ ਕਰਨ ਦਾ ਫ਼ੈਸਲਾ ਕੀਤਾ ਗਿਆ ਤੇ ਅਗਲੀ ਕਾਨੂੰਨੀ ਪ੍ਰਕ੍ਰਿਆ ਕਰਦੇ ਹੋਏ ਬੇਅੰਤ ਕੰਬੋਜ ਨੂੰ ਸਰਪੰਚ ਚੁਣਿਆ ਜਾਵੇਗਾ। ਪਿੰਡ ਵਾਸੀਆਂ ਵੱਲੋਂ ਲਏ ਗਏ ਉਕਤ ਫੈਸਲੇ 'ਤੇ ਨਵਨਿਯੁਕਤ ਸਰਪੰਚ ਬੇਅੰਤ ਕੰਬੋਜ ਨੂੰ ਵਧਾਈ ਦਿੱਤੀ ਗਈ। ਪਿੰਡ ਗੁੰਮਾਨੀਵਾਲਾ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਅਹੁਦੇ ਲਈ ਚੁਣੇ ਗਏ ਬੇਅੰਤ ਕੰਬੋਜ ਨੇ ਕਿਹਾ ਕਿ ਉਹ ਸਰਪੰਚ ਦਾ ਅਹੁਦਾ ਸੰਭਾਲਣ ਉਪਰੰਤ ਪਿੰਡ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

ਉਧਰ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਦੇਵਰਾਜ ਸ਼ਰਮਾ, ਕ੍ਰਿਸ਼ਨ ਲਾਲ ਸਾਬਕਾ ਸਰਪੰਚ, ਮੁਨਸ਼ੀ ਰਾਮ, ਸੰਦੀਪ ਕੁਮਾਰ ਵੱਲੋਂ ਪਿੰਡ ਗੁੰਮਾਨੀਵਾਲਾ ਦੇ ਲੋਕਾਂ ਵੱਲੋਂ ਸਰਬਸੰਮਤੀ ਨਾਲ ਬੇਅੰਤ ਕੰਬੋਜ ਨੂੰ ਸਰਪੰਚ ਚੁਣਨ ਦੇ ਫੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਹਰੇਕ ਪਿੰਡਾਂ ਦੇ ਲੋਕਾਂ ਨੂੰ ਇਸ ਤਰ੍ਹਾਂ ਦੇ ਫ਼ੈਸਲੇ ਲੈਣਾ ਚਾਹੀਦਾ ਹੈ, ਜਿਸ ਨਾਲ ਜਿੱਥੇ ਪਿੰਡ ਪੱਧਰ ਤੇ ਆਪਸੀ ਭਾਈਚਾਰਕ ਸਾਂਝ ਬਣੀ ਰਹੇਗੀ, ਉਥੇ ਹੀ ਪਿੰਡ ਵਿਕਾਸ ਵੱਲ ਵਧੇਗਾ। ਚੇਅਰਮੈਨ ਦੇਵ ਰਾਜ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਸਰਬਸੰਮਤੀ ਨਾਲ ਚੁਣੀ ਜਾਣ ਵਾਲੀ ਗ੍ਰਾਮ ਪੰਚਾਇਤ ਨੂੰ ਸਰਕਾਰ ਵੱਲੋਂ 5 ਲੱਖ ਰੁਪਏ ਇਨਾਮ ਵਜੋਂ ਦਿੱਤਾ ਜਾਵੇਗਾ, ਜੋ ਪਿੰਡ ਦੇ ਵਿਕਾਸ 'ਤੇ ਲਗਾਏ ਜਾਣਗੇ।

## ਬੀ ਐੱਫ ਯੂ ਐੱਚ ਐੱਸ ਨੂੰ ਇੰਟਰਨੈਸ਼ਨਲ ਗ੍ਰੀਨ 'ਵਰਸਿਟੀ ਐਵਾਰਡ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ, ਪੰਜਾਬ ਨੂੰ ਵੱਕਾਰੀ ਇੰਟਰਨੈਸ਼ਨਲ ਗ੍ਰੀਨ ਯੂਨੀਵਰਸਿਟੀ ਐਵਾਰਡ-2024 ਨਾਲ ਸਨਮਾਨਤ ਕੀਤਾ ਗਿਆ ਹੈ।ਇਹ ਸਨਮਾਨ ਯੂਨੀਵਰਸਿਟੀ ਦੀ ਵਾਤਾਵਰਨ ਸਥਿਰਤਾ ਤੇ ਇਸ ਦੀਆਂ ਸਰਗਰਮ ਪਹਿਲਕਦਮੀਆਂ ਪ੍ਰਤੀ ਬੇਮਿਸਾਲ ਵਚਨਬੱਧਤਾ ਨੂੰ ਮਾਨਤਾ ਦਿੰਦਾ ਹੈ।ਇੱਕ ਹਰੇ ਭਰੇ ਭਵਿੱਖ ਨੂੰ ਉਤਸ਼ਾਹਤ ਕਰਨ ਲਈ ਖਾਸ ਤੌਰ 'ਤੇ ਬੀ ਐੱਫ ਯੂ ਐੱਚ ਐੱਸ ਇਹ ਵਿਲੱਖਣ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਮੈਡੀਕਲ ਯੂਨੀਵਰਸਿਟੀ ਹੈ।

ਪੁਰਸਕਾਰ ਸਮਾਰੋਹ 8ਵੀਂ ਐੱਨ ਵਾਈ ਸੀ ਗ੍ਰੀਨ ਸਕੂਲ ਕਾਨਫਰੰਸ 2024 ਵਿੱਚ ਹੋਇਆ, ਜੋਕਿ 79ਵੀਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮੌਕੇ ਤੇ 23-24 ਸਤੰਬਰ, 2024 ਨੂੰ ਨਿਊਯਾਰਕ ਸਿਟੀ ਵਿੱਚ ਕਲਾਈਮੇਟ ਵੀਕ ਦੌਰਾਨ ਕੀਤਾ ਗਿਆ ਸੀ। ਸਮਾਗਮ ਗ੍ਰੀਨ ਮੈਂਟੋਰਸ ਦੁਆਰਾ ਕੀਤਾ ਗਿਆ ਸੀ, ਜੋ ਸੰਯੁਕਤ ਰਾਸ਼ਟਰ ਦੀ ਆਰਥਿਕ ਤੇ ਸਮਾਜਿਕ ਪ੍ਰੀਸ਼ਦ ਵਿੱਚ ਵਿਸ਼ੇਸ਼ ਸਲਾਹਕਾਰ ਰੁਤਬਾ ਰੱਖਦੇ ਹਨ। ਇਹ ਸਮਾਗਮ ਆਲੀ ਐੱਲ ਆਰ ਸਕੂਲ ਐੱਨ ਵਾਈ ਸੀ ਕਾਨਫਰੰਸ ਸੈਂਟਰ, ਕਾਰਨੇਲ ਯੂਨੀਵਰਸਿਟੀ, 570 ਲੈਕਸਿੰਗਟਨ ਐਵੇਨਿਊ, ਨਿਊਯਾਰਕ ਵਿਖੇ ਕੀਤਾ ਗਿਆ ਸੀ।ਕਾਨਫਰੰਸ ਵਿੱਚ ਬੀ ਐੱਫ ਯੂ ਐੱਚ ਐੱਸ ਦੇ ਵਾਈਸ ਚਾਂਸਲਰ ਪ੍ਰੋ: ਡਾ: ਰਾਜੀਵ ਸੂਦ ਨੇ ਨਿੱਜੀ ਤੌਰ 'ਤੇ ਪੁਰਸਕਾਰ ਪ੍ਰਾਪਤ ਕੀਤਾ।

ਪੁਰਸਕਾਰ ਸਮਾਰੋਹ ਵਿੱਚ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਯੂਨੈਸਕੋ ਦੇ ਨੁਮਾਇੰਦੇ ਬੋਸੇਨ ਲਿਲੀ ਲਿਊ ਅਤੇ ਐੱਨ ਵਾਈ ਸੀ ਮੇਅਰ ਆਫਿਸ ਫਾਰ ਇੰਟਰਨੈਸ਼ਨਲ ਅਫੇਅਰਜ਼ ਦੇ ਕਮਿਸ਼ਨਰ, ਜਿਨ੍ਹਾਂ ਨੇ ਮੁੱਖ ਮਹਿਮਾਨ ਵਜੋਂ ਸੇਵਾ ਨਿਭਾਈ। ਬੀ ਐੱਫ ਯੂ ਐੱਚ ਐੱਸ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਇਹ ਮਾਨਤਾ ਸਥਿਰਤਾ ਲਈ ਸਾਡੀ ਨਿਰੰਤਰ ਵਚਨਬੱਧਤਾ ਦਾ ਇੱਕ ਮਹੱਤਵਪੂਰਨ ਪ੍ਰਮਾਣ ਹੈ।ਸਾਨੂੰ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਪਹਿਲੀ ਮੈਡੀਕਲ ਯੂਨੀਵਰਸਿਟੀ ਦੇ ਤੌਰ 'ਤੇ ਅਗਵਾਈ ਕਰਨ ਅਤੇ ਸਾਡੇ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਵਾਤਾਵਰਨ ਪ੍ਰਬੰਧਕ ਬਣਨ ਲਈ ਪ੍ਰੇਰਿਤ ਕਰਦੇ ਹੋਏ ਕੈਂਪਸ ਵਿੱਚ ਵਾਤਾਵਰਨ-ਅਨੁਕੂਲ ਅਭਿਆਸਾਂ ਨੂੰ ਉਤਸ਼ਾਹਤ ਕਰਨ ਲਈ ਸਮਰਪਤ ਰਹਿਣ 'ਤੇ ਮਾਣ ਹੈ।

29-SEP-PAGE-5.qxd 9/28/2024 11:05 PM Page 1



# ਕਮਿਊਨਿਸਟਾਂ ਨੇ ਮਨਾਇਆ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ

- ਭਰਾਤਰੀ ਜਥੇਬੰਦੀਆਂ ਦੇ ਸੈਂਕੜੇ ਸਾਥੀ ਹੋਏ ਸੀ ਪੀ ਆਈ 'ਚ ਸ਼ਾਮਲ
- ਹਰਦੇਵ ਅਰਸ਼ੀ ਤੇ ਸਾਥੀਆਂ ਵੱਲੋਂ ਜ਼ੋਰਦਾਰ ਸਵਾਗਤ



**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਸ਼ਹੀਦੇ ਆਜ਼ਮ ਸ੍. ਭਗਤ ਸਿੰਘ ਦਾ ਜਨਮ ਦਿਹਾੜਾ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਜੋਸ਼ੋ ਖਰੋਸ਼ ਤੇ ਇਨਕਲਾਬੀ ਨਾਅਰਿਆਂ ਨਾਲ ਸਥਾਨਕ ਚਿਲਡਰਨ ਪਾਰਕ ਵਿਖੇ ਮਨਾਇਆ ਗਿਆ।ਇਸ ਪ੍ਰੋਗਰਾਮ ਮੌਕੇ ਸਾਥੀ ਮਿੱਠੂ ਸਿੰਘ ਘੁੱਦਾ ਤੇ ਦਰਸ਼ਨ ਸਿੰਘ ਫੁੱਲੋ ਮਿੱਠੀ ਦੀ ਅਗਵਾਈ ਵਿੱਚ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਤੋਂ ਅਸਤੀਫਾ ਦੇ ਕੇ ਲਗਭਗ 200 ਸਾਥੀ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਏ। ਇਨ੍ਹਾਂ ਸਾਥੀਆਂ ਦਾ ਕਾਮਰੇਡ ਹਰਦੇਵ ਸਿੰਘ ਅਰਸ਼ੀ ਸਾਬਕਾ ਸੂਬਾ ਸਕੱਤਰ ਤੇ ਮੈਂਬਰ ਨੈਸ਼ਨਲ ਕੌਂਸਲ ਭਾਰਤੀ ਕਮਿਊਨਿਸਟ ਪਾਰਟੀ, ਜ਼ਿਲ੍ਹਾ ਸਕੱਤਰ ਬਲਕਰਨ ਸਿੰਘ ਬਰਾੜ, ਕਿਸਾਨ ਆਗੂ ਹਰਨੇਕ ਸਿੰਘ ਆਲੀਕੇ, ਐਡਵੋਕੇਟ ਸਰਜੀਤ ਸਿੰਘ ਸੋਹੀ, ਜਸਵੀਰ ਕੌਰ ਸਰਾਂ ਤੇ ਨੈਬ ਸਿੰਘ ਔਲਖ ਨੇ ਜ਼ੋਰਦਾਰ ਸਵਾਗਤ ਕੀਤਾ।ਇਸ ਮੌਕੇ ਬੋਲਦਿਆਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਦੇਸ਼ ਅੰਦਰ ਪਿਛਲੇ 10 ਸਾਲ ਤੋਂ ਤਾਨਾਸ਼ਾਹੀ ਤੇ ਕਾਰਪੋਰੇਟ ਦਾ ਰਾਜ ਚੱਲ ਰਿਹਾ ਹੈ, ਜਿਸ ਵਿੱਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਦਲਿਤਾਂ ਤੇ ਔਰਤਾਂ ਉੱਪਰ ਬਹੁਤ ਜ਼ੁਲਮ ਹੋ ਰਹੇ ਹਨ।ਅਜਿਹੇ ਸਮੇਂ 'ਤੇ ਖੱਬੇ ਪੱਖੀ ਵਿਚਾਰਧਾਰਾ ਜਿਸ ਉੱਪਰ ਚਲਦਿਆਂ ਸ਼ਹੀਦੇ ਆਜ਼ਮ ਸ੍. ਭਗਤ ਸਿੰਘ ਨੇ ਕੁਰਬਾਨੀ ਦੇ ਕੇ ਦੇਸ਼ ਦੇ ਲੋਕਾਂ ਨੂੰ ਅੰਗਰੇਜ਼ੀ ਰਾਜ ਤੋਂ ਮੁਕਤੀ ਦਿਵਾਈ, ਉਸ ਵਿਚਾਰਧਾਰਾ ਨੂੰ ਅੱਜ ਮੁੜ ਮਜ਼ਬੂਤ ਕਰਨ ਦੀ ਲੋੜ ਹੈ।ਖੱਬੇ ਪੱਖੀ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਇਕੱਠੇ ਹੋ ਕੇ ਦੇਸ਼ ਅੰਦਰ ਆਰ ਐੱਸ ਐੱਸ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਚਲਾਈ ਜਾ ਰਹੀ ਸਰਕਾਰ ਜਿਹੜੀ ਕਿ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਉੱਪਰ ਲਗਾਤਾਰ ਹਮਲੇ ਕਰ ਰਹੀ ਹੈ, ਵਿਰੁੱਧ ਇੱਕ ਮੁੱਠ ਹੋ ਕੇ ਸੰਘਰਸ਼ ਲੜਨ।ਇਸ ਸਮੇਂ ਜੁੜੇ ਹੋਏ ਸਾਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਬਲਕਰਨ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਜਿਹੜੀ ਕਿ ਬਦਲਾਅ ਦੇ ਨਾਂ 'ਤੇ ਸੱਤਾ ਵਿੱਚ ਆਈ ਸੀ, ਲੋਕਾਂ ਦਾ ਕੋਈ ਵੀ ਮੁੱਦਾ ਹੱਲ ਕਰਨ ਵਿੱਚ ਫੇਲ੍ਹ ਸਾਬਿਤ ਹੋਈ ਹੈ।ਹਰ ਪਾਸੇ ਜਵਾਨੀ ਨਸ਼ੇ ਦਾ ਸ਼ਿਕਾਰ ਹੋ ਰਹੀ ਹੈ।ਬੇਰੁਜ਼ਗਾਰ ਨੌਜਵਾਨ ਜ਼ਮੀਨ ਤੇ ਘਰ ਤੱਕ ਵੇਚ ਕੇ, ਕਰਜ਼ਾ ਚੁੱਕ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ ਤੇ ਉੱਥੇ ਮਾਨਸਿਕ ਤਨਾਅ ਦੇ ਚਲਦਿਆਂ ਆਪਣੀਆਂ ਜ਼ਿੰਦਗੀਆਂ ਗਵਾ ਰਹੇ ਹਨ, ਪ੍ਰੰਤੂ ਮੁੱਖ ਮੰਤਰੀ ਕੁਰਸੀ ਦੇ ਨਸ਼ੇ ਵਿੱਚ ਝੂਮ ਕੇ, ਲੋਕਾਂ ਨੂੰ ਚੁਟਕਲੇ ਸੁਣਾ ਕੇ ਖਾਨਾਪੂਰਤੀ ਕਰ ਰਿਹਾ ਹੈ।

ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਾਥੀ ਮਿੱਠੂ ਸਿੰਘ ਘੁੱਦਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਮਜ਼ਦੂਰ ਜਮਾਤ ਦੀ ਬੰਦ ਖਲਾਸੀ ਲਈ ਪਿੰਡ ਪਿੰਡ ਜਾ ਕੇ ਮਜ਼ਦੂਰਾਂ ਨੂੰ ਚੇਤਨ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਸਾਡੀ ਮਾਂ ਪਾਰਟੀ ਹੈ, ਜਿਸ ਦੇ ਝੰਡੇ ਥੱਲੇ ਅਸੀਂ ਸਮਾਜ ਦੇ ਦੱਬੇ ਕੁਚਲੇ ਲੋਕਾਂ ਲਈ ਇੱਕ ਮੁੱਠ ਹੋ ਕੇ ਸੰਘਰਸ਼ ਕਰਾਂਗੇ।

ਇਸ ਸਮੇਂ ਉਨ੍ਹਾਂ ਨਾਲ ਬਹੁਤ ਸਾਰੇ ਜ਼ਿਲ੍ਹਾ ਪੱਧਰ ਦੇ ਅਹੁਦੇਦਾਰ ਸਾਥੀ, ਜਿਨ੍ਹਾਂ ਵਿੱਚ ਕੁਲਵੰਤ ਸਿੰਘ ਦਾਨ ਸਿੰਘ ਵਾਲਾ, ਸੁਖਦੇਵ ਸਿੰਘ ਨਥਾਣਾ, ਮੱਖਣ ਸਿੰਘ ਤਲਵੰਡੀ, ਗੁਲਜਾਰ ਸਿੰਘ ਬਡਿਆਲਾ, ਕੂਕਾ ਸਿੰਘ ਨਥਾਣਾ, ਸੁਖਦੇਵ ਸਿੰਘ ਰਾਜਗੜ੍ਹ ਕੁੱਬੇ, ਮੇਜਰ ਸਿੰਘ ਤੁੰਗਵਾਲੀ, ਰਜਿੰਦਰ ਸਿੰਘ ਸੰਦੋਹਾ, ਦਰਸ਼ਨ ਸਿੰਘ ਕੁੱਤੀਵਾਲ, ਵੀਰ ਸਿੰਘ ਜੱਸੀ ਬਾਗਵਾਲੀ, ਬਾਗਾ ਸਿੰਘ ਬੰਬੀਹਾ, ਸ਼ੰਕਰ ਸਿੰਘ ਜੱਸੀ ਬਾਗਵਾਲੀ, ਦਰਸ਼ਨ ਸਿੰਘ ਬਾਜਕ, ਜਸਵੀਰ ਸਿੰਘ ਢੱਡੇ, ਦਰਸ਼ਨ ਸਿੰਘ ਭੂੰਦੜ, ਗੁਰਮੇਲ ਸਿੰਘ ਮਈਸਰਖਾਨਾ, ਕਾਕਾ ਸਿੰਘ ਮੁਹਾਲਾ, ਰਣਜੀਤ ਸਿੰਘ ਮਹਿਰਾਜ, ਪੂਰਨ ਸਿੰਘ ਗੁੰਮਟੀ, ਮੱਘਰ ਸਿੰਘ ਮਹਿਰਾਜ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਸਾਡਾ ਮਾਣ : ਰਾਜਾ ਵੜਿੰਗ



**ਲੁਧਿਆਣਾ (ਰਾਜ ਸਿੰਗਲਾ)**-ਕਾਂਗਰਸ ਕਮੇਟੀ ਪੰਜਾਬ ਦੇ ਪ੍ਰਧਾਨ ਤੇ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਸਾਥੀਆਂ ਸਮੇਤ ਜਗਰਾਵਾਂ ਪੁਲ ਵਿਖੇ ਸ਼ਹੀਦ-ਏ-ਆਜ਼ਮ ਸ੍. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਲੱਗੇ ਬੁੱਤਾਂ ਕੋਲ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡੇ ਸ਼ਹੀਦ ਸਾਡਾ ਮਾਣ ਹਨ ਤੇ ਰਹਿੰਦੀ ਦੁਨੀਆ ਤੱਕ ਸਾਡੇ ਸਮਾਜ ਨੂੰ ਪ੍ਰੇਰਨਾ ਦਿੰਦੇ ਰਹਿਣਗੇ, ਪਰ ਬੜੇ ਅਫ਼ਸੋਸ ਨਾਲ ਇਹ ਕਹਿਣਾ ਪੈ ਰਿਹਾ ਹੈ ਕਿ ਸ੍. ਭਗਤ ਸਿੰਘ ਜੀ ਦਾ ਨਾਮ ਵਰਤ ਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇਨ੍ਹਾਂ ਮਹਾਨ ਸ਼ਹੀਦਾਂ ਦੇ ਬੁੱਤਾਂ ਤੱਕ ਵੱਲ ਕੋਈ ਧਿਆਨ ਨਹੀਂ ਹੈ।ਅੱਜ ਸ੍. ਭਗਤ ਸਿੰਘ ਜੀ ਦੇ ਜਨਮ ਦਿਨ ਮੌਕੇ ਨਾ ਤਾਂ ਬੁੱਤਾਂ ਨੂੰ ਸ਼ਰਧਾਂਜਲੀ ਦੇਣ ਲਈ ਉੱਥੇ ਕੋਈ ਪੌੜੀ ਆਦਿ ਦੀ ਵਿਵਸਥਾ ਕੀਤੀ ਗਈ ਤੇ ਨਾ ਹੀ ਬੁੱਤਾਂ ਦੀ ਸਫ਼ਾਈ ਕਰਾਈ ਗਈ ਹੈ।ਬੜੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਸਾਡੇ ਮਹਾਨ ਸ਼ਹੀਦਾਂ ਨੂੰ ਅਣਗੌਲਿਆ ਕਰ ਰਹੀ ਹੈ ਤੇ ਸਾਡੇ ਮਹਾਨ ਵਿਰਸੇ ਨੂੰ ਵਿਸਾਰ ਰਹੀ ਹੈ।

## ਸੰਤ ਰਾਮ ਉਦਾਸੀ ਦੀ ਗੀਤ ਕਲਾ ਬਾਰੇ ਸਮਾਗਮ ਅੱਜ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਦੀ ਗੀਤ ਕਲਾ ਸਬੰਧੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਰਾਏਸਰ ਦੀ ਲਾਇਬ੍ਰੇਰੀ ਵਿਖੇ 29 ਸਤੰਬਰ ਨੂੰ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬਹੁਪੱਖੀ ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਡਾ. ਲਾਭ ਸਿੰਘ ਖੀਵਾ ਕਰਨਗੇ।ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ ਭੱਟੀ ਹੋਣਗੇ।ਡਾ. ਭੁਪਿੰਦਰ ਸਿੰਘ ਬੇਦੀ ਤੇ ਡਾ. ਹਰਭਗਵਾਨ ਉਦਾਸੀ ਦੀ ਗੀਤ ਕਲਾ ਬਾਰੇ ਵਿਚਾਰ ਪੇਸ਼ ਕਰਨਗੇ।ਇਸ ਮੌਕੇ ਸੰਤ ਰਾਮ ਉਦਾਸੀ ਦੀ ਸੁਪਤਨੀ ਨਸੀਬ ਕੌਰ ਦਾ ਸਨਮਾਨ ਵੀ ਕੀਤਾ ਜਾਵੇਗਾ।

# ਮਾਮਲਾ ਖਨੌਰੀ ਬਾਰਡਰ 'ਤੇ ਕਿਸਾਨ ਵੱਲੋਂ ਖ਼ੁਦਕੁਸ਼ੀ ਦਾ ਮੁਆਵਜ਼ੇ ਦੀ ਮੰਗ ਨੂੰ ਲੈ ਮਾਨਸਾ ਦਾ ਮੇਨ ਚੌਕ ਅਣਮਿੱਥੇ ਸਮੇਂ ਲਈ ਜਾਮ



**ਮਾਨਸਾ (ਰੀਤਵਾਲ)**-ਪਿਛਲੇ ਦਿਨੀਂ ਖਨੌਰੀ ਬਾਰਡਰ 'ਤੇ ਕਿਸਾਨ ਅੰਦੋਲਨ ਦੌਰਾਨ ਮਾਨਸਾ ਜ਼ਿਲ੍ਹੇ ਦੇ ਪਿੰਡ ਠੂਠਿਆਂਵਾਲੀ ਦੇ ਕਿਸਾਨ ਵੱਲੋਂ ਸੁਸਾਈਡ ਕੀਤੇ ਜਾਣ ਤੋਂ ਬਾਅਦ ਹੁਣ ਕਿਸਾਨ ਜਥੇਬੰਦੀਆਂ ਵੱਲੋਂ ਪਰਵਾਰ ਦੇ ਲਈ 25 ਲੱਖ ਰੁਪਏ ਸਰਕਾਰ ਤੋਂ ਆਰਥਿਕ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਅੱਜ ਮਾਨਸਾ ਦੇ ਪਟਿਆਲਾ ਬਠਿੰਡਾ ਤੇ ਲੁਧਿਆਣਾ ਸਰਸਾ ਚੌਕ ਵਿੱਚ ਕਿਸਾਨਾਂ ਵੱਲੋਂ ਧਰਨਾ ਲਾ ਕੇ ਪੰਜਾਬ ਸਰਕਾਰ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਧਰਨੇ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਤੇ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਕਿਸਾਨੀ ਮਸਲਿਆਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਚੱਲ ਰਹੇ ਕਿਸਾਨੀ ਅੰਦੋਲਨ ਦੌਰਾਨ 24 ਸਤੰਬਰ ਨੂੰ ਖਨੌਰੀ ਬਾਰਡਰ 'ਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਠੂਠਿਆਂਵਾਲੀ ਦਾ ਕਿਸਾਨ ਗੁਰਮੀਤ ਸਿੰਘ ਸੁਸਾਈਡ ਕਰ ਗਿਆ ਸੀ, ਜਿਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਉਕਤ ਕਿਸਾਨ ਦੇ ਪਰਿਵਾਰ ਲਈ ਸਰਕਾਰ ਤੋਂ ਮੁਆਵਜ਼ਾ ਰਾਸ਼ੀ ਦੀ ਮੰਗ ਕੀਤੀ ਜਾ ਰਹੀ ਹੈ।

ਸਰਕਾਰ ਵੱਲੋਂ ਇਸ ਮਸਲੇ 'ਤੇ ਅਜੇ ਤੱਕ ਕੋਈ ਸਹਿਮਤੀ ਨਾ ਬਣਨ ਦੇ ਰੋਸ ਵਜੋਂ ਅੱਜ ਕਿਸਾਨ ਜਥੇਬੰਦੀਆਂ ਵੱਲੋਂ ਮਾਨਸਾ ਦੇ ਪਟਿਆਲਾ ਬਠਿੰਡਾ ਤੇ ਲੁਧਿਆਣਾ ਸਰਸਾ ਵਾਲੇ ਮੇਨ ਚੌਕ ਵਿੱਚ ਧਰਨਾ ਪ੍ਰਦਰਸ਼ਨ ਕੀਤਾ ਗਿਆ।ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਜਗਦੇਵ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਕਿਸਾਨੀ ਅੰਦੋਲਨ ਵਿੱਚ 13 ਫਰਵਰੀ ਤੋਂ ਲਗਾਤਾਰ ਸੰਘਰਸ਼ ਦਾ ਹਿੱਸਾ ਬਣੇ ਹੋਏ ਮਾਨਸਾ ਜ਼ਿਲ੍ਹੇ ਦੇ ਪਿੰਡ ਠੂਠਿਆਂਵਾਲੀ ਦੇ ਕਿਸਾਨ ਗੁਰਮੀਤ ਸਿੰਘ ਜੋ ਕਿ ਬੇਜ਼ਮੀਨਾ ਹੈ ਤੇ ਉਸ ਦੇ ਪਰਿਵਾਰ ਵਿੱਚ ਇੱਕ ਧੀ ਜੋ ਵਿਆਹੁਣਯੋਗ ਹੈ ਤੇ ਪਰਿਵਾਰ ਦੀ ਆਰਥਿਕ ਸਥਿਤੀ ਚੰਗੀ ਨਾ ਹੋਣ ਦੇ ਚਲਦਿਆਂ ਕਿਸਾਨ ਜਥੇਬੰਦੀ ਵੱਲੋਂ ਮ੍ਰਿਤਕ ਕਿਸਾਨ ਦੇ ਪਰਿਵਾਰ ਲਈ 25 ਲੱਖ ਰੁਪਏ ਮੁਆਵਜ਼ੇ ਦੀ ਮੰਗ ਤੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਅਧਿਕਾਰੀਆਂ ਦੇ ਨਾਲ ਮੀਟਿੰਗ ਹੋਈ ਸੀ, ਜੋ ਕਿ ਬੇਸਿੱਟਾ ਰਹੀ ਸੀ।

ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਜਦੋਂ ਤੱਕ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਬਣਦਾ ਮੁਆਵਜ਼ਾ ਰਾਸ਼ੀ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਅਣਮਿਥੇ ਸਮੇਂ ਦੇ ਲਈ ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਦੇ ਖਿਲਾਫ ਧਰਨਾ ਪ੍ਰਦਰਸ਼ਨ ਜਾਰੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਕਮੇਟੀ ਮੈਂਬਰ ਗੁਰਚਰਨ ਸਿੰਘ ਭੀਖੀ, ਬਲਾਕ ਮਾਨਸਾ ਦੇ ਪ੍ਰਧਾਨ ਦੀਦਾਰ ਸਿੰਘ ਖਾਰਾ, ਬਲਾਕ ਬਲਾਡਾ ਦੇ ਪ੍ਰਧਾਨ ਨੂੰ ਗੁਰਜੀਤ ਸਿੰਘ ਟਾਲੀਆਂ, ਬਲਾਕ ਝਨੀਰ ਦੇ ਪ੍ਰਧਾਨ ਬਲਵੀਰ ਸਿੰਘ ਝੰਡੂਕੇ, ਗੁਰਮੁੱਖ ਸਿੰਘ ਸੱਦਾ ਸਿੰਘ ਵਾਲਾ, ਬਿੱਟੂ ਸਿੰਘ ਖੋਖਰ ਖੁਰਦ, ਟਰੈਕਟਰ ਟਰਾਲੀ ਯੂਨੀਅਨ ਮਾਨਸਾ ਦੇ ਪ੍ਰਧਾਨ ਗੁਰਸੇਵਕ ਸਿੰਘ ਰੱਲਾ, ਕਰਮਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਤਾਮਕੋਟ, ਸਿਕੰਦਰ ਸਿੰਘ ਭੈਣੀ ਬਾਘਾ, ਸੁਖਦੇਵ ਸਿੰਘ ਕੋਟਲੀ ਆਦਿ ਕਿਸਾਨ ਆਗੂ ਹਾਜ਼ਰ ਸਨ।

## ਕਾਤਰਾਂ

### ਵਿਦੇਸ਼ ਕਾਲਜ 'ਚ ਫੀਸ ਦੇਣ ਦਾ ਝਾਂਸਾ ਦੇ ਕੇ 15 ਲੱਖ ਠੱਗੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਪਿੰਡ ਫੇਮੇਕੀ ਦੀ ਇੱਕ ਵਿਅਕਤੀ ਨਾਲ 15 ਲੱਖ 92 ਹਜ਼ਾਰ 239 ਰੁਪਏ ਦੀ ਠੱਗੀ ਮਾਰਨ ਵਾਲੇ ਵਿਅਕਤੀ ਖਿਲਾਫ਼ ਧੋਖਾਧੜੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਧਰਮਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਖਾਈ ਫੇਮੇਕੀ ਨੇ ਦੱਸਿਆ ਕਿ ਕਥਿਤ ਦੋਸ਼ੀ ਅਸ਼ੀਸ਼ ਸ਼ਰਮਾ ਪੁੱਤਰ ਰਾਜ ਕੁਮਾਰ ਸ਼ਰਮਾ ਵਾਸੀ ਰਿਖੀ ਕਾਲੋਨੀ ਬੈਕਸਾਈਡ ਕ੍ਰਿਸ਼ਨਾ ਰਿਜ਼ੋਰਟ ਫ਼ਿਰੋਜ਼ਪੁਰ ਸਿਟੀ ਨੇ ਉਸ ਦੇ ਪੁੱਤਰ ਅਪਰਮ ਸੰਧੂ ਨੂੰ ਕੈਨੇਡਾ ਦੇ ਇੱਕ ਕਾਲਜ ਵਿੱਚ ਫੀਸ ਭਰਨ ਦਾ ਝਾਂਸਾ ਦੇ ਕੇ 15,92,239 ਰੁਪਏ ਦੀ ਠੱਗੀ ਮਾਰੀ ਹੈ।ਮਾਮਲੇ ਦੀ ਜਾਂਚ ਕਰ ਰਹੇ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਨਿੱਤ ਦਿਨ ਹੋ ਰਹੀਆਂ ਚੋਰੀਆਂ ਕਾਰਨ ਲੋਕਾਂ 'ਚ ਸਹਿਮ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਕਸਬੇ ਅੰਦਰ ਜਿੱਥੇ ਚੋਰੀਆਂ ਨੂੰ ਲੈ ਕੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ, ਉੱਥੇ ਹੀ ਪੱਤੀ ਦੁੱਲਟ ਦੇ ਵਸਨੀਕ ਢਾਡੀ ਬਲਦੇਵ ਸਿੰਘ ਬਿੱਲੂ ਦੇ ਘਰ ਚੋਰੀ ਹੋਣ ਦਾ ਵੀ ਸਮਾਚਾਰ ਪ੍ਰਾਪਤ ਹੋਇਆ ਹੈ।ਪੀੜਤ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਘਰ ਆਪਣੀ ਲੜਕੀ ਦਾ ਵਿਆਹ ਰੱਖਿਆ ਹੋਇਆ ਹੈ ਤੇ ਇਹ ਘਟਨਾ ਪਿਛਲੇ ਦਿਨਾਂ ਦੀ ਹੈ ਅਤੇ ਉਸ ਦੇ ਘਰ ਪੱਤੀ ਦੁੱਲਟ ਲੌਂਗੋਵਾਲ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕੀਤੀ ਗਈ ਹੈ। ਪੀੜਤ ਦਾ ਕਹਿਣਾ ਹੈ ਕਿ ਜਦੋਂ ਉਸ ਨੇ ਸਵੇਰੇ ਵੇਖਿਆ ਤਾਂ ਸਾਰਾ ਸਾਮਾਨ ਇੱਧਰ-ਉੱਧਰ ਖਿੱਲਰਿਆ ਪਿਆ ਸੀ ਤੇ ਅਲਮਾਰੀ ਵਿੱਚ ਪਏ 55,000 ਰੁਪਏ ਨਕਦ ਤੇ ਕੁੱਝ ਵਿਆਹ ਦਾ ਕੀਮਤੀ ਸਾਮਾਨ ਚੋਰੀ ਹੋ ਗਿਆ ਹੈ ਅਤੇ ਦੋ ਸੋਨੇ ਦੀਆਂ ਮੁੰਦਰੀਆਂ ਵੀ ਗਾਇਬ ਸਨ।ਬਲਦੇਵ ਸਿੰਘ ਦਾ ਕਹਿਣਾ ਹੈ ਕਿ ਉਸ ਵੱਲੋਂ ਇਸ ਦੀ ਰਿਪੋਰਟ ਥਾਣਾ ਲੌਂਗੋਵਾਲ ਵਿਖੇ ਦਰਜ ਕਰਵਾ ਦਿੱਤੀ ਗਈ ਹੈ।

### ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਵੱਲੋਂ ਦੁਕਾਨਾਂ ਦੀ ਚੈਕਿੰਗ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਲੋਕਾਂ ਨੂੰ ਮਿਆਰੀ, ਮਿਲਾਵਟ ਰਹਿਤ ਤੇ ਸਾਫ-ਸੁਥਰੀਆਂ ਵਸਤਾਂ ਖਾਣ ਨੂੰ ਮਿਲਣ, ਇਸ ਕਰਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਦੇ ਅਧਿਕਾਰੀ ਮਿਠਾਈਆਂ ਤੇ ਖਾਣ-ਪੀਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕਰ ਰਹੇ ਹਨ।ਫੂਡ ਸੇਫਟੀ ਵਿਭਾਗ ਦੇ ਅਧਿਕਾਰੀਆਂ ਨੇ ਦੁਕਾਨਦਾਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਉੱਚ ਗੁਣਵਤਾ ਵਾਲੀਆਂ ਵਸਤਾਂ ਹੀ ਮੁਹੱਈਆ ਕਰਵਾਈਆਂ ਜਾਣ।ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਨੂੰ ਖਿਲਵਾੜ ਕਰਨ ਦਾ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਤਿਉਹਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇਸ਼ ਸਾਵਧਾਨੀ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਦੁਕਾਨਦਾਰ ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਸ਼ਹੀਦ ਭਗਤ ਸਿੰਘ ਦੇ ਜਨਮ ਨੂੰ ਸਮਰਪਤ ਖ਼ੂਨਦਾਨ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਮਹਾਨ ਦੇਸ਼ ਭਗਤ ਸ਼ਹੀਦੇ ਆਜ਼ਮ ਸ੍. ਭਗਤ ਸਿੰਘ ਦੇ ਜਨਮ ਦਿਵਸ ਮੌਕੇ ਨਿਊ ਪੰਜਾਬ ਕਲੀਨੀਕਲ ਲੈਬੋਰਟਰੀ ਵੱਲੋਂ ਸ਼ਹੀਦ ਉਧਮ ਸਿੰਘ ਯੂਥ ਕਲੱਬ ਪਾਤੜਾਂ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਟੈਕਸੀ ਸਟੈਂਡ ਯੂਨੀਅਨ ਦੇ ਸਹਿਯੋਗ ਨਾਲ ਗਿਆਰਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਕਿਸ਼ਨ ਮੈਮੋਰੀਅਲ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਕਰਨ ਭਟਨਾਗਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਕੈਂਪ ਦੌਰਾਨ ਡਾਕਟਰ ਕੇ ਕੇ ਜੌਹਰੀ ਬਲੱਡ ਬੈਂਕ ਸਮਾਣਾ ਦੀ ਟੀਮ ਵੱਲੋਂ 101 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।

ਖ਼ੂਨਦਾਨੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾਕਟਰ ਕਰਨ ਭਟਨਾਗਰ ਨੇ ਕਿਹਾ ਕਿ ਅਜੋਕੇ ਸਮੇਂ ਦੌਰਾਨ ਦਿਨੋਂ ਦਿਨ ਵਧਦੇ ਸੜਕ ਹਾਦਸਿਆਂ ਤੇ ਗੰਭੀਰ ਬਿਮਾਰੀਆਂ ਦੇ ਵਧਦੇ ਪ੍ਰਚਲਨ ਕਰਕੇ ਕਈ ਵਾਰ ਕਈ ਕੀਮਤੀ ਜਾਨਾਂ ਖ਼ੂਨ ਦੀ ਕਮੀ ਕਾਰਨ ਅਜਾਈਂ ਚਲੀਆਂ ਜਾਂਦੀਆਂ ਹਨ।ਇਨ੍ਹਾਂ ਕੀਮਤੀ ਜਾਨਾਂ ਨੂੰ ਦਾਨ ਕੀਤਾ ਗਿਆ ਖ਼ੂਨ ਹੀ ਬਚਾ ਸਕਦਾ ਹੈ, ਕਿਉਂਕਿ ਮਨੁੱਖੀ ਖ਼ੂਨ ਇੱਕ ਅਜਿਹੀ ਵਸਤੂ ਹੈ, ਜਿਸ ਨੂੰ ਹਾਲੇ ਤੱਕ ਕਿਸੇ ਵੀ ਫੈਕਟਰੀ ਵਿੱਚ ਤਿਆਰ ਨਹੀਂ ਕੀਤਾ ਜਾ ਸਕਿਆ।ਉਨ੍ਹਾਂ ਦੱਸਿਆ ਕਿ ਕੋਈ ਵੀ ਸਿਹਤਮੰਦ ਵਿਅਕਤੀ ਹਰ ਤਿੰਨ ਮਹੀਨਿਆਂ ਬਾਅਦ ਆਪਣਾ ਖ਼ੂਨ ਦਾਨ ਕਰ ਸਕਦਾ ਹੈ।

ਇਸ ਦੌਰਾਨ ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਨਿਊ ਪੰਜਾਬ ਲੈਬੋਰੇਟਰੀ ਦੇ ਐੱਮ ਡੀ ਜਗਤਿੰਦਰ ਸਿੰਘ ਬਣਵਾਲਾ ਤੇ ਜਗਦੀਪ ਸਿੰਘ ਕੈਂਪ ਵਿੱਚ ਹਰ ਸਾਲ ਵੱਧ ਚੜ੍ਹ ਕੇ ਹਿੱਸਾ ਪਾਉਣ ਵਾਲੇ ਗਿੱਲ ਪਰਿਵਾਰ, ਆਏ ਮਹਿਮਾਨਾਂ ਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਗਿੱਲ, ਹਰਜੀਵਨ ਸਿੰਘ, ਸ਼ਹੀਦ ਉਧਮ ਸਿੰਘ ਯੂਥ ਕਲੱਬ ਦੇ ਪ੍ਰਧਾਨ ਅਮਨਜੀਤ ਸਿੰਘ ਮੌਲਵੀਵਾਲਾ, ਜਨਰਲ ਸਕੱਤਰ ਨਿਸ਼ਾਨ ਸਿੰਘ ਬਣਵਾਲਾ, ਰਣਧੀਰ ਸਿੰਘ ਚੌਹਾਨ, ਹਰਪ੍ਰੀਤ ਸਿੰਘ ਚਹਿਲ, ਕਰਮਜੀਤ ਸਿੰਘ ਪਾਤੜ, ਮੇਜਰ ਸਿੰਘ ਮਣੀ, ਰੇਸ਼ਮ ਮਹਿਤਾ, ਸਰਬਜੀਤ ਸਿੰਘ, ਇੰਦਰਜੀਤ ਸ਼ਰਮਾ, ਦਲਜੀਤ ਸਿੰਘ ਆਦਿ ਹਾਜ਼ਰ ਸਨ।

## ਸਰਕਾਰ ਝੋਨੇ ਦੀ ਖਰੀਦ ਦੇ ਜਲਦੀ ਪੁਖਤਾ ਪ੍ਰਬੰਧ ਕਰੇ : ਸੁਦਾਗਰ ਸਿੰਘ ਚਕਰ



**ਹਠੂਰ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਦਾਗਰ ਸਿੰਘ ਚਕਰ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਨਾਜ ਮੰਡੀਆਂ ਵਿੱਚ 1 ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਜਾਣੀ ਹੈ, ਪੰਜਾਬ ਦੀ ਮੌਜੂਦਾ ਮਾਨ ਸਰਕਾਰ ਵੱਲੋਂ ਹਾਲੇ ਤੱਕ ਮੰਡੀਆਂ ਵਿੱਚ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ।ਅਨਾਜ ਮੰਡੀਆਂ ਵਿੱਚ ਥਾਂ ਥਾਂ ਗੰਦਗੀ ਦੇ ਢੇਰ ਲੱਗੇ ਹੋਣ ਕਾਰਨ ਕਿਸਾਨਾਂ ਨੂੰ ਫਸਲ ਸੁੱਟਣ ਲਈ ਕੋਈ ਥਾਂ ਨਹੀਂ ਹੈ।ਸਰਕਾਰ ਦੇ ਇਸ ਮਾੜੇ ਪ੍ਰਬੰਧਾਂ ਤੋਂ ਕਿਸਾਨ ਪੂਰੇ ਦੁਖੀ ਹਨ।ਜੇ ਸਰਕਾਰ ਨੇ ਕਿਸਾਨਾਂ ਦੀ ਨਾ ਸੁਣੀ ਤਾਂ ਆਉਣ ਵਾਲੇ ਸਮੇਂ ਵਿੱਚ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।ਪ੍ਰਧਾਨ ਚਕਰ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਆੜ੍ਹਤੀਆ ਵਰਗ ਵੱਲੋਂ ਕੀਤੀ ਗਈ ਹੜਤਾਲ ਤੋਂ ਵੀ ਕਿਸਾਨ ਪਰੇਸ਼ਾਨ ਹਨ।ਇੱਕ ਪਾਸੇ ਕਿਸਾਨ ਤੇ ਆੜ੍ਹਤੀਆਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਪਰ ਆੜ੍ਹਤੀਆ ਵਰਗ ਵੀ ਆਪਣੀਆਂ ਮੰਗਾਂ 'ਤੇ ਅੜਿਆ ਹੋਇਆ ਹੈ।ਜੇ ਪੰਜਾਬ ਦੀ ਮਾਨ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਦਾ ਭਲਾ ਚਾਹੁੰਦੀ ਹੈ ਤਾਂ ਆੜ੍ਹਤੀਆਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਮੰਨ ਕੇ ਝੋਨੇ ਦੀ ਖਰੀਦ ਜਲਦੀ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਡਾਈ ਖਾਦ ਦੀ ਵੀ ਭਾਰੀ ਕਿੱਲਤ ਹੈ।ਕਿਸਾਨ ਬਲੈਕ ਵਿੱਚ ਲੈਣ ਲਈ ਮਜਬੂਰ ਹੋ ਰਹੇ ਹਨ, ਪਰ ਸਰਕਾਰ ਨੇ ਇਸ ਦਾ ਵੀ ਕੋਈ ਢੁੱਕਵਾਂ ਹੱਲ ਨਹੀਂ ਕੀਤਾ।ਅਖੀਰ ਵਿੱਚ ਸੁਦਾਗਰ ਸਿੰਘ ਚਕਰ ਨੇ ਕਿਹਾ ਕਿ ਜੇ ਸਰਕਾਰ ਨੇ ਕਿਸਾਨਾਂ ਤੇ ਆੜ੍ਹਤੀਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਬੀ ਕੇ ਯੂ ਲੱਖੋਵਾਲ ਜਥੇਬੰਦੀ ਧਰਨੇ ਲਾਉਣ ਲਈ ਮਜਬੂਰ ਹੋ ਜਾਵੇਗੀ।ਇਸ ਸਮੇਂ ਉਨ੍ਹਾਂ ਨਾਲ ਸੁਖਦੇਵ ਸਿੰਘ ਬੂਟਾ, ਗੁਰਮੇਲ ਸਿੰਘ ਜੈਦ, ਡਾ: ਮਨਜੀਤ ਸਿੰਘ ਮੀਤਾ, ਗੋਗੀ ਸਿੰਘ ਤੇ ਸੰਦੀਪ ਸਿੰਘ ਸੀਪਾ ਆਦਿ ਹਾਜ਼ਰ ਸਨ।

## ਦੇਸ਼ ਭਗਤ ਗਲੋਬਲ ਸਕੂਲ ਵਿਖੇ ਰੈੱਡ ਕਲਰ ਡੇ ਮਨਾਇਆ

**ਲਾਲ ਰੰਗ ਪਿਆਰ, ਨਿੱਘ, ਸ਼ਕਤੀ ਤੇ ਉਤਸ਼ਾਹ ਦਾ ਪ੍ਰਤੀਕ : ਪ੍ਰਿੰ. ਜਿੰਦਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਜੂਨੀਅਰ ਵਿੰਗ ਦੇ ਬੱਚਿਆਂ ਨੇ ਲਾਲ ਰੰਗ ਦਿਵਸ ਮਨਾਇਆ। ਕਿੰਡਰਗਾਰਟਨ ਦੇ ਸਾਰੇ ਛੋਟੇ ਬੱਚੇ ਲਾਲ ਰੰਗ ਦੇ ਕੱਪੜੇ ਪਹਿਨ ਕੇ ਆਏ।ਆਲੇ ਦੁਆਲੇ ਨੂੰ ਰੈੱਡ ਚੈਰੀ, ਰੈੱਡ ਟੈਡੀ, ਰੈੱਡ ਸਟ੍ਰਾਬੇਰੀ, ਲਾਲ ਸੇਬ ਆਦਿ ਲਾਲ ਰੰਗ ਦੀਆਂ ਚੀਜ਼ਾਂ ਨਾਲ ਸਜਾਇਆ ਗਿਆ।ਇਸ ਦਿਨ ਸੰਬੰਧੀ ਅਧਿਆਪਕਾਂ ਨੇ ਵੀ ਲਾਲ ਰੰਗ ਦੇ ਕੱਪੜੇ ਪਹਿਨੇ ਹੋਏ ਸਨ।ਗੋਲ ਮੇਜ਼ 'ਤੇ ਅਧਿਆਪਕਾਂ ਨੇ ਲਾਲ ਰੰਗ ਦੀਆਂ ਵਸਤੂਆਂ ਜਿਵੇਂ ਫਲ, ਜੈਮ, ਸ਼ਰਬਤ, ਸੇਬ ਪ੍ਰਦਰਸ਼ਤ ਕੀਤੇ ਸਨ।ਇਸ ਮੌਕੇ ਲਾਲ ਰੰਗ ਨਾਲ ਸਬੰਧਤ ਗਤੀਵਿਧੀਆਂ ਵੀ ਕਰਾਈਆਂ ਗਈਆਂ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਲਾਲ ਸਿਰਫ਼ ਇੱਕ ਰੰਗ ਨਹੀਂ ਹੈ, ਇਹ ਬਹੁਤ ਸਾਰੀਆਂ ਚੀਜ਼ਾਂ ਦਾ ਪ੍ਰਤੀਕ ਹੈ।ਇਹ ਪਿਆਰ, ਨਿੱਘ, ਸ਼ਕਤੀ ਤੇ ਉਤਸ਼ਾਹ ਨੂੰ ਦਰਸਾਉਂਦਾ ਹੈ।ਬੱਚਿਆਂ ਨੂੰ ਲਾਲ ਰੰਗ ਬਾਰੇ ਸਿਖਾਉਣਾ ਤੇ ਉਨ੍ਹਾਂ ਨੂੰ ਇਨ੍ਹਾਂ ਸਬੰਧਾਂ ਨੂੰ ਸਮਝਣ ਤੇ ਵੱਖ-ਵੱਖ ਸੰਦਰਭਾਂ ਵਿੱਚ ਰੰਗ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ।ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਕਿਹਾ ਕਿ ਰੰਗਾਂ ਨੂੰ ਪਛਾਣਨਾ ਤੇ ਸਮਝਣਾ ਬੱਚੇ ਦੇ ਬੋਧਾਤਮਕ ਵਿਕਾਸ ਦਾ ਹਿੱਸਾ ਹਨ ਅਤੇ ਇਹ ਜ਼ਰੂਰੀ ਹੁਨਰ ਹਨ, ਜੋ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਵਰਤਣਗੇ।ਉਨ੍ਹਾਂ ਕਿਹਾ ਕਿ ਅਸੀਂ ਹਰ ਮਹੀਨੇ ਅਲੱਗ ਅਲੱਗ ਰੰਗ ਨਾਲ ਸੰਬੰਧਤ ਗਤੀਵਿਧੀ ਕਰਵਾ ਕੇ ਬੱਚਿਆਂ ਨੂੰ ਰੰਗਾਂ ਦੀ ਮਹੱਤਤਾ ਤੇ ਰੰਗਾਂ ਦਾ ਸਾਡੇ ਜੀਵਨ 'ਚ ਅਹਿਮ ਯੋਗਦਾਨ ਬਾਰੇ ਦੱਸਦੇ ਹਾਂ।ਇਸ ਮੌਕੇ ਬੱਚਿਆਂ ਦਾ ਮੁਕਾਬਲਾ ਕਰਵਾਇਆ ਗਿਆ, ਜਿਹੜਾ ਬੱਚਾ ਸਭ ਤੋਂ ਵੱਧ ਲਾਲ ਰੰਗ ਨਾਲ ਸਜਿਆ ਤੇ ਜ਼ਿਆਦਾ ਲਾਲ ਰੰਗ ਦੀਆਂ ਵਸਤੂਆਂ ਲੈ ਕੇ ਆਇਆ, ਉਨ੍ਹਾਂ ਵਿੱਚੋਂ ਜੇਤੂ ਵਿਦਿਆਰਥੀ ਘੋਸ਼ਿਤ ਕੀਤੇ ਗਏ।

## ਮਾਡਰਨ ਕਾਲਜ ਵਿਖੇ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ। ਇਸ ਮੌਕੇ ਬੋਲਦਿਆਂ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਜੋ ਕੌਮ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀ ਹੈ, ਉਹ ਕਦੇ ਵੀ ਤਰੱਕੀ ਨਹੀਂ ਕਰ ਸਕਦੀ। ਇਸ ਮੌਕੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਭਾਸ਼ਣ ਵਿੱਚ ਕਿਹਾ ਕਿ ਸ਼ਹੀਦ ਭਗਤ ਸਿੰਘ ਭਾਰਤ ਦੇ ਮਹਾਨ ਯੋਧੇ ਸਨ, ਅਜਿਹੇ ਯੋਧਿਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਕਾਲਜ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੇਸ਼ ਭਗਤ ਨਾਲ ਸੰਬੰਧਤ ਕਵਿਤਾਵਾਂ ਤੇ ਗੀਤ ਵੀ ਪੇਸ਼ ਕੀਤੇ ਗਏ। ਸ਼ਹੀਦ ਭਗਤ ਸਿੰਘ ਦੇ ਦਿਹਾੜੇ ਮੌਕੇ ਕਾਲਜ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦਾ ਜਜ਼ਬਾ ਕਾਇਮ ਰੱਖਣ, ਕੋਈ ਵੀ ਨਸ਼ਾ ਨਾ ਕਰਨ ਤੇ ਸਮਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਹੁੰ ਚੁੱਕੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਚੰਗੀਆਂ ਸੇਵਾਵਾਂ ਦੇਣ ਵਾਲੇ 108 ਐਂਬੂਲੈਂਸ ਸਟਾਫ਼ ਨੂੰ ਕੀਤਾ ਸਨਮਾਨਤ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਐਰਿਕ ਕਾਰਜਕਾਰੀ ਸਿਵਲ ਸਰਜਨ ਫਾਜ਼ਿਲਕਾ ਨੇ ਐਂਬੂਲੈਂਸ 108 ਵਿੱਚ ਚੰਗੀਆਂ ਸੇਵਾਵਾਂ ਦੇਣ ਵਾਲੇ ਡਰਾਈਵਰਾਂ ਤੇ ਟੈਕਨੀਸ਼ਨਾਂ ਨੂੰ ਦਫ਼ਤਰ ਸਿਵਲ ਸਰਜਨ ਵਿਖੇ ਸਨਮਾਨਤ ਕੀਤਾ ਗਿਆ।ਇਸ ਸਮੇਂ ਡਾ. ਅਰਪਿਤ ਗੁਪਤਾ, ਰਾਜੀਵ ਕੁਮਾਰ, ਸੰਜੀਵ ਕੁਮਾਰ, ਵਿਨੋਦ ਖੁਰਾਣਾ, ਕਲੱਸਟਰ ਮੈਨੇਜਰ ਮੋਹਿਤ ਆਚਾਰਯ, ਆਪ੍ਰੇਸ਼ਨ ਮੈਨੇਜਰ ਗੁਰਮਨ ਦੀਪ ਸਿੰਘ, ਪਾਰਸ, ਡਰਾਈਵਰ ਤੇ ਐਮਰਜੈਂਸੀ ਮੈਡੀਕਲ ਟੈਕਨੀਸ਼ਨ ਹਾਜ਼ਰ ਸਨ।ਡਾ. ਐਰਿਕ ਨੇ ਦੱਸਿਆ ਕਿ ਸਿਹਤ ਵਿਭਾਗ ਚੰਗੀਆਂ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਹਮੇਸ਼ਾ ਸਨਮਾਨਤ ਕਰਦਾ ਆਇਆ ਹੈ।ਇਸੇ ਲੜੀ ਤਹਿਤ ਅੱਜ ਵੀ ਯਕਿਤਸਾ ਹੈਲਥਕੇਅਰ ਲਿਮਿਟਡ ਵੱਲੋਂ 108 ਐਂਬੂਲੈਂਸ ਵਿੱਚ ਕੰਮ ਕਰਨ ਵਾਲੇ ਸਟਾਫ਼ ਮੈਂਬਰ ਈ ਐੱਮ ਟੀ ਰਾਜਪਾਲ, ਜੀਤ ਕੁਮਾਰ, ਕੁਲਦੀਪ ਕੁਮਾਰ, ਜਸਪਾਲ ਸਿੰਘ, ਕੁਲਦੀਪ ਸਿੰਘ ਤੇ ਸਰਬਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ।

# ਭਗਤ ਸਿੰਘ ਦੇ ਜਨਮ ਦਿਨ 'ਤੇ ਗੂੰਜਿਆ ਇਨਕਲਾਬੀ ਲੋਕ ਲਹਿਰ ਦਾ ਹੋਕਾ



**ਚੌਕੀਮਾਨ (ਬਲਬੀਰ ਮਾਨ)**-ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਦੀ ਅਗਵਾਈ ਹੇਠ ਚੌਕੀਮਾਨ ਟੋਲ ਪਲਾਜਾ ਵਿਖੇ ਸ਼ਹੀਦੇ ਆਜ਼ਮ ਸ੍. ਭਗਤ ਸਿੰਘ ਦੇ ਜਨਮ ਦਿਵਸ ਦੀ 117ਵੀਂ ਵਰ੍ਹੇਗੰਢ ਮੌਕੇ ਜਨਮ ਦਿਵਸ ਸਮਾਗਮ ਰਚਾਇਆ ਗਿਆ।ਅੱਜ ਦੇ 118ਵੇਂ ਜਨਮ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਜਨਰਲ ਸਕੱਤਰ ਜਸਦੇਵ ਸਿੰਘ ਲਲਤੋਂ, ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਖਜ਼ਾਨਚੀ ਅਮਰੀਕ ਸਿੰਘ ਤਲਵੰਡੀ, ਡਾ. ਗੁਰਮੇਲ ਸਿੰਘ ਕੁਲਾਰ, ਡਾ. ਗੁਰਮੇਲ ਸਿੰਘ ਗੁੜੇ, ਉਜਾਗਰ ਸਿੰਘ ਬੱਦੋਵਾਲ, ਜਰਨੈਲ ਸਿੰਘ ਮੁੱਲਾਂਪੁਰ ਤੇ ਗੁਰਦੇਵ ਸਿੰਘ ਮੁੱਲਾਂਪੁਰ ਨੇ ਸ਼ਹੀਦ ਭਗਤ ਸਿੰਘ ਦੇ ਬਚਪਨ ਤੇ ਮੁਢਲੀ ਜਵਾਨੀ ਵੇਲੇ ਦੇ ਜੀਵਨ ਤੇ ਪਰਿਵਾਰ ਦੀ ਮਹਾਨ ਵਿਰਾਸਤ ਉਨ੍ਹਾਂ ਦੀ ਪਾਰਟੀ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਪਾਰਟੀ ਤੇ ਆਰਮੀ ਬਾਰੇ, ਉਨ੍ਹਾਂ ਦੀਆਂ ਜਥੇਬੰਦੀਆਂ ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਬਾਰੇ, ਵੱਖ-ਵੱਖ ਇਨਕਲਾਬੀ ਲਹਿਰਾਂ ਸੰਬੰਧੀ ਉਨ੍ਹਾਂ ਦੇ ਸਟੈਂਡ ਬਾਰੇ, ਅੰਗਰੇਜ਼ ਸਾਮਰਾਜਵਾਦ ਤੇ ਉਹਦੇ ਦਲਾਲਾਂ ਵਾਲੇ ਬਸਤੀਵਾਦੀ ਰਾਜ ਪ੍ਰਬੰਧ ਬਾਰੇ ਤੇ 1947 'ਚ ਹੋਣ ਵਾਲੇ ਸੰਭਾਵੀ ਸਾਮਰਾਜ ਪੱਖੀ ਸਮਝੌਤੇ ਸਬੰਧੀ ਕੀਤੀ ਭਵਿੱਖਬਾਣੀ ਬਾਰੇ, ਕੌਮੀ ਜਮਹੂਰੀ ਇਨਕਲਾਬ ਦੀ ਲੋੜ ਬਾਰੇ, ਅਸਲੀ ਆਜ਼ਾਦੀ, ਬਰਾਬਰੀ ਦੀ ਖੁਸ਼ਹਾਲੀ ਵਾਲੇ ਸਮਾਜਵਾਦੀ ਸਮਾਜ ਦੀ ਸਥਾਪਨਾ ਬਾਰੇ, ਸ਼ਹੀਦ ਭਗਤ ਸਿੰਘ ਦੇ ਵਿਚਾਰਾਂ 'ਤੇ ਸਿੱਖਿਆ ਭਰਪੂਰ ਚਾਨਣਾ ਪਾਇਆ।

ਅੰਤ 'ਚ ਸਮੂਹ ਹਾਜ਼ਰੀਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਨੇ ਸ਼ਹੀਦਾਂ ਵੱਲੋਂ ਦਰਸਾਏ ਸ਼ਾਹਰਾਹ 'ਤੇ ਚੱਲਣ ਦਾ ਹੋਕਾ ਬੁਲੰਦ ਕੀਤਾ ਤੇ ਸਾਂਝਾ ਫੋਰਮ ਦੇ 3 ਅਕਤੂਬਰ ਦੇ ਮੁੱਲਾਂਪੁਰ ਰੇਲ ਰੋਕੋ ਐਕਸ਼ਨ ਨੂੰ ਕਾਮਯਾਬ ਕਰਨ ਲਈ ਜੋਰਦਾਰ ਤਿਆਰੀ ਮਹਿਮ ਵਿੱਢਣ ਦਾ ਸੱਦਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਮਾਨ, ਗੁਰਸੇਵਕ ਸਿੰਘ ਸੋਨੀ ਸਵੱਦੀ, ਤੇਜਿੰਦਰ ਸਿੰਘ ਬਿਰਕ, ਪ੍ਰਿਤਪਾਲ ਸਿੰਘ ਪੰਡੋਰੀ, ਸਰਵਿੰਦਰ ਸਿੰਘ ਸੁਧਾਰ, ਹਰਜੀਤ ਸਿੰਘ ਸਵੱਦੀ, ਗੁਰਦੀਪ ਸਿੰਘ ਸਵੱਦੀ, ਮਲਕੀਤ ਸਿੰਘ ਤਲਵੰਡੀ, ਗੁਰਬਖ਼ਸ਼ ਸਿੰਘ ਤਲਵੰਡੀ, ਅਮਰਜੀਤ ਸਿੰਘ ਖੰਜਰਵਾਲ, ਮੋਹਨ ਸਿੰਘ ਕੁਲਾਰ, ਰਾਜਵਿੰਦਰ ਸਿੰਘ ਬਰਸਾਲ, ਲਛਮਣ ਸਿੰਘ ਸਿੱਧਵਾਂ, ਮਲਕੀਤ ਸਿੰਘ ਬੱਦੋਵਾਲ, ਗੁਰਚਰਨ ਸਿੰਘ ਢੱਟ, ਜਗਦੇਵ ਸਿੰਘ ਗੁੜੇ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਕਾਂਗਰਸੀ ਆਗੂ ਚੇਅਰਮੈਨ ਜਗਸੀਰ ਸਿੰਘ ਗਿੱਲ ਬਾਊ ਅਮਰਨਾਥ ਬਾਂਸਲ ਨਾਲ ਦੁੱਖ ਸਾਂਝਾ ਕਰਨ ਪਹੁੰਚੇ

*ਸਵਿੱਤਰੀ ਦੇਵੀ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ*



**ਬਾਘਾ ਪੁਰਾਣਾ (ਮਨੀ ਸਿੰਗਲਾ)**-ਦੁਨਿਆਵੀ ਧਰਤੀ ਉੱਪਰ ਪੈਰ ਰੱਖਣ ਵਾਲੇ ਹਰ ਇੱਕ ਇਨਸਾਨ ਨੇ ਉਸ ਪ੍ਰਮਾਤਮਾ ਦੇ ਹੁਕਮ ਅਨੁਸਾਰ ਆਪਣਾ ਸਫਰ ਤੈਅ ਕਰਕੇ ਜਾਣਾ ਹੀ ਹੈ, ਕਿਉਂਕਿ ਪ੍ਰਮਾਤਮਾ ਵੱਲੋਂ ਮਨੁੱਖ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਉਸ ਦਾ ਭਵਿੱਖ ਤੈਅ ਕੀਤਾ ਹੁੰਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਹਲਕਾ ਬਾਘਾ ਪੁਰਾਣਾ ਤੋਂ ਮੋਢੀ ਆਗੂ ਚੇਅਰਮੈਨ ਜਗਸੀਰ ਸਿੰਘ ਗਿੱਲ ਸਰਪੰਚ ਕਾਲੇਕੇ ਨੇ ਸ਼ਹਿਰ ਦੇ ਉੱਘੇ ਉਦਯੋਗਪਤੀ ਤੇ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਬਾਊ ਅਮਰ ਨਾਥ ਬਾਂਸਲ ਨਾਲ ਉਨ੍ਹਾਂ ਦੀ ਧਰਮਪਤਨੀ ਮਾਤਾ ਸਵਿੱਤਰੀ ਦੇਵੀ (79 ਸਾਲ) ਦੇ ਅਕਾਲ ਚਲਾਣੇ ਨੂੰ ਲੈ ਕੇ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਮੌਕੇ ਕੀਤਾ। ਉਨ੍ਹਾ ਕਿਹਾ ਕਿ ਮਾਤਾ ਸਵਿੱਤਰੀ ਦੇਵੀ ਦਾ ਸੁਭਾਅ ਇਸ ਤਰ੍ਹਾਂ ਦੀ ਸੀ ਕਿ ਜੋ ਵੀ ਉਨ੍ਹਾਂ ਨੂੰ ਮਿਲਦਾ ਸੀ ਤਾਂ ਇਹੀ ਕਹਿੰਦਾ ਕਿ ਸਾਡਾ ਮਾਤਾ ਜੀ ਨਾਲ ਬਹੁਤ ਪੁਰਾਣਾ ਨਾਤਾ ਹੈ, ਕਿਉਂਕਿ ਮਾਤਾ ਜੀ ਕੋਲ ਆ ਕੇ ਹਰ ਇਨਸਾਨ ਆਪਣੀ ਰੂਹ ਤੋਂ ਖ਼ੁਸ਼ ਹੋ ਜਾਂਦਾ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਐਡਵੋਕੇਟ ਨਰ ਸਿੰਘ ਬਰਾੜ, ਇੰਜੀਨੀਅਰ ਜੋਗਿੰਦਰ ਸਿੰਘ ਐੱਸ.ਡੀ.ਓ. ਜ਼ੀਰਾ ਮੰਡੀ ਬੋਰਡ, ਗਿਆਨ ਮਿੱਤਲ, ਸਾਬਕਾ ਉੱਪ-ਚੇਅਰਮੈਨ ਸੁਭਾਸ਼ ਗੋਇਲ, ਸੋਨੂੰ ਗੋਇਲ, ਜਰਨੈਲ ਸਿੰਘ ਸਰਪੰਚ ਸਿੰਘਾਂਵਾਲਾ ਨਨਕਾਣਾ ਪੰਪ ਵਾਲੇ, ਬਿੱਟੂ ਮਿੱਤਲ, ਸੁਖਚੈਨ ਸਿੰਘ ਨਿਗਾਹਾ, ਕੌਂਸਲਰ ਜਗਸੀਰ ਸਿੰਘ ਜੱਗਾ, ਦੀਪਾ ਅਰੋੜਾ ਸ਼ਹਿਰੀ ਪ੍ਰਧਾਨ, ਚਮਕੌਰ ਸਿੰਘ ਕਾਂਗਰਸੀ ਆਗੂ, ਸੰਤ ਰਾਮ ਭੰਡਾਰੀ, ਸੁਰਿੰਦਰ ਜੈਦਕਾ, ਨਰੇਸ਼ ਜੈਦਕਾ, ਰਜਿੰਦਰ ਵਰਮਾ ਨੇ ਵੀ ਪਰਵਾਰ ਨਾਲ ਹਮਦਰਦੀ ਪ੍ਰਗਟਾਈ।ਇਸ ਮੌਕੇ ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ, ਸੰਜੀਵ ਬਾਂਸਲ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਸਵਿੱਤਰੀ ਦੇਵੀ ਨਮਿੱਤ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 29 ਸਤੰਬਰ ਐਤਵਾਰ ਨੂੰ ਮਿੱਤਲ ਰਿਜ਼ੋਰਟਸ ਕੋਟਕਪੂਰਾ ਰੋਡ, ਬਾਘਾ ਪੁਰਾਣਾ (ਮੋਗਾ) ਵਿਖੇ ਪਵੇਗਾ ਤੇ ਪੱਗੜੀ ਰਸਮ ਅਦਾ ਕੀਤੀ ਜਾਵੇਗੀ। ਉਪਰੰਤ ਸ਼ਰਧਾਂਜਲੀ ਸਮਾਗਮ ਹੋਵੇਗਾ।

# ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਜ਼ਿਲ੍ਹਾ ਬਾਡੀ ਦੀ ਚੋਣ

**ਦੀਪਕ ਸੋਨੀ ਜ਼ਿਲ੍ਹਾ ਪ੍ਰਧਾਨ ਤੇ ਤਲਵਿੰਦਰ ਨਿੱਝਰ ਜਨਰਲ ਸਕੱਤਰ ਚੁਣੇ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ)**-ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਯਤਨਸ਼ੀਲ ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਦੀ ਜ਼ਿਲ੍ਹਾ ਬਾਡੀ ਦੀ ਮੀਟਿੰਗ ਦਫ਼ਤਰ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ।ਇਸ ਮੀਟਿੰਗ ਵਿੱਚ ਯੂਨੀਅਨ ਦੀ ਜ਼ਿਲ੍ਹਾ ਬਾਡੀ ਦੇ 2 ਸਾਲ ਪੂਰੇ ਹੋਣ 'ਤੇ ਨਵੀਂ ਜ਼ਿਲ੍ਹਾ ਬਾਡੀ ਦੀ ਚੋਣ ਦੀ ਪ੍ਰਕਿਰਿਆ ਆਰੰਭੀ ਗਈ।ਚੋਣ ਪ੍ਰਕਿਰਿਆ ਦੀ ਨਿਗਰਾਨੀ ਲਈ ਪੰਜਾਬ ਰਾਜ ਮਨਿਸਟਰੀਅਲ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ, ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ, ਚੇਅਰਮੈਨ ਕਰਮਜੀਤ ਸ਼ਰਮਾ ਤੇ ਸੀਨੀਅਰ ਪੱਤਰਕਾਰ ਤੇ ਕਰਮਚਾਰੀ ਆਗੂ ਕਾਲਾ ਸਿੰਘ ਬੇਦੀ ਸ਼ਾਮਲ ਹੋਏ।ਮੀਟਿੰਗ ਦੌਰਾਨ ਪੁਰਾਣੇ ਜ਼ਿਲ੍ਹਾ ਪ੍ਰਧਾਨ ਵੱਲੋਂ ਜ਼ਿਲ੍ਹਾ ਬਾਡੀ ਨੂੰ ਭੰਗ ਕਰਦਿਆਂ ਨਿਗਰਾਨ ਕਮੇਟੀ ਨੂੰ ਨਵੀਂ ਜ਼ਿਲ੍ਹਾ ਬਾਡੀ ਦੀ ਚੋਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਚੋਣ ਕਮੇਟੀ ਵੱਲੋਂ ਦੀਪਕ ਕੁਮਾਰ ਸੋਨੀ, ਜੂਨੀਅਰ ਸਹਾਇਕ, ਦਫ਼ਤਰ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਦਾ ਨਾਮ ਬਤੌਰ ਜ਼ਿਲ੍ਹਾ ਪ੍ਰਧਾਨ ਤੇ ਤਲਵਿੰਦਰ ਨਿੱਝਰ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਾ ਨਾਮ ਬਤੌਰ ਜਨਰਲ ਸਕੱਤਰ ਤਜਵੀਜ਼ ਕੀਤਾ ਗਿਆ, ਜਿਸ ਨੂੰ ਹਾਜ਼ਰ ਆਏ ਸਮੂਹ ਮੈਂਬਰਾਂ ਵੱਲੋਂ ਸਰਵਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ। ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਨੂੰ ਵਧਾਈ ਦਿੱਤੀ ਗਈ।ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਵੱਲੋਂ ਨਵੀਂ ਜ਼ਿਲ੍ਹਾ ਬਾਡੀ ਵਿੱਚ ਪੂਰਵਲੇ ਪ੍ਰਧਾਨ ਸਤਨਾਮ ਸਿੰਘ ਨੂੰ ਚੇਅਰਮੈਨ, ਜਦਕਿ ਕੁਆਪ੍ਰੇਟਿਵ ਸੁਸਾਇਟੀ ਦੇ ਅਮਨਦੀਪ ਸਿੰਘ ਢਿੱਲੋਂ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਡੀ. ਸੀ. ਦਫ਼ਤਰ ਦੇ ਪੁਸ਼ਪਿੰਦਰ ਸਿੰਘ, ਹਰਬੰਸ ਸਿੰਘ, ਜਗਪ੍ਰੀਤ ਸਿੰਘ, ਰਣਜੀਤ ਸਿੰਘ, ਵਿਕਰਮਜੀਤ ਸਿੰਘ ਤੇ ਜਲ ਸਪਲਾਈ ਵਿਭਾਗ ਦੇ ਗੁਰਵਿੰਦਰ ਸਿੰਘ, ਜਬਰਜੰਗ ਸਿੰਘ ਤੇ ਗੁਰਦੀਪ ਸਿੰਘ ਨੂੰ ਜ਼ਿਲ੍ਹਾ ਬਾਡੀ ਦੇ ਮੈਂਬਰ ਵਜੋਂ ਚੁਣਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਲ ਸਪਲਾਈ ਵਿਭਾਗ ਦੇ ਰਾਧੇ ਸ਼ਾਮ, ਹਰਬੰਸ ਸਿੰਘ, ਸਿੱਖਿਆ ਵਿਭਾਗ ਤੋਂ ਸੰਦੀਪ ਕੁਮਾਰ, ਪੰਜਾਬ ਰੋਡਵੇਜ਼ ਤੋਂ ਗੁਰਮੀਤ ਸਿੰਘ, ਜਲ ਸਪਲਾਈ ਵਿਭਾਗ ਤੋਂ ਗੁਰਵਿੰਦਰ ਸਿੰਘ, ਡਰੇਨੇਜ਼ ਵਿਭਾਗ ਤੋਂ ਰਾਜਦੀਪ ਸਿੰਘ ਸਿੱਧੂ ਅਤੇ ਵੀਰ ਚੰਦ, ਡੀ. ਸੀ. ਦਫ਼ਤਰ ਤੋਂ ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਬੀ.ਐਂਡ.ਆਰ. ਤੋਂ ਅਸ਼ੀਸ਼ ਕੁਮਾਰ, ਮਾਲ ਵਿਭਾਗ ਤੋਂ ਹਰਜਿੰਦਰ ਸਿੰਘ ਪਟਵਾਰੀ ਤੇ ਸਿਕੰਦਰ ਸਿੰਘ ਪਟਵਾਰੀ ਤੇ ਜ਼ਿਲ੍ਹਾ ਉਦਯੋਗ ਕੇਂਦਰ ਤੋਂ ਯੋਗੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਰਮਚਾਰੀਆਂ ਨੇ ਭਾਗ ਲਿਆ।

# ਅਨਨਿਆ ਨੇ ਮੂੰਹ-ਜ਼ੁਬਾਨੀ ਪਹਾੜੇ ਸੁਣਾਉਣ 'ਚ ਨਵਾਂ ਰਿਕਾਰਡ ਬਣਾਇਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਮੈਥ ਇੱਕ ਅਜਿਹਾ ਵਿਸ਼ਾ ਹੈ, ਜਿਸ ਦਾ ਨਾਮ ਸੁਣਦੇ ਹੀ ਜਿੱਥੇ ਜ਼ਿਆਦਾਤਰ ਵਿਦਿਆਰਥੀਆਂ ਦੀਆਂ ਸਿੱਟੀ ਪੁੱਟੀ ਗੁੰਮ ਹੋ ਜਾਂਦੀ ਹੈ, ਉੱਥੇ ਪੰਜਾਬ ਦੇ ਰਾਮਪੁਰਾ ਫੂਲ ਸ਼ਹਿਰ ਦੇ ਵਿਦਿਆਰਥੀ ਲਗਾਤਾਰ ਇਸ ਵਿਸ਼ੇ ਵਿੱਚ ਨਵੇਂ ਨਵੇਂ ਰਿਕਾਰਡ ਬਣਾ ਰਹੇ ਹਨ, ਜਿਸ ਦੇ ਚਲਦਿਆਂ ਸ਼ਹਿਰ ਦਾ ਨਾਮ ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ 'ਤੇ ਲਗਾਤਾਰ ਸੁਰਖੀਆਂ ਵਿੱਚ ਬਣਿਆ ਹੋਇਆ ਹੈ।ਅੱਜ ਗੱਲ ਕਰ ਰਹੇ ਹਾਂ ਸ਼ਹਿਰ ਦੀ ਇੱਕ ਸਕੂਲੀ ਵਿਦਿਆਰਥਣ ਅਨਨਿਆ ਦੀ, ਜਿਸ ਵੱਲੋਂ 5 ਅੰਕਾਂ ਦਾ ਪਹਾੜਾ 100 ਲਾਈਨਾਂ ਤੱਕ ਸਪੀਡ ਨਾਲ ਬੋਲ ਕੇ ਇਕ ਨਵਾਂ ਰਿਕਾਰਡ ਬਣਾਇਆ ਗਿਆ ਹੈ।ਸ਼ਾਰਪ ਬ੍ਰੇਨਜ਼ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਸਥਾਨਕ ਗਲੋਬਲ ਡਿਸਕਵਰੀ ਸਕੂਲ ਦੀ ਅੱਠਵੀਂ ਕਲਾਸ ਦੀ ਵਿਦਿਆਰਥਣ ਅਨਨਿਆ ਸਪੁੱਤਰੀ ਐਡਵੋਕੇਟ ਰਿਤੇਸ਼ ਸਿੰਗਲਾ ਨੇ ਅੱਖਾਂ ਤੇ ਪੱਟੀ ਬੰਨ੍ਹ ਕੇ 13 ਹਜ਼ਾਰ 932 ਦਾ ਪਹਾੜਾ 100 ਲਾਈਨਾਂ ਤੱਕ ਸਿਰਫ 2 ਮਿੰਟ 20 ਸੈਕਿੰਡ ਵਿੱਚ ਮੂੰਹ ਜ਼ੁਬਾਨੀ ਸੁਣਾ ਕੇ ਇੱਕ ਨਵਾਂ ਰਿਕਾਰਡ ਬਣਾਇਆ ਗਿਆ ਹੈ।ਇੰਡੀਆ ਬੁੱਕ ਆਫ ਰਿਕਾਰਡ ਵੱਲੋਂ ਇਸ ਨਵੇਂ ਰਿਕਾਰਡ ਦੀ ਪੁਸ਼ਟੀ ਕਰਦਿਆਂ ਅਨਨਿਆ ਨੂੰ ਸਰਟੀਫਿਕੇਟ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਹੈ।ਅਨਨਿਆ ਨੇ ਇਸ ਰਿਕਾਰਡ ਦੀ ਤਿਆਰੀ ਅਬੈਕਸ ਵਿਧੀ ਦੇ ਨਾਲ ਕੀਤੀ ਹੈ। ਅਨਨਿਆ ਦੀ ਮਾਤਾ ਰੀਟਾ ਸਿੰਗਲਾ ਨੇ ਦੱਸਿਆ ਕਿ ਉਸ ਨੇ ਇਸ ਰਿਕਾਰਡ ਦੇ ਲਈ ਕਰੀਬ 4 ਮਹੀਨੇ ਸਖਤ ਮਿਹਨਤ ਤੇ ਤਿਆਰੀ ਕੀਤੀ।ਉਨ੍ਹਾਂ ਕਿਹਾ ਕਿ ਅਬੈਕਸ ਵਿਧੀ ਨਾਲ ਨਾ ਸਿਰਫ ਮੈਥ ਵਿਸ਼ਾ ਬਲਕਿ ਬੱਚਿਆਂ ਦਾ ਸੰਪੂਰਨ ਦਿਮਾਗੀ ਵਿਕਾਸ ਹੁੰਦਾ ਹੈ।ਅਨਨਿਆ ਨੇ ਕਿਹਾ ਕਿ ਇਹ ਰਿਕਾਰਡ ਕੋਚ ਰੰਜੀਵ ਗੋਇਲ ਤੇ ਮੈਡਮ ਪੂਜਾ ਗੋਇਲ ਦੇ ਮਾਰਗਦਰਸ਼ਨ ਤੇ ਕੋਚਿੰਗ ਦੇ ਕਾਰਨ ਹੀ ਸੰਭਵ ਹੋ ਪਾਇਆ ਹੈ।ਸਬ ਡਵੀਜ਼ਨ ਦੇ ਐੱਸ ਡੀ ਐੱਮ ਗਗਨਦੀਪ ਸਿੰਘ ਨੇ ਆਪਣੇ ਦਫਤਰ ਵਿੱਚ ਉਚੇਚੇ ਤੌਰ 'ਤੇ ਅਨਨਿਆ ਨੂੰ ਸਨਮਾਨਤ ਕੀਤਾ।ਉਨ੍ਹਾ ਕਿਹਾ ਕਿ ਅਨਨਿਆ ਨੇ ਇਹ ਰਿਕਾਰਡ ਬਣਾ ਕੇ ਨਾ ਸਿਰਫ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ, ਬਲਕਿ ਹੋਰ ਵਿਦਿਆਰਥੀਆਂ ਲਈ ਮਿਸਾਲ ਵੀ ਕਾਇਮ ਕੀਤੀ ਹੈ। ਦਿਆਰਥੀਆਂ ਨੂੰ ਇਸ ਤਰ੍ਹਾਂ ਦੀ ਟ੍ਰੇਨਿੰਗ ਦੇਣ ਵਾਲੀ ਸ਼ਾਰਪ ਬ੍ਰੇਨਸ ਸੰਸਥਾ ਦੀ ਵੀ ਐੱਸ ਡੀ ਐੱਮ ਨੇ ਭਰਪੂਰ ਪ੍ਰਸ਼ੰਸਾ ਕਰਦਿਆਂ ਡਾਇਰੈਕਟਰ ਰੰਜੀਵ ਗੋਇਲ ਨੂੰ ਵਧਾਈ ਦਿੱਤੀ। ਗਲੋਬਲ ਡਿਸਕਵਰੀ ਸਕੂਲ ਦੇ ਚੇਅਰਮੈਨ ਕਮਲੇਸ਼ ਸਰਾਫ, ਉੱਪ ਚੇਅਰਮੈਨ ਅਮਿਤ ਸਰਾਫ, ਪ੍ਰਿੰਸੀਪਲ ਅੰਜੂ ਨਾਗਪਾਲ, ਪੰਜਾਬੀ ਯੂਨੀਵਰਸਿਟੀ ਟੀਪੀਡੀ ਮਾਲਵਾ ਕਾਲਜ ਦੇ ਪ੍ਰਿੰਸੀਪਲ ਡਾ: ਬਲਜਿੰਦਰ ਸਿੰਘ, ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਕੁਲਜੀਤ ਸਿੰਘ, ਡਾ: ਸੁਰਿੰਦਰ ਅਗਰਗਾਲ, ਡਾ: ਮਾਲਤੀ ਸਿੰਗਲਾ, ਡਾ: ਐੱਸ ਪੀ ਮੰਗਲਾ, ਡਾ: ਆਰ ਪੀ ਸਿੰਘ, ਡਾ: ਬਲਜਿੰਦਰ ਸਿੰਘ ਜੋੜਾ, ਡਾ: ਅਨੀਤਾ ਗਰੋਵਰ, ਡਾ: ਜਤਿੰਦਰ ਬਾਂਸਲ, ਡਾ: ਸੁਖਜੀਤ ਸਿੰਘ ਜਟਾਣਾ ਆਦਿ ਨੇ ਅਨਨਿਆ ਤੇ ਪਰਵਾਰ ਨੂੰ ਇਸ ਪ੍ਰਾਪਤੀ 'ਤੇ ਹਾਰਦਿਕ ਵਧਾਈ ਦਿੱਤੀ ਹੈ।

# ਟਰੇਡ ਯੂਨੀਅਨ ਕੌਂਸਲ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਮੱਖੂ (ਰਛਪਾਲ ਸਿੰਘ ਸੰਧੂ)**-ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਪ੍ਰਧਾਨ ਤਰਸੇਮ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਦਾ 117ਵਾਂ ਜਨਮ ਦਿਨ ਪੀ ਜੀ ਓ ਮਖੂ ਵਿਖੇ ਮਨਾਇਆ ਗਿਆ। ਇਸ ਮੌਕੇ ਜਿੱਥੇ ਟਰੇਡ ਯੂਨੀਅਨ ਕੌਂਸਲ ਜ਼ੀਰਾ ਦੇ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ, ਉੱਥੇ ਆਲ ਪੰਜਾਬ ਆਂਗਣਵਾੜੀ ਯੂਨੀਅਨ ਬਲਾਕ ਮਖੂ ਦੀ ਪ੍ਰਧਾਨ ਜੀਵਨ ਸ਼ਰਮਾ, ਬਲਵਿੰਦਰ ਕੌਰ, ਹਰਮੀਤ ਕੌਰ, ਇਸਤਰੀ ਸਭਾ ਦੀ ਆਗੂ ਤ੍ਰਿਪਤ ਕਾਲੀਆ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ ਦੀ ਅਗਵਾਈ ਵਿੱਚ ਬੀਬੀਆਂ ਵੀ ਪਹੁੰਚੀਆਂ ਹੋਈਆਂ ਸਨ।ਇਸ ਮੌਕੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਟਰੇਡ ਯੂਨੀਅਨ ਕੌਂਸਲ ਜ਼ੀਰਾ ਦੇ ਪ੍ਰਧਾਨ ਤਰਸੇਮ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਵੱਲੋਂ ਛੋਟੀ ਉਮਰ ਵਿੱਚ ਦਿੱਤੀ ਮਹਾਨ ਸ਼ਹਾਦਤ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਜਿੱਥੇ ਸ਼ਹੀਦ ਭਗਤ ਸਿੰਘ ਦੀ ਬਹਾਦਰੀ ਨੇ ਅੰਗਰੇਜ਼ਾਂ ਨੂੰ ਲੋਹੇ ਦੇ ਚਣੇ ਚਬਾਉਣ ਲਈ ਮਜਬੂਰ ਕੀਤਾ, ਉੱਥੇ ਹੀ ਉਨ੍ਹਾਂ ਨੇ ਹੱਸ ਹੱਸ ਕੇ ਫਾਂਸੀ ਨੂੰ ਚੁੰਮਿਆ ਤੇ ਆਜ਼ਾਦੀ ਲਈ ਮਹਾਨ ਸ਼ਹਾਦਤ ਦਿੱਤੀ।ਕਾਮਰੇਡ ਕਸ਼ਮੀਰ ਸਿੰਘ ਨੇ ਕਿਹਾ ਕਿ ਆਪਸੀ ਮਤਭੇਦ, ਵੈਰ ਵਿਰੋਧ, ਨਸ਼ਾ ਖੋਰੀ, ਜਾਤਪਾਤ ਨੂੰ ਪਿੱਛੇ ਛੱਡ ਕੇ ਨੌਜਵਾਨ ਪੀੜ੍ਹੀ 'ਚ ਦੇਸ਼ ਪ੍ਰੇਮ ਦੀ ਭਾਵਨਾ ਜਾਗਣਾ ਜ਼ਰੂਰੀ ਹੈ।ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਅੱਗੇ ਰੱਖਦੇ ਹੋਏ ਸਮਾਜ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।ਪੈਨਸ਼ਨਰ ਯੂਨੀਅਨ ਦੇ ਆਗੂ ਰਛਪਾਲ ਸਿੰਘ ਸੰਧੂ ਨੇ ਕਿਹਾ ਕਿ ਅੱਜ ਸਾਨੂੰ ਸਾਰਿਆਂ ਨੂੰ ਲੋੜ ਹੈ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ, ਇਹ ਤਾਂ ਹੀ ਪੂਰੇ ਹੋ ਸਕਦੇ ਹਨ, ਜੇਕਰ ਅਸੀਂ ਨਸ਼ਿਆਂ ਵਿਰੁੱਧ ਜੰਗ ਛੇੜ ਕੇ ਪੰਜਾਬ ਦੀ ਜਵਾਨੀ ਨੂੰ ਬਚਾ ਸਕੀਏ।ਕੁਝ ਸਮਾਂ ਪਹਿਲਾਂ ਸਾਡਾ ਦੇਸ਼ ਗੋਰਿਆਂ ਦਾ ਗੁਲਾਮ ਸੀ, ਹੁਣ ਸਾਡੇ ਨੌਜਵਾਨ ਨਸ਼ਿਆਂ ਦੇ ਗੁਲਾਮ ਹੋ ਕੇ ਰਹਿ ਗਏ ਹਨ।ਇਸ ਮੌਕੇ ਬਲਦੇਵ ਸਿੰਘ ਜਨਰਲ ਸਕੱਤਰ, ਹਰਨੇਕ ਸਿੰਘ ਖਜ਼ਾਨਚੀ, ਨਛੱਤਰ ਸਿੰਘ ਸਰਪ੍ਰਸਤ, ਹਰਦੀਪ ਸਿੰਘ ਐਡਵੋਕੇਟ, ਜੋਬਨਜੀਤ ਸਿੰਘ ਐਡਵੋਕੇਟ, ਜਸਵੰਤ ਸਿੰਘ ਭੱਟੀ, ਬਲਦੇਵ ਸਿੰਘ ਬੰਬ, ਗੁਰਚਰਨ ਸਿੰਘ ਨੂਰਪੁਰ, ਨਵਜੋਤ ਸ਼ਰਮਾ, ਪ੍ਰਤਾਪ ਸਿੰਘ ਹੀਰਾ, ਬਲਵੀਰ ਸਿੰਘ ਅਲੀਪੁਰ, ਬਲਜਿੰਦਰ ਸਿੰਘ ਬਿਜਲੀ ਬੋਰਡ, ਹਿੰਮਤ ਸਿੰਘ ਜੇ ਈ, ਹਰਮਨਦੀਪ ਸਿੰਘ ਸਿਹਤ ਵਿਭਾਗ, ਕੁਲਵੰਤ ਸਿੰਘ ਕਾਮਰੇਡ, ਮਲਕੀਤ ਸਿੰਘ ਗਾਦੜੀਵਾਲਾ, ਨਵਦੀਪ ਸਿੰਘ, ਗੁਰਦਿੱਤ ਸਿੰਘ ਸਿੱਧੂ, ਰਤਨ ਸਿੰਘ ਬਸਤੀ ਸੋਢੀਆਂ, ਗੁਰਵਿੰਦਰ ਸਿੰਘ ਅਮੀਰ ਸ਼ਾਹ ਵਾਲਾ, ਪ੍ਰਤਾਪ ਸਿੰਘ, ਗੁਰਪ੍ਰੀਤ ਸਿੰਘ, ਉਪਦੇਸ਼ ਕੁਮਾਰ, ਜਗਜੀਤ ਸਿੰਘ, ਮਨਜੀਤ ਸਿੰਘ ਜੇ ਈ, ਅਮਰਪ੍ਰੀਤ ਸਿੰਘ ਸਰਹਾਲੀ ਆਦਿ ਹਾਜ਼ਰ ਸਨ।

29-SEP-PAGE-7.qxd 9/28/2024 11:11 PM Page 1



# ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਮਹਿੰਦਰ ਭਗਤ ਦੇ ਘਰ ਅੱਗੇ ਧਰਨਾ ਅੱਜ




**ਜਲੰਧਰ ( ਰਾਜੇਸ਼ ਥਾਪਾ )**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਉਹਨਾਂ ਨੇ ਪੰਜਾਬ ਸਰਕਾਰ ਦੇ ਲਾਰਾ ਲਾਊ ਰਵੱਈਏ ਦਾ ਸਖਤ ਨੋਟਿਸ ਲੈਂਦਿਆਂ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 29 ਸਤੰਬਰ ਨੂੰ ਕੈਬਨਿਟ ਮੰਤਰੀ ਮੋਹਿੰਦਰ ਭਗਤ ਦੇ ਘਰ ਅੱਗੇ ਜ਼ਿਲ੍ਹਾ ਪੱਧਰੀ ਧਰਨਾ ਕਰਨ ਦਾ ਫ਼ੈਸਲਾ ਕੀਤਾ ਗਿਆ ।ਕੁਲਦੀਪ ਵਾਲੀਆ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਚੋਣਾਂ ਸਮੇਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਕੀਤੇ ਵਾਅਦੇ ਤੋਂ ਭੱਜ ਗਈ ਹੈ ਅਤੇ ਹੋਰ ਰਾਜਾਂ ਵਿੱਚ ਜਿਹੜਾ ਚੋਣਾਂ ਨੂੰ ਦੇਖਦੇ ਹੋਏ ਜਿਹੜਾ ਪੁਰਾਣੀ ਪੈਨਸ਼ਨ ਬਹਾਲੀ ਦਾ ਲੰਗੜਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਉਹ ਵੀ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਲਈ ਦੋ ਸਾਲ ਬੀਤ ਜਾਣ ਬਾਅਦ ਵੀ ਕੇਵਲ ਊਠ ਦਾ ਲਟਕਦਾ ਬੁੱਲ੍ਹ ਹੀ ਸਾਬਤ ਹੋਇਆ ਹੈ। ਇਸ ਡੰਗ ਟਪਾਊ ਨੀਤੀ ਤੋਂ ਅੱਕੇ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਪ੍ਰੈਸ ਨੋਟ ਜਾਰੀ ਕਰਦਿਆਂ ਜ਼ਿਲ੍ਹਾ ਪੱਧਰੀ ਆਗੂਆਂ ਨੇ ਦੱਸਿਆ ਕਿ 29 ਸਤੰਬਰ ਨੂੰ ਐਮ ਐਲ ਏ ਅਤੇ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਸਮੁੱਚੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਧਰਨਾ ਲਗਾਏ ਜਾ ਰਹੇ ਹਨ। ਇਹਨਾਂ ਧਰਨਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਰਮਚਾਰੀ ਭਾਗ ਲੈਣਗੇ।ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਨੋਟੀਫਿਕੇਸ਼ਨ ਨੂੰ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜਿੱਥੇ ਵੀ ਮੁੱਖ ਮੰਤਰੀ ਪੰਜਾਬ ਜਾਣਗੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਜ਼ਿਲ੍ਹਾ ਪੱਧਰ ’ਤੇ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਕੋ ਕਨਵੀਨਰ ਦਿਲਬਾਗ ਸਿੰਘ, ਕਰਨੈਲ ਫਿਲੌਰ, ਵੇਦ ਰਾਜ, ਪਰੇਮ ਖਾਲਵਾੜਾ, ਰਾਮ ਰੂਪ, ਸੰਦੀਪ ਰਾਜੋਵਾਲ, ਕਸਤੂਰੀ ਲਾਲ,ਅਮਰਜੀਤ ਭਗਤ, ਸੰਦੀਪ ਸਿੰਘ, ਮੋਹਣ ਲਾਲ, ਰਣਜੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

## ਮਿਲਟ ਮੇਡ ਕੰਪਨੀ ਨੇ ਲਗਾਇਆ ਜੂਸ ਦਾ ਸਟਾਲ

**ਬਲਾਚੌਰ ਸਤੰਬਰ (ਜਸਵਿੰਦਰ ਬੈਂਸ)**-ਲੋਕਾਂ ਦੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਅਤੇ ਵਧੀਆ ਜੂਸ ਦੇਣ ਲਈ ਅੱਜ ਬਲਾਚੌਰ ਦੇ ਕੰਗਣਾ ਬਾਈਪਾਸ ਦੀ ਨਜ਼ਦੀਕ ਚੌਧਰੀ ਸਵੀਟ ਸ਼ਾਪ ਬਾਹਰ ਮਿਲਟ ਮੇਡ ਕੰਪਨੀ ਵੱਲੋਂ ਜੂਸ ਦਾ ਸਟਾਲ ਲਗਾਇਆ ਗਿਆ ।ਜਿਸ ਵਿੱਚ ਕੰਪਨੀ ਦੇ ਵਰਕਰਾਂ ਵੱਲੋਂ ਵੱਖ-ਵੱਖ ਪ੍ਰਕਾਰ ਦਾ ਜੂਸ ਲੋਕਾਂ ਨੂੰ ਘੱਟ ਕੀਮਤ ’ਤੇ ਦਿੱਤਾ ਗਿਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੰਪਨੀ ਦੇ ਵਰਕਰਾਂ ਨੇ ਦੱਸਿਆ ਕਿ ਲੋਕਾਂ ਨੂੰ ਵਧੀਆ ਅਤੇ ਘੱਟ ਪੈਸੇ ਵਿੱਚ ਵਧੀਆ ਜੂਸ ਉਪਲਬਧ ਕਰਾਉਣ ਲਈ ਮਿਲਟ ਮੇਡ ਦੀ ਕੰਪਨੀ ਵੱਲੋਂ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ ਜੂਸ ਮਾਤਰ 100 ਰੁਪਏ ਵਿੱਚ ਉਪਲਬਧ ਕਰਵਾਏ ਗਏ ਹਨ ।ਜਿਸ ਵਿੱਚ ਮਿਕਸ ਫਰੂਟ ਦਾ ਜੂਸ, ਅਨਾਰ ਦਾ ਜੂਸ, ਅਮਰੂਦਾਂ ਦਾ ਜੂਸ ਅਤੇ ਕਈ ਹੋਰ ਕਿਸਮਾਂ ਦੇ ਜੂਸ ਕੰਪਨੀ ਵੱਲੋਂ ਸਸਤੇ ਰੇਟਾਂ ਤੇ ਵੇਚੇ ਜਾ ਰਿਹਾ ਹਨ।ਇਸ ਮੌਕੇ ਤੇ ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਿਹਤ ਨੂੰ ਤੰਦਰੁਸਤ ਰੱਖਣ ਵਾਸਤੇ ਮਿਲਟ ਮੇਡ ਕੰਪਨੀ ਦਾ ਜੂਸ ਦਾ ਇਸਤੇਮਾਲ ਕੀਤਾ ਜਾਵੇ ਜਿਸ ਨਾਲ ਸਿਹਤ ਤੰਦਰੁਸਤ ਰਹੇਗੀ। ਇਸ ਮੌਕੇ ਤੇ ਚੌਧਰੀ ਸਵੀਟ ਸ਼ਾਪ ਦੇ ਮਾਲਕ ਬਲਰਾਮ ਚੌਧਰੀ ਕਾਕੂ ਚੌਧਰੀ ਬਾਬਾ ਸਰਜੀਤ ਸਿੰਘ ਅਤੇ ਜੋਬਨ ਟੈਲੀਕੋਮ ਆਦ ਹਾਜ਼ਰ ਸਨ। ਇਸ ਮੌਕੇ ਚੌਧਰੀ ਸਵੀਟ ਸ਼ਾਪ ਦੇ ਮਾਲਕ ਬਲਰਾਮ ਚੌਧਰੀ, ਕਾਕੂ ਚੌਧਰੀ, ਬਾਬਾ ਸਰਜੀਤ ਸਿੰਘ ਅਤੇ ਜੋਬਨ ਟੈਲੀਕੋਮ ਆਦਿ ਹਾਜ਼ਰ ਸਨ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਜਲੰਧਰ ਦੀ ਰੇੜਵਾਂ ’ਚ ਮੀਟਿੰਗ

**ਸ਼ਾਹਕੋਟ (ਗਿਆਨ ਸੈਦਪੁਰੀ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਿਲਾ ਜਲੰਧਰ ਦੇ ਤਿੰਨਾਂ ਜ਼ੋਨਾਂ ਦੀ ਮੀਟਿੰਗ ਦੋਨਾਂ ਜਿਲਾ ਪ੍ਰਧਾਨ ਸਲਵਿੰਦਰ ਸਿੰਘ ਜਾਣੀਆਂ ਅਤੇ ਗੁਰਮੇਲ ਸਿੰਘ ਰੇੜਵਾਂ ਦੀ ਅਗਵਾਈ ਵਿਚ ਪਿੰਡ ਰੇੜਵਾਂ ਵਿਖੇ ਹੋਈ ਜਿਸ ਵਿਚ ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ ਉਚੇਚੇ ਤੌਰ ’ਤੇ ਪੁੱਜੇ ।ਇਸ ਮੌਕੇ ਪਰਾਲੀ ਦੀ ਸਾਂਭ ਸੰਭਾਲ ਬਾਰੇ ਸਰਕਾਰ ਦੇ ਫਰਜ਼, ਧੱਕੇ ਨਾਲ ਲਗਾਏ ਜਾ ਰਹੇ ਚਿੱਪ ਵਾਲੇ ਮੀਟਰ, ਝੋਨੇ ਦੀ ਲਿਫਟਿੰਗ ਨੂੰ ਯਕੀਨੀ ਬਣਾਉਣ ਅਤੇ ਪਿੰਡਾਂ ਵਿਚ ਬੀਬੀਆਂ ਦੇ ਸੰਗਠਨ ਬਣਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਬੁਲਾਰਿਆਂ ਕਿਹਾ ਕਿ ਸਾਰਕਾਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ’ਤੇ ਉਹਨਾਂ ਦੀ ਫਰਦ ਉੱਪਰ ਰੈੱਡ ਇੰਟਰੀ ਕਰਨ ਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਅਤੇ ਸਰਕਾਰ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਜੇਕਰ ਉਸ ਨੇ ਪਰਾਲੀ ਨੂੰ ਅੱਗ ਲਾਉਣੀ ਬੰਦ ਕਰਨੀ ਹੈ ਤਾਂ ਕਿਸਾਨਾਂ ਨੂੰ 8000 ਪ੍ਰਤੀ ਕਿੱਲਾ ਮੁਆਵਜ਼ਾ ਦਿੱਤਾ ਜਾਵੇ ਜਾਂ ਸੁਸਾਇਟੀਆਂ ਵਿੱਚ ਮਸ਼ੀਨਰੀ ਮਹੱਈਆ ਕਰਵਾਈ ਜਾਵੇ ਅਤੇ ਖੇਤੀ ਮਸ਼ੀਨਰੀ ਤੇ ਸਬਸਿਡੀਆਂ ਵਧਾਈਆਂ ਜਾਣ ।ਉਹਨਾ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਦੀ ਫ਼ਰਦਾਂ ਤੇ ਰੈੱਡ ਇੰਟਰੀਆਂ ਕੀਤੀਆਂ ਤਾ ਆਉਣ ਵਾਲੇ ਦਿਨਾਂ ਵਿਚ ਮੰਤਰੀਆਂ ਦਾ ਪਿੰਡਾਂ ਵਿੱਚ ਵੜਨਾ ਮੁਸ਼ਕਿਲ ਕਰ ਦਿਆਂਗੇ ।

ਉਹਨਾਂ ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਦੇ ਨਿੱਤ ਪ੍ਰਤੀ ਦਿਨ ਆ ਰਹੇ ਬਿਆਨਾਂ ’ਤੇ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਉਹ ਕਿਸਾਨ ਮਜ਼ਦੂਰ ਭਾਈਚਾਰੇ ਖਿਲਾਫ ਵਿਵਾਦਾਂ ਭਰੇ ਬਿਆਨ ਦੇ ਕੇ ਦੇਸ਼ ਦੀ ਏਕਤਾ ਨੂੰ ਖ਼ਤਰਾ ਪਹੁੰਚਾ ਰਹੀ ਹੈ। ਸਰਕਾਰ ਨੂੰ ਇਸ ’ਤੇ ਰੋਕ ਲਾਉਣੀ ਚਾਹੀਦੀ ਹੈ ।ਉਹਨਾਂ ਅੱਗੇ ਕਿਹਾ ਕਿ 3 ਅਕਤੂਬਰ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ਼ ਦਿਵਾਉਣ ਵਾਸਤੇ ਪੂਰੇ ਭਾਰਤ ਵਿੱਚ ਰੇਲਾਂ ਦੇ ਚੱਕੇ ਜਾਮ ਕੀਤੇ ਜਾਣਗੇ ।ਉਹਨਾਂ ਹਰ ਵਰਗ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਅਜੇ ਤੱਕ ਬੀਬੀਆਂ ਦੀਆਂ ਕਮੇਟੀਆਂ ਨਹੀਂ ਬਣੀਆਂ ਜਲਦ ਤੋਂ ਜਲਦ ਬੀਬੀਆਂ ਦੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਰਜਿੰਦਰ ਸਿੰਘ ਨੰਗਲ ਅੰਬੀਆਂ, ਜ਼ਿਲਾ ਖਜ਼ਾਨਚੀ ਜਗਦੀਸ਼ਪਾਲ ਸਿੰਘ ਚੱਕ ਬਾਹਮਣੀਆਂ, ਜ਼ਿਲ੍ਹਾ ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਕੋਟਲੀ ਗਾਜਰਾਂ, ਜ਼ੋਨ ਪ੍ਰਧਾਨ ਨਿਰਮਲ ਸਿੰਘ ਢੰਡੋਵਾਲ, ਜ਼ੋਨ ਪ੍ਰਧਾਨ ਸਤਨਾਮ ਸਿੰਘ ਰਾਈਵਾਲ, ਰਣਜੀਤ ਸਿੰਘ ਬੱਲ ਨੌ, ਸ਼ੇਰ ਸਿੰਘ ਰਾਮੇ, ਲਵਪ੍ਰੀਤ ਸਿੰਘ ਕੋਟਲੀ ਗਾਜਰਾਂ,ਹਰਫੂਲ ਸਿੰਘ ਰਾਜੇਵਾਲ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਬੀਬੀਆਂ ਹਾਜ਼ਰ ਸਨ।



## ਨਗਰ ਕੌਂਸਲ ਨੇ ਪਲਾਸਟਿਕ ਦੀ ਪੀਕਿੰਗ ਕਰਵਾਈ

**ਬਲਾਚੌਰ (ਜਸਵਿੰਦਰ ਬੈਂਸ)**-ਪੀ ਐਮ ਆਈ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਬਲਾਚੌਰ ਦੇ ਕਾਰਜ ਸਾਧਕ ਅਫਸਰ ਕੇਵਲ ਕ੍ਰਿਸ਼ਨ ਤੇ ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਸੰਪੂਰਨ ਸਵੱਛਤਾ ਵਿੱਚ ਪਲਾਸਟਿਕ ਦੀ ਪੀਕਿੰਗ ਕਰਵਾਈ ਗਈ। ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਸਫ਼ਾਈ ਸੇਵਕਾਂ ਵੱਲੋਂ ਪਲਾਸਟਿਕ ਪੀਕਿੰਗ ਕੀਤੀ ਗਈ ਤੇ ਡਾਰਕ ਸਪੋਰਟਸ ਏਰੀਏ ਨੂੰ ਵੀ ਕਰੀਅਰ ਕਰਵਾਇਆ ਗਿਆ। ਇਸ ਮੌਕੇ ਮਨਿੰਦਰ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਦੋਂ ਲੋਕ ਬਾਜ਼ਾਰ ਵਿੱਚ ਕੋਈ ਸਮਾਨ ਲੈਣ ਆਉਂਦੇ ਹਨ ਤਾਂ ਉਹ ਆਪਣੇ ਨਾਲ ਘਰੋਂ ਕੱਪੜੇ ਦਾ ਬਣਿਆ ਥੈਲਾ ਲੈ ਕੇ ਆਉਣ ਅਤੇ ਪਲਾਸਟਿਕ ਦੇ ਲਿਫਾਫੇ ਦੀ ਵਰਤੋਂ ਨਾ ਕਰਨ. ਇਸ ਮੌਕੇ ਤੇ ਨਗਰ ਕੌਂਸਲ ਦੇ ਸਮੂਹ ਕਰਮਚਾਰੀ ਮੌਜੂਦ ਰਹੇ।




# ਬਲਾਕ ਦੇ ਪ੍ਰਾਇਮਰੀ ਸਕੂਲ ਅਧਿਆਪਕਾਂ ਦੀ ਇੱਕ ਰੋਜ਼ਾ ਸਿਖਲਾਈ ਸਮਾਪਤ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)- ਐਸ.ਸੀ.ਈ.ਆਰ.ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਦਰਸ਼ਨਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਅ.ਸ), ਰੰਜਨਾ ਕਟਿਆਲ ਉਪ ਜ਼ਿਲ੍ਹਾ ਸਿੱਖਿਆ ਅਫਸਰ ਰੂਪਨਗਰ ਦੀ ਯੋਗ ਅਗਵਾਈ ਹੇਠ ਸਿੱਖਿਆ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਸਾਰੇ ਸਕੂਲ ਅਧਿਆਪਕਾਂ ਦੀ ਇੱਕ ਰੋਜ਼ਾ ਯੋਗਤਾ ਵਧਾਉਣ ਦੀ ਯੋਜਨਾ ਤਹਿਤ ਸਿਖਲਾਈ ਬਲਾਕ ਸਿੱਖਿਆ ਦਫਤਰ ਸ੍ਰੀ ਚਮਕੌਰ ਸਾਹਿਬ ਵਿਖੇ ਸਮਾਪਤ ਹੋ ਗਈ। ਇਸ ਦੌਰਾਨ ਜਾਣਕਾਰੀ ਦਿੰਦਿਆਂ ਦਵਿੰਦਰਪਾਲ ਸਿੰਘ ਬੇਦੀ ਬਲਾਕ ਸਿੱਖਿਆ ਅਫਸਰ ਸ੍ਰੀ ਚਮਕੌਰ ਸਾਹਿਬ ਨੇ ਦੱਸਿਆ ਕਿ ਇਹ ਸਿਖਲਾਈ ਬਲਾਕ ਦੇ ਕੁੱਲ 132 ਅਧਿਆਪਕਾਂ ਦੀ ਚਾਰ ਗਰੁੱਪਾਂ ਵਿਚ ਕਰਵਾਈ ਗਈ। ਇਸ ਇੱਕ ਰੋਜ਼ਾ ਸਿਖਲਾਈ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਅਧਿਆਪਕਾਂ ਵਿੱਚ ਕੰਪੀਟੈਂਸੀ ਦੀ ਭਾਵਨਾ ਪੈਦਾ ਕਰਨਾ ਹੈ। ਇਸ ਸਿਖਲਾਈ ਦੌਰਾਨ ਰਿਸੋਰਸ ਪਰਸਨਜ ਦਲਜੀਤ ਸਿੰਘ ਜਟਾਣਾਂ, ਗੁਰਿੰਦਰ ਸਿੰਘ ਗੋਗੀ, ਰਾਜਿੰਦਰਪਾਲ ਸਿੰਘ ਬੈਂਸ ਅਤੇ ਨਵਰੀਤ ਸਿੰਘ ਬਰਾੜ ਨੇ ਪੂਰੀ ਤਨਦੇਹੀ ਅਤੇ ਸੌਖੇ ਢੰਗ ਤਰੀਕੇ ਦੱਸ ਕੇ ਵਧੀਆ ਅਧਿਆਪਨ ਲਈ ਅਧਿਆਪਕਾਂ ਨੂੰ ਟ੍ਰੇਂਡ ਕੀਤਾ ਗਿਆ। ਇਸ ਚਾਰ ਗਰੁੱਪਾਂ ਦੀ ਪੂਰੀ ਸਿਖਲਾਈ ਦੌਰਾਨ ਸੈਮੀਨਾਰ ਇੰਚਾਰਜ ਮਨਜੀਤ ਸਿੰਘ ਸੀ ਐਚ ਟੀ ਨੇ ਵਧੀਆ ਤਰੀਕੇ ਨਾਲ ਸਮੁੱਚਾ ਪ੍ਰਬੰਧਨ ਕੀਤਾ।



# ਸਰਕਾਰ ਅਕਤੂਬਰ ਮਹੀਨੇ ’ਚ ਪੰਚਾਇਤੀ ਚੋਣਾਂ ਕਰਵਾਉਣ ਦਾ ਫ਼ੈਸਲਾ ਲਵੇ ਵਾਪਸ : ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਭਾਰਤੀਆ ਵਾਲਮੀਕਿ ਧਰਮ ਸਮਾਜ (ਰਜਿ:)ਭਾਵਾਧਸ ਭਾਰਤ ਦੀ ਇੱਕ ਮੀਟਿੰਗ ਪੰਜਾਬ ਕਨਵੀਨਰ ਸੁਰਿੰਦਰ ਜਾਜਾ ਦੀ ਅਗਵਾਈ ਚ ਭਾਵਾਧਸ ਦਫਤਰ ਉੜਮੁੜ ਟਾਂਡਾ ਵਿਖੇ ਹੋਈ ਜਿਸ ਵਿੱਚ ਉਨ੍ਹਾਂ ਕਿਹਾ, ਕਿਉਂਕਿ ਇਸ ਸਾਲ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਤ ਸਾਰੇ ਤਿਉਹਾਰ ਲੱਗਭੱਗ ਅਕਤੂਬਰ ਮਹੀਨੇ ’ਚ ਹੀ ਆ ਰਹੇ ਹਨ ਅਤੇ ਖਾਸ ਕਰਕੇ ਪਰਮਪਿਤਾ ਵਾਲਮੀਕਿ ਜੀ ਦਾ ਪ੍ਰਗਟ ਦਿਹਾੜਾ ਵੀ 17 ਅਕਤੂਬਰ ਨੂੰ ਆ ਰਿਹਾ ਹੈ ਜੋ ਕਿ ਹਰ ਸਾਲ ਹੀ ਵਾਲਮੀਕਿ ਮਹਾਰਾਜ ਦੇ ਪੈਰੋਕਾਰਾਂ ਦਾ ਇਸ ਦਿਹਾੜੇ ਨੂੰ ਮਨਾਉਣ ਲਈ ਲੱਗਭੱਗ ਇੱਕ ਮਹੀਨਾ ਪਹਿਲਾਂ ਅਤੇ ਇੱਕ ਮਹੀਨਾ ਬਾਅਦ ’ਚ ਵੀ ਪੂਰਾ ਰੁਝੇਵਿਆਂ ਭਰਿਆ ਰਹਿੰਦਾ ਹੈ ਜਿਸ ਕਾਰਨ ਉਹ ਚਾਹ ਕੇ ਵੀ ਪੰਚਾਇਤੀ ਚੋਣਾਂ ਲੜਨ ਦੇ ਚਾਹਵਾਨ ਹੁੰਦਿਆਂ ਇਨ੍ਹਾਂ ਚੋਣਾਂ ਦਾ ਹਿੱਸਾ ਨਹੀਂ ਬਣ ਸਕਦੇ। ਭਾਰਤੀਆ ਵਾਲਮੀਕਿ ਧਰਮ ਸਮਾਜ (ਰਜਿ:) ਭਾਵਾਧਸ ਭਾਰਤ ਪੰਜਾਬ ਸਰਕਾਰ ਅਤੇ ਪੰਜਾਬ ਚੋਣ ਕਮਿਸ਼ਨ ਦੇ ਫੈਸਲੇ ਦਾ ਪੁਰਜ਼ੋਰ ਵਿਰੋਧ ਕਰਦਾ ਹੈ। ਜੇਕਰ ਪੰਜਾਬ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲ਼ਿਆ ਅਤੇ ਪੰਚਾਇਤੀ ਚੋਣਾਂ ਦੀਆਂ ਤਾਰੀਖਾਂ ਨਾ ਬਦਲੀਆਂ ਤਾਂ ਭਾਵਾਧਸ ਇਨ੍ਹਾਂ ਚੋਣਾਂ ਦਾ ਪੂਰਾ ਪੰਜਾਬ ਵਿਰੋਧ ਕਰੇਗਾ। ਇਸ ਮੌਕੇ ਉਨ੍ਹਾਂ ਨਾਲ ਸੁਨੀਲ ਜਾਜਾ ਬੌਬੀ ਰਾਜਪੁਰ, ਵਿਜੈ ਮੱਟੂ, ਰਾਜਨ ਮਲਹੋਤਰਾ, ਸੁਰਜੀਤ ਰਾਜਾ ਰਾਜਕੁਮਾਰ ਹਰਸੀ ਪਿੰਡ, ਜਸਵੀਰ ਸਿੰਘ ਬਘਿਆੜੀ, ਮਨਸਾ ਰਾਵਾਂ, ਅਸ਼ੋਕ ਕੁਮਾਰ ਫ਼ੌਜੀ ਅਤੇ ਗੁਰਦਿਆਲ ਵਿੱਕੀ ਆਦਿ ਹੋਰ ਵੀ ਮੌਜੂਦ ਸਨ ।



## ਲੋੜਵੰਦ ਨੂੰ ਮੋਟਰਾਈਜ਼ਡ ਵ੍ਹੀਲ ਚੇਅਰ ਤੇ ਕੈਂਸਰ ਪੀੜਤ ਲਈ ਦਵਾਈ ਮੁਹੱਈਆ ਕਰਵਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸਾਖਾ, ਐਸ.ਏ.ਐਸ.ਨਗਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਰੈੱਡ ਕਰਾਸ ਸ਼ਾਖਾ ਵੱਲੋਂ ਵੱਖ-ਵੱਖ ਲੋਕ ਭਲਾਈ ਕੰਮ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ-ਕਮ-ਅਵੇਤਨੀ ਸਕੱਤਰ ਡਾ. ਅੰਕਿਤਾ ਕਾਂਸਲ ਨੇ ਦੱਸਿਆ ਕਿ ਇਸੇ ਲੜੀ ਤਹਿਤ ਕੱਲ੍ਹ ਭਾਰਤੀਯ ਕਰਿਤਮ ਅੰਗ ਨਿਰਮਾਣ ਨਿਗਮ (ਅਲਿਮਕੋ), ਮੋਹਾਲੀ (ਪੰਜਾਬ) ਦੇ ਸਹਿਯੋਗ ਨਾਲ਼ ਨਕਲੀ ਅੰਗ, ਮੋਟਰਾਇਜਡ ਟ੍ਰਾਈ ਸਾਈਕਲ, ਟ੍ਰਾਈ ਸਾਈਕਲ ਆਦਿ ਵੰਡਣ ਲਈ ਮੁਫ਼ਤ ਵੰਡ ਸਮਾਰੋਹ ਕੈਂਪ ਲਗਾਇਆ ਗਿਆ ਸੀ, ਜਿਸ ਵਿੱਚ ਕੁਝ ਲਾਭਪਾਤਰੀ ਸ਼ਾਮਿਲ ਨਹੀ ਹੋ ਸਕੇ ਸੀ। ਉਨ੍ਹਾਂ ਨੂੰ ਅੱਜ ਜ਼ਿਲ੍ਹਾ ਰੈੱਡ ਕਰਾਸ ਸ਼ਾਖਾ, ਐਸ.ਏ.ਐਸ.ਨਗਰ ਦਫਤਰ ਵਿਖੇ ਵ੍ਹੀਲ ਚੇਅਰ, ਨਕਲੀ ਅੰਗ, ਰੋਲੇਟਰ ਆਦਿ ਮੁਫ਼ਤ ਮੁਹੱਈਆ ਕਰਵਾਏ ਗਏ। ਇਸ ਤੋਂ ਇਲਾਵਾ ਮਹੇਸ਼ ਪਾਸਵਾਨ ਜੋ ਕਿ ਅੰਬ ਸਾਹਿਬ ਕਲੋਨੀ, ਫੇਜ਼-11, ਮੋਹਾਲੀ ਵਿਖੇ ਰਹਿੰਦਾ ਹੈ ਅਤੇ ਲੇਬਰ ਦਾ ਕੰਮ ਕਰਦਾ ਹੈ, ਜਿਸ ਦੀ ਬੇਟੀ ਲਿਵਰ ਅਤੇ ਦਿਮਾਗ ਦੀ ਬਿਮਾਰੀ ਤੋਂ ਪੀੜਤ ਹੈ, ਦੀ ਵਿੱਤੀ ਹਾਲਤ ਨੂੰ ਦੇਖਦੇ ਹੋਏ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਦੇ ਫੰਡਜ਼ ਵਿੱਚੋਂ ਇੱਕ ਮਹੀਨੇ ਦੀਆਂ ਦਵਾਈਆਂ ਦੀ ਮਦਦ ਕੀਤੀ ਗਈ ਹੈ।

## ਸਾਰੀਆਂ ਜਨਤਕ ਥਾਵਾਂ ’ਤੇ ਲਗਾਏ ਜਾਣਗੇ ਬੂਟੇ : ਚੱਬੇਵਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਪਿੰਡ ਬਿਛੋਹੀ ਵਿਖੇ ਸਥਿਤ ਜਲ ਸਪਲਾਈ ਸਕੀਮ ਦੇ ਕੰਮ ਦਾ ਨਿਰੀਖਣ ਕੀਤਾ । ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਖੁਦ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਨਿਰੀਖਣ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਡਾ: ਜਤਿੰਦਰ ਅਤੇ ਡਾ: ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ । ਉਨ੍ਹਾਂ ਚੱਲ ਰਹੇ ਕੰਮ ’ਤੇ ਤਸੱਲੀ ਪ੍ਰਗਟਾਈ। ਸੰਸਦ ਮੈਂਬਰ ਡਾ: ਰਾਜ ਨੇ ਕੁਝ ਦਿਨ ਪਹਿਲਾਂ 80 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਣ ਵਾਲੇ ਇਸ ਜਲ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਸੀ । ਇਸ ਤੋਂ ਬਾਅਦ ਉਨ੍ਹਾਂ ਨੇ ਜਨਤਕ ਥਾਵਾਂ ’ਤੇ ਬੂਟੇ ਲਗਾਏ। ਉਨ੍ਹਾਂ ਨੇ ਕਿਹਾ ਕਿ ਪਿੰਡ ਦੀਆਂ ਸਾਰੀਆਂ ਸਾਂਝੀਆਂ ਅਤੇ ਜਨਤਕ ਥਾਵਾਂ ’ਤੇ ਬੂਟੇ ਲਗਾਏ ਜਾਣਗੇ, ਜਿਸ ਨਾਲ ਵਾਤਾਵਰਣ ਦੀ ਸੁਰੱਖਿਆ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਪੇਂਡੂ ਜੀਵਨ ਵਿੱਚ ਖੁਸ਼ਹਾਲੀ ਆਵੇਗੀ। ਉਨ੍ਹਾਂ ਕਿਹਾ ਕਿ ਸਾਡੇ ਪੁਰਖੇ ਪਿੰਡਾਂ ਦੀਆਂ ਜਨਤਕ ਥਾਵਾਂ, ਖਾਸ ਕਰਕੇ ਦਰੱਖਤਾਂ ਦੇ ਹੇਠਾਂ ਬੈਠ ਕੇ ਇੱਕ ਦੂਜੇ ਨਾਲ ਸਮਾਂ ਬਤੀਤ ਕਰਦੇ ਸਨ। ਇਹੀ ਕਾਰਨ ਸੀ ਕਿ ਉਦੋਂ ਰਿਸ਼ਤੇ ਇੰਨੇ ਮਜ਼ਬੂਤ ਸਨ।ਇਸ ਮੌਕੇ ਸੰਸਦ ਮੈਂਬਰ ਨੇ ਪਿੰਡ ਬਿਛੋਹੀ ਦੇ ਪਿੰਡ ਵਾਸੀਆਂ ਨੂੰ ਬੂਟੇ ਲਗਾਉਣ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਇਨ੍ਹਾਂ ਬੂਟਿਆਂ ਦੀ ਸੰਭਾਲ ਕਰਨ ਦੀ ਅਪੀਲ ਕੀਤੀ ਇਸ ਮੌਕੇ ਪਿੰਡ ਬਿਛੋਹੀ ਅਤੇ ਆਸ-ਪਾਸ ਦੇ ਪਿੰਡਾਂ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਸਮਾਗਮ ਤੇ ਫ੍ਰੀ ਮੈਡੀਕਲ ਕੈਂਪ



**ਅੱਡਾਂ ਸਰਾਂ (ਜਸਵੀਰ ਕਾਜਲ)** ਸ਼ਹੀਦੇ-ਆਜ਼ਮ ਭਗਤ ਸਿੰਘ ਦੇ 117 ਵੇਂ ਜਨਮ ਦਿਵਸ ਨੂੰ ਸਮਰਪਤ ਸਮਾਗਮ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ ਵੱਲੋਂ ਲੰਡਨ ਮੈਡੀਸੀਟੀ, ਪਿੰਡ ਖੁਰਦਾਂ, ਹੁਸ਼ਿਆਰਪੁਰ ਵਿਖੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਜੰਗਵੀਰ ਸਿੰਘ ਚੌਹਾਨ ਪ੍ਰਧਾਨ ਦੋਆਬਾ ਕਿਸਾਨ ਸ਼ੰਘਰਸ਼ ਕਮੇਟੀ ਪੰਜਾਬ ਅਤੇ ਲਵਦੀਪ ਸਿੰਘ ਧੂਤ ਨਾਇਬ ਤਹਿਸੀਲਦਾਰ ਭੂੰਗਾਂ ਆਦਿ ਸ਼ਾਮਿਲ ਹੋਏ।

ਇਸ ਮੌਕੇ ਜੰਗਵੀਰ ਸਿੰਘ ਚੌਹਾਨ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਤਿਆਗ ਕਰ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਆਉਣਾ ਚਾਹੀਦਾ ਹੈ ਹੈ। ਇਸ ਮੌਕੇ ਲਵਦੀਪ ਸਿੰਘ ਧੂਤ ਨਾਇਬ ਤਹਿਸੀਲਦਾਰ ਭੂੰਗਾਂ ਅਤੇ ਉਂਕਾਰ ਸਿੰਘ ਧਾਮੀ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਸੋਚ ’ਤੇ ਪਹਿਰਾ ਦੇਣ ਦੀ ਅਪੀਲ ਕੀਤੀ। ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ ਨੇ ਕਿਹਾ ਕਿ ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਜ਼ਿਆਦਾ ਦੇਰ ਤੱਕ ਜਿਉਂਦੀਆਂ ਨਹੀਂ ਰਹਿੰਦੀਆ। ਇਸ ਸਮਾਗਮ ਵਿੱਚ ਭਾਸ਼ਣ, ਕਵਿਤਾ, ਕੋਰੀਉਗ੍ਰਾਫੀ ਰਾਹੀਂ ਭਗਤ ਸਿੰਘ ਦੇ ਜੀਵਨ, ਫਲਸਫੇ ਅਤੇ ਕੁਰਬਾਨੀ ਭਰੇ ਜਜ਼ਬੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ 260 ਦੇ ਲੱਗਭੱਗ ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਮੈਨੇਜਰ ਪੰਜਾਬ ਨੈਸ਼ਨਲ ਬੈਕ ਭੂੰਗਾਂ, ਹਰਬੰਸ ਸਿੰਘ ਚੱਕ ਖੇਲਾ ਪ੍ਰਧਾਨ ਸਮਾਜ ਭਲਾਈ ਸੁਸਾਇਟੀ, ਜੋਏ ਲੋਨ ਮੈਨੇਜਰ ਪੀ.ਐਨ.ਬੀ. ਭੂੰਗਾ, ਅਮਰਜੀਤ ਹਮਰੋਲ ਸਾਬਕਾ ਸਕੱਤਰ ਜਿਲ੍ਹਾਂ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ, ਰਾਜ ਕੁਮਾਰੀ ਸਹਿਜੋਵਾਲ ਪ੍ਰਧਾਨ ਵਿਲੇਜ ਡਿਵੈਲਪਮੈਂਟ ਸੁਸਾਇਟੀ ਸਹਿਜੋਵਾਲ, ਸੁਮਨਾ ਦੇਵੀ ਸੀ.ਈ.ਓ. ਹਿਮਾਲਿਆ ਐਫ.ਪੀ.ਓ.ਟਾਡਾ, ਕੁਲਵਿੰਦਰ ਕੌਰ ਸੀ.ਈ.ਓ. ਹਰਿਆਲੀ ਐਫ.ਪੀ.ਓ., ਹਰਦੀਪ ਸਿੰਘ ਐਨ.ਜੀ.ਓ. ਕੋਆਰਡੀਨੇਟਰ ਬਲਵਿੰਦਰ ਕੌਰ ਸੀ.ਈ.ਓ. ਸ਼ਿਵਾਲਿਕ ਐਫ.ਪੀ.ਓ, ਸਿਮਰਨ ਆਦਿ ਨੇ ਵੀ ਸੰਬੋਧਨ ਕੀਤਾ। ਅਮਨ ਅਰਮਾਨ ਸੀ.ਈ.ਓ. ਲੰਡਨ ਮੈਡੀਸੀਟੀ, ਪਿੰਡ ਖੁਰਦਾਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵਿੰਦਰ ਕੌਰ ਸੀ.ਈ.ਓ. ਕੰਡੀ ਐਫ.ਪੀ.ਓ, ਤਰਵੇਜ ਸਿੰਘ ਸੀ.ਈ.ਓ. ਅਮ੍ਰਿਤ ਧਾਰਾ ਐਫ.ਪੀ.ਓ, ਦਮਨਪ੍ਰੀਤ ਕੌਰ, ਜਸਵੰਤ ਕੌਰ ਕੰਡੀ ਐਫ.ਪੀ.ਓ., ਬਲਵੀਰ ਸਿੰਘ, ਸੰਦੀਪ ਕੁਮਾਰ, ਰੇਸ਼ਮ ਕੌਰ, ਮਨਸਹਿਜ ਸਿੰਘ, ਗਿਆਨ ਸਿੰਘ ਗੁਰਾਇਆ, ਜੋਗਿੰਦਰ ਸਿੰਘ ਖਾਲਸਾ, ਸੂਬੇਦਾਰ ਵਰਿੰਦਰ ਸਿੰਘ ਭਟੋਲੀਆ, ਸੰਦੀਪ ਸਿੰਘ ਮਾਨਾ ਔਭੋਵਾਲ, ਜਸਨੂਰ ਸਿੰਘ, ਤਨਵੀਰ ਕੌਰ, ਜਸਪਾਲ ਸਿੰਘ ਫਤਿਪੁਰ, ਰਾਮ ਸਿੰਘ ਧੁੱਗਾ, ਪਰਮਜੀਤ ਸਿੰਘ, ਨਰੇਸ਼ ਕੁਮਾਰ, ਪੱਪੀ ਬਹਿਲ ਬੀ.ਓ.ਡੀ. ਸ਼ਿਵਾਲਿਕ ਐਫ.ਪੀ.ਓ, ਬਲਜੀਤ ਸਿੰਘ ਢੱਡਾ, ਗੁਰਨਾਮ ਸਿੰਘ, ਬਲਵੀਰ ਸਿੰਘ, ਸਰੋਜ ਬਾਲਾ, ਸਾਹਿਲ ਆਦਿ ਹਾਜ਼ਰ ਸਨ।

# ਵਿਆਹੁਤਾ ਨੂੰ ਤੰਗ-ਪ੍ਰੇਸ਼ਾਨ ਕਰਨ ’ਤੇ ਪਤੀ ਖਿਲਾਫ ਮਾਮਲਾ ਦਰਜ

**ਨਵਾਂਸ਼ਹਿਰ (ਮਨੋਜ ਲਾਡੀ)**-ਦਾਜ ਦੀ ਮੰਗ ਨੂੰ ਲੈ ਕੇ ਵਿਆਹੁਤਾ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਹੇਠ ਪੁਲਸ ਵੱਲੋਂ ਪਤੀ ਖਿਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਐੱਸ.ਐੱਸ.ਪੀ.ਨੂੰ ਦਿੱਤੀ ਸ਼ਿਕਾਇਤ ਵਿਚ ਪੂਨਮ ਪੁੱਤਰੀ ਸਤਪਾਲ ਵਾਸੀ ਮਹਿਤਪੁਰ ਥਾਣਾ ਬਲਾਚੌਰ ਨੇ ਦੱਸਿਆ ਕਿ ਉਸ ਦਾ ਵਿਆਹ ਗੁਰਪ੍ਰੀਤ ਸਿੰਘ ਪੁੱਤਰ ਸੁਰਿੰਦਰ ਪਾਲ ਵਾਸੀ ਪਿੰਡ ਪਨਾਮ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨਾਲ 18 ਅਕਤੂਬਰ, 2015 ਨੂੰ ਧਾਰਮਿਕ ਰੀਤੀ ਰਿਵਾਜਾਂ ਨਾਲ ਹੋਇਆ ਸੀ। ਉਸ ਨੇ ਦੱਸਿਆ ਕਿ ਵਿਆਹ ਵਿਚ ਉਸ ਦੇ ਪੇਕੇ ਪਰਵਾਰ ਵਲੋਂ ਆਪਣੀ ਸਮਰਥਾ ਤੋਂ ਵੱਧ ਖਰਚਾ ਕੀਤਾ ਸੀ ਅਤੇ ਦਾਜ ਵਿਚ ਕੀਮਤੀ ਸਾਮਾਨ ਅਤੇ ਸੋਨੇ-ਚਾਂਦੀ ਦੇ ਗਹਿਣਿਆਂ ’ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਸਨ। ਉਸ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਉਸ ਦੇ 2 ਬੱਚਿਆਂ ਵਿਚ ਇਕ ਲੜਕਾ ਅਤੇ ਇਕ ਲੜਕੀ ਹੈ। ਉਸ ਨੇ ਦੱਸਿਆ ਕਿ ਉਸ ਦੇ ਸਹੁਰਾ ਪਰਵਾਰ ਦੀ ਮੰਗ ’ਤੇ ਹੀ ਉਸ ਦੀ ਰਿੰਗ ਸੈਰਾਮਨੀ (ਰੋਕਾ) ਇਕ ਪੈਲੇਸ ਵਿਚ ਕੀਤਾ ਸੀ ਜਿਸ ਵਿਚ 50 ਵਿਅਕਤੀਆਂ ਨੇ ਸ਼ਿਰਕਤ ਕੀਤੀ ਸੀ ਅਤੇ ਇਸ ’ਤੇ 50 ਹਜ਼ਾਰ ਰੁਪਏ ਅਤੇ ਕੱਪੜਿਆਂ ਅਤੇ ਗਹਿਣੇ ’ਤੇ 2 ਲੱਖ ਰੁਪਏ ਖਰਚ ਹੋਇਆ ਸੀ। ਉਸ ਨੇ ਦੱਸਿਆ ਕਿ ਵਿਆਹ ਤੋਂ ਕੁਝ ਸਮੇਂ ਬਾਅਦ ਤੱਕ ਸਭ ਕੁਝ ਠੀਕ ਰਿਹਾ ਪਰ ਬਾਅਦ ਵਿਚ ਉਸ ਨੂੰ ਹੋਰ ਦਾਜ ਦੀ ਮੰਗ ਨੂੰ ਲੈ ਕੇ ਕੇ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਐੱਸ.ਐੱਸ.ਪੀ ਨੂੰ ਦਿੱਤੀ ਸ਼ਿਕਾਇਤ ਵਿਚ ਉਸ ਨੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਅਤੇ ਇਨਸਾਫ ਦੇਣ ਦੀ ਮੰਗ ਕੀਤੀ। ਪੁਲਸ ਨੇ ਦੋਸ਼ੀ ਪਤੀ ਗੁਰਪ੍ਰੀਤ ਸਿੰਘ ਖਿਲਾਫ ਦਾਜ ਐਕਟ ਤਹਿਤ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਐੱਸ ਡੀ ਐੱਮ ਨੇ ਪੰਚਾਇਤੀ ਚੋਣਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਪੰਚਾਇਤੀ ਚੋਣਾਂ ਦੇ ਐਲਾਨ ਨਾਲ ਹੀ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਚੁੱਕਾ ਹੈ ਜਿਸ ਦੇ ਨਾਲ ਹੀ ਸਰਪੰਚਾਂ ਅਤੇ ਪੰਚਾਂ ਦੀ ਚੋਣ ਲਈ ਨਾਮਜ਼ਦਗੀ ਪੱਤਰ ਭਰਨ ਦਾ ਕੰਮ ਸ਼ੁਰੂ ਹੋ ਜਾਵੇਗਾ। ਇਹ ਜਾਣਕਾਰੀ ਐਸ ਡੀ ਐਮ ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸਿੱਧੂ ਵੱਲੋਂ ਸਮੂਹ ਨੋਡਲ ਅਫ਼ਸਰ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰਾਂ ਨਾਲ ਕੀਤੀ ਇਕ ਮੀਟਿੰਗ ਦੌਰਾਨ ਦਿੱਤੀ ਗਈ। ਮੀਟਿੰਗ ਵਿੱਚ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਅਤੇ ਹਾਜ਼ਰ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤਾ ਦੇ ਸੰਬੰਧ ਵਿੱਚ ਜਾਣੂ ਕਰਵਾਇਆ ਗਿਆ। ਐਸ ਡੀ ਐਮ ਅਮਰੀਕ ਸਿੰਘ ਸਿੱਧੂ ਨੇ ਦੱਸਿਆ ਕਿ ਇਹਨਾਂ ਚੋਣਾਂ ਲਈ ਬਲਾਕ ਸ੍ਰੀ ਚਮਕੌਰ ਸਾਹਿਬ ਦੇ 9 ਕਲਸਟਰਾਂ ਲਈ ਰਿਟਰਨਿੰਗ ਅਫਸਰ ਨਿਯੁਕਤ ਕੀਤੇ ਗਏ ਹਨ। ਜਿਨਾਂ ਵਿੱਚੋਂ ਕਲਸਟਰ ਨੰਬਰ 1 ਤੋਂ ਲੈ ਕੇ 5 ਤੱਕ ਦੇ ਰਿਟਰਨਿੰਗ ਅਫਸਰ ਅਮਰ ਸ਼ਹੀਦ ਬਾਬਾ ਜੁਝਾਰ ਸਿੰਘ ਬਾਬਾ ਅਜੀਤ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਅਤੇ ਕਲਸਟਰ ਨੰਬਰ 6 ਤੋਂ ਲੈ ਕੇ ਕਲਸਟਰ ਨੰਬਰ 9 ਤੱਕ ਦੇ ਰਿਟਰਨਿੰਗ ਅਫਸਰ ਸਕੂਲ ਆਫ ਐਮੀਨੈਂਸ ਸ੍ਰੀ ਚਮਕੌਰ ਸਾਹਿਬ ਵਿੱਚ ਬੈਠ ਕੇ ਨਾਮਜ਼ਦਗੀ ਪੱਤਰ ਪ੍ਰਾਪਤ ਕਰਨਗੇ। ਇਸ ਲਈ ਆਮ ਜਨਤਾ ਨੂੰ ਸੂਚਿਤ ਕੀਤਾ ਗਿਆ ਕਿ ਜੇਕਰ ਕੋਈ ਵੀ ਇਹਨਾਂ ਚੋਣਾਂ ਵਿੱਚ ਭਾਗ ਲੈਣਾ ਚਾਹੁੰਦਾ ਹੈ ਤਾਂ ਉਹ 27 ਸਤੰਬਰ ਤੋਂ ਲੈ ਕੇ 4 ਅਕਤੂਬਰ ਤੱਕ ਆਪਣੇ ਨਾਮਜ਼ਦਗੀ ਪੱਤਰ ਸੰਬੰਧਤ ਰਿਟਰਨਿੰਗ ਅਫ਼ਸਰ ਕੋਲ ਜਮ੍ਹਾਂ ਕਰਵਾ ਸਕਦਾ ਹੈ।

## ਹੈਰੋਇਨ ਸਮੇਤ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)**-ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫਸਰ ਸਤਨਾਮ ਸਿੰਘ ਵਲੋਂ ਸ਼ਹਿਰ ਅੰਦਰ ਨਸ਼ਿਆਂ ਨੂੰ ਠੱਲ੍ਹ ਪਾਉਣ ਅਤੇ ਗਲਤ ਅੰਸਰਾਂ ਉੱਤੇ ਨਕੇਲ ਕੱਸਦਿਆਂ ਹੋਇਆਂ ਦੌਰਾਨੇ ਗਸ਼ਤ ਇੱਟਾਂ ਦੇ ਭੱਠੇ ਨਜ਼ਦੀਕ ਭੁਲੇਖਾ ਚੌਕ ਪੁੱਜੇ ਤਾਂ ਸਾਹਮਣੇ ਤੋਂ ਆ ਰਹੇ ਇਕ ਮੋਨੇ ਵਿਅਕਤੀ ਵਲੋਂ ਪੁਲਸ ਨੂੰ ਵੇਖ ਕੇ ਘਬਰਾਹਟ ਵਿਚ ਆਪਣੇ ਪਜਾਮੇ ਦੀ ਸੱਜੀ ਜੇਬ ਵਿਚੋਂ ਕੁਝ ਬਾਹਰ ਘਾਹ ਫੂਸ ’ਤੇ ਸੁੱਟਿਆ ਨਜ਼ਰ ਆਇਆ ਤਾਂ ਮੁੱਖ ਅਫਸਰ ਸਤਨਾਮ ਸਿੰਘ ਅਤੇ ਏ ਐਸ ਆਈ ਨਿਰਮਲ ਕੁਮਾਰ ਵਲੋਂ ਉਸ ਕੋਲ ਗੱਡੀ ਰੁਕਵਾ ਕੇ ਉਸ ਦੇ ਕੋਲੋਂ ਸੁੱਟੇ ਲਿਫਾਫੇ ਬਾਰੇ ਪੁੱਛਿਆ ਤਾਂ ਉਸ ਨੇ ਪੁਲਸ ਪਾਰਟੀ ਨੂੰ ਹੈਰੋਇਨ ਹੋਣ ਬਾਰੇ ਦੱਸਿਆ। ਪੁਲਸ ਨੂੰ ਉਸ ਨੇ ਆਪਣਾ ਨਾਮ ਜਸਵੀਰ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਖਰੌੜ ਥਾਣਾ ਪੋਜੇਵਾਲ ਦੱਸਿਆ। ਪੁਲਸ ਨੇ ਲਿਫਾਫੇ ਦੀ ਵੀਡੀਓਗ੍ਰਾਫੀ ਕਰਨ ਤੋਂ ਬਾਅਦ ਲਿਫਾਫੇ ਨੂੰ ਤੋਲਿਆ ਤਾਂ ਉਸ ਵਿੱਚੋਂ ਪੰਜ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਜਿਸ ’ਤੇ ਉਕਤ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਿਸ ’ਤੇ ਉਸ ਉੱਤੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੋਸ਼ਣ ਮਾਹ ਦੇ ਚਲਦਿਆਂ ਜਾਗਰੂਕਤਾ ਰੈਲੀ ਕੱਢੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡਾਇਰੈਕਟਰ ਸਮਾਜਿਕ ਸੁਰਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ-1 ਤੇ ਸੀ ਡੀ ਪੀ ਓ ਰਾਵਿਦੰਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਬਲਾਕ ਹੁਸ਼ਿਆਰਪੁਰ-1 ਸਰਕਲ ਲਾਚੋਵਾਲ ਵਿੱਚ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਵੱਲੋਂ ਪਿੰਡ ਦੀਆਂ ਔਰਤਾਂ ਨਾਲ ਮਿਲ ਕੇ ਪੋਸ਼ਣ ਮਾਹ ਦੇ ਚਲਦਿਆਂ ਜਾਗਰੂਕ ਰੈਲੀ ਕੱਢੀ ਗਈ ਜਿਸ ਵਿੱਚ ਵੱਖ ਵੱਖ ਗਤੀਵਿਧੀਆਂ ਦੌਰਾਨ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਹਨਾਂ ਨੂੰ ਆਪਣਾ ਆਲਾ ਦੁਆਲਾ ਤੇ ਆਪਣੀ ਸਾਫ ਸਫਾਈ ਰੱਖਣ ਵਾਸਤੇ ਕਿਹਾ ਗਿਆ ਤੇ ਉਹਨਾਂ ਨੂੰ ਕਿਹਾ ਕਿ ਉਸ ਤਰ੍ਹਾਂ ਤੇ ਵਰਕਰ ਹੈਲਪਰ ਵੱਲੋਂ ਤੁਹਾਨੂੰ ਵੱਖ-ਵੱਖ ਗਤੀਵਿਧੀਆਂ ਦੁਆਰਾ ਪੋਸ਼ਣ ਮਾਹ ਦੀ ਜਾਣਕਾਰੀ ਦਿੱਤੀ ਜਾਂਦੀ ਹੈ।ਜਿਵੇਂ ਕਿ ਕਿਚਨ ਗਾਰਡਨਿੰਗ, ਯੂਥ ਮੀਟਿੰਗਾਂ, ਹੈਂਡਵਾਸ਼, ਘੱਟ ਲਾਗਤ ਨਾਲ ਬਣੇ ਪਕਵਾਨ, ਹੋਮ ਵਿਜ਼ਟ, ਵੱਧ ਤੋਂ ਵੱਧ ਰੁੱਖ ਲਗਾਉਣੇ ਆਦਿ ਉਸ ਤੋਂ ਬਾਅਦ ਸ਼ਰਮੀਲਾ ਰਾਣੀ ਵੱਲੋਂ ਵੱਖ ਵੱਖ ਸਕੀਮਾਂ ਤਹਿਤ ਪ੍ਰਧਾਨ ਮੰਤਰੀ ਮਤਰੂ ਵੰਦਨਾ ਯੋਜਨਾ, ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਬੇਟੀਆਂ ਨੂੰ ਵੱਧ ਤੋਂ ਵੱਧ ਪੜ੍ਹਾਓ, ਕੰਨਿਆ ਸਮ੍ਰਿਦੀ ਯੋਜਨਾ ਜਾਣਕਾਰੀ ਦਿੱਤੀ।ਬਾਅਦ ਵਿੱਚ ਵਰਕਰ ਹਰਜਿੰਦਰ ਕੌਰ ਨੇ ਦਸਤ ਅਤੇ ਡਾਇਰੀਆ ਬਾਰੇ ਜਾਣਕਾਰੀ ਦਿੱਤੀ। ਘਰ ਵਿੱਚ ਘੋਲ ਤਿਆਰ ਕਰਨਾ ਦੱਸਿਆ ਤੇ ਬਾਅਦ ਕਿਚਨ ਗਾਰਡਨਿੰਗ ਬਾਰੇ ਜਾਣਕਾਰੀ ਦਿੰਦਿਆਂ ਕਿ ਘਰੇਲੂ ਬਗੀਚੀਆਂ ਸਾਨੂੰ ਲਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਅਸੀਂ ਤਾਜ਼ੀਆਂ ਤੇ ਹਰੀਆਂ ਸਬਜ਼ੀਆਂ ਖਾ ਸਕੀਏ ਤੇ ਤੰਦਰੁਸਤ ਰਹਿ ਸਕੀਏ। ਉਹਨ ਕਿਹਾ ਕਿ ਲੜਕੇ ਦੀ ਉਮਰ ਘੱਟੋ ਘੱਟ 21 ਸਾਲ ਦੀ ਹੋਣੀ ਚਾਹੀਦੀ ਹੈ ਅਤੇ ਲੜਕੀ ਦੀ ਉਮਰ ਘੱਟੋ ਘੱਟ 18 ਸਾਲ । ਇਸ ਤੋਂ ਪਹਿਲਾਂ ਜੋ ਵੀ ਬੱਚਿਆਂ ਦਾ ਵਿਆਹ ਕਰਦਾ ਹੈ ਉਹ ਬਹੁਤ ਵੱਡਾ ਕਾਨੂੰਨੀ ਅਪਰਾਧੀ ਹੈ। ਬਾਅਦ ਵਿੱਚ ਵਰਕਰ ਪਰਮਿੰਦਰ ਕੌਰ ਨੇ ਮਾਵਾਂ ਨੂੰ ਬੱਚਿਆਂ ਨੂੰ ਆਪਣਾ ਹੀ ਦੁੱਧ ਪਿਲਾਉਣ ਲਈ ਪ੍ਰੇਰਿਤ ਕੀਤਾ ।ਬੱਚਿਆਂ ਦੇ ਟੀਕਿਆਂ ਸਬੰਧੀ ਗੱਲ ਕਰਦਿਆਂ ਉਹਨਾਂ ਨੂੰ ਕਿਹਾ ਕਿ ਬੱਚਿਆਂ ਨੂੰ ਸਮੇਂ ਸਿਰ ਟੀਕੇ ਲਗਵਾਉ।

## ਰਮਨਦੀਪ ਸਿੰਘ ਨੇ ਜ਼ੀਰਕਪੁਰ ਤਹਿਸੀਲ ਵਿਖੇ ਅਹੁਦਾ ਸੰਭਾਲਿਆ



**ਜ਼ੀਰਕਪੁਰ (ਕਿਸ਼ਨ ਗਰਗ)** ਸਬ-ਤਹਿਸੀਲ ਜੀਰਕਪੁਰ ਵਿਖੇ, ਨਾਇਬ-ਤਹਿਸੀਲਦਾਰ ਰਮਨਦੀਪ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ । ਜ਼ੀਰਕਪੁਰ ਵਿਖੇ ਕਈ ਮਹੀਨਿਆ ਤੋ ਨਾਇਬ-ਤਹਿਸੀਲਦਾਰ ਦਾ ਅਹੁਦਾ ਖਾਲੀ ਪਿਆ ਸੀ, ਕਿਉਂਕਿ ਇਥੇ ਤਾਇਨਾਤ ਰਾਜ ਕੁਮਾਰ ਨਾਇਬ-ਤਹਿਸੀਲਦਾਰ ਅਚਾਨਕ ਛੁੱਟੀ ’ਤੇ ਚਲੇ ਗਏ ਸਨ। ਜਦਕਿ ਜ਼ੀਰਕਪੁਰ ਵਿਖੇ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਰਜਿਸਟਰੀਆਂ ਆਦਿ ਹੁੰਦੀਆਂ ਹਨ।ਰਮਨਦੀਪ ਸਿੰਘ ਦੇ ਚਾਰਜ ਸੰਭਾਲਣ ਤੋ ਬਾਅਦ ਜ਼ੀਰਕਪੁਰ ਨੂੰ ਪੱਕਾ ਤਹਿਸੀਲਦਾਰ ਮਿਲ ਗਿਆ ਹੈ।ਇਸ ਮੌਕੇ ਸਮੂਹ ਸਟਾਫ ਤਹਿਸੀਲ ਦਫਤਰ ਜ਼ੀਰਕਪੁਰ ਵੱਲੋਂ ਅਤੇ ਬਾਰ ਐਸੋਸੀਏਸ਼ਨ ਜ਼ੀਰਕਪੁਰ ਵੱਲੋਂ ਵੀ ਉਹਨਾ ਦਾ ਸਵਾਗਤ ਕੀਤਾ ਗਿਆ। ਇਸ ਸਮੇਂ ਸ੍ਰੀ ਗੁਰਵੰਤ ਸਿੰਘ ਰਜਿਸਟਰੀ ਕਲਰਕ, ਰੀਡਰ ਵਿਜੇ ਭਰਵਾਕਰ, ਕੁਮਾਰ, ਹੈਪੀ, ਪ੍ਰਤੀਕ ਜੈਨ, ਗਗਨ ਧਾਲੀਵਾਲ ਹਾਜ਼ਰ ਸਨ।

# ਕੰਬਾਇਨਾਂ ਨਾਲ ਝੋਨਾ ਵੱਢਣ ’ਤੇ ਸ਼ਾਮ 7 ਤੋਂ ਸਵੇਰੇ 9 ਵਜੇ ਤੱਕ ਪੂਰਨ ਤੌਰ ’ਤੇ ਪਾਬੰਦੀ ਦੇ ਹੁਕਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਸ਼ਾਮ 7.00 ਵਜੇ ਤੋਂ ਲੈ ਕੇ ਸਵੇਰੇ 9.00 ਵਜੇ ਤੱਕ ਕੰਬਾਇਨਾਂ ਨਾਲ ਝੋਨੇ ਦੀ ਫਸਲ ਕੱਟਣ ’ਤੇ ਅਤੇ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਅਤੇ ਫਸਲੀ ਰਹਿੰਦ-ਖੂੰਹਦ ਨੂੰ ਸਾੜਨ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਕੋਈ ਵੀ ਕੰਬਾਈਨ ਮਾਲਕ ਬਿਨਾਂ ਐਸ.ਐਮ.ਐਸ ਲਗਾਏ ਝੋਨੇ ਦੀ ਕਟਾਈ ਨਹੀਂ ਕਰੇਗਾ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਦੇ ਮੱਦੇਨਜ਼ਰ ਰਾਤ ਨੂੰ ਕੰਬਾਈਨਾਂ ਚਲਾਉਣ ਨਾਲ ਹਾਦਸੇ ਵਾਪਰਨ ਅਤੇ ਮੌਸਮੀ ਤਬਦੀਲੀ ਕਾਰਨ ਝੋਨੇ ਦੀ ਫਸਲ ’ਤੇ ਰਾਤ ਨੂੰ ਤਰੇਲ ਪੈਣ ਅਤੇ ਬੇਮੌਸਮੀ ਬਰਸਾਤ ਕਾਰਨ ਝੋਨਾ ਸਿੱਲਾ ਹੋ ਜਾਂਦਾ ਹੈ। ਇਹ ਕੰਬਾਈਨਾ ਜਦੋਂ ਰਾਤ ਵੇਲੇ ਝੋਨੇ ਦੀ ਕਟਾਈ ਕਰਦੀਆਂ ਹਨ ਤਾਂ ਜਿਹੜੀ ਫਸਲ ਚੰਗੀ ਤਰ੍ਹਾਂ ਸੁੱਕੀ ਨਹੀਂ ਹੁੰਦੀ ਭਾਵ ਦਾਣਾ ਕੱਚਾ ਅਤੇ ਹਰਾ ਹੁੰਦਾ ਹੈ ਅਤੇ ਝੋਨੇ ਵਿੱਚ ਵੱਧ ਨਮੀ ਦਾ ਕਾਰਨ ਬਣਦੀ ਹੈ, ਵੀ ਕੱਟੀ ਜਾਂਦੀ ਹੈ, ਜਿਸਦਾ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ । ਇਸ ਤਰ੍ਹਾਂ ਝੋਨੇ ਵਿੱਚ ਨਮੀ ਸਰਕਾਰ ਦੀਆਂ ਨਿਰਧਾਰਿਤ ਕੀਤੀਆਂ ਸਪੈਸੀਫਿਕੇਸਨਜ਼ ਤੋਂ ਉਪਰ ਹੁੰਦੀ ਹੈ ਅਤੇ ਖਰੀਦ ਏਜੰਸੀਆ ਉਸ ਝੋਨੇ ਨੂੰ ਖਰੀਦਣ ਤੋਂ ਅਸਮਰਥ ਹੁੰਦੀਆ ਹਨ । ਜਿਸ ਕਰਨ ਕਿਸਾਨਾਂ ਦੀ ਮੰਡੀਆਂ ਵਿਚ ਖਜਲ-ਖੁਆਰੀ ਤੋ ਇਲਾਵਾ ਅਮਨ-ਕਾਨੂੰਨ ਦੀ ਸਥਿਤੀ ਦੇ ਵਿਗੜਨ ਦੇ ਆਸਾਰ ਵਧ ਜਾਂਦੇ ਹਨ। ਇਸ ਤੋਂ ਇਲਾਵਾ ਕੰਬਾਈਨਾਂ ਦੇ ਮਾਲਕ ਬਿਨਾਂ ਐਸ.ਐਮ.ਐਸ ਲਗਾਏ ਝੋਨੇ ਦੀ ਕਟਾਈ ਕਰਦੇ ਹਨ, ਜਿਸ ਨਾਲ ਪ੍ਰਦੂਸ਼ਨ ਫੈਲਦਾ ਹੈ। ਇਸ ਤੋਂ ਇਲਾਵਾ ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨਾਂ ਵੱਲੋਂ ਇਸ ਦੀ ਰਹਿੰਦ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ, ਜਿਸ ਦੇ ਫਲਸਰੂਪ ਇਸ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਵਾਤਾਵਰਣ ਨੂੰ ਪ੍ਰਦੂਸ਼ਤ ਕਰਦੀਆਂ ਹਨ ਅਤੇ ਮਿੱਟੀ ਦੀ ਉਪਜਾਊ ਤਾਕਤ ਦਾ ਨੁਕਸਾਨ ਵੀ ਹੁੰਦਾ ਹੈ। ਇਸ ਸਬੰਧ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰਬਰ 10138/06 ਕੈਪਟਨ ਸਰਬਜੀਤ ਸਿੰਘ ਬਨਾਮ ਪੰਜਾਬ ਸਰਕਾਰ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਹੁਕਮਾਂ ਦੀ ਪਾਲਣਾ ਅਧੀਨ ਬਣਾਈ ਗਈ ਕਮੇਟੀ ਦੀ ਸਿਫਾਰਿਸ਼ ਲਾਗੂ ਕਰਨ ਲਈ ਇਹ ਜਰੂਰੀ ਬਣ ਜਾਂਦਾ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਫਸਲਾਂ ਦੀ ਰਹਿੰਦ ਨੂੰ ਸਾੜਨ ’ਤੇ ਪਾਬੰਦੀ ਲਗਾਈ ਜਾਵੇ। ਇਹ ਹੁਕਮ 24 ਸਤੰਬਰ ਤੋਂ 23 ਨਵੰਬਰ ਤੱਕ ਜ਼ਿਲ੍ਹੇ ਵਿੱਚ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

## ਮਾਸਟਰ ਅਜੇ ਕੁਮਾਰ ਨੇ ਜਿੱਤਿਆ ਇੱਕ ਗੋਲਡ ਤੇ ਇੱਕ ਕਾਂਸੀ ਦਾ ਮੈਡਲ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ -3 ਵਿੱਚ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੜੀਆਂ ਸ੍ਰੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਰਕਾਰੀ ਮਿਡਲ ਸਕੂਲ ਸੱਲ੍ਹੋਮਾਜਰਾ ਦੇ ਮਾਸਟਰ ਅਜੇ ਕੁਮਾਰ ਚੰਦੇਲ ਨੇ 50 ਸਾਲ ਤੋਂ ਉੱਪਰ ਉਮਰ ਵਰਗ ਦੀ 3000 ਮੀਟਰ ਵਾਕ ਦੌੜ ’ਚ ਗੋਲਡ ਅਤੇ 800 ਮੀਟਰ ਦੌੜ ਵਿੱਚ ਕਾਂਸੇ ਦਾ ਮੈਡਲ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ। ਇਸ ਸਕੂਲ ਦੇ ਮਾਸਟਰ ਅਜੇ ਕੁਮਾਰ ਨੇ ਪਿਛਲੇ ਸਾਲ ਵੀ ਇਨ੍ਹਾਂ ਖੇਡਾਂ ਵਿੱਚ ਗੋਲਡ ਮੈਡਲ ਜਿੱਤਿਆ ਸੀ। ਹੁਣ ਉਹ ਸਟੇਟ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਲਈ ਜਾਣਗੇ। ਇਸ ਮੌਕੇ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਉਹ ਅੱਜ ਵੀ ਖੇਡਾਂ ਨਾਲ ਜੁੜੇ ਹੋਏ ਹਨ ਅਤੇ ਸਰੀਰਕ ਪੱਖੋਂ ਪੂਰੇ ਤੰਦਰੁਸਤ ਹਨ। ਉਨ੍ਹਾਂ ਦੇ ਅੱਜ ਸਕੂਲ ਪਹੁੰਚਣ ’ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਅਤੇ ਪੰਚਾਇਤ ਮੈਂਬਰਾਂ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਮਨਦੀਪ ਕੁਮਾਰ ਕੰਪਿਊਟਰ ਫੈਕਲਟੀ, ਜਸਮੇਲ ਸਿੰਘ ਅਤੇ ਚੰਦ ਸਿੰਘ ਫੌਜੀ ਆਦਿ ਹਾਜ਼ਰ ਸਨ।

## ‘ਸੀ ਐੱਮ ਦੀ ਯੋਗਸ਼ਾਲਾ’ ਕਰ ਰਹੀ ਹੈ ਪੁਰਾਣੇ ਰੋਗਾਂ ਦਾ ਨਿਵਾਰਨ : ਸੁਰਿੰਦਰ ਝਾ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਸੀ ਐਮ ਦੀ ਯੋਗਸ਼ਾਲਾ ਤਹਿਤ ਲਾਏ ਜਾ ਰਹੇ ਯੋਗਾ ਸੈਸ਼ਨ ਲੋਕਾਂ ਦੇ ਪੁਰਾਣੇ ਰੋਗਾਂ ਦਾ ਨਿਵਾਰਨ ਕਰਨ ਵਿੱਚ ਸਹਾਈ ਹੋ ਰਹੇ ਹਨ। ਮੋਹਾਲੀ ਦੇ ਸੈਕਟਰ 68, 69, 70 ਤੇ 78 ’ਚ ਰੋਜ਼ਾਨਾ 6 ਯੋਗਾ ਸੈਸ਼ਨ ਸਵੇਰ ਲਗਾਏ ਜਾ ਰਹੇ ਹਨ, ਜਿਨ੍ਹਾਂ ’ਚ 150 ਤੋਂ ਵਧੇਰੇ ਸ਼ਹਿਰ ਵਾਸੀ ਸ਼ਾਮਿਲ ਹੋ ਕੇ ਆਪਣੀ ਜੀਵਨ ਸ਼ੈਲੀ ਨੂੰ ਚੁਸਤ-ਦਰੁਸਤ ਕਰ ਰਹੇ ਹਨ। ਇਨ੍ਹਾਂ ਥਾਂਵਾਂ ’ਤੇ ਯੋਗਾ ਸਿਖਲਾਈ ਦੇ ਰਹੇ ਇੰਸਟ੍ਰੱਕਟਰ ਸੁਰਿੰਦਰ ਝਾ ਨੇ ਦੱਸਿਆ ਕਿ ਸੈਕਟਰ 69, 70 ਤੇ 78 ’ਚ ਇੱਕ-ਇੱਕ ਯੋਗਾ ਸੈਸ਼ਨ ਰੋਜ਼ਾਨਾ ਅਤੇ ਸੈਕਟਰ 68 ’ਚ ਤਿੰਨ ਯੋਗਾ ਸੈਸ਼ਨ ਰੋਜ਼ਾਨਾ ਲਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਯੋਗਾ ਦਾ ਸਰੀਰ ’ਤੇ ਦੀਰਘ ਕਾਲੀ ਪ੍ਰਭਾਵ ਪੈਂਦਾ ਹੈ ਜਿਸ ਨਾਲ ਪੁਰਾਣੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਯੋਗ ਸਾਧਕ ਬਣਨ ਲਈ ਬੱਸ ਇੱਕ ਵਾਰ ਮਨ ਨੂੰ ਧਿਆਨ ’ਚ ਲਿਆਉਣਾ ਪੈਂਦਾ ਹੈ ਅਤੇ ਉਸ ਤੋਂ ਬਾਅਦ ਉਸ ਦੇ ਸਰੀਰ ’ਤੇ ਪੈਣ ਵਾਲੇ ਹਾਂ-ਪੱਖੀ ਪ੍ਰਭਾਵ ਤੋਂ ਬਾਅਦ ਯੋਗਾ ਨਾਲ ਪੱਕੀ ਦੋਸਤੀ ਬਣ ਜਾਂਦੀ ਹੈ। ਜ਼ਿਲ੍ਹੇ ’ਚ ਚੱਲ ਰਹੀਆਂ ਯੋਗਾ ਕਲਾਸਾਂ ਦਾ ਹਿੱਸਾ ਬਣਨ ਲਈ ਸੀ ਐਮ ਦੀ ਯੋਗਸ਼ਾਲਾ ਪੋਰਟਲ ’ਤੇ ਜਾ ਕੇ ਮੁਫ਼ਤ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ ਅਤੇ ਕਲਾਸ ਲਾਉਣ ਦਾ ਵੀ ਕੋਈ ਚਾਰਜ ਜਾਂ ਫ਼ੀਸ ਨਹੀਂ ਲਈ ਜਾਂਦੀ।

## ਜਿੰਪਾ ਨੇ ਮਹਾਂਵੀਰ ਸੇਤੂ ’ਤੇ ਲਗਾਈਆਂ ਲਾਈਟਾਂ ਜਨਤਾ ਨੂੰ ਕੀਤੀਆਂ ਸਮਰਪਤ



**ਹੁਸ਼ਿਆਰਪੁਰ(ਬਲਵੀਰ ਸਿੰਘ ਸੈਣੀ)**-ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮਹਾਵੀਰ ਸੇਤੂ ’ਤੇ ਲੋਕਾਂ ਦੀ ਸੁਵਿਧਾ ਲਈ ਲਗਾਈਆਂ ਗਈਆਂ ਲਾਈਟਾਂ ਰਸਮੀ ਤੌਰ ’ਤੇ ਜਨਤਾ ਨੂੰ ਸਮਰਪਤ ਕੀਤੀਆਂ। ਇਸ ਮੌਕੇ ਇਕ ਸਧਾਰਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਥਾਨਕ ਲੋਕ ਅਤੇ ਪਤਵੰਤੇ ਵਿਅਕਤੀ ਹਾਜ਼ਰ ਸਨ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਹ ਲਾਈਟਾਂ ਊਸ਼ਾ ਮਾਰਟਿਨ ਕੰਪਨੀ ਦੁਆਰਾ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀਆਂ (ਸੀ.ਐਸ.ਆਰ) ਤਹਿਤ ਲਗਾਈਆਂ ਗਈਆਂ ਹਨ। ਇਸ ਕਾਰਜ ਲਈ ਕਰੀਬ 7 ਲੱਖ ਰੁਪਏ ਦੀ ਲਾਗਤ ਆਈ ਹੈ। ਉਨ੍ਹਾਂ ਊਸ਼ਾ ਮਰਟਿਨ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੰਪਨੀ ਨੇ ਇਸ ਕਾਰਜ ਰਾਹੀਂ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਇਹ ਪਹਿਲ ਕੀਤੀ ਹੈ, ਜਿਸ ਨਾਲ ਇਸ ਹਲਕੇ ਵਿਚ ਰਹਿਣ ਵਾਲੇ ਲੋਕਾਂ ਨੂੰ ਲਾਭ ਹੋਵੇਗਾ।ਮਹਾਵੀਰ ਸੇਤੂ ’ਤੇ ਲਾਈਟਾਂ ਲੱਗਣ ਨਾਲ ਇਸ ਹਲਕੇ ਵਿਚ ਹੁਣ ਲੋਕਾਂ ਨੂੰ ਰਾਤ ਸਮੇਂ ਆਣ-ਜਾਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਇਹ ਇਲਾਕਾ ਪਹਿਲੇ ਹਨੇਰੇ ਕਾਰਨ ਅਸੁਰੱਖਿਅਤ ਮੰਨਿਆ ਜਾਂਦਾ ਸੀ, ਪਰੰਤੂ ਹੁਣ ਲਾਈਟਾਂ ਲੱਗਣ ਨਾਲ ਲੋਕ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਰਾਤ ਸਮੇਂ ਵੀ ਬਿਨਾਂ ਡਰ ਸਫ਼ਰ ਕਰ ਸਕਣਗੇ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਪ੍ਰਦੀਪ ਬਿੱਟੂ, ਵਿਜੇ ਅਗਰਵਾਲ, ਮੋਹਿਤ ਸੈਣੀ, ਰੋਹਤਾਸ਼ ਜੈਨ, ਬਬਲਾ ਜੈਨ, ਅਸ਼ੋਕ ਜੈਨ, ਵਿਪਨ ਜੈਨ, ਅਸ਼ਵਨੀ ਛੋਟਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਲੋਕ ਮੁੱਦਿਆਂ ਦੇ ਯੋਗ ਹੱਲ ਲਈ ਸਰਕਾਰਾਂ ਖਿਲਾਫ਼ ਤਿੱਖੇ ਜਨ-ਸੰਗਰਾਮ ਵਿੱਢੋ : ਪਾਸਲਾ

**ਜਲੰਧਰ** : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਪੰਚਾਇਤ ਚੋਣਾਂ ’ਚ ਭਾਰਤੀ ਜਨਤਾ ਪਾਰਟੀ ਨਾਲ ਸੰਬੰਧਤ ਉਮੀਦਵਾਰਾਂ ਅਤੇ ਸਮਾਜ ਵਿਰੋਧੀ ਤੱਤਾਂ ਨੂੰ ਹਰਾਉਣ ਅਤੇ ਪਾਰਟੀ, ਹੋਰ ਖੱਬੇ ਪੱਖੀ ਦਲਾਂ ਅਤੇ ਇਮਾਨਦਾਰ ਤੇ ਵਿਕਾਸ ਮੁਖੀ ਉਮੀਦਵਾਰਾਂ ਦੀ ਜਿੱਤ ਲਈ ਪੂਰਾ ਟਿੱਲ ਲਾਉਣ ਦਾ ਨਿਰਣਾ ਲਿਆ ਹੈ। ਇਹ ਜਾਣਕਾਰੀ ਅੱਜ ਇੱਥੋਂ ਜਾਰੀ ਬਿਆਨ ਰਾਹੀਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ। ਲੋਕ ਰਾਜ ਦੀ ਇਸ ਮੁਢਲੀ ਇਕਾਈ ’ਚ ਆਮ ਮਿਹਨਤੀ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਪੂਰੀ ਪਾਰਟੀ ਤੇ ਇਸ ਦੇ ਸਹਿਯੋਗੀ ਸੰਗਠਨਾਂ ਨੂੰ ਪੰਚਾਇਤ ਚੋਣਾਂ ’ਚ ਪੂਰੀ ਸ਼ਕਤੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਹੈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਮੋਦੀ-03 ਸਰਕਾਰ ਦੀ ਕਾਇਮੀ ਪਿੱਛੋਂ ਦੇਸ਼ ਭਰ ਵਿਚ ਵਧੇ ਮੁਸਲਮਾਨਾਂ ਅਤੇ ਹੋਰ ਬੇਦੋਸ਼ਿਆਂ ਦੇ ਹਜੂਮੀ ਕਤਲਾਂ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਵਹਿਸ਼ੀ ਕਾਰੇ ਧਰਮ ਅਧਾਰਤ ਭਾਜਪਾ ਨੂੰ ਚੁਣਾਵੀ ਲਾਭ ਪੁਚਾਉਣ ਹਿਤ ਫਿਰਕੂ ਵੰਡ ਤਿੱਖੀ ਕਰਨ ਦੀ ਸੰਘ ਪਰਵਾਰ ਦੀ ਸਾਜ਼ਿਸ਼ੀ ਵਿਉਂਤਬੰਦੀ ਦਾ ਨਤੀਜਾ ਹਨ। ਉਨ੍ਹਾਂ ਕਿਹਾ ਕਿ ਮੋਦੀ-ਸ਼ਾਹ ਸਰਕਾਰ ਦਾ ‘ਇਕ ਰਾਸ਼ਟਰ ਇਕ ਚੋਣ’ ਦਾ ਸ਼ਿਗੂਫਾ ਬੁਨਿਆਦੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਉਛਾਲੇ ਜਾਂਦੇ ਬੇਲੋੜੇ ਮੁੱਦਿਆਂ ਦੀ ਅਗਲੇਰੀ ਕੜੀ ਹੈ। ਸਾਥੀ ਪਾਸਲਾ ਨੇ ਮੋਦੀ-ਸ਼ਾਹ ਸਰਕਾਰ ਦੀਆਂ ਨਵ ਉਦਾਰਵਾਦੀ ਨੀਤੀਆਂ ਖਿਲਾਫ਼ ਜਾਰੀ ਜਨ ਸੰਗਰਾਮ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ। ਮੀਟਿੰਗ ਨੇ ਫਲਸਤੀਨੀਆਂ ਦੇ ਨਸਲਘਾਤ ਦੀ ਮਨਸ਼ਾ ਨਾਲ ਇਜ਼ਰਾਇਲ ਵਲੋਂ ਵਿੱਢੀ ਗਈ ਨਿਹੱਕੀ ਅਤੇ ਅਸਾਵੀਂ ਜੰਗ ਵਿਰੁੱਧ 7 ਅਕਤੂਬਰ ਨੂੰ ਦੇਸ਼ ਵਿਆਪੀ ਪ੍ਰਤੀਰੋਧ ਦਿਵਸ ਮਨਾਉਣ ਦੇ ਖੱਬੀਆਂ ਪਾਰਟੀਆਂ ਦੇ ਸੱਦੇ ਦੀ ਮੁਕੰਮਲ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਮੀਟਿੰਗ ਵਲੋਂ ਲੰਘੇ ਦਿਨੀਂ ਵਿਛੋੜਾ ਦੇ ਗਏ ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਵੇਦ ਪ੍ਰਕਾਸ਼ ਸ਼ਰਮਾ, ਸੀਪੀਆਈ (ਐਮ) ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਅਤੇ ਮਿਸਾਲੀ ਕਮਿਊਨਿਸਟ ਸਾਥੀ ਅਜੈਬ ਸਿੰਘ ਜਹਾਂਗੀਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

## ‘ਡਰੱਗ ਅਡਿਕਸ਼ਨ-ਡੇਮੈਜ ਟੂ ਮੈਨਕਾਈਂਡ’ ਮੁਹਿੰਮ ਦੀ ਸ਼ੁਰੂਆਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਨਸ਼ਿਆਂ ਖਿਲਾਫ ਆਰੰਭੀ ਡਰੱਗ ਅਡਿਕਸ਼ਨ-ਡੇਮੈਜ ਟੂ ਮੈਨਕਾਈਂਡ ਮੁਹਿੰਮ ਤਹਿਤ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਵਲੋਂ ਮਹਿੰਦਰਾ ਐਂਡ ਮਹਿੰਦਰਾ, ਸਵਰਾਜ ਡਵੀਜ਼ਨ, ਫੇਜ਼-4, ਮੋਹਾਲੀ ਵਿਖੇ ਫੈਕਟਰੀ ਕਰਮਚਾਰੀਆਂ ਅਤੇ ਵਰਕਰਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮਨਜਿੰਦਰ ਸਿੰਘ ਨੇ ਕਰਮਚਾਰੀਆਂ ਅਤੇ ਵਰਕਰਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਜਿਹੜੇ ਲੋਕ ਨਸ਼ੇ ਦੇ ਆਦੀ ਹੁੰਦੇ ਹਨ, ਉਹਨਾਂ ਨੂੰ ਛੂਤ ਵਾਲੀ ਬਿਮਾਰੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਨਸ਼ਾ ਕਰਨ ਵਾਲੇ ਲੋਕਾਂ ਨੂੰ ਅਕਸਰ ਇੱਕ ਜਾਂ ਇੱਕ ਤੋਂ ਵੱਧ ਸਿਹਤ ਸਬੰਧੀ ਸਮੱਸਿਆਵਾਂ ਹੁੰਦੀਆਂ ਹਨ, ਜਿਸ ਵਿੱਚ ਫੇਫੜੇ ਜਾਂ ਦਿਲ ਦੀ ਬਿਮਾਰੀ, ਸਟ੍ਰੋਕ, ਕੈਂਸਰ, ਜਾਂ ਮਾਨਸਿਕ ਸਿਹਤ ਸਥਿਤੀਆਂ ਸਾਮਲ ਹੋ ਸਕਦੀਆਂ ਹਨ। ਵਧੀਕ ਮੈਂਬਰ ਸਕੱਤਰ ਸਮਰਿਤੀ ਧੀਰ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੰਤਵ ਰਾਜ ਦੇ ਲੋਕਾਂ ਵਿਚ ਇਹ ਸੰਦੇਸ਼ ਪਹੁੰਚਾਉਣਾ ਹੈ ਕਿ ਕਾਨੂੰਨੀ ਸੇਵਾਵਾਂ ਅਥਾਰਟੀਆਂ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਨਾਲ ਖੜ੍ਹੀਆਂ ਹਨ। ਇਸ ਮੌਕੇ ਸੁਰਭੀ ਪਰਾਸ਼ਰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਨੇ ਵੀ ਕਰਮਚਾਰੀਆਂ ਅਤੇ ਵਰਕਰਾਂ ਨੂੰ ਸੰਬੋਧਨ ਕੀਤਾ।

# ਏ ਐੱਸ ਆਈ ਵੱਲੋਂ ਪੱਤਰਕਾਰ ਨਾਲ ਦੁਰਵਿਹਾਰ ਕਰਨ 'ਤੇ ਪੁਲਸ ਮੁਖੀ ਨੂੰ ਦਿੱਤੀ ਸ਼ਿਕਾਇਤ



**ਮੇਹਟੀਆਣਾ, ਹੁਸ਼ਿਆਰਪੁਰ,(ਜਗਤਾਰ ਸਿੰਘ ਭੁੰਗਰਨੀ, ਓਮ ਪ੍ਰਕਾਸ਼ ਰਾਣਾ)**-ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ ਪੰਜਾਬ ਆਫ਼ ਇੰਡੀਆ ਵਲੋਂ ਦਲਵਿੰਦਰ ਸਿੰਘ ਮਨੋਚਾ ਚੇਅਰਮੈਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ (ਗੜ੍ਹਸ਼ੰਕਰ ਇਕਾਈ) ਅਤੇ ਹੋਰਨਾਂ ਪੱਤਰਕਾਰਾਂ ਨਾਲ ਪੁਲਸ ਦੇ ਏ ਐੱਸ ਆਈ ਵੱਲੋਂ ਦੁਰਵਿਹਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲਾ ਕਰਾਰ ਦਿੱਤਾ ਹੈ। ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ ਪੰਜਾਬ ਆਫ਼ ਇੰਡੀਆ ਦਾ ਇੱਕ ਵਫਦ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ ਦੀ ਅਗਵਾਈ ਹੇਠ ਇਸ ਘਟਨਾ ਦੇ ਸੰਬੰਧ ਵਿੱਚ ਪੀੜਤ ਪੱਤਰਕਾਰ ਦਲਵਿੰਦਰ ਸਿੰਘ ਮਨੋਚਾ ਨੂੰ ਨਾਲ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਨੂੰ ਮਿਲਿਆ ਅਤੇ ਸ਼ਿਕਾਇਤ ਪੱਤਰ ਦੇ ਕੇ ਉਕਤ ਪੁਲਸ ਅਧਿਕਾਰੀ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਤਰਸੇਮ ਦੀਵਾਨਾ ਅਤੇ ਪੀੜਤ ਪੱਤਰਕਾਰ ਦਲਵਿੰਦਰ ਸਿੰਘ ਮਨੋਚਾ ਨੇ ਦੱਸਿਆ ਕਿ ਉਹ ਆਪਣੇ ਸਾਥੀ ਪੱਤਰਕਾਰ ਅਜਮੇਰ ਭਨੋਟ ਪੱਤਰਕਾਰ ਚੜ੍ਹਦੀਕਲਾ ਟਾਈਮ ਟੀ ਵੀ ਅਤੇ ਹੋਰ ਸਾਥੀਆਂ ਨਾਲ 25 ਸਤੰਬਰ ਨੂੰ ਥਾਣਾ ਗੜ੍ਹਸ਼ੰਕਰ ਦੇ ਬਾਹਰ ਕਿਸੇ ਪੀੜਤ ਪਰਵਾਰ ਵੱਲੋਂ ਲਗਾਏ ਗਏ ਧਰਨੇ ਦੀ ਕਵਰੇਜ ਕਰਨ ਗਏ ਸਨ। ਉਨ੍ਹਾਂ ਨਾਲ ਕੁਝ ਹੋਰ ਪੱਤਰਕਾਰ ਸਾਥੀ ਵੀ ਮੌਜੂਦ ਸਨ।ਉਨ੍ਹਾ ਸਮੇਤ ਸਾਰੇ ਪੱਤਰਕਾਰ ਇਸ ਚੱਲ ਰਹੇ ਧਰਨੇ ਦੀ ਵੀਡੀਓ ਬਣਾ ਰਹੇ ਸਨ।ਇਸੇ ਦੌਰਾਨ ਅਚਾਨਕ ਹੀ ਥਾਣੇ ਦੇ ਅੰਦਰੋਂ ਆਏ ਕੁਝ ਮਰਦ ਪੁਲਸ ਮੁਲਾਜ਼ਮਾਂ ਨੇ ਧਰਨੇ ਵਿੱਚ ਸ਼ਾਮਲ ਕੁਝ ਔਰਤਾਂ ਨੂੰ ਧੱਕੇ ਨਾਲ ਖਿੱਚ ਕੇ ਥਾਣੇ ਅੰਦਰ ਲਿਜਾਣਾ ਸ਼ੁਰੂ ਕਰ ਦਿੱਤਾ ਜਿਸ ਦੀ ਕਵਰੇਜ ਦੌਰਾਨ ਵੀਡੀਓ ਬਣ ਰਹੀ ਸੀ।ਇਸ ਮੌਕੇ ਅਚਾਨਕ ਹੀ ਪੁਲਸ ਮੁਲਾਜ਼ਮ ਨੇ ਪੱਤਰਕਾਰਾਂ ਦੇ ਕੈਮਰੇ ਖੋਹ ਲਏ ਅਤੇ ਸੇਵਾ ਕੇਂਦਰ ਅੰਦਰੋਂ ਨਿਕਲ ਕੇ ਆਏ ਇੱਕ ਏ ਐਸ ਆਈ ਨੇ ਪੱਤਰਕਾਰਾਂ ਨਾਲ ਬਦਤਮੀਜ਼ੀ ਕਰਦਿਆਂ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ।ਜਿਸ ਦਾ ਨਾਮ ਬਾਅਦ ਵਿੱਚ ਹਰਭਜਨ ਸਿੰਘ ਵਜੋਂ ਸਾਹਮਣੇ ਆਇਆ। ਜਿਸਦੀ ਲਿਖਤੀ ਸ਼ਿਕਾਇਤ ਜ਼ਿਲ੍ਹਾ ਪੁਲਸ ਮੁਖੀ ਨੂੰ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਾਹੀਂ ਕਰ ਦਿੱਤੀ ਗਈ ਹੈ।ਜ਼ਿਲ੍ਹਾ ਪੁਲਸ ਮੁਖੀ ਨੇ ਵਫਦ ਦੀ ਉਕਤ ਸ਼ਿਕਾਇਤ ਡੀ ਐੱਸ ਪੀ ਪਲਵਿੰਦਰ ਸਿੰਘ ਨੂੰ ਮਾਰਕ ਕਰਕੇ ਰਿਪੋਰਟ ਦੇਣ ਦੀ ਹਿਦਾਇਤ ਕੀਤੀ ਹੈ। ਉਨ੍ਹਾਂ ਵਫਦ ਨੂੰ ਭਰੋਸਾ ਦਿੱਤਾ ਕਿ ਕਿਸੇ ਵੀ ਪੱਤਰਕਾਰ ਨਾਲ ਬੇਇਨਸਾਫੀ ਨਹੀਂ ਹੋਣ ਦਿੱਤੀ ਜਾਵੇਗੀ।

ਇਸੇ ਦੌਰਾਨ ਪ੍ਰੈਸ ਕਲੱਬ ਮੇਹਟੀਆਣਾ ਅਤੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ ਪੰਜਾਬ ਇੰਡੀਆ ਯੂਨਿਟ ਮੇਹਟੀਆਣਾ ਦੇ ਪ੍ਰਧਾਨ ਹਰਵਿੰਦਰ ਸਿੰਘ ਭੁੰਗਰਨੀ, ਚੇਅਰਮੈਨ ਹੈਪੀ ਮਾਨਾ, ਵਾਈਸ ਚੇਅਰਮੈਨ ਜਗਤਾਰ ਸਿੰਘ ਭੁੰਗਰਨੀ, ਨਰਿੰਦਰ ਬੱਡਲਾ, ਮਾ. ਮੋਹਨ ਲਾਲ ਡਾਂਡੀਆਂ, ਡਾ. ਗੋਪੀ ਚੰਦ ਰਾਜਪੁਰ , ਜਸਵੀਰ ਸਿੰਘ ਹੇੜੀਆਂ, ਰਾਜ ਕੁਮਾਰ ਮੁਖਲਿਆਣਾ, ਗੁਰਪਾਲ ਸਿੰਘ ਨਡਾਲੋਂ, ਗੁਰਪਾਲ ਸਿੰਘ ਮੇਹਟੀਆਣਾ ਵਲੋਂ ਦਲਵਿੰਦਰ ਸਿੰਘ ਮਨੋਚਾ ਚੇਅਰਮੈਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ (ਗੜ੍ਹਸ਼ੰਕਰ ਇਕਾਈ) ਅਤੇ ਪੱਤਰਕਾਰ ਨਾਲ ਪੁਲਸ ਦੇ ਏ ਐੱਸ ਆਈ ਵੱਲੋਂ ਗਾਲੀ ਗਲੋਚ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲਾ ਕਰਾਰ ਦਿੰਦਿਆਂ ਉਕਤ ਪੁਲਿਸ ਅਧਿਕਾਰੀ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# ਪੰਜਾਬ ਦੇ ਲੋਕ ਪੰਚਾਇਤੀ ਚੋਣਾਂ 'ਚ ਉਮੀਦਵਾਰ ਦੀ ਛਵੀ ਦੇਖ ਕੇ ਹੀ ਵੋਟ ਪਾਉਣ : ਸੇਖੋਂ

**ਜਲੰਧਰ (ਸ਼ੈਲੀ ਐਲਬਰਟ)**- ਸੀ ਪੀ ਆਈ (ਐਮ) ਦੀ ਸੂਬਾ ਸਕੱਤਰੇਤ ਦੀ ਆਨਲਾਈਨ ਮੀਟਿੰਗ ਕਾਮਰੇਡ ਲਹਿਬਰ ਸਿੰਘ ਤੱਗੜ ਦੀ ਪ੍ਰਧਾਨਗੀ 'ਚ ਹੋਈ। ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ 'ਚ ਪੰਚਾਇਤੀ ਚੋਣਾਂ 'ਚ ਧਰਮ ਨਿਰਪੱਖ, ਜਮਹੂਰੀ, ਇਮਾਨਦਾਰ ਅਤੇ ਅਗਾਂਹਵਧੂ ਉਮੀਦਵਾਰਾਂ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਚਾਇਤਾਂ ਦਾ ਬਹੁਤ ਵੱਡਾ ਮਹੱਤਵ ਹੈ। ਇਸ ਲਈ ਪੰਚਾਇਤੀ ਚੋਣਾਂ 'ਚ ਧਰਮ ਨਿਰਪੱਖ, ਜਮਹੂਰੀ, ਇਮਾਨਦਾਰ ਅਤੇ ਅਗਾਂਹਵਧੂ ਉਮੀਦਵਾਰਾਂ ਦਾ ਜਿੱਤਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਚੋਣਾਂ ਬਿਨਾਂ ਕਿਸੇ ਪੱਖਪਾਤ ਤੋਂ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਚੋਣਾਂ 'ਚ ਭਾਈਚਾਰਕ ਸਾਂਝ ਨੂੰ ਕੋਈ ਸੱਟ ਨਹੀਂ ਵੱਜਣੀ ਚਾਹੀਦੀ। ਕਾਮਰੇਡ ਸੇਖੋਂ ਨੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਪੰਚਾਇਤੀ ਚੋਣਾਂ 'ਚ ਤਾਲਮੇਲ ਕਰਕੇ ਚੰਗੀ ਛਵੀ ਵਾਲੇ ਉਮੀਦਵਾਰਾਂ ਦੀ ਮਦਦ ਕੀਤੀ ਜਾਵੇ। ਕਾਮਰੇਡ ਸੇਖੋਂ ਨੇ ਕਿਹਾ ਕਿ ਦੂਜੇ ਪਾਸੇ ਸਰਕਾਰ ਨੇ ਪੰਚਾਇਤੀ ਚੋਣਾਂ ਕਰਵਾਉਣ ਦਾ ਜੋ ਸਮਾਂ ਤੈਅ ਕੀਤਾ ਹੈ ,ਉਹ ਢੁਕਵਾਂ ਨਹੀਂ ਹੈ। ਉਨ੍ਹਾਂ ਕਿਹਾ ਕਿ 1 ਅਕਤੂਬਰ ਤੋਂ ਪੰਜਾਬ ਦੀਆਂ ਮੰਡੀਆਂ 'ਚ ਝੋਨੇ ਦੀ ਫ਼ਸਲ ਆਉਣੀ ਸ਼ੁਰੂ ਹੋ ਜਾਵੇਗੀ। ਕਿਸਾਨ, ਮਜ਼ਦੂਰ ਝੋਨੇ ਦੇ ਸੀਜ਼ਨ 'ਚ ਰੁੱਝ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ 'ਚ 87 ਲੱਖ ਤੋਂ ਵੱਧ ਏਕੜ ਝੋਨੇ ਦੀ ਫ਼ਸਲ ਬੀਜੀ ਗਈ ਹੈ ਅਤੇ ਫ਼ਸਲ ਦੀ ਵਢਾਈ ਤੋਂ ਲੈ ਕੇ ਫ਼ਸਲ ਨੂੰ ਮੰਡੀਆਂ ਤੱਕ ਪਹੁੰਚਾਉਣ ਲਈ ਅਕਤੂਬਰ ਦਾ ਪੂਰਾ ਮਹੀਨਾ ਹੀ ਲੰਘ ਜਾਵੇਗਾ । ਉਨ੍ਹਾਂ ਕਿਹਾ ਕਿ ਮੰਡੀਆਂ 'ਚ ਝੋਨੇ ਦੇ ਸੀਜ਼ਨ ਦੌਰਾਨ ਕੰਮ ਕਰਨ ਵਾਲੇ ਜ਼ਿਆਦਾਤਰ ਮਜ਼ਦੂਰ ਪਿੰਡਾਂ 'ਚੋਂ ਹੀ ਆਉਂਦੇ ਹਨ। ਇਸੇ ਤਰ੍ਹਾਂ ਕਿਸਾਨਾਂ ਨੂੰ ਮੰਡੀਆਂ 'ਚ ਫ਼ਸਲ ਵੇਚਣ ਲਈ ਕਈ-ਕਈ ਦਿਨ ਬੈਠਣਾ ਪੈਂਦਾ ਹੈ । ਅਜਿਹੇ 'ਚ ਉਨ੍ਹਾਂ ਨੂੰ ਪੰਚਾਇਤੀ ਵੋਟਾਂ 'ਚ ਹਿੱਸਾ ਲੈਣ 'ਚ ਦਿੱਕਤ ਪੇਸ਼ ਆਵੇਗੀ।ਕਾਮਰੇਡ ਸੇਖੋਂ ਨੇ ਕਿਹਾ ਕਿ ਇਸ ਤੋਂ ਇਲਾਵਾ ਅਕਤੂਬਰ ਮਹੀਨੇ 'ਚ ਕਈ ਤਿਉਹਾਰ ਹਨ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਤੰਬਰ ਜਾਂ ਨਵੰਬਰ ਦੇ ਅਖ਼ੀਰ 'ਚ ਪੰਚਾਇਤੀ ਚੋਣਾਂ ਕਰਵਾਉਣੀਆਂ ਚਾਹੀਦੀਆਂ ਸਨ । ਉਨ੍ਹਾਂ ਕਿਹਾ ਕਿ ਹੁਣ ਪੰਚਾਇਤੀ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ ਅਤੇ 15 ਅਕਤੂਬਰ ਨੂੰ ਵੋਟਾਂ ਪੈਣਗੀਆਂ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਚੋਣਾਂ 'ਚ ਉਮੀਦਵਾਰਾਂ ਦੀ ਛਵੀ ਨੂੰ ਦੇਖ ਕੇ ਹੀ ਵੋਟ ਪਾਉਣ।

# ਗ੍ਰਾਮੀਣ ਅਦਾਲਤ ਲਗਾਉਣ ਦੇ ਵਿਰੋਧ 'ਚ ਵਕੀਲਾਂ ਵੱਲੋਂ ਹੜਤਾਲ



**ਭੁਲੱਥ (ਮਨਪ੍ਰੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਗ੍ਰਾਮੀਣ ਅਦਾਲਤਾਂ ਦੀ ਸਥਾਪਨਾ ਦੇ ਵਿਰੋਧ ਵਿੱਚ ਬਾਰ ਐਸੋਸੀਏਸ਼ਨ ਭੁਲੱਥ ਦੇ ਵਕੀਲਾਂ ਨੇ ਕੁਲਵੰਤ ਸਿੰਘ ਸਹਿਗਲ ਦੀ ਪ੍ਰਧਾਨਗੀ ਹੇਠ ਅੱਜ ਹੜਤਾਲ ਕਰਕੇ ਨੋ ਵਰਕ ਡੇਅ ਮਨਾਇਆ ਅਤੇ ਗ੍ਰਾਮੀਣ ਅਦਾਲਤਾਂ ਦੀ ਸਥਾਪਨਾ ਦਾ ਵਿਰੋਧ ਕੀਤਾ। ਐਡਵੋਕੇਟ ਕੁਲਵੰਤ ਸਿੰਘ ਸਹਿਗਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਗ੍ਰਾਮੀਣ ਅਦਾਲਤਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਜਿਸ ਕਾਰਨ ਅੱਜ ਪੰਜਾਬ ਭਰ ਦੇ ਸਾਰੇ ਵਕੀਲਾਂ ਨੇ ਅਦਾਲਤ ਵਿੱਚ ਹੜਤਾਲ ਕੀਤੀ ਅਤੇ ਅਦਾਲਤ ਦੇ ਕੰਮਕਾਜ ਦਾ ਬਾਈਕਾਟ ਕੀਤਾ।

ਉਨ੍ਹਾਂ ਕਿਹਾ ਕਿ ਗ੍ਰਾਮੀਣ ਅਦਾਲਤ ਦੀ ਸਥਾਪਨਾ ਨਾਲ ਲੋਕਾਂ ਨੂੰ ਇਨਸਾਫ਼ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ, ਕਿਉਂਕਿ ਇਸ ਅਦਾਲਤ ਵਿੱਚ ਬਿਨਾਂ ਗਵਾਹੀ ਤੋਂ ਵੀ ਕੇਸ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ, ਜਿਸ ਕਾਰਨ ਲੋਕਾਂ ਨੂੰ ਸਹੀ ਇਨਸਾਫ਼ ਮਿਲਣ ਦੀ ਆਸ ਘੱਟ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਗ੍ਰਾਮੀਣ ਅਦਾਲਤ 'ਤੇ ਰੋਕ ਨਾ ਲਗਾਈ ਗਈ ਤਾਂ ਇਹ ਧਰਨਾ ਹੋਰ ਤਿੱਖਾ ਹੋ ਜਾਵੇਗਾ। ਇਸ ਮੌਕੇ ਐਡਵੋਕੇਟ ਪਰਵਿੰਦਰ ਸਿੰਘ, ਐਡਵੋਕੇਟ ਮਨਿੰਦਰ ਸਿੰਘ, ਐਡਵੋਕੇਟ ਪਬਜੀਤ ਸਿੰਘ ਪੱਡਾ, ਐਡਵੋਕੇਟ ਅੰਮ੍ਰਿਤਪਾਲ ਸਿੰਘ ਬੇਦੀ, ਐਡਵੋਕੇਟ ਗੁਰਪ੍ਰੀਤ ਸਿੰਘ ਰਤਨ, ਐਡਵੋਕੇਟ ਨਵਜਿੰਦਰ ਸਿੰਘ, ਐਡਵੋਕੇਟ ਮਨਦੀਪ ਸਿੰਘ, ਐਡਵੋਕੇਟ ਅਨੂਪ ਸਿੰਘ, ਐਡਵੋਕੇਟ ਸੁਖਵਿੰਦਰ ਸਿੰਘ, ਐਡਵੋਕੇਟ ਅਭਿਸ਼ੇਕ ਢੱਲ, ਐਡਵੋਕੇਟ ਜਗਜੀਤ ਸਿੰਘ, ਐਡਵੋਕੇਟ ਬਲਬੀਰ ਸਿੰਘ ਤਲਵੰਡੀ, ਐਡਵੋਕੇਟ ਸੁਖਦੇਵ ਸਿੰਘ, ਐਡਵੋਕੇਟ ਸਰਬਜੀਤ ਕੌਰ, ਐਡਵੋਕੇਟ ਨਵਸੰਦੀਪ ਕੌਰ, ਐਡਵੋਕੇਟ ਧਰੁਵ ਗੁਪਤਾ ਆਦਿ ਹਾਜ਼ਰ ਸਨ।

# ਡਾ. ਅਸ਼ੋਕ ਕੁਮਾਰ ਮਿੱਤਲ ਪਾਰਲੀਮਾਨੀ ਸਟੈਂਡਿੰਗ ਕਮੇਟੀ ਦੇ ਮੈਂਬਰ ਨਿਯੁਕਤ



**ਜਲੰਧਰ (ਸ਼ੈਲੀ ਐਲਬਰਟ)**-: ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਨੂੰ 2024 ਤੋਂ ਵਿਭਾਗ-ਸਬੰਧਤ ਪਾਰਲੀਮਾਨੀ ਸਟੇਂਡਿੰਗ ਕਮੇਟੀ (ਡੀ ਆਰ ਐਸ ਸੀ) ਅਧੀਨ ਵੱਕਾਰੀ ਵਿੱਤ-ਸਬੰਧਤ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਹ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਸਨ। ਡੀ ਆਰ ਐਸ ਸੀ ਇੱਕ ਮਿੰਨੀ-ਸੰਸਦ ਵਜੋਂ ਕੰਮ ਕਰਦੀ ਹੈ, ਜਿਸ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ, ਅਤੇ ਵੱਖ-ਵੱਖ ਮੰਤਰਾਲਿਆਂ ਦੇ ਕੰਮਕਾਜ ਦੀ ਨਿਗਰਾਨੀ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਇਹ ਵਿੱਤੀ ਨੀਤੀਆਂ, ਟੈਕਸ, ਬੈਂਕਿੰਗ ਅਤੇ ਬੀਮਾ ਤੇ ਵਿਧਾਨਿਕ ਨਿਗਰਾਨੀ ਪ੍ਰਦਾਨ ਕਰਦੀ ਹੈ । ਇਸ ਦੀਆਂ ਜ਼ਿੰਮੇਵਾਰੀਆਂ ਵਿੱਚ ਬਿੱਲਾਂ ਦੀ ਜਾਂਚ ਕਰਨਾ, ਨੀਤੀਗਤ ਦਸਤਾਵੇਜ਼ਾਂ ਦੀ ਸਮੀਖਿਆ ਕਰਨਾ ਅਤੇ ਵਿੱਤ ਮੰਤਰਾਲੇ ਅਤੇ ਵਿਭਾਗਾਂ ਤੋਂ ਬਜਟ ਦੀਆਂ ਮੰਗਾਂ ਦੀ ਜਾਂਚ ਕਰਨਾ ਸ਼ਾਮਲ ਹੈ। ਡਾ. ਮਿੱਤਲ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਅਤੇ ਸਾਬਕਾ ਸੂਚਨਾ ਅਤੇ ਪ੍ਰਸਾਰਣ ਮੰਤਰੀ ਮਨੀਸ਼ ਤਿਵਾੜੀ ਸਮੇਤ ਕਮੇਟੀ ਮੈਂਬਰਾਂ ਦੇ ਸਮੂਹ 'ਚ ਸ਼ਾਮਲ ਹੋਏ। ਭਰਤਰਿਹਰੀ ਮਹਿਤਾਬ ਕਮੇਟੀ ਦੇ ਚੇਅਰਮੈਨ ਵਜੋਂ ਕੰਮ ਕਰਨਗੇ।

# ਚੱਬੇਵਾਲ 'ਚ ਕਾਂਗਰਸ ਪਾਰਟੀ ਦੀ ਇੱਕ ਅਹਿਮ ਮੀਟਿੰਗ




**ਮੇਹਟੀਅਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਚੱਬੇਵਾਲ ਕਾਂਗਰਸ ਪਾਰਟੀ ਦੇ ਦਫ਼ਤਰ ਵਿਖੇ ਕਾਂਗਰਸੀ ਵਰਕਰਾਂ ਵੱਲੋਂ ਇੱਕ ਅਹਿਮ ਮੀਟਿੰਗ ਹਲਕਾ ਇੰਚਾਰਜ ਚੱਬੇਵਾਲ ਸੀਨੀਅਰ ਆਗੂ ਕੁਲਵਿੰਦਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਇਸ ਮੌਕੇ ਮੀਟਿੰਗ ਦੌਰਾਨ ਕੁਲਵਿੰਦਰ ਸਿੰਘ ਰਸੂਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮੀਟਿੰਗ ਵਿੱਚ ਵਿਧਾਨ ਸਭਾ ਜ਼ਿਮਨੀ ਚੋਣਾਂ ਸਬੰਧੀ ਕਾਂਗਰਸ ਪਾਰਟੀ ਦੇ ਕੋਆਰਡੀਨੇਟਰ ਵਿਕਾਸ ਸੰਘਰ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਚੋਣ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕੇ ਵਿੱਚ ਪਿੰਡ ਪਿੰਡ ਜਾ ਕੇ ਚੋਣਾਂ ਸਬੰਧੀ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਮੌਕੇ ਹਲਕਾ ਇੰਚਾਰਜ ਚੱਬੇਵਾਲ ਕੁਲਵਿੰਦਰ ਸਿੰਘ ਰਸੂਲਪੁਰ ਨੇ ਦੱਸਿਆ ਕਿ ਜ਼ਿਮਨੀ ਚੋਣਾਂ ਸਬੰਧੀ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿਚ ਜਾ ਕੇ ਮੀਟਿੰਗਾਂ ਕਰ ਚੁੱਕੇ ਹਨ। ਹਲਕਾ ਚੱਬੇਵਾਲ ਵਿੱਚ ਅਲੱਗ ਅਲੱਗ ਟੀਮਾਂ ਬਣਾ ਕੇ ਪ੍ਰਚਾਰ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿਚ ਕਾਂਗਰਸ ਪਾਰਟੀ ਨੂੰ ਜ਼ਿਮਨੀ ਚੋਣਾਂ ਸਬੰਧੀ ਲੋਕਾਂ ਭਰਾਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਰਸੂਲਪੁਰ ਨੇ ਕਿਹਾ ਕਿ ਲੋਕਾਂ ਦਾ ਕਾਂਗਰਸ ਪਾਰਟੀ ਪ੍ਰਤੀ ਪਿਆਰ ਦੇਖ ਕੇ ਲੱਗਦਾ ਹੈ ਕਿ ਹਲਕਾ ਚੱਬੇਵਾਲ ਦੀ ਜ਼ਿਮਨੀ ਚੋਣ ਅਤੇ ਪੰਚਾਇਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਹੋਵੇਗੀ। ਇਸ ਮੌਕੇ ਮੀਟਿੰਗ ਦੌਰਾਨ ਕਾਂਗਰਸ ਪਾਰਟੀ ਦੇ ਕੋਆਰਡੀਨੇਟਰ ਵਿਕਾਸ ਸੰਘਰ, ਹਲਕਾ ਇੰਚਾਰਜ ਚੱਬੇਵਾਲ ਕੁਲਵਿੰਦਰ ਸਿੰਘ ਰਸੂਲਪੁਰ, ਚੋਧਰੀ ਗੁਰਪ੍ਰੀਤ ਸਿੰਘ ਚੱਬੇਵਾਲ, ਹਰਜਿੰਦਰ ਸਿੰਘ ਰਸੂਲਪੁਰ, ਬੀਬੀ ਹਰਬੰਸ ਕੌਰ ਮਹਿਲਾ ਪ੍ਰਧਾਨ, ਜਸਵੀਰ ਕੌਰ ਮਹਿਲਾ ਪ੍ਰਧਾਨ, ਕੁਲਵਿੰਦਰ ਸਿੰਘ ਬਲਾਕ ਪ੍ਰਧਾਨ, ਪੰਕਜ ਪਾਲੀ, ਰਾਹੁਲ, ਰਾਕੇਸ਼ ਕੁਮਾਰ ਰਾਣਾ, ਅਰਜਨ, ਕਮਲ, ਸੰਤੋਖ ਸਿੰਘ, ਲਾਡੀ, ਹਰਮੇਸ਼ ਕੁਮਾਰ ਆਦਿ ਹਾਜ਼ਰ ਸਨ।

# ਮੁਬਾਰਕਪੁਰ ਬਾਉਲੀ 'ਚ ਸਰਬਸੰਮਤੀ ਨਾਲ ਕੀਤੀ ਪੰਚਾਇਤੀ ਚੋਣ



**ਭੁਲੱਥ, (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਮੁਬਾਰਕਪੁਰ ਬਾਉਲੀ ਦੇ ਲੋਕਾਂ ਵੱਲੋਂ ਸਰਬਸੰਮਤੀ ਨਾਲ ਪੰਚਾਇਤੀ ਚੋਣ ਕੀਤੀ ਗਈ ।ਪੰਚਾਇਤੀ ਚੋਣ ਦੌਰਾਨ ਧੀਰਜ ਸਿੰਘ ਨੂੰ ਸਰਪੰਚ, ਬਲਦੇਵ ਸਿੰਘ ਮੈਂਬਰ ਪੰਚਾਇਤ, ਅਰਵਿੰਦਰ ਕੌਰ ਮੈਂਬਰ ਪੰਚਾਇਤ, ਰੁਪਿੰਦਰ ਸਿੰਘ ਮੈਂਬਰ ਪੰਚਾਇਤ ਤੇ ਬਲਜਿੰਦਰ ਕੌਰ ਮੈਂਬਰ ਪੰਚਾਇਤ ਚੁਣਿਆ ਗਿਆ ।ਇਸ ਮੌਕੇ ਸਰਪੰਚ ਧੀਰਜ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜੋ ਪਿੰਡ ਦੇ ਵਿਕਾਸ ਦੇ ਕੰਮ ਰੁਕੇ ਹੋਏ ਹਨ ਉਸ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ। ਪਿੰਡ ਦੇ ਹਰੇਕ ਵਿਅਕਤੀ ਨਾਲ ਲੋੜ ਪੈਣ 'ਤੇ ਚਟਾਨ ਵਾਂਗੂ ਖੜ੍ਹਾਂਗਾ। ਇਸ ਮੌਕੇ ਬਲਾਕ ਪ੍ਰਧਾਨ ਲਖਵਿੰਦਰ ਸਿੰਘ ਲੱਖਾ, ਰਜਿੰਦਰ ਪਾਲ ਸਿੰਘ, ਮਨਜੀਤ ਸਿੰਘ, ਜਗਜੀਤ ਸਿੰਘ, ਬਲਦੇਵ ਸਿੰਘ, ਪੂਰਨ ਸਿੰਘ, ਗੁਰਮੀਤ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ, ਜਸਵਿੰਦਰ ਸਿੰਘ, ਗੁਰਜੋਤ ਸਿੰਘ, ਅਮਰਜੀਤ ਸਿੰਘ, ਬਚਨ ਸਿੰਘ, ਹਰਜਿੰਦਰ ਸਿੰਘ, ਬਲਕਾਰ ਸਿੰਘ, ਮਲਕੀਤ ਸਿੰਘ, ਚਰਨਜੀਤ ਸਿੰਘ, ਪਰਵਿੰਦਰ ਸਿੰਘ, ਬਲਵੀਰ ਸਿੰਘ, ਮੇਹਰ ਸਿੰਘ, ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ, ਮਨਦੀਪ ਸਿੰਘ, ਬਲਵਿੰਦਰ ਕੌਰ ਮਨਜੀਤ ਕੌਰ, ਸੁਰਜੀਤ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਬਲਵਿੰਦਰ ਕੌਰ, ਦਲਜੀਤ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ, ਕੁਲਵੰਤ ਕੌਰ, ਹਰਮਨਪ੍ਰੀਤ ਕੌਰ ਤੇ ਹੋਰ ਹਾਜ਼ਰ ਸਨ।

## ਰਾਹੋਂ ਕੰਨਿਆ ਸਕੂਲ ਨੇ ਮਾਰੀਆਂ ਮੱਲਾਂ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਇਲਾਕੇ ਦੀ ਮਾਣਮੱਤੀ ਸੰਸਥਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਸਫਲਤਾ ਦੇ ਝੰਡੇ ਗੱਡੇ। ਗੁਰਜੋਤ ਕੌਰ 71 ਕਿੱਲੋ ਵਰਗ ਵਿੱਚ ਭਾਗ ਲਿਆ। ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਵੇਟ ਲਿਫਟਿੰਗ ਦੇ ਅੰਡਰ-17 ਸਾਲ ਵਰਗ ਵਿੱਚ ਗੁਰਜੋਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਮ ਰਾਜ ਪੱਧਰ 'ਤੇ ਰੌਸ਼ਨ ਕੀਤਾ। 100 ਮੀਟਰ ਦੌੜ ਵਿੱਚ ਰੱਜੋ ਨੇ ਅੰਡਰ -14 ਵਿੱਚ ਗੋਲਡ ਮੈਡਲ ਅਤੇ ਲੌਂਗ ਜੰਪ ਮੁਕਾਬਲੇ ਵਿੱਚ ਵੀ ਗੋਲਡ ਮੈਡਲ ਪ੍ਰਾਪਤ ਕੀਤਾ। ਰਾਜ ਕੁਮਾਰੀ ਨੇ ਅੰਡਰ-19 ਮੁਕਾਬਲੇ ਦੇ 100 ਮੀਟਰ ਦੌੜ ਵਿੱਚ ਸਿਲਵਰ ਮੈਡਲ ਅਤੇ ਲੌਂਗ ਜੰਪ ਮੁਕਾਬਲੇ ਵਿੱਚ ਵੀ ਸਿਲਵਰ ਮੈਡਲ ਪ੍ਰਾਪਤ ਕੀਤਾ। ਫੁੱਟਬਾਲ ਦੇ ਅੰਡਰ-19 ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਕਿਸਮੇ ਕਿੱਤਨਾ ਹੈ ਦਮ ਸੰਗੀਤ ਮੁਕਾਬਲੇ ਵਿੱਚ ਸਕੂਲ ਦੀ ਹੋਣਹਾਰ ਵਿਦਿਆਰਥਣ ਨੰਦਿਨੀ ਸ਼ਰਮਾ ਨੇ ਰਾਜ ਪੱਧਰੀ ਮੁਕਾਬਲੇ ਵਿੱਚ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਬਲਜਿੰਦਰ ਸਿੰਘ ਅਤੇ ਸਮੂਹ ਸਟਾਫ ਵਲੋਂ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਸਨਮਾਨਤ ਵੀ ਕੀਤਾ ਗਿਆ।

# ਹਾਕੀ ਅੰਡਰ 14 ਮੁਕਾਬਲੇ 'ਚ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਟੀਮ ਜੇਤੂ



**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2024' ਤਹਿਤ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਤਹਿਤ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ।ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਸ਼ਤੀ ਫ੍ਰੀ ਸਟਾਈਲ ਅੰਡਰ-17 ਐਫ ਐਸ ਲੜਕੇ 71 ਕਿਲੋ ਭਾਰ ਵਰਗ ਵਿੱਚ ਰਣਜੀਤ, ਹੰਸ ਰਾਜ ਸਟੇਡੀਅਮ ਜਲੰਧਰ ਨੇ ਪਹਿਲਾ,ਤਨਵੀਰ ਸਿੰਘ, ਜਗਜੀਤ ਅਕੈਡਮੀ ਦੂਜੇ ਸਥਾਨ 'ਤੇ ਰਿਹਾ । 48 ਕਿਲੋ ਭਾਰ ਵਿਚ ਵੰਸ਼, ਯੂਨਾਈਟਿਡ ਕਲੱਬ ਨੇ ਪਹਿਲਾ ਅਤੇ ਸਮਰਾਠ ਗਿੱਲ, ਜਗਜੀਤ ਅਕੈਡਮੀ ਨੇ ਦੂਜਾ ਸਥਾਨ ਹਾਸਲ ਕੀਤਾ। 92 ਕਿਲੋ ਭਾਰ ਵਰਗ ਵਿਚ ਯੋਗੇਸ਼ ਸ਼ਰਮਾ,ਐਸ.ਐਮ.ਕੁਸਤੀ ਸੈਂਟਰ ਕਰਾੜੀ ਨੇ ਪਹਿਲਾ ਅਤੇ ਵਿਸਮਾਦ ਸਿੰਘ, ਜਗਜੀਤ ਅਕੈਡਮੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਸਾਲ 61 ਕਿਲੋ ਭਾਰ ਵਰਗ ਵਿਚ ਰਮਨਦੀਪ ਗੋਪਾਲਪੁਰ ਪਹਿਲੇ, ਦਿਲਰੋਜ ਸਿੰਘ ਵਰਿਆਣਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 65 ਕਿਲੋ ਭਾਰ ਵਰਗ ਵਿਚ ਸਾਗਰ, ਜਗਜੀਤ ਅਕੈਡਮੀ ਨੇ ਪਹਿਲਾ ਤੇ ਹੀਰਾ ਲਾਲ, ਕਰਤਾਰ ਅਕੈਡਮੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 92 ਕਿਲੋ ਭਾਰ ਵਰਗ ਵਿਚ ਮੂਨ, ਯੂਨਾਈਟਿਡ ਕਲੱਬ ਨੇ ਉਦੇਵੀਰ ਕਰਤਾਰ ਅਕੈਡਮੀ ਨੂੰ, ਨੂੰ ਜ਼ਬਰਦਸਤ ਅੰਕਾਂ ਦੇ ਆਧਾਰ 'ਤੇ ਮੁਕਾਬਲੇ ਨਾਲ ਮਾਤ ਦਿੱਤੀ।ਹਾਕੀ ਅੰਡਰ-14 ਮੁਕਾਬਲੇ ਵਿੱਚ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੀ ਟੀਮ ਨੇ ਪਹਿਲਾ, ਸੁਰਜੀਤ ਹਾਕੀ ਟ੍ਰੇਨਿੰਗ ਸੈਂਟਰ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਨੰਗਲ ਫਤਿਹ ਖਾਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਲੜਕੀਆਂ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਦੀ ਹਾਕੀ ਟੀਮ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੰਨੋਵਾਲੀ ਦੀ ਟੀਮ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਨੰਗਲ ਫਤਿਹ ਖਾਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਮੁਕਾਬਲੇ ਵਿੱਚ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਦੀ ਟੀਮ ਨੇ ਪਹਿਲਾ, ਲਾਇਲਪੁਰ ਖਾਲਸਾ ਇੰਸਟੀਚੀਊਟ ਨੇ ਦੂਜਾ ਅਤੇ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ 21-30 ਲੜਕੀਆਂ ਮੁਕਾਬਲੇ ਵਿੱਚ ਲਾਇਲਪੁਰ ਖਾਲਸਾ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਟੇਬਲ ਟੈਨਿਸ- 41-50 ਮਹਿਲਾ ਮੁਕਾਬਲੇ ਵਿਚ ਸੀਮਾ ਰਾਣਾ ਨੇ ਪਹਿਲਾ, ਵਨੀਤਾ ਨੇ ਦੂਜਾ ਅਤੇ ਪਰਵੀਨ ਅਤੇ ਭਵਪ੍ਰੀਤ ਨੇ ਸੈਕਿੰਡ ਰਨਰਅੱਪ ਸਥਾਨ ਪ੍ਰਾਪਤ ਕੀਤਾ। 51-60 ਮਹਿਲਾ ਮੁਕਾਬਲੇ ਵਿੱਚ ਰਿਦੁਦਮਨ ਨੇ ਪਹਿਲਾ, ਨਰਿੰਦਰ ਕੌਰ ਨੇ ਦੂਜਾ ਅਤੇ ਸੈਕਿੰਡ ਰਨਰਅਪ ਰਿੰਪੀ ਗੁਪਤਾ ਅਤੇ ਅੰਜੂ ਰਹੇ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਰੈੱਡ ਰਿਬਨ ਕਲੱਬਾਂ ਦੀ ਐਡਵੋਕੇਸੀ ਮੀਟਿੰਗ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ ਦੀ ਨਿਰਦੇਸ਼ਨਾ ਤਹਿਤ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਗਿਆਨ ਜਯੋਤੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਮੋਹਾਲੀ ਵਿਖੇ ਮਨਤੇਜ ਸਿੰਘ ਚੀਮਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੀ ਅਗਵਾਈ ਹੇਠ 55 ਕਾਲਜਾਂ ਦੇ ਨੋਡਲ ਅਫਸਰਾਂ ਅਤੇ 'ਪੀਅਰ ਐਜੂਕੇਟਡ' ਵਿਦਿਆਰਥੀਆਂ ਦੀ ਐਡਵੋਕੇਸੀ ਮੀਟਿੰਗ ਕਰਵਾਈ ਗਈ। ਮਨਤੇਜ ਸਿੰਘ ਚੀਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਐਡਵੋਕੇਸੀ ਮੀਟਿੰਗ ਦਾ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਦੇ ਪ੍ਰਭਾਵ ਤੋਂ ਦੂਰ ਰੱਖਣਾ, ਐੱਚ.ਆਈ.ਵੀ. ਤੋਂ ਨਿਜਾਤ ਦਿਵਾਉਣਾ, ਸਵੈ-ਇੱਛਾ ਨਾਲ ਖੂਨ ਦਾਨ ਮੁਹਿੰਮ ਨੂੰ ਪ੍ਰਫੁੱਲਿਤ ਕਰਨਾ ਅਤੇ ਟੀ.ਬੀ. ਮੁਕਤ ਭਾਰਤ ਅਭਿਆਨ ਵਿੱਚ ਨੌਜਵਾਨਾਂ ਵਲੋਂ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਹਰੇਕ ਕਾਲਜ ਦਾ ਰੈੱਡ ਰਿਬਨ ਕਲੱਬ ਪੂਰੇ ਸਾਲ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਇੰਟਰਨੈਸ਼ਨਲ ਦਿਵਸ ਜਿਵੇਂ ਨਸ਼ਾ ਵਿਰੋਧੀ ਦਿਵਸ, ਇੰਟਰਨੈਸ਼ਨਲ ਯੂਥ ਡੇਅ, ਵਲੰਟਰੀ ਬਲੱਡ ਡੋਨੇਸ਼ਨ ਡੇਅ, ਵਰਲਡ ਏਡਜ਼ ਡੇਅ, ਨੈਸ਼ਨਲ ਯੂਥ ਡੇਅ, ਨੈਸ਼ਨਲ ਟੀ.ਬੀ. ਡੇਅ ਆਦਿ ਸਬੰਧੀ ਕੈਲੰਡਰ ਵੀ ਜਾਰੀ ਕੀਤਾ ਗਿਆ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਅਨੀਤ ਵੇਦੀ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹੋ ਜਿਹੀ ਐਡਵੋਕੇਸੀ ਮੀਟਿੰਗ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਕਾਰਗਰ ਸਾਬਿਤ ਹੋਵੇਗੀ। ਇਸ ਦੌਰਾਨ ਚਰਨਜੀਤ ਕੌਰ ਸਟੈਨੋ, ਵੱਖ-ਵੱਖ ਕਾਲਜਾਂ ਤੋਂ ਮਨਿੰਦਰਪਾਲ ਸਿੰਘ ਗਿੱਲ, ਵੇਦ ਪ੍ਰਕਾਸ਼, ਮੁਨੀਸ਼ਾ ਮਹਾਜਨ, ਸ੍ਰੀ ਰਾਘਵ, ਕੁਲਦੀਪ ਸਿੰਘ, ਅਭਿਸ਼ੇਕ ਪਵਲ, ਜਗਰੂਪ ਸਿੰਘ, ਰਿਤੂ ਗੋਇਲ, ਲਖਵਿੰਦਰ ਕੌਰ, ਦਲਜੀਤ ਕੌਰ, ਡਾ. ਅਮਨਦੀਪ ਅਮਨ, ਗੁਰਪ੍ਰੀਤ ਕੌਰ ਅਤੇ ਰਾਜਿੰਦਰ ਅਨਭੋਲ ਆਦਿ ਨੋਡਲ ਅਫਸਰਾਂ ਮੈਂਬਰਾਂ ਨੇ ਹਿੱਸਾ ਲਿਆ।

# ਦਾਨੀ ਸੱਜਣ ਵੱਲੋਂ ਵਿਨਟੇਜ ਲੁਕ ਬੈਟਰੀ ਕਾਰ ਭੇਟ



**ਮੁਹਾਲੀ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਾਨੀ ਸੱਜਣ ਵੱਲੋਂ ਕਾਰ ਸੇਵਾ ਲਈ 'ਵਿਨਟੇਜ ਲੁਕ ਬੈਟਰੀ ਕਾਰ' ਭੇਟ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਦਾਨੀ ਸੱਜਣ ਵਲੋਂ ਆਪਣੇ ਪਰਵਾਰ ਸਮੇਤ ਹਾਜ਼ਰ ਹੋ ਕੇ ਇਹ ਬੈਟਰੀ ਕਾਰ ਗੁਰਦੁਆਰਾ ਸਾਹਿਬ ਵਿਖੇ ਭੇਟ ਕਰਕੇ ਚਾਬੀ ਪ੍ਰਬੰਧਕ ਕਮੇਟੀ ਨੂੰ ਦਿੱਤੀ ਗਈ। ਇਸ ਬੈਟਰੀ ਕਾਰ ਦੀ ਕੀਮਤ 3 ਲੱਖ 90 ਹਜ਼ਾਰ ਰੁਪਏ ਦੇ ਕਰੀਬ ਹੈ। ਕਾਰ ਦੀ ਬੈਟਰੀ ਚਾਰਜ ਕਰਨ ਤੋਂ ਬਾਅਦ 70 ਕਿਲੋਮੀਟਰ ਦੇ ਕਰੀਬ ਚੱਲ ਸਕਦੀ ਹੈ। ਪ੍ਰਬੰਧਕ ਕਮੇਟੀ ਵਲੋਂ ਦੇਗ ਸਜਾ ਕੇ ਦਾਨੀ ਸੱਜਣ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਵਾਈ ਗਈ। ਦਾਨੀ ਸੱਜਣ ਅਤੇ ਉਨਾਂ ਦੇ ਪਰਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਮਾਤਾ ਮਾਇਆਵਤੀ ਸਰੀਨ ਦੀ ਬਰਸੀ ਖ਼ੂਨ ਦੇ ਲੋੜਵੰਦਾਂ ਨੂੰ ਸਮਰਪਤ ਕਰਕੇ ਮਨਾਈ



**ਨਵਾਂਸ਼ਹਿਰ (ਮਨੋਜ ਲਾਡੀ)**- ਇੱਕ ਪ੍ਰੇਰਨਾਦਾਇਕ ਖ਼ਬਰ ਹੈ ਕਿ ਇੱਕ ਪੋਤ-ਨੂੰਹ ਵਲੋਂ ਆਪਣੇ ਪਤੀ ਦੀ ਦਾਦੀ (ਦਦੇਸ) ਦੀ ਬਰਸੀ ਮਨਾਉਣ ਲਈ ਸਥਾਨਕ ਸਮਾਜ ਸੇਵੀ ਸੰਸਥਾ ਬੀ.ਡੀ.ਸੀ. ਨਾਲ ਸੰਪਰਕ ਕੀਤਾ ਗਿਆ । ਅੰਜੂ ਸਰੀਨ ਪਤਨੀ ਰਾਜਨ ਸਰੀਨ ਵਲੋਂ ਸਵਰਗਵਾਸੀ ਦਦੇਸ ਮਾਤਾ ਮਾਇਆਵਤੀ ਸਰੀਨ ਦੀ ਬਰਸੀ ਖ਼ੂਨ ਦੇ ਲੋੜਵੰਦਾਂ ਨੂੰ ਸਮਰਪਤ ਕਰਕੇ ਮਨਾਉਣ ਲਈ ਸਥਾਨਕ ਬੀ.ਡੀ.ਸੀ.ਬਲੱਡ ਸੈਂਟਰ ਦੇ ਬੀ.ਟੀ.ਓ. ਡਾ: ਅਜੇ ਬੱਗਾ ਨਾਲ ਮੀਟਿੰਗ ਕੀਤੀ ਅਤੇ ਬਲੱਡ ਸੈਂਟਰ ਵਿਖੇ ਆਉਂਦੇ ਲੋੜਵੰਦਾਂ ਦੀਆਂ ਵਿਤੀ ਸਥਿਤੀਆਂ ਵਾਰੇ ਜਾਣਕਾਰੀ ਹਾਸਲ ਕੀਤੀ ਅਤੇ ਮਾਤਾ ਮਾਇਆਵਤੀ ਸਰੀਨ ਦੀ ਯਾਦ ਵਿੱਚ ਲੋੜਵੰਦਾਂ ਦੀ ਮਦਦ ਕਰਨ ਦੀ ਇੱਛਾ ਜ਼ਾਹਰ ਕੀਤੀ। ਅੰਜੂ ਸਰੀਨ ਦੀ ਨਿਵੇਕਲੀ ਤੇ ਉਤਸ਼ਾਹਜਨਕ ਸੋਚ ਦੇ ਫਲਸਰੂਪ ਸ਼ਰਧਾਂਜਲੀ ਸਮਾਗਮ ਉਲੀਕਿਆ ਗਿਆ ਅਤੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਫਾਊਂਡਰ ਪ੍ਰਧਾਨ ਜੀ.ਐਸ.ਤੂਰ, ਜੇ.ਐਸ.ਗਿੱਦਾ ਅਤੇ ਡਾ. ਅਜੇ ਬੱਗਾ ਨੇ ਇਸ ਨੇਕ ਤੇ ਨਿਵੇਕਲੀ ਸੋਚ ਤੋਂ ਸਿੱਖਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਆਖਿਆ ਕਿ ਸਾਂਝੇ ਪਰਵਾਰਾਂ ਦਾ ਅਮਲ ਲਗਪਗ ਬੰਦ ਹੋਣ ਤੋਂ ਬਾਅਦ ਮਾਮੂਲੀ ਗੁੱਸੇ ਕਾਰਨ ਕੀਮਤੀ ਜਾਨਾਂ ਤੱਕ ਖਤਮ ਕੀਤੀਆਂ ਜਾ ਰਹੀਆਂ ਹਨ। ਮਾਤਾ ਮਾਇਆਵਤੀ ਸਰੀਨ ਦਾ ਜੀਵਨ ਸਾਂਝੇ ਪਰਵਾਰਾਂ ਵਿੱਚ ਗੁਜ਼ਰਿਆ, ਸਿੱਟੇ ਵਜੋਂ ਉਹਨਾਂ ਦੀ ਪੋਤ ਨੂੰਹ ਅੱਜ ਉਹਨਾਂ ਨੂੰ ਸਤਿਕਾਰ ਦੇ ਰਹੀ ਹੈ। ਇਸ ਮੌਕੇ ਜੀ ਐਸ ਤੂਰ, ਜੇ ਐਸ ਗਿੱਦਾ, ਅੰਜੂ ਸਰੀਨ, ਡਾ. ਅਜੇ ਬੱਗਾ, ਡਾ. ਦਿਆਲ ਸਰੂਪ, ਮੈਨੇਜਰ ਮਨਮੀਤ ਸਿੰਘ, ਅਸ਼ੀਸ਼ ਕੁਮਾਰ, ਅਨੀਤਾ ਕੁਮਾਰੀ, ਰਾਜੀਵ ਭਾਰਦਵਾਜ, ਮਲਕੀਅਤ ਸਿੰਘ ਸੜੋਆ, ਮੁਕੇਸ਼ ਕਾਹਮਾ, ਹਿਤੇਂਦਰ ਖੰਨਾ, ਭੁਪਿੰਦਰ ਸਿੰਘ, ਸੁਨੈਨਾ ਸ਼ਰਮਾ, ਜਸਪ੍ਰੀਤ ਕੌਰ, ਮੰਦਨਾ, ਪਵਨ ਕੁਮਾਰੀ ਤੇ ਕਪਿਲ ਸ਼ਰਮਾ ਆਦਿ ਹਾਜ਼ਰ ਸਨ।

# ਓਵਰਲੋਡ ਟਰਾਲੀ ਪਲਟੀ

**ਬਲਾਚੌਰ, (ਜਸਵਿੰਦਰ ਬੈਂਸ)** -ਅੱਜ ਸਵੇਰੇ ਤੜਕਸਾਰ ਬਲਾਚੌਰ ਬਾਈਪਾਸ ਠੇਰੀ ਸਾਹਿਬ ਗੁਰਦੁਆਰਾ ਦੇ ਨਜ਼ਦੀਕ ਇੱਕ ਓਵਰਲੋਡ ਟਰਾਲੀ ਪਲਟਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਟਰੈਕਟਰ ਟਰਾਲੀ ਚਾਲਕ ਅਵਤਾਰ ਸਿੰਘ ਜੋ ਰੋਪੜ ਦੇ ਨਜ਼ਦੀਕ ਕਸਬਾ ਟੌਂਸਾ ਨੂੰ ਜਾ ਰਿਹਾ ਸੀ ਕਿ ਬਲਾਚੌਰ ਵਿਖੇ ਮੈਕਡੋਨਲ ਦੇ ਨਜ਼ਦੀਕ ਅਚਾਨਕ ਹਾਦਸਾ ਗ੍ਰਸਤ ਹੋ ਗਿਆ ਜਿਸਦੇ ਫਲਸਰੂਪ ਟਰਾਲੀ ਵਿੱਚ ਲੱਦੇ ਹੋਏ ਤੂੰਗ ਦਾ ਸਾਰੀ ਸੜਕ 'ਤੇ ਖਿਲਾਰਾ ਪੈ ਗਿਆ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋਈ। ਇਲਾਕਾ ਵਾਸੀਆਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਅਜਿਹੇ ਓਵਰਲੋਡ ਵਾਹਨ ਚਾਲਕਾਂ ਵਿਰੁੱਧ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਜ਼ਿਲ੍ਹਾ ਵੇਟ ਲਿਫ਼ਟਿੰਗ ਖੇਡਾਂ 'ਚ ਘੁੜਕਾ ਸਕੂਲ ਦੇ ਵਿਦਿਆਰਥੀ ਛਾਏ




**ਗੁਰਾਇਆ (ਬਿੰਦਰ ਸੁਮਨ)**-ਸਿੱਖਿਆ ਵਿਭਾਗ ਪੰਜਾਬ ਵੱਲੋਂ 68 ਵੀਆਂ ਜ਼ਿਲਾ ਵੇਟ ਲਿਫਟਿੰਗ ਲੜਕੀਆਂ ਦੇ ਖੇਡ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ'ਚ ਕਰਵਾਏ ਗਏ। ਜਿਸ 'ਚ ਨਜ਼ਦੀਕ ਸਰਕਾਰੀ ਹਾਈ ਸਕੂਲ ਘੁੜਕਾ ਸਕੂਲ ਨੇ 40 ਕਿਲੋ 'ਚ ਹਰਮਨ ਜੱਖੂ ਨੇ ਪਹਿਲਾ, 45 ਕਿਲੋ 'ਚ ਹਰਮਨ ਕੌਰ ਨੇ ਪਹਿਲਾ, 55 ਕਿਲੋ 'ਚ ਮਨੀਸ਼ਾ ਜੱਖੂ ਨੇ ਪਹਿਲਾ, 59 ਕਿਲੋ ਗ੍ਰਾਮ 'ਚ ਖ਼ੁਸ਼ੀ ਨੇ ਪਹਿਲਾ ਸਥਾਨ ਜਿੱਤ ਕੇ ਜਿੱਤ ਕੇ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਮੌਕੇ 64 ਕਿਲੋ ਵਰਗ 'ਚ ਗੁਰਲੀਨ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਹਾਸਲ ਕੀਤਾ। ਕੋਮਲਪ੍ਰੀਤ ਕੌਰ ਨੇ 49 ਕਿਲੋ 'ਚ ਤੀਸਰਾ ਸਥਾਨ ਹਾਸਲ ਕੀਤਾ। ਬੱਚਿਆਂ ਨੂੰ ਸਨਮਾਨਤ ਕਰਨ ਲਈ ਇਸ ਮੌਕੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਹਰਮੇਸ਼ ਲਾਲ ਖੇੜਾ ਅਤੇ ਨਰਿੰਦਰ ਕੁਮਾਰ ਡੀ ਪੀ ਈ ਅਤੇ ਗੁਰਬਖਸ਼ ਲਾਲ ਪੀ ਟੀ ਆਈ ਹਾਜ਼ਰ ਸਨ। ਇਸ ਸਮੇਂ ਮੁੱਖ ਅਧਿਆਪਕਾ ਜਸਵਿੰਦਰ ਕੌਰ ਨੇ ਬੱਚਿਆਂ ਨੂੰ ਹੋਰ ਮਿਹਨਤ ਲਈ ਪ੍ਰੇਰਿਆ । ਬੱਚਿਆਂ ਦੇ ਸਵਾਗਤ ਲਈ ਉਚੇਚੇ ਤੌਰ 'ਤੇ ਨਰਿੰਦਰ ਕੁਮਾਰ, ਮਨਪ੍ਰੀਤ ਕੌਰ, ਬਲਜੀਤ ਕੌਰ, ਅਮਰਜੀਤ ਕੌਰ ਅਤੇ ਸਮੁੱਚਾ ਸਟਾਫ਼ ਹਾਜ਼ਰ ਸੀ।

# ਮਾਨ ਸਰਕਾਰ ਨੇ ਬਿਨਾਂ ਰਿਸ਼ਵਤ, ਸਿਫਾਰਸ਼ ਦੇ 45 ਹਜ਼ਾਰ ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ : ਕੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਨੇ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਰੀਫ਼ ਕੀਤੀ ਹੈ। 'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਢਾਈ ਸਾਲਾਂ ਵਿੱਚ 45 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਸ਼ੁੱਕਰਵਾਰ ਨੂੰ ਚੰਡੀਗੜ੍ਹ ਪਾਰਟੀ ਦਫ਼ਤਰ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ ਮਲਵਿੰਦਰ ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਲੋਕਾਂ ਨੂੰ ਸਰਕਾਰੀ ਨੌਕਰੀਆਂ ਲੈਣ ਲਈ ਲੱਖਾਂ ਰੁਪਏ ਬਤੌਰ ਰਿਸ਼ਵਤ ਦੇਣੀ ਪੈਂਦੀ ਸੀ ਅਤੇ ਜ਼ਿਆਦਾਤਰ ਸਰਕਾਰੀ ਨੌਕਰੀਆਂ ਸਿਆਸਤਦਾਨਾਂ ਦੇ ਪਰਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਹੀ ਮਿਲਦੀਆਂ ਸਨ । ਫਿਰ ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪੈਂਦਾ ਸੀ। ਮਾਨ ਸਰਕਾਰ ਨੇ ਸਰਕਾਰੀ ਨੌਕਰੀਆਂ ਵਿੱਚ ਰਿਸ਼ਵਤਖੋਰੀ ਅਤੇ ਸਿਆਸੀ ਸਿਫ਼ਾਰਸ਼ਾਂ ਦੀ ਰਵਾਇਤ ਖ਼ਤਮ ਕਰ ਦਿੱਤੀ ਹੈ। ਸਾਡੀ ਸਰਕਾਰ ਨੇ 45708 ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਆਸੀ ਸਿਫ਼ਾਰਸ਼ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।24 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਵਿਭਾਗ ਲਈ 586 ਨਿਯੁਕਤੀ ਪੱਤਰ ਵੰਡੇ।ਕੰਗ ਨੇ ਕਿਹਾ ਕਿ ਨੌਜਵਾਨਾਂ ਨੂੰ ਚੰਗੀ ਸਿੱਖਿਆ ਅਤੇ ਰੁਜ਼ਗਾਰ ਮੁਹੱਈਆ ਕਰਵਾਉਣਾ 'ਆਪ' ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਸਾਨੂੰ ਖ਼ੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਲਗਾਤਾਰ ਉਪਰਾਲੇ ਕਰ ਰਹੇ ਹਨ।

# ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਹਾਸਲ ਕੀਤਾ ਮੈਡੀਕਲ ਖੇਤਰ 'ਚ ਡਿਪਲੋਮਾ



**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਕੁਝ ਨਵਾਂ ਤਜਰਬਾ ਕਰਦੇ ਰਹਿੰਦੇ ਹਨ । ਉਹਨਾਂ ਨੇ 31 ਸਾਲਾ ਦੇ ਟੀਚਿੰਗ ਕੈਰੀਅਰ ਵਿੱਚ ਐਮ.ਟੈਕ ਕੀਤੀ ਤੇ ਯੂਨੀਵਰਸਿਟੀ ਵਿੱਚ ਗੋਲਡ ਮੈਡਲ ਹਾਸਲ ਕੀਤਾ। ਉਹਨਾਂ ਨੇ 'ਸੱਮਸਿਆ ਆਧਾਰਿਤ ਸਿੱਖਿਆ' ਦੇ ਵੱਖਰੇ ਵਿਸ਼ੇ 'ਤੇ ਪੀ.ਐਚ.ਡੀ ਕੀਤੀ। ਤਕਨੀਕੀ ਪੁਸਤਕਾਂ ਲਿਖੀਆਂ, ਕਹਾਣੀਆਂ ਲਿਖੀਆਂ, ਲੇਖ ਲਿਖੇ, ਸਵਾਮੀ ਦਯਾਨੰਦ ਪ੍ਰਕਾਸ਼ ਅਤੇ ਮਹਾਤਮਾ ਆਨੰਦ ਸਵਾਮੀ ਦੀਆਂ ਲਿਖਤਾਂ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ। ਕੋਰੋਨਾ ਪੀਰੀਅਡ ਦੌਰਾਨ ਉਹਨਾਂ ਸਿਹਤ ਸਬੰਧੀ ਵਿਸ਼ੇ 'ਤੇ ਕਾਫੀ ਖੋਜ ਕੀਤੀ ਤੇ ਨਵੀਂ ਵਿਧਾ ਵੈਕਲਪਿਕ ਚਿਕਿਤਸਾ ਪ੍ਰਣਾਲੀ 'ਤੇ ਪੁਸਤਕ ਲਿਖੀ 'ਸੋਨਧਾਰਾ' , ਜਿਸ ਨੂੰ ਪੰਜਾਬੀ ਦੇ ਨਾਲ ਨਾਲ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਛਾਪਿਆ ਗਿਆ। ਇਸ ਪੁਸਤਕ ਨੂੰ ਗੋਲਡਨ ਐਵਾਰਡ ਪ੍ਰਾਪਤ ਹੋਇਆ। ਉਹਨਾਂ ਵੈਕਲਪਿਕ ਚਿਕਿਤਸਾ ਪ੍ਰਣਾਲੀ ਦੇ ਵਿਸ਼ੇ ਤੇ ਕੇਰਲਾ ਵਿਖੇ ਹੋਈ ਵਰਲਡ ਕੰਨਫਰੰਸ ਵਿਖੇ ਪੇਪਰ ਵੀ ਪੜ੍ਹਿਆ। ਹੁਣ ਉਹਨਾਂ ਨੇ 'ਸਿਮਬਾਇਓਸਿਸ ਇੰਟਰਨੈਸ਼ਨਲ ਯੂਨੀਵਰਸਿਟੀ' ਪੂਨੇ ਤੋਂ 'ਅਪਲਾਇਡ ਨਿਉਟ੍ਰੀਸ਼ਨ ਅਤੇ ਡਾਇਟਿਕਸ' ਵਿਸ਼ੇ 'ਤੇ ਫਸਟ ਕਲਾਸ ਵਿਚ ਡਿਸਟਿੰਕਸ਼ਨ ਹਾਸਲ ਕੀਤੀ ਹੈ ਤੇ 79 ਪ੍ਰਤੀਸ਼ਤ ਨੰਬਰ ਲਏ ਹਨ। ਉਹਨਾਂ ਦਾ ਕਹਿਣਾ ਹੈ ਕਿ ਹਰ ਵਿਅਕਤੀ ਨੂੰ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ । ਜੀਵਨ ਵਿੱਚ ਖੜੋਤ ਨਹੀਂ ਆਉਣੀ ਚਾਹੀਦੀ । ਉਹਨਾਂ ਨੂੰ ਇਹ ਡਿਪਲੋਮਾ ਹਾਸਲ ਕਰਨ ਲਈ ਡੀ.ਏ.ਵੀ ਦੇ ਉਪ ਪ੍ਰਧਾਨ ਜਸਟਿਸ ਐਨ.ਕੇ ਸੂਦ ,ਸੈਕਟਰੀ ਅਰਵਿੰਦ ਘਈ, ਸੈਕਟਰੀ ਅਜੇ ਗੋਸਵਾਮੀ, ਸੀ.ਡੀ.ਟੀ.ਪੀ ਅਡਵਾਇਜ਼ਰੀ ਬਾਡੀ ਦੇ ਪ੍ਰਧਾਨ ਕੁੰਦਨ ਲਾਲ ਅਤੇ ਸਮੂਹ ਸਟਾਫ ਨੇ ਵਧਾਈ ਦਿੱਤੀ।

## ਜ਼ਰੂਰਤਮੰਦ ਵਿਦਿਆਰਥਣਾਂ ਨੂੰ ਸਾਈਕਲ ਦਿੱਤੇ



**ਮਹਿਤਪੁਰ (ਰਾਜਾ)**- ਇੱਕ ਅਰਦਾਸ ਚੈਰੀਟੇਬਲ ਸੋਸਾਇਟੀ ਰਜਿ. ਵੱਲੋਂ ਸਰਕਾਰੀ ਸਕੂਲ ਲੜਕੀਆਂ ਸ਼ੰਕਰ, ਨਕੋਦਰ ਵਿਖੇ ਜ਼ਰੂਰਤਮੰਦ ਲੜਕੀਆਂ ਨੂੰ ਸਾਈਕਲ ਦਿੱਤੇ ਗਏ। ਇਹ ਸੇਵਾ ਕਲੱਬ ਦੇ ਸੀਨੀਅਰ ਮੈਂਬਰ ਮਨਜੀਤ ਸਿੰਘ ਚੌਹਾਨ ਵੱਲੋਂ ਕੀਤੀ ਗਈ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਦਮਨਜੀਤ ਕੌਰ, ਲੈਕਚਰਾਰ ਸੀਮਾ ਰਾਣੀ, ਲੈਕਚਰਾਰ ਰਾਜੇਸ਼ ਕੁਮਾਰ, ਮਾਸਟਰ ਕਮਲਜੀਤ ਰਾਮ ਅਤੇ ਸਕੂਲ ਦਾ ਸਾਰਾ ਸਟਾਫ, ਮੋਹਨ ਸਿੰਘ ਵਿਰਦੀ ਸਾਬਕਾ ਮੈਂਬਰ ਪੰਚਾਇਤ, ਅਮਰਨਾਥ ਸਾਬਕਾ ਮੈਂਬਰ ਪੰਚਾਇਤ, ਸੁਖਵਿੰਦਰ ਸਿੰਘ ਅਤੇ ਸ਼ੰਕਰ ਪਿੰਡ ਦੇ ਮੋਹਤਬਰ ਅਤੇ ਕਲੱਬ ਦੀ ਟੀਮ ਦੇ ਮੈਂਬਰ ਮੌਜੂਦ ਸਨ।

## 5 ਕਿਲੋ ਗਾਂਜਾ ਸਮੇਤ ਕਾਬੂ



**ਫਗਵਾੜਾ (ਡਾ. ਰਮਨ)**- ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਵਲੋਂ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਮੁਹਿੰਮ ਤਹਿਤ, ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ-ਡਵੀਜ਼ਨ ਫਗਵਾੜਾ ਦੀ ਯੋਗ ਅਗਵਾਈ ਹੇਠ ਮੁੱਖ ਅਫਸਰ ਥਾਣਾ ਸਤਨਾਮਪੁਰਾ ਇੰਸਪੈਕਟਰ ਗੌਰਵ ਧੀਰ ਦੀ ਨਿਗਰਾਨੀ ਹੇਠ ਏ.ਐਸ.ਆਈ ਦਰਸ਼ਨ ਸਿੰਘ 119/ਕਪੂ: ਸਮੇਤ ਸਾਥੀ ਕਰਮਚਾਰੀਆਂ ਦੇ ਦੌਰਾਨੇ ਗਸ਼ਤ ਰਾਕੇਸ਼ ਮੰਡਲ ਪੁੱਤਰ ਤਿਲੋ ਮੰਡਲ ਵਾਸੀ ਪਿੰਡ ਦੁਰਗਾਪੁਰ ਡਾਕਖਾਨਾ ਦੁਰਗਾਪੁਰ ਥਾਣਾ ਪੁਰੇਨੀ ਮਧੇਪੁਰਾ ਬਿਹਾਰ 852116 ਹਾਲ ਵਾਸੀ ਦਾਣਾ ਮੰਡੀ ਫਗਵਾੜਾ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਪਾਸੋਂ 5 ਕਿਲੋ ਗਾਂਜਾ ਬ੍ਰਾਮਦ ਕਰਕੇ ਉਸ ਖਿਲਾਫ ਮੁਕੱਦਮਾ ਥਾਣਾ ਸਤਨਾਮਪੁਰਾ ਫਗਵਾੜਾ ਦਰਜ ਰਜਿਸਟਰ ਕਰਕੇ ਗ੍ਰਿਫਤਾਰ ਕੀਤਾ ਗਿਆ।

## 6 ਦੀ ਸੰਗਰੂਰ ਰੈਲੀ 'ਚ ਜ਼ਿਲ੍ਹਾ ਜਲੰਧਰ 'ਚੋਂ ਸੈਂਕੜੇ ਅਧਿਆਪਕ ਕਰਨਗੇ ਸ਼ਮੂਲੀਅਤ



**ਸ਼ਾਹਕੋਟ (ਗਿਆਨ ਸੈਦਪੁਰੀ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਮਲਸੀਆਂ ਵਿਖੇ ਕੀਤੀ ਗਈ। ਮੀਟਿੰਗ ਵਿਚ ਅੰਮ੍ਰਿਤਪਾਲ ਸਿੰਘ, ਨਰਿੰਦਰਪਾਲ, ਗੁਰਦਿੱਤਾ ਸਿੰਘ, ਰਾਜਨ ਰਾਜੂ, ਗੌਰਵ ਕੁਮਾਰ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਨੇ ਭਾਗ ਲਿਆ। ਜ਼ਿਲ੍ਹਾ ਸਕੱਤਰ ਅਵਤਾਰ ਲਾਲ ਅਤੇ ਪ੍ਰੈਸ ਸਕੱਤਰ ਅਮਨਦੀਪ ਸਿੰਘ ਸ਼ਾਹਕੋਟ ਨੇ ਦੱਸਿਆ ਕਿ ਅਧਿਆਪਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਮੰਨਵਾਉਣ ਲਈ ਡੀ.ਟੀ.ਐਫ ਵੱਲੋਂ 6 ਅਕਤੂਬਰ ਨੂੰ ਸੰਗਰੂਰ ਵਿਚ ਸੂਬਾ ਪੱਧਰੀ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਮੁਜ਼ਾਹਰੇ ਵਿਚ ਜ਼ਿਲ੍ਹੇ ਵਿਚੋਂ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਅਧਿਆਪਕਾਂ ਨਾਲ ਸਕੂਲਾਂ ਵਿਚ ਜਾ ਕੇ ਲਾਮਬੰਦੀ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਜ਼ਾਹਰੇ ਦੀ ਤਿਆਰੀ ਕਰਨ ਲਈ ਅਧਿਆਪਕਾਂ ਦੀਆਂ ਟੀਮਾਂ ਬਣਾ ਕੇ ਜ਼ੋਰਦਾਰ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਮੰਗਾਂ ਨੂੰ ਮੰਨਵਾਉਣ ਅਤੇ ਵਿਭਾਗ ਨੂੰ ਬਚਾਉਣ ਲਈ 6 ਅਕਤੂਬਰ ਨੂੰ ਕਾਫਲੇ ਬੰਨ੍ਹ ਕੇ ਸੰਗਰੂਰ ਪੁੱਜਣ।

## ਲਾਡੋਵਾਲ ਟੋਲ ਪਲਾਜ਼ਾ ਫ੍ਰੀ ਕਰਵਾਇਆ

**ਫਿਲੌਰ ( ਨਿਰਮਲ )**- ਟੋਲ ਪਲਾਜ਼ਾ ਕਰਮਚਾਰੀਆਂ ਵੱਲੋਂ ਲਾਡੋਵਾਲ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਅੱਜ ਕਿਸਾਨ ਜਥੇਬੰਦੀਆਂ ਨੂੰ ਸਾਥ ਲੈ ਕੇ ਟੋਲ ਪਲਾਜ਼ਾ ਫ੍ਰੀ ਕਰਵਾਇਆ ਗਿਆ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਪੰਜਾਬ ਦੇ 54 ਟੋਲ ਪਲਾਜ਼ੇ ਫ੍ਰੀ ਕੀਤੇ ਜਾਣਗੇ। ਇਸ ਮੌਕੇ ਬੀ ਕੇ ਯੂ ਰਾਜੇਵਾਲ ਜ਼ਿਲ੍ਹਾ ਜਲੰਧਰ ਦੇ ਸੀਨੀਅਰ ਪ੍ਰਧਾਨ ਨਰਿੰਦਰ ਸਿੰਘ ਸਹੋਤਾ, ਤੀਰਥ ਸਿੰਘ ਬਾਸੀ ਸੀਨੀਅਰ ਕਿਸਾਨ ਆਗੂ, ਜਸਮੇਰ ਸਿੰਘ ਢੀਂਡਸਾ ਬਲਾਕ ਪ੍ਰਧਾਨ ਫਿਲੌਰ, ਸੰਦੀਪ ਸਿੰਘ ਕੰਗ ਜਨਰਲ ਸਕੱਤਰ ਫਿਲੌਰ, ਪੂਰੇ ਪੰਜਾਬ ਦੇ ਟੋਲ ਪਲਾਜ਼ਾ ਦੇ ਵਰਕਰ ਤੇ ਅਹੁਦੇਦਾਰ ਕਿਸਾਨ ਤੇ ਮਜ਼ਦੂਰ ਭਾਰੀ ਗਿਣਤੀ ਹਾਜ਼ਰ ਸਨ।

# ਨੌਜਵਾਨਾਂ ਵੱਲੋਂ ਭਗਤ ਸਿੰਘ ਦੇ ਅਧੂਰੇ ਕਾਰਜ ਪੂਰੇ ਕਰਨ ਦਾ ਅਹਿਦ ਦੁਹਰਾਇਆ

## ਨੌਜਵਾਨਾਂ ਉੱਪਰ ਲਾਠੀਚਾਰਜ ਦੀ ਕੀਤੀ ਨਿਖੇਧੀ, ਨੌਜਵਾਨਾਂ ਨੇ ਰੋਕਾਂ ਤੋੜ ਕੇ ਭਗਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ



**ਖਟਕੜ ਕਲਾਂ (ਹਰਜਿੰਦਰ ਕੌਰ ਚਾਹਲ)**- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ ਐਸ ਐਫ) ਵੱਲੋਂ ਖਟਕੜ ਕਲਾਂ ਵੱਲ ਵੱਖ-ਵੱਖ ਥਾਵਾਂ ਤੋਂ ਆਰੰਭੇ ਮੋਟਰਸਾਈਕਲ ਮਾਰਚ 'ਚ ਸ਼ਾਮਲ ਸੈਂਕੜੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਨੂੰ ਭਗਤ ਸਿੰਘ ਦੇ ਪਿੰਡ ਖੱਟਕੜ ਕਲਾਂ ਪੁੱਜ ਕੇ ਆਪਣੀ ਅਕੀਦਤ ਭੇਟ ਕੀਤੀ।ਇਸ ਮੌਕੇ ਮਾਰਚ ਦੀ ਅਗਵਾਈ ਸੂਬਾ ਪ੍ਰਧਾਨ ਮਨਜਿੰਦਰ ਢੇਸੀ, ਗੁਰਦੀਪ ਗੋਗੀ, ਮੱਖਣ ਸੰਗਰਾਮੀ, ਬਹਾਦਰ ਮੁਕੰਦਪੁਰ ਨੇ ਕੀਤੀ।ਭਗਤ ਸਿੰਘ ਨੂੰ ਸ਼ਰਧਾਂਜਲੀ ਦੇਣ ਜਾਣ ਵਾਲੇ ਨੌਜਵਾਨਾਂ ਨਾਲ ਮਾਹੌਲ ਓਦੋਂ ਗਰਮਾ ਗਿਆ ਜਦੋਂ ਪੁਲਸ ਵੱਲੋਂ ਨੌਜਵਾਨਾ ਨੂੰ ਰੋਕਾ ਲਗਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਨੌਜਵਾਨਾ ਉੱਪਰ ਅੱਥਰੂ ਗੈਸ ਦੇ ਗੋਲੇ ਮਾਰੇ ਅਤੇ ਲਾਠੀਚਾਰਜ ਕੀਤਾ, ਪ੍ਰੰਤੂ ਨੌਜਵਾਨ ਪੁਲਸ ਦੀਆ ਰੋਕਾ ਤੋੜ ਕੇ ਅੱਗੇ ਵਧੇ ਅਤੇ ਭਗਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਢੇਸੀ ਨੇ ਆਰ ਐਸ ਐਸ ਦੀਆਂ ਫ਼ਿਰਕੂ ਤੇ ਵੰਡਵਾਦੀ ਕੁਚਾਲਾਂ, ਦਲਿਤਾਂ-ਔਰਤਾਂ ਉੱਪਰ ਹੋ ਰਹੇ ਅਤਿਆਚਾਰਾਂ, ਨੌਜਵਾਨਾ ਨੂੰ ਬੇਰੁਜ਼ਗਾਰ ਰੱਖ ਕੇ ਨਸ਼ਿਆਂ ਦੀ ਦਲਦਲ ਵਿੱਚ ਸੁੱਟਣ ਵਾਲਿਆਂ ਨੀਤੀਆਂ, ਸਿੱਖਿਆ ਦਾ ਨਿੱਜੀਕਰਨ, ਵਪਾਰੀਕਰਨ ਕਰਨ ਵਾਲਿਆਂ ਨੀਤੀਆਂ ਅਤੇ ਆਮ ਲੋਕਾਂ ਦਾ ਕਚੂੰਮਰ ਕੱਢਣ ਵਾਲੀਆਂ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ਼ ਜਵਾਨੀ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ, ਇਸ ਮੌਕੇ ਸੂਬਾ ਸਕੱਤਰ ਧਰਮਿੰਦਰ ਮੁਕੇਰੀਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਵੱਲੋਂ ਸਾਮਰਾਜਵਾਦ ਖਿਲਾਫ ਆਰੰਭੀ ਜੰਗ ਅੰਤਿਮ ਸਾਹਾਂ ਤੱਕ ਲੜੀ ਜਾਵੇਗੀ।ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰੈਸ ਸਕੱਤਰ ਅਜੈ ਫ਼ਿਲੌਰ ਨੇ ਕਿਹਾ ਕਿ ਨਿੱਜੀਕਰਨ, ਵਪਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਤਹਿਤ ਦੇਸ਼ ਅੰਦਰ ਸਿੱਖਿਆ ਨੂੰ ਅਮੀਰਾਂ ਵਾਸਤੇ ਰਾਖਵੀਂ ਕਰਕੇ ਗਰੀਬਾਂ ਦੇ ਬੱਚਿਆਂ ਨੂੰ ਅੱਖਰ ਵਿਹੂਣਾ ਰੱਖਿਆ ਜਾ ਰਿਹਾ ਹੈ।ਇਸ ਮੌਕੇ ਪੀ ਐਸ ਐੱਫ ਦੇ ਸੂਬਾਈ ਆਗੂ ਰਵੀ ਲੋਹਗੜ੍ਹ, ਸੁਨੀਲ ਭੈਣੀ, ਬਿਕਰਮ ਮੰਡਿਆਲਾ, ਪ੍ਰਭਾਤ ਕਵੀ, ਤਰਜਿੰਦਰ ਧਾਲੀਵਾਲ, ਸੰਦੀਪ ਸਿੰਘ, ਬਲਦੇਵ ਸਾਹਨੀ, ਸਨੀ ਜੱਸਲ, ਅਮਰੀਕ ਸਿੰਘ ਰੁੜਕਾ, ਮਲਕੀਤ ਆਧੀ, ਸੰਦੀਪ ਆਧੀ, ਸੁਨੀਲ ਕੁਮਾਰ, ਜੱਸਾ ਰੁੜਕਾ, ਰਿੱਕੀ ਮਿਓਵਾਲ, ਸੁੱਖ ਸੰਗਤਪੁਰ, ਹਰਜੀਤ ਢੇਸੀ, ਪਾਰਸ, ਓਂਕਾਰ ਬਿਰਦੀ, ਸਰਬਜੀਤ ਸੰਗੋਵਾਲ, ਕੁਲਦੀਪ ਬਿਲਗਾ, ਸੁਖਵਿੰਦਰ ਔਜਲਾ ਆਦਿ ਆਗੂ ਵੀ ਹਾਜ਼ਰ ਸਨ।

# ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲੋਹਾਰਾਂ ਨੇ ਫਰੈਸ਼ਰਜ਼ ਦਾ ਕੀਤਾ ਸਵਾਗਤ




**ਜਲੰਧਰ (ਸ਼ੈਲੀ ਐਲਬਰਟ)**-: ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਲੋਹਾਰਾਂ ਨੇ ਨਵੇਂ ਆਉਣ ਵਾਲਿਆਂ ਦਾ ਨਿੱਘਾ ਸੁਆਗਤ ਕਰਦੇ ਹੋਏ, ਰੰਗਾਂ ਦੇ ਇੱਕ ਜੀਵੰਤ ਜਸ਼ਨ ਵਿੱਚ ਆਪਣੀ ਸਾਲਾਨਾ ਫਰੈਸ਼ਰ ਪਾਰਟੀ, ਪਰਿਚੈ 2024 ਦੀ ਮੇਜ਼ਬਾਨੀ ਕੀਤੀ । ਸਮਾਗਮ ਦੀ ਸ਼ੁਰੂਆਤ ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਅਤੇ ਪ੍ਰਬੰਧਕੀ ਟੀਮ ਦੇ ਮੈਂਬਰਾਂ ਵੱਲੋਂ ਦੀਪ ਜਗਾ ਕੇ ਕੀਤੀ ਗਈ। ਸਮਾਗਮ ਵਿੱਚ ਸ਼ੈਲੀ ਬੌਰੀ (ਅਗਜ਼ੀਕਿਊਟਿਵ ਡਾਇਰੈਕਟਰ, ਸਕੂਲ), ਅਰਾਧਨਾ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਕਾਲਜ), ਅਤੇ ਡਾ. ਪਲਕ (ਡਾਇਰੈਕਟਰ, ਸੀ ਐਸ ਆਰ) ਸਮੇਤ ਮਾਣਯੋਗ ਪਤਵੰਤੇ ਵੀ ਮੌਜੂਦ ਸਨ । ਵੱਖ-ਵੱਖ ਸਟਰੀਮ ਦੇ ਵਿਦਿਆਰਥੀਆਂ ਨੇ ਮਨਮੋਹਕ ਪ੍ਰਦਰਸ਼ਨ, ਸੋਲੋ ਗੀਤ, ਸੋਲੋ ਡਾਂਸ, ਗਰੁੱਪ ਡਾਂਸ ਅਤੇ ਕੋਰੀਓਗ੍ਰਾਫੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ । ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਗਣੇਸ਼ ਵੰਦਨਾ ਨਾਲ ਹੋਈ ਅਤੇ ਸਮਾਗਮ ਨੂੰ ਵਿਦਿਆਰਥੀ ਐਂਕਰਾਂ ਦੁਆਰਾ ਸੁਚਾਰੂ ਢੰਗ ਨਾਲ ਤਾਲਮੇਲ ਕੀਤਾ ਗਿਆ । ਫਰੈਸ਼ਰਜ਼ ਵੱਲੋਂ ਕੀਤੀ ਰੈਂਪ ਵਾਕ ਨੇ ਸ਼ੋਅ ਦਾ ਵਾਹ-ਵਾਹ ਖੱਟੀ। ਜੱਜ ਪ੍ਰਿਆ ਪਾਹੂਜਾ ਅਤੇ ਸਲੋਨੀ ਆਈ.ਐਚ.ਐਸ., ਲੋਹਾਰਾਂ ਸਨ। ਜੇਤੂਆਂ ਨੂੰ ਆਏ ਹੋਏ ਮਹਿਮਾਨਾਂ ਵੱਲੋਂ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਪਰੀਚੈ-2024 ਦਾ ਨਤੀਜਾ: ਮਿਸਟਰ ਫਰੈਸ਼ਰ:-ਕਾਰਤੀਕੇ ਜੈਨ ਮਿਸ ਫਰੈਸ਼ਰ ਈਸ਼ਾ ਸਹੋਤਾ, ਮਿਸਟਰ ਟੈਲੇਂਟਿਡ ਮਨਦੀਪ ਸਿੰਘ, ਮਿਸ ਟੈਲੇਂਟਿਡ ਪਲਕ ਚੰਦਰ, ਮਿਸਟਰ ਹੈਂਡਸਮ ਮੋਹਿਤ ਨਾਹਰ, ਮਿਸ ਚਾਰਮਿੰਗ ਕੋਮਲਪ੍ਰੀਤ ਕੌਰ। ਗਗਨਦੀਪ ਕੌਰ ਧੰਜੂ (ਡਾਇਰੈਕਟਰ, ਅਕਾਦਮਿਕ) ਨੇ ਧੰਨਵਾਦ ਕੀਤਾ, ਜਦਕਿ ਰਾਹੁਲ ਜੈਨ (ਡਾਇਰੈਕਟਰ, ਸਕੂਲ ਅਤੇ ਕਾਲਜ) ਨੇ ਵਿਦਿਆਰਥੀਆਂ ਦੇ ਉੱਜਵਲ ਅਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ।ਜਸ਼ਨ ਦੀ ਸਮਾਪਤੀ ਦੁਪਹਿਰ ਦੇ ਖਾਣੇ ਨਾਲ ਹੋਈ।

29-SEP-PAGE-9.qxd 9/28/2024 11:10 PM Page 1



# ਜੀ ਟੀ ਬੀ ਆਈ ਸਕੂਲ ਵਿਖੇ ਸਾਇੰਸ ਪ੍ਰੋਜੈਕਟ ਪ੍ਰਦਰਸ਼ਨੀ ਲਗਾਈ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ ਟੀ ਬੀ ਆਈ) ਸਕੂਲ ਕਲਿਆਣਪੁਰ ਵਿਖੇ ਬੜੇ ਹੀ ਸੁਚੱਜੇ ਅਤੇ ਸੱਚਾਰੂ ਢੰਗ ਨਾਲ ਸਾਇੰਸ ਪ੍ਰੋਜੈਕਟ ਪ੍ਰਦਰਸ਼ਨੀ ਲਗਾਈ ਗਈ। ਇਸ ਸੰਬੰਧੀ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ, ਡਾਇਰੈਕਟਰ ਸੁਰਜੀਤ ਸਿੰਘ ਅਤੇ ਪ੍ਰਿੰ. ਬਰਿੰਦਰ ਜੋਤ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਨੌਵੀਂ ਜਮਾਤ ਤੋਂ ਬਾਰ ਵੀਂ ਜਮਾਤ ਤੱਕ ਸਾਰੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ ਾਂ ਦੇ ਸਾਇੰਸ, ਕਾਮਰਸ ਅਤੇ ਗਣਿਤ ਨਾਲ ਸੰਬੰਧਿਤ ਲਗਭਗ 40 ਮਾਡਲ ਤਿਆਰ ਕੀਤੇ ਗਏ, ਜਿਨ ਾਂ ਵਿੱਚ ਜਵਾਲਾਮੁਖੀ, ਡੀ. ਐਨ. ਏ, ਤੇਜ਼ਾਬੀ ਵਰਖਾ, ਸਾਹ-ਪ੍ਰਣਾਲੀ, ਸੁਪਰ ਮਾਰਕੀਟ, ਦਿਲ, ਕਿਡਨੀ, ਗਰੀਨ ਹਾਊਸ, ਪ੍ਰਦੂਸ਼ਣ, ਗਲੋਬਲ ਵਾਰਮਿੰਗ, ਹਾਈਡਰੋਲਿਕ ਇਲੈਕ੍ਰੋਨਿਕ ਡੈਮ, ਅਕਾਊਂਟਿੰਗ, ਟਰਿਗਨੋਮੈਟਰੀ ਪਾਰਕ ਆਦਿ ਸ਼ਾਮਲ ਸਨ। ਇਸ ਪ੍ਰਦਰਸ਼ਨੀ ਵਿੱਚ ਜ਼ਿਲ ਾ ਸਿੱਖਿਆ ਅਫ਼ਸਰ ਗੁਰਦਾਸਪੁਰ ਪਰਮਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਜੱਜਾਂ ਨੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਪ੍ਰੋਜੈਕਟਾਂ ਦੀ ਜਾਂਚ ਕੀਤੀ ਕਿ ਬੱਚਿਆਂ ਨੂੰ ਉਸ ਵਿਸ਼ੇ ਬਾਰੇ ਕਿੰਨੀ ਸਮਝ ਹੈ, ਪ੍ਰੋਜੈਕਟ ਨਾਲ ਸੰਬੰਧਿਤ ਪ੍ਰਸ਼ਨ, ਪ੍ਰਯੋਗ ਡਿਜ਼ਾਈਨ, ਵਿਧੀ, ਨਤੀਜੇ ਅਤੇ ਵਰਤਿਆ ਗਿਆ ਮਟੀਰਿਅਲ ਆਦਿ ਬਾਰੇ ਪ੍ਰਸ਼ਨ ਪੁੱਛੇ ਗਏ। ਐਜੂਕੇਸ਼ਨਲ ਡਾਇਰੈਕਟਰ ਡਾ. ਕ੍ਰਿਤਇੰਦਰ ਕੌਰ ਨੇ ਬੱਚਿਆਂ ਨੂੰ ਵਿਗਿਆਨ ਨਾਲ ਸੰਬੰਧਿਤ ਅਜਿਹੇ ਪ੍ਰਯੋਗ ਅਤੇ ਹਰ ਐਕਟੀਵਿਟੀ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਇਸ ਤਰ ਾਂ ਦੇ ਉਪਰਾਲਿਆਂ ਨਾਲ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਪੈਦਾ ਹੁੰਦੀ ਹੈ। ਉਨ ਾਂ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਅਧਿਆਪਕ ਮਿਸ. ਪਾਰੁਲ ਰਾਵਤ ਅਤੇ ਪ੍ਰਿੰ. ਬਰਿੰਦਰ ਜੋਤ ਕੌਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਅਧਿਆਪਕ ਗੁਰਲੀਨ, ਅੰਬਿਕਾ, ਦਿਵਯਾ ਮਹਾਜਨ, ਨਵਕਿਰਨ ਕੌਰ, ਰਜਤ ਵੋਹਰਾ, ਅਕਾਸ਼ਦੀਪ, ਰਜਨੀ ਸ਼ਰਮਾ, ਸਿਮਰਨ ਮਲਹੋਤਰਾ, ਸੋਫੀਆ ਨੇ ਪ੍ਰੋਜੈਕਟ ਬਣਾਉਣ ਵਿੱਚ ਬੱਚਿਆਂ ਦਾ ਮਾਰਗ ਦਰਸ਼ਨ ਕੀਤਾ। ਪ੍ਰਭਜੋਤ ਕੌਰ, ਸਪਨਾ ਮਹਿੰਗੀ ਅਤੇ ਹਰਵਿੰਦਰ ਸਿੰਘ ਨੇ ਪ੍ਰੋਗਰਾਮ ਨੂੰ ਤਿਆਰ ਕਰਵਾਉਣ ਵਿੱਚ ਬਹੁਤ ਵਧੀਆ ਭੂਮਿਕਾ ਨਿਭਾਈ। ਇਸ ਦੌਰਾਨ ਸਮੂਹ ਸਟਾਫ਼ ਹਾਜ਼ਰ ਸੀ।

## ਸਰਪੰਚ/ਪੰਚ ਦੀ ਚੋਣ ਪ੍ਰਕਿਰਿਆ 'ਚ ਕੋਈ ਦਿੱਕਤ ਆਵੇ ਤਾਂ ਮੈਨੂੰ ਦੱਸੋ : ਪਾਹੜਾ

**ਗੁਰਦਾਸਪੁਰ (ਜਨਕ ਮਹਾਜਨ)**-ਪੰਚਾਇਤੀ ਚੋਣਾਂ ਦਾ ਅਮਲ ਸ਼ੁਰੂ ਹੋ ਗਿਆ ਹੈ। ਜੇਕਰ ਕਿਸੇ ਪੰਚ-ਸਰਪੰਚ ਉਮੀਦਵਾਰ ਨੂੰ ਨਾਮਜ਼ਦਗੀ ਸਮੇਂ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸੰਪਰਕ ਕਰ ਸਕਦਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਗੁਰਦਾਸਪੁਰ ਦੇ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਕੀਤਾ। ਉਨ ਾਂ ਸਮੂਹ ਉਮੀਦਵਾਰਾਂ ਨੂੰ ਕਿਹਾ ਕਿ ਉਹ ਆਪਣੇ ਸਰਟੀਫਿਕੇਟਾਂ ਦੀ ਪੂਰੀ ਜਾਂਚ ਕਰਕੇ ਹੀ ਭਰਨ। ਉਹ ਖ਼ੁਦ ਨਾਲ ਜਾ ਕੇ ਨਾਮਜ਼ਦਗੀ ਦਾਖਲ ਕਰਨਗੇ। ਉਨ ਾਂ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੋਣਾਂ ਦੌਰਾਨ ਲੜਨ-ਭਿੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ। ਉਨ ਾਂ ਕਿਹਾ ਕਿ ਉਨ ਾਂ ਦੇ ਕਿਸੇ ਵੀ ਵਰਕਰ ਨਾਲ ਕਿਸੇ ਵੀ ਤਰ ਾਂ ਦੀ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਉਨ ਾਂ ਕਿਹਾ ਕਿ ਗੁਰਦਾਸਪੁਰ ਹਲਕੇ ਤੋਂ ਕਾਂਗਰਸ ਨਾਲ ਸਬੰਧਤ 80 ਫੀਸਦੀ ਸਰਪੰਚਾਂ ਨੇ ਮੇਰੇ ਨਾਲ ਸੰਪਰਕ ਕੀਤਾ ਹੈ। ਉਨ ਾਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਉਮੀਦਵਾਰਾਂ ਨੂੰ ਕੋਈ ਸਰਟੀਫਿਕੇਟ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਹ ਉਨ ਾਂ ਨਾਲ ਸੰਪਰਕ ਕਰਨ।

# ਕੰਪੀਟੈਂਸੀ ਇਨਹਾਂਸਮੈਂਟ ਪ੍ਰੋਗਰਾਮ ਤਹਿਤ ਅਧਿਆਪਕਾਂ ਦੇ ਇੱਕ ਰੋਜ਼ਾ ਸੈਮੀਨਾਰ ਸੰਪੰਨ

## ਅਧਿਆਪਕ ਬੱਚਿਆਂ ਨੂੰ ਪੜਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸਮੇਂ ਦੇ ਹਾਣੀ ਵੀ ਬਣਾਉਣ : ਬੀ ਪੀ ਈ ਓ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਆਦੇਸ਼ਾਂ ਤਹਿਤ ਜ਼ਿਲ ਾ ਸਿੱਖਿਆ ਅਫ਼ਸਰ ਸੰਕੈਡਰੀ/ਐਲੀ: ਮੈਡਮ ਪਰਮਜੀਤ ਅਤੇ ਉਪ ਜ਼ਿਲ ਾ ਸਿੱਖਿਆ ਅਫ਼ਸਰ ਐਲੀ: ਅਨਿਲ ਕੁਮਾਰ ਸ਼ਰਮਾ ਦੇ ਸਹਿਯੋਗ ਨਾਲ ਜ਼ਿਲ ਾ ਗੁਰਦਾਸਪੁਰ ਵਿੱਚ ਅਧਿਆਪਕਾਂ ਦੇ ਕੰਪੀਟੈਂਸੀ ਇਨਹਾਂਸਮੈਂਟ ਪ੍ਰੋਗਰਾਮ ਤਹਿਤ ਇਕ ਰੋਜ਼ਾ ਸੈਮੀਨਾਰ ਲਗਾਏ ਗਏ।ਇਸੇ ਲੜੀ ਦੇ ਤਹਿਤ ਬਲਾਕ ਡੇਰਾ ਬਾਬਾ ਨਾਨਕ -1 ਦੇ ਬੀਪੀਈਓ ਭਾਰਤ ਰਤਨ ਦੀ ਯੋਗ ਅਗਵਾਈ ਹੇਠ ਬਲਾਕ ਡੇਰਾ ਬਾਬਾ ਨਾਨਕ -1 ਅਤੇ -2 ਦੇ ਅਧਿਆਪਿਕਾਂ ਦੇ ਇਕ ਰੋਜ਼ਾ ਸੈਮੀਨਾਰ ਬਲਾਕ ਪ੍ਰਾਇਮਰੀ ਸਿੱਖਿਆਂ ਦਫਤਰ ਡੇਰਾ ਬਾਬਾ ਨਾਨਕ ਵਿਖੇ ਲਗਾਏ ਗਏ।ਇਸ ਮੌਕੇ ਦੋਵਾਂ ਬਲਾਕਾਂ ਦੇ ਸਮੂਹ ਸੈਂਟਰ ਮੁੱਖ ਅਧਿਆਪਕ, ਮੁੱਖ ਅਧਿਆਪਕ, ਈਟੀਟੀ ਅਧਿਆਪਕ, ਐਸੋਸੀਏਟ ਅਧਿਆਪਕ ਅਤੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੇ ਸੈਮੀਨਾਰ ਵਿੱਚ ਹਿੱਸਾ ਲਿਆ।ਇਹ ਸੈਮੀਨਾਰ 4 ਦਿਨ ਲਗਾਏ ਗਏ।ਤੀਸਰੇ ਦਿਨ ਕਰੀਬ 40 ਅਧਿਆਪਕਾਂ ਨੇ ਸੈਮੀਨਾਰ ਵਿੱਚ ਭਾਗ ਲਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਰਤ ਰਤਨ ਵੱਲੋਂ ਵਿਸ਼ੇਸ਼ ਤੌਰ 'ਤੇ ਵਿਜ਼ਟ ਕਰਕੇ ਚੈਕਿੰਗ ਦੌਰਾਨ ਅਧਿਆਪਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ।ਅਧਿਆਪਿਕਾਂ ਨੂੰ ਸੰਬੋਧਨ ਕਰਦਿਆਂ ਬੀਪੀਈਓ ਨੇ ਕਿਹਾ ਕਿ ਅਧਿਆਪਕਾਂ ਦਾ ਰੁਤਬਾ ਗੁਰੂ ਦੇ ਬਰਾਬਰ ਹੈ, ਸਕੂਲ ਸਮੇਂ ਦੌਰਾਨ ਅਧਿਆਪਕ ਬੱਚਿਆਂ ਨੂੰ ਪੜ ਾਉਣ ਦੇ ਨਾਲ-ਨਾਲ ਸਮੇ ਦੇ ਹਾਣੀ ਬਣਾਉਣ ਵਿੱਚ ਆਪਣਾ ਅਹਿਮ ਰੋਲ ਅਦਾ ਕਰਨ।ਉਨ ਾਂ ਕਿਹਾ ਕਿ ਵਿਦਿਆਰਥੀਆਂ ਦਾ ਸਾਰੇ ਵਿਸ਼ਿਆਂ ਵਿੱਚ ਪਰਪੱਕ ਹੋਣਾ ਜ਼ਰੂਰੀ ਹੈ। ਉਨ ਾਂ ਅਧਿਆਪਿਕਾਂ ਨੂੰ ਕਿਹਾ ਕਿ ਉਹ ਸਕੂਲ ਸਮੇਂ ਦੌਰਾਨ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ।ਇਸ ਮੌਕੇ ਪੱਤਰਕਾਰਾਂ ਨਾਲ ਹੱਲਬਾਤ ਕਰਦਿਆਂ ਬੀਪੀਈਓ ਭਾਰਤ ਰਤਨ ਨੇ ਕਿਹਾ ਕਿ ਇਸ ਸੈਮੀਨਾਰ ਵਿੱਚ ਅਧਿਆਪਕਾ ਨੂੰ ਪੰਜਾਬੀ, ਗਣਿਤ ਅਤੇ ਅੰਗ੍ਰੇਜ਼ੀ ਵਿੱਚ ਹਰ ਪੱਖੋਂ ਪਰਪੱਕ ਕਰਨ ਲਈ ਵਿਸ਼ੇਸ਼ ਤੌਰ ਤੇ ਟ੍ਰੇਂਡ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।ਇਸ ਦੌਰਾਨ ਬੀਆਰਸੀ ਲਵਪ੍ਰੀਤ ਸਿੰਘ ਘੁੰਮਣ, ਗੁਰਮੁੱਖ ਸਿੰਘ, ਪਵਨ ਕੁਮਾਰ ਅਤੇ ਪ੍ਰਵੀਨ ਕੁਮਾਰ ਵੱਲੋਂ ਅਧਿਆਪਕਾਂ ਨਾਲ ਵੱਖ-ਵੱਖ ਵਿਸ਼ਿਆਂ ਸੰਬੰਧੀ ਵਿਸਥਾਰ ਸਾਹਿਤ ਗੱਲਬਾਤ ਕੀਤੀ ਗਈ ਅਤੇ ਅਧਿਆਪਕਾਂ ਨੂੰ ਪ੍ਰਜੈਕਟਰ ਰਾਹੀਂ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਅਤੇ ਬੱਚਿਆਂ ਦੇ ਕਮਜ਼ੋਰ ਪੱਖ ਤੋਂ ਉਨ ਾਂ ਨੂੰ ਪੜ ਾਈ ਵਿੱਚ ਉਚਾ ਚੁੱਕਣ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਅਤੇ ਵਿਭਾਗ ਵੱਲੋਂ ਜਾਰੀ ਵੱਖ-ਵੱਖ ਨੁਕਤਿਆਂ ਤੇ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਰਘਬੀਰ ਸਿੰਘ, ਮੈਡਮ ਰੁਪਿੰਦਰ ਕੌਰ ਆਦਿ ਤੋਂ ਇਲਾਵਾ ਅਧਿਆਪਕ ਹਾਜ਼ਰ ਸਨ।

## ਪੰਚਾਇਤੀ ਚੋਣਾਂ ਨੂੰ ਲੈ ਕੇ ਭਾਜਪਾ ਆਗੂਆਂ ਤੇ ਵਰਕਰਾਂ ਵੱਲੋਂ ਇੱਕਤਰਤਾ



**ਬਟਾਲਾ (ਤਰਲੋਕ ਬੱਗਾ)**-ਭਾਜਪਾ ਨੇ ਪੰਜਾਬ ਅੰਦਰ ਹੋਣ ਜਾ ਰਹੀਆਂ ਪੰਚਾਇਤੀ ਚੋਣਾਂ ਦੇ ਸੰਬੰਧ 'ਚ ਭਾਜਪਾ ਦੇ ਜ਼ਿਲ ਾ ਦਫਤਰ ਬਟਾਲਾ ਵਿਖੇ ਭਾਜਪਾ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਹੋਈ।ਇਸ ਮੀਟਿੰਗ 'ਚ ਭਾਜਪਾ ਦੇ ਮੈਂਬਰ ਪਾਰਲੀਮੈਂਟ ਡਾ. ਸਮਰ ਸਿੰਘ ਸੋਲੰਕੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਇਸ ਮੌਕੇ ਉਨ ਾਂ ਦੇ ਨਾਲ ਪੰਜਾਬ ਦੇ ਜਨਰਲ ਸਕੱਤਰ ਰਾਕੇਸ਼ ਰਾਠੌਰ, ਭਾਜਪਾ ਜ਼ਿਲ ਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਹਾਜ਼ਰ ਸਨ।ਮੈਂਬਰ ਪਾਰਲੀਮੈਂਟ ਡਾ. ਸਮਰ ਸਿੰਘ ਸੋਲੰਕੀ ਨੇ ਕਿਹਾ ਕਿ ਭਾਜਪਾ ਪੰਚਾਇਤੀ ਚੋਣਾਂ 'ਚ ਹਿੱਸਾ ਲਵੇਗੀ ਅਤੇ ਪੇਂਡੂ ਪੱਧਰ ਤੇ ਭਾਜਪਾ ਨੂੰ ਮਜ਼ਬੂਤ ਕਰਨ ਲਈ ਪੰਚਾਇਤੀ ਚੋਣਾਂ 'ਚ ਆਪਣੇ ਉਮੀਦਵਾਰ ਖੜੇ ਕਰੇਗੀ।ਉਨ ਾਂ ਨੇ ਭਾਜਪਾ ਆਗੂਆਂ ਅਤੇ ਜ਼ਿਲ ਾ ਟੀਮ ਕੋਲੋਂ ਪੰਚਾਇਤੀ ਚੋਣਾਂ ਦੇ ਸੰਬੰਧ 'ਚ ਵਿਚਾਰ ਵੀ ਸੁਣੇ ਅਤੇ ਸੁਝਾਅ ਵੀ ਲਏ। ਜ਼ਿਲ ਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਨਿਰਦੇਸ਼ ਮਿਲਣਗੇ ਉਸ ਅਨੁਸਾਰ ਪੰਚਾਇਤੀ ਚੋਣਾਂ 'ਚ ਹਿੱਸਾ ਲਿਆ ਜਾਵੇਗਾ।ਇਸ ਮੌਕੇ ਸਾਬਕਾ ਐੱਮਐੱਲਏ ਅਸ਼ਵਨੀ ਸੇਖੜੀ, ਫਤਿਹਗੜ੍ਹ ਚੂੜੀਆਂ ਹਲਕਾ ਇੰਚਾਰਜ ਵਿਕਰਮਜੀਤ ਸਿੰਘ ਰੰਧਾਵਾ, ਹਲਕਾ ਸ੍ਰੀ ਹਰਗੋਬਿੰਦਪੁਰ ਬਲਜਿੰਦਰ ਸਿੰਘ, ਪੰਜਾਬ ਮਹਿਲਾ ਮੋਰਚਾ ਦੇ ਜਨਰਲ ਸੈਕਟਰੀ ਅੰਬਿਕਾ ਖੰਨਾ, ਸ਼ਕਤੀ ਸ਼ਰਮਾ, ਸੀਨੀਅਰ ਲੀਡਰ ਭੂਸ਼ਣ ਬਜਾਜ, ਸਵਿੰਦਰ ਸਿੰਘ ਖਹਿਰਾ, ਪੰਕਜ ਸ਼ਰਮਾ, ਗੁਰਦੀਪ ਸਿੰਘ, ਵਿੱਕੀ ਕੌਸ਼ਲ, ਸੁਰਿੰਦਰ ਕੁਮਾਰ, ਵਿਜੇ ਭਾਟੀਆ, ਸਵਿੰਦਰ ਸਿੰਘ, ਕੰਚਨ ਚੌਹਾਨ, ਰਾਧਿਕਾ ਭੰਡਾਰੀ, ਕੁਸਮ ਸ਼ਰਮਾ, ਅੰਮ੍ਰਿਤ ਪਾਲ ਸਿੰਘ, ਅਨਿਲ ਭੱਟੀ, ਸ਼੍ਰੀਕੰਤ ਸ਼ਰਮਾ, ਅਮਨਦੀਪ ਆਦਿ ਸਮੇਤ ਭਾਜਪਾ ਦੇ ਵਰਕਰ ਹਾਜ਼ਰ ਸਨ।

## ਹਵਾਲਾਤੀ ਹੱਥਕੜੀ ਛੁਡਵਾ ਕੇ ਭੱਜਿਆ, ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਦੇ ਏਐੱਸਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਏਐੱਸਆਈ ਲਖਬੀਰ ਸਿੰਘ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਐੱਨਡੀਪੀਐੱਸ ਐਕਟ ਥਾਣਾ ਡਵੀਜ਼ਨ ਨੰਬਰ ਪਠਾਨਕੋਟ ਵਿੱਚ ਪੀਓ ਹਵਾਲਾਤੀ ਸੁੱਖ ਪੁੱਤਰ ਬੱਧੂ ਵਾਸੀ ਨਜ਼ਦੀਕ ਐੱਫਸੀਆਈ ਗੋਦਾਮ ਮੁਹੱਲਾ ਨੀਲਕੰਠ ਟਾਂਡਾ ਹੁਸ਼ਿਆਰਪੁਰ ਨੂੰ ਕੇਂਦਰੀ ਜੇਲ ਗੁਰਦਾਸਪੁਰ ਬੰਦ ਕਰਵਾਉਣ ਲਈ ਜਾ ਰਹੇ ਸੀ ਤਾਂ ਜਦੋਂ ਕੋਠੇ ਦੀਨਾ ਰੇਲਵੇ ਫਾਟਕ ਪਨਿਆੜ ਲਾਗੇ ਪੁੱਜੇ ਤਾਂ ਸੁੱਖਾ ਉਕਤ ਕਹਿਣ ਲੱਗਾ ਕਿ ਮੈਨੂੰ ਪੇਸ਼ਾਬ ਬਹੁਤ ਤੇਜ਼ ਲੱਗਾ। ਜਦੋਂ ਉਸ ਨੂੰ ਗੱਡੀ ਵਿੱਚੋਂ ਬਾਹਰ ਕੱਢਣ ਲੱਗੇ ਤਾਂ ਉਹ ਧੱਕਾ ਮਾਰ ਕੇ ਏਐੱਸਆਈ ਦੀ ਬੈਲਟ ਦਾ ਕੁੰਡਾ ਤੋੜ ਕੇ ਹੱਥਕੜੀ ਨਾਲ ਲੈ ਕੇ ਭੱਜ ਗਿਆ ਜਿਸ ਦੀ ਕਾਫੀ ਭਾਲ ਕੀਤੀ ਪਰ ਉਹ ਕਿਤੇ ਨਹੀ ਮਿਲਿਆ। ਪੁਲਸ ਨੇ ਭਗੌੜੇ ਹਵਾਲਾਤੀ ਖ਼ਿਲਾਫ਼ ਜ਼ੇਰੇ ਧਾਰਾ 262 ਬੀਐਨਐੱਸ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕਾਮਰੇਡ ਰਘਬੀਰ ਸਿੰਘ ਸਾਬਕਾ ਸਰਪੰਚ ਲਾਧੂਪੁਰ ਨਹੀਂ ਰਹੇ



**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਕਾਹਨੂੰਵਾਨ (ਜ਼ਿਲ ਾ ਗੁਰਦਾਸਪੁਰ) ਦਾ ਇੱਕ ਹੋਰ ਯੋਧਾ ਕਾਮਰੇਡ ਰਘਬੀਰ ਸਿੰਘ ਸਾਬਕਾ ਸਰਪੰਚ ਲਾਧੂਪੁਰ ਵੀ ਸਦੀਵੀ ਵਿਛੋੜਾ ਦੇ ਗਿਆ। ਉਹ 84 ਵਰਿ ਆਂ/ਸਾਲਾਂ ਦੇ ਸਨ। ਕਮਿਊਨਿਸਟ ਪਾਰਟੀ ਦੇ ਸੰਘਰਸ਼ਾਂ ਅੰਦਰ ਮੋਹਰਲੀਆਂ ਕਤਾਰਾਂ ਵਿੱਚ ਰਹਿਣ ਵਾਲੇ ਅਤੇ ਪਿੰਡ ਲਾਧੂਪੁਰ ਦੇ ਛੇ ਵਾਰ ਲਗਾਤਾਰ ਸਰਪੰਚ ਰਹਿ ਕੇ ਪਿੰਡ ਦੀ ਨੁਹਾਰ ਬਦਲਣ ਵਾਲੇ ਤੇ ਅਣਥੱਕ ਸਮਾਜਕ ਕਾਰਕੁੰਨ ਕਾਮਰੇਡ ਰਘਬੀਰ ਸਿੰਘ ਲਾਧੂਪੁਰ ਦੇ ਵਿਛੋੜੇ ਨੂੰ ਬਲਾਕ ਕਾਹਨੂੰਵਾਨ ਸੀਪੀਆਈ ਦੇ ਸਕੱਤਰ ਡਾਕਟਰ ਗੁਰਚਰਨ ਗਾਂਧੀ ਨੇ ਪਾਰਟੀ ਨੂੰ ਕਦੇ ਵੀ ਪੂਰਾ ਨਾ ਹੋ ਸਕਣ ਵਾਲਾ ਘਾਟਾ ਦੱਸਿਆ ਹੈ। ਬਲਾਕ ਸਕੱਤਰ ਸੀਪੀਆਈ ਕਾਹਨੂੰਵਾਨ ਡਾਕਟਰ ਗੁਰਚਰਨ ਗਾਂਧੀ ਨੇ ਉਨ ਾਂ ਦੀ ਮ੍ਰਿਤਕ ਦੇਹ ਉੱਪਰ ਪਾਰਟੀ ਦਾ ਲਾਲ ਝੰਡਾ ਪਾ ਕੇ ਅੰਤਿਮ ਵਿਦਾਇਗੀ ਦਿੱਤੀ। ਉਨ ਾਂ ਦਾ ਅੰਤਮ ਸੰਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ। ਉਨ ਾਂ ਦੀ ਅੰਤਮ ਵਿਦਾਇਗੀ ਮੌਕੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਇਲਾਕੇ ਭਰ ਤੋਂ ਸਮਾਜਸੇਵੀ, ਧਾਰਮਿਕ ਅਤੇ ਸਿਆਸੀਆਂ ਆਗੂ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਸਾਮਲ ਹੋਏ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਪੰਜਾਬ ਇਸਤਰੀ ਸਭਾ ਦੀ ਚੇਅਰਪਸਨ ਬੀਬੀ ਕੁਸ਼ਲ ਭੌਰਾ ਅਤੇ ਜਨਰਲ ਸਕੱਤਰ ਕਾਮਰੇਡ ਰਾਜਿੰਦਰ ਪਾਲ ਕੌਰ, ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਪ੍ਰਧਾਨ ਕਾਮਰੇਡ ਦੇਵੀ ਕੁਮਾਰੀ, ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਅਮਰਜੀਤ ਸਿੰਘ ਆਸਲ, ਪੰਜਾਬ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਕਾਮਰੇਡ ਬਲਦੇਵ ਸਿੰਘ ਸਮੇਤ ਅਨੇਕਾਂ ਕਮਿਊਨਿਸਟ ਆਗੂਆਂ ਨੇ ਉਨ ਾਂ ਦੇ ਸਦੀਵੀ ਵਿਛੋੜੇ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਅਰਪਣ ਕੀਤੀਆਂ ਹਨ। ਡਾਕਟਰ ਗੁਰਚਰਨ ਗਾਂਧੀ ਅਤੇ ਕਾਮਰੇਡ ਰਘਬੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ ਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 30 ਸਤੰਬਰ 2024 ਨੂੰ ਉਨ ਾਂ ਦੇ ਪਿੰਡ ਲਾਧੂਪੁਰ ਵਿਖੇ ਹੋਵੇਗਾ।

## ਡਾ. ਚੱਬੇਵਾਲ ਮਾਈਨਜ਼ ਐਂਡ ਸਟੀਲ ਸੰਸਦੀ ਕਮੇਟੀ ਦੇ ਮੈਂਬਰ ਬਣੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਸਦ ਨੇ ਕੋਲਾ ਅਤੇ ਖਾਣਾਂ ਅਤੇ ਸਟੀਲ ਬਾਰੇ ਸੰਸਦੀ ਕਮੇਟੀ ਵਿੱਚ ਡਾ. ਰਾਜਕੁਮਾਰ ਚੱਬੇਵਾਲ ਨੂੰ ਸ਼ਾਮਲ ਕੀਤਾ ਹੈ। ਸੰਸਦ ਦੇ ਬੁਲਾਰੇ ਚੱਬੇਵਾਲ ਦੇ ਦਫ਼ਤਰ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਕਮੇਟੀ ਦੇਸ਼ ਦੇ ਮਾਈਨਿੰਗ ਅਤੇ ਸਟੀਲ ਉਦਯੋਗ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਇਹ ਕਮੇਟੀ ਕੋਲੇ ਅਤੇ ਸਟੀਲ ਨਾਲ ਸਬੰਧਤ ਨੀਤੀਆਂ ਅਤੇ ਉਨ੍ਹਾਂ ਦੇ ਲਾਗੂ ਕਰਨ ਦੀ ਨਿਗਰਾਨੀ ਕਰਦੀ ਹੈ, ਜਿਸ ਨਾਲ ਭਾਰਤ ਦੇ ਉਦਯੋਗਾਂ ਅਤੇ ਅਰਥਚਾਰੇ ਨੂੰ ਸਿੱਧਾ ਫਾਇਦਾ ਹੁੰਦਾ ਹੈ। ਕਮੇਟੀ ਦੀ ਅਗਵਾਈ ਅਨੁਰਾਗ ਠਾਕੁਰ ਕਰਨਗੇ, ਜਿਨ੍ਹਾਂ ਨੂੰ ਇਸ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਡਾ. ਚੱਬੇਵਾਲ ਦਾ ਇਸ ਕਮੇਟੀ ਵਿੱਚ ਸ਼ਾਮਲ ਹੋਣਾ ਪੰਜਾਬ ਲਈ ਅਹਿਮ ਕਦਮ ਮੰਨਿਆ ਜਾ ਰਿਹਾ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਭਾਰਤ ਦੇ ਲੋਕਾਂ ਅਤੇ ਉਦਯੋਗਾਂ ਦੇ ਹਿੱਤਾਂ ਦੀ ਰਾਖੀ ਕਰਨਗੇ।

## ਹਿੰਦੁਸਤਾਨ ਬਲੱਡ ਡੋਨਰਜ਼ ਕਲੱਬ ਦੇ ਖ਼ੂਨਦਾਨ ਕੈਂਪ 'ਚ ਸਹਿਯੋਗ ਕਰੇਗੀ ਖੱਤਰੀ ਸਭਾ : ਬਜਾਜ



**ਫਗਵਾੜਾ (ਡਾ. ਰਮਨ)**- ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰ ਕਲੱਬ ਵੱਲੋਂ 29 ਸਤੰਬਰ ਨੂੰ ਬੰਗਾ ਰੋਡ ਸਥਿਤ ਮਹਾਰਾਜਾ ਪੈਲੇਸ ਵਿਖੇ ਲਗਾਏ ਜਾ ਰਹੇ ਮੈਗਾ ਖ਼ੂਨਦਾਨ ਕੈਂਪ ਵਿੱਚ ਖੱਤਰੀ ਸਭਾ ਪੂਰਨ ਸਹਿਯੋਗ ਦੇਵੇਗੀ। ਇਹ ਜਾਣਕਾਰੀ ਖੱਤਰੀ ਸਭਾ ਫਗਵਾੜਾ ਦੇ ਪ੍ਰਧਾਨ ਮਦਨ ਮੋਹਨ ਬਜਾਜ ਅਤੇ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਭੱਲਾ ਨੇ ਅੱਜ ਇੱਥੇ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਸ਼ੁਰੂ ਹੋਵੇਗਾ ਅਤੇ ਖ਼ੂਨਦਾਨ ਕਰਨ ਲਈ ਪੁੱਜਣ ਵਾਲੇ ਆਖ਼ਰੀ ਵਿਅਕਤੀ ਦੇ ਖ਼ੂਨਦਾਨ ਦੀ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਜਾਰੀ ਰਹੇਗਾ। ਖ਼ੂਨਦਾਨੀਆਂ ਨੂੰ ਸਨਮਾਨਤ ਕਰਦਿਆਂ ਹੌਸਲਾ ਅਫਜ਼ਾਈ ਵੀ ਕੀਤੀ ਜਾਵੇਗੀ। ਗੁੱਡ ਬਜਾਜ ਅਤੇ ਦਵਿੰਦਰ ਭੱਲਾ ਨੇ ਫਗਵਾੜਾ ਦੇ ਖੱਤਰੀ ਭਾਈਚਾਰੇ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਹਸਪਤਾਲਾਂ ਵਿੱਚ ਇਲਾਜ ਅਧੀਨ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਦੇਣ ਲਈ ਇਸ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨ ਕਰਕੇ ਆਪਣੀ ਸਮਾਜਕ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਖ਼ੂਨਦਾਨ ਕਰਕੇ ਨਵੀਂ ਜ਼ਿੰਦਗੀ ਮਿਲਦੀ ਹੈ ਤਾਂ ਇਹ ਸਿਰਫ਼ ਉਸ ਵਿਅਕਤੀ ਲਈ ਹੀ ਨਹੀਂ ਸਗੋਂ ਉਸ 'ਤੇ ਨਿਰਭਰ ਪਰਿਵਾਰ ਦੇ ਹਰ ਮੈਂਬਰ ਲਈ ਨਵੀਂ ਜ਼ਿੰਦਗੀ ਹੁੰਦੀ ਹੈ। ਇਸ ਮੌਕੇ ਖੱਤਰੀ ਸਭਾ ਦੇ ਜਨਰਲ ਸਕੱਤਰ ਸ਼ੰਕਰ ਝਾਂਜੀ, ਸਕੱਤਰ ਵਿਤਿਨ ਪੁਰੀ, ਕੈਸ਼ੀਅਰ ਭਾਰਤ ਭੂਸ਼ਨ ਬੇਦੀ ਆਦਿ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

# ਮੈਨੇਜਰ ਸਤਨਾਮ ਸਿੰਘ ਗੋਸਲ ਵੱਲੋਂ ਗੁਰਮਤਿ ਸਮਾਗਮ 'ਚ ਆਈਆਂ ਸੰਗਤਾਂ ਦਾ ਧੰਨਵਾਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਵੱਲੋਂ ਪਹਿਲੀ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ।ਗੁ. ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਭਾਈ ਸਤਨਾਮ ਸਿੰਘ ਗੋਸਲ ਨੇ ਇਸ ਗੁਰਮਿਤ ਸਮਾਗਮ ਵਿੱਚ ਹਿੱਸਾ ਲੈਣ ਵਾਲੀਆਂ ਸਮੂਹ ਗੁਰੂ ਨਾਮ ਲੇਵਾ ਸੰਗਤਾਂ, ਲੰਗਰਾਂ ਦੀ ਸੇਵਾ ਲਈ ਮਹਾਪੁਰਸ਼ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਸ੍ਰੀ ਖਡੂਰ ਸਾਹਿਬ ਵਾਲਿਆਂ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਐੱਸਜੀਪੀਸੀ, ਬਾਬਾ ਸੁਖਵਿੰਦਰ ਸਿੰਘ ਅਗਵਾਨ ਮੁੱਖ ਸੇਵਾਦਾਰ ਗੁ ? ਯਾਦਗਰ ਏ ਸ਼ਹੀਦਾਂ ਅਗਵਾਨ, ਬਾਬਾ ਅਵਤਾਰ ਸਿੰਘ ਬੇਦੀ ਗੱਦੀ ਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ, ਉੱਘੇ ਸਮਾਜ ਸੇਵਕ ਤੇ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ, ਛਬੀਲਾਂ ਲਈ ਸਟੱਡੀ ਸਰਕਲ ਡੇਰਾ ਬਾਬਾ ਨਾਨਕ ,ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਨਗਰ ਕੀਰਤਨ ਸਜਾਉਣ ਲਈ ਪ੍ਰਧਾਨ ਗੁ. ਸ੍ਰੀ ਬਾਉਲੀ ਸਾਹਿਬ ਫਤਿਹਗ ੜ ਚੂੜੀਆਂ, ਗੁਰਮਿਤ ਸਮਾਗਮ ਵਿੱਚ ਸੰਗਤ ਲਿਆਉਣ ਲਈ ਮੈਨੇਜਰ ਗੁ. ਸ਼੍ਰੀ ਟਾਹਲੀ ਸਾਹਿਬ ਗਾਲ ੜੀ, ਸਟੇਜ ਸਜਾਉਣ ਅਤੇ ਸਾਇਕਲ ਸਟੈਂਡ ਦੀ ਸੇਵਾ ਕਰਨ ਲਈ ਡਾ ? ਇੰਦਰਜੀਤ ਸਿੰਘ ਸ਼ਾਹਪੁਰ ਜਾਜਨ, ਪ੍ਰਬੰਧਕ ਕਮੇਟੀ ਗੁ. ਸ਼੍ਰੀ ਸਿੱਧ ਸੋਹੁ ਡੇਰਾ ਬਾਬਾ ਨਾਨਕ, ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਉਣ ਲਈ ਡਾਂ ? ਕੇ. ਡੀ. ਸਿੰਘ ਅਤੇ ਡਾ ? ਜੇ. ਪੀ. ਸਿੰਘ ਅੰਮ੍ਰਿਤਸਰ ਵਾਲਿਆਂ, ਮੁਫ਼ਤ ਚੈੱਕਅਪ ਕੈਂਪ ਲਗਾਉਣ ਲਈ ਸਿੱਧੀ ਹਸਪਤਾਲ ਅੰਮ੍ਰਿਤਸਰ ਵਾਲਿਆਂ ਤੋਂ ਇਲਾਵਾ ਰਾਗੀ ਸਿੰਘ, ਢਾਡੀ ਸਿੰਘ ਤੇ ਕਥਾਵਾਚਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਗ੍ਰੰਥੀ ਬਾਬਾ ਨਛੱਤਰ ਸਿੰਘ, ਗ੍ਰੰਥੀ ਜਗਵਿੰਦਰ ਸਿੰਘ, ਜਗਦੀਪ ਸਿੰਘ ਪ੍ਰਚਾਰਕ, ਹਿੰਮਤਬੀਰ ਸਿੰਘ ਪ੍ਰਚਾਰਕ, ਗੁਰਮੇਜ ਸਿੰਘ ਪ੍ਰਚਾਰਕ, ਕੁਲਵਿੰਦਰ ਸਿੰਘ ਬੇਦੀ, ਅੰਮ੍ਰਿਤਪਾਲ ਸਿੰਘ ਮੁਖਤਾਰ ਏ ਆਮ, ਅਕਾਊਂਟੈਂਟ ਮਨਜੀਤ ਸਿੰਘ, ਖਜ਼ਾਨਚੀ ਸੁਖਵਿੰਦਰ ਸਿੰਘ, ਪ੍ਰਗਟ ਸਿੰਘ ਮੂਲੋਵਾਲੀ, ਹਰਜਿੰਦਰ ਸਿੰਘ ਲਾਲੇਨੰਗਲ, ਬਾਬਾ ਰਣਧੀਰ ਸਿੰਘ, ਜਗਦੀਪ ਸਿੰਘ ਰਿਕਾਰਡ ਕੀਪਰ, ਮਨਪ੍ਰੀਤ ਸਿੰਘ ਦਾਦੂਜੋਧ, ਹਰਵੰਤ ਸਿੰਘ ਸਟੋਰ ਕੀਪਰ, ਹਰਪਾਲ ਸਿੰਘ ਕੋਠਾ, ਗੁਰਪ੍ਰੀਤ ਸਿੰਘ ਨਿੱਕੋਸਰਾਂ ਆਦਿ ਹਾਜ਼ਰ ਸਨ।

## 25 ਗਰਾਮ ਹੈਰੋਇਨ ਤੇ 2 ਹਜ਼ਾਰ ਡਰੱਗ ਮਨੀ ਸਮੇਤ ਦੋ ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਦੇ ਏਐੱਸਆਈ ਸੰਜੀਵ ਕੁਮਾਰ ਨੇ ਦੱਸਿਆ ਕਿ ਉਨ ਾਂ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਅਕਾਸ ਕਾਲੋਨੀ ਬਟਾਲਾ ਰੋਡ ਕਲਾਨੌਰ ਪੁੱਜੇ ਤਾਂ ਆਕਾਸ਼ ਕਲੋਨੀ ਵੱਲੋਂ ਦੋ ਨੌਜਵਾਨ ਮੋਟਰਸਾਈਕਲ ਸਪਲੈਂਡਰ 'ਤੇ ਆਉਂਦੇ ਦਿਖਾਈ ਦਿੱਤੇ। ਸ਼ੱਕ ਪੈਣ 'ਤੇ ਦੋ 'ਚੋਂ ਇਕ ਨੌਜਵਾਨ ਦੀ ਤਲਾਸ਼ੀ ਲੈਣ ਤੇ ਉਸ ਕੋਲੋਂ 25 ਗਰਾਮ ਹੈਰੋਇਨ ਅਤੇ 2 ਹਜ਼ਾਰ ਡਰੱਗ ਮਨੀ ਪ੍ਰਾਪਤ ਹੋਈ। ਨਾਂਅ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਪ੍ਰਿੰਸ ਮਸੀਹ ਪੁੱਤਰ ਮੰਗਾ ਮਸੀਹ ਵਾਸੀ ਦਰਗਾਬਾਦ ਥਾਣਾ ਕੋਟਲੀ ਸੂਰਤ ਮੱਲੀ ਅਤੇ ਮੋਟਰਸਾਈਕਲ ਚਾਲਕ ਨੇ ਆਪਣਾ ਨਾਂਅ ਇੰਦਰਆਸ ਮਸੀਹ ਪੁੱਤਰ ਆਜਤ ਮਸੀਹ ਵਾਸੀ ਦਰਗਾਬਾਦ ਥਾਣਾ ਕੋਟਲੀ ਸੂਰਤ ਮੱਲੀ ਦੱਸਿਆ। ਥਾਣਾ ਕਲਾਨੌਰ ਦੀ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਉਨ ਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸਰਕਲ ਪੱਧਰੀ ਕਨਵੈਨਸ਼ਨ



**ਮਜੀਠਾ (ਸੋਇਮ ਆਨੰਦ)**-ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਬਿਜਲੀ ਘਰ ਮਜੀਠਾ 'ਚ ਮਲਕੀਅਤ ਸਿੰਘ ਸੈਂਸਰਾ ਦੀ ਪ੍ਰਧਾਨਗੀ ਹੇਠ ਟੀਐੱਸਯੂ ਪੰਜਾਬ ਦੀ ਸਬ ਅਰਬਨ ਸਰਕਲ ਅੰਮ੍ਰਿਤਸਰ ਦੀ ਕਨਵੈਨਸ਼ਨ ਨੂੰ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਖੁੰਡਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਬਿਜਲੀ ਕਾਮੇ ਸ਼ੰਘਰਸ਼ਾਂ ਰਾਹੀ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਮੰਗ ਕਰ ਰਹੇ ਹਨ ਪਰ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਮੰਗਾਂ ਮੰਨਣ ਦੀ ਬਜਾਏ ਅੜੀਅਲ ਵਤੀਰਾ ਅਪਣਾਇਆ ਹੋਇਆ ਹੈ ਜਿਸ ਤੋਂ ਮਜਬੂਰ ਹੋ ਕੇ ਪਿਛਲੇ ਦਿਨੀਂ ਪੰਜਾਬ ਦੇ ਸਮੂਹ ਬਿਜਲੀ ਕਾਮੇ ਸਮੂਹਿਕ ਛੁੱਟੀ ਤੇ ਗਏ ਸਨ।ਬਿਜਲੀ ਕਾਮਿਆਂ ਦੀ ਹਮਾਇਤ ਵਿੱਚ ਬਿਜਲੀ ਖੇਤਰ ਵਿੱਚ ਕੰਮ ਕਰਦੀਆਂ ਠੇਕਾ ਕਾਮਿਆਂ ਦੀਆਂ ਜਥੇਬੰਦੀਆਂ, ਕਿਸਾਨ ਯੂਨੀਅਨਾਂ ਤੇ ਹੋਰ ਹਮਖਿਆਲੀ ਜਥੇਬੰਦੀਆਂ ਆ ਖੜੀਆਂ ਹੋਈਆਂ ਸਨ।ਜਦੋਂ ਸੰਘਰਸ਼ ਦੀ ਪੂਰੀ ਚੜ ਤ ਸੀ ਤਾਂ ਲੀਡਰਸ਼ਿਪ ਨੇ ਐਨ ਮੌਕੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨਾਲ ਬੁਨਿਆਦੀ ਮੰਗਾਂ ਤੇ ਕੋਈ ਗੱਲਬਾਤ ਕੀਤੇ ਬਗੈਰ ਨਿਗੂਣੀਆਂ ਆਰਥਿਕ ਮੰਗਾਂ 'ਤੇ ਸਮਝੌਤਾ ਕਰਕੇ ਘੋਲ ਵਾਪਸੀ ਦਾ ਐਲਾਨ ਕਰ ਦਿੱਤਾ ਜਿਸ ਤੇ ਸਮੂਹ ਬਿਜਲੀ ਕਾਮਿਆਂ ਵਿੱਚ ਨਿਰਾਸ਼ਾ ਫੈਲ ਗਈ ਹੈ।ਕਾਮੇ ਵੱਖਰੀਆਂ ਜਥੇਬੰਦੀਆਂ ਬਣਾਉਣ ਦੀ ਸੋਚ ਰਹੇ ਹਨ। ਆਗੂਆਂ ਨੇ ਸਮੂਹ ਬਿਜਲੀ ਕਾਮਿਆਂ ਨੂੰ ਅਪੀਲ ਕੀਤੀ ਕਿ ਇਸ ਤਰ ਾਂ ਨਿਰਾਸ਼ ਹੋ ਕੇ ਹੋਰ ਜਥੇਬੰਦੀਆਂ ਬਣਾਉਣ ਦਾ ਕਦਮ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੇ ਪੱਖ ਵਿੱਚ ਭੁਗਤੇਗਾ।ਇਸ ਮੌਕੇ ਸਰਕਲ ਸਕੱਤਰ ਸੁਖਪਾਲ ਸਿੰਘ ਮਜੀਠਾ, ਕੈਸ਼ੀਅਰ ਕੁੰਦਨ ਲਾਲ ਹਰੀਆਂ, ਜਸਬੀਰ ਸਿੰਘ ਧੰਗਈ, ਦਿਹਾਤੀ ਮੰਡਲ ਪ੍ਰਧਾਨ ਰਘਬੀਰ ਸਿੰਘ ਮਜੀਠਾ, ਅਜਨਾਲਾ ਮੰਡਲ ਪ੍ਰਧਾਨ ਬਲਜੀਤ ਸਿੰਘ, ਸਕੱਤਰ ਸੰਦੀਪ, ਸਕੱਤਰ ਬਲਜਿੰਦਰ ਸਿੰਘ ਥੋਬਾ ਆਦਿ ਆਗੂ ਹਾਜ਼ਰ ਸਨ।

## ਲਾਇਲਪੁਰ ਖਾਲਸਾ ਕਾਲਜ ਲੜਕੀਆਂ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਜਲੰਧਰ (ਇਕਬਾਲ ਸਿੰਘ ਉਭੀ)**-ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ, ਜਲੰਧਰ ਦੇ ਇਤਿਹਾਸ ਤੇ ਐਨ ਐਸ ਐਸ ਵਿਭਾਗ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਸਮਾਗਮ ਆਯੋਜਿਤ ਕੀਤਾ। ਸ਼ਹੀਦ ਭਗਤ ਸਿੰਘ ਵੱਲੋਂ ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਪਾਏ ਅਥਾਹ ਯੋਗਦਾਨ ਦਾ ਸਨਮਾਨ ਕੀਤਾ ਗਿਆ, ਜਸ਼ਨ ਦੇ ਹਿੱਸੇ ਵਜੋਂ ਵਿਦਿਆਰਥੀਆਂ ਨੇ ਸਰਦਾਰ ਭਗਤ ਸਿੰਘ ਦੀ ਕ੍ਰਾਂਤੀਕਾਰੀ ਭਾਵਨਾ ਅਤੇ ਰਾਸ਼ਟਰ ਲਈ ਕੁਰਬਾਨੀ ਨੂੰ ਦਰਸਾਉਣ ਵਾਲੇ ਪੋਸਟਰ ਬਣਾਉਣ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਮਹਾਨ ਸ਼ਹੀਦ ਦੇ ਆਦਰਸ਼ਾਂ ਦੇ ਸਤਿਕਾਰ ਲਈ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਅਤੇ ਦਰਸ਼ਨ 'ਤੇ ਇੱਕ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਡਾ. ਮਨਿੰਦਰ ਕੌਰ ਮੁਖੀ, ਇਤਿਹਾਸ ਵਿਭਾਗ ਨੇ ਸ਼ਹੀਦ ਭਗਤ ਸਿੰਘ ਬਾਰੇ ਲੈਕਚਰ ਦਿੱਤਾ। ਪੂਰੇ ਸਮਾਗਮ ਨੇ ਵਿਦਿਆਰਥੀਆਂ ਨੂੰ ਸਰਦਾਰ ਭਗਤ ਸਿੰਘ ਦੀ ਵਿਰਾਸਤ ਅਤੇ ਭਾਰਤ ਦੀ ਸੁਤੰਤਰਤਾ ਲਹਿਰ 'ਤੇ ਉਨ੍ਹਾਂ ਦੇ ਸਥਾਈ ਪ੍ਰਭਾਵ ਬਾਰੇ ਸੋਚਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ: ਨਵਜੋਤ ਨੇ ਵੀ ਉਹਨਾਂ ਦੇ ਸਮਰਪਣ ਵਿੱਚ ਸ਼ਬਦ ਸਾਂਝੇ ਕੀਤੇ ਅਤੇ ਡਾ. ਮਨਿੰਦਰ ਅਰੋੜਾ, ਐਨ ਐਸ ਐਸ ਅਫਸਰਾਂ ਮਨਜੀਤ ਕੌਰ, ਆਤਮਾ ਸਿੰਘ ਅਤੇ ਡਾ. ਸਰਬਜੀਤ ਕੌਰ ਦੇ ਇਸ ਯਤਨ ਦੀ ਸ਼ਲਾਘਾ ਕੀਤੀ।

# ਧੂਮਧਾਮ ਨਾਲ ਮਨਾਇਆ ਜਾਵੇਗਾ ਪੱਟੀ 'ਚ ਦੁਸਹਿਰਾ, ਭੁੱਲਰ ਹੋਣਗੇ ਮੁੱਖ ਮਹਿਮਾਨ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**-ਦੁਸਹਿਰਾ ਕਮੇਟੀ ਪੱਟੀ ਦੀ ਮੀਟਿੰਗ ਚੇਅਰਮੈਨ ਵਿਜੇ ਸ਼ਰਮਾ ਦੀ ਪ੍ਰਧਾਨਗੀ ਹੇਠ ਪੱਟੀ ਵਿਖੇ ਹੋਈ ਜਿਸ ਵਿਚ 12 ਅਕਤੂਬਰ ਨੂੰ ਮਨਾਏ ਜਾਣ ਵਾਲੇ ਦੁਸਹਿਰਾ ਮੇਲੇ ਸਬੰਧੀ ਵਿਚਾਰ-ਚਰਚਾ ਕੀਤੀ।ਇਸ ਮੀਟਿੰਗ ਵਿਚ ਵੱਖ-ਵੱਖ ਰਾਮਲੀਲਾ ਕਲੱਬਾਂ ਦੇ ਪ੍ਰਧਾਨ ਅਤੇ ਮੈਂਬਰ ਸ਼ਾਮਿਲ ਹੋਏ।ਇਸ ਮੌਕੇ ਜਾਣਕਾਰੀ ਦਿੰਦਿਆਂ ਦੁਸਹਿਰਾ ਕਮੇਟੀ ਪੱਟੀ ਦੇ ਪ੍ਰਧਾਨ ਸੁਰੇਸ਼ ਪਾਠਕ ਨੇ ਦੱਸਿਆ ਕਿ ਹਰ ਸਾਲ ਦੀ ਤਰ ਾਂ ਇਸ ਸਾਲ ਵੀ ਦੁਸਹਿਰਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਸਬੰਧੀ ਤਿਆਰੀਆਂ ਚੱਲ ਰਹੀਆ ਹਨ ਅਤੇ ਵੱਖ-ਵਖ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ।ਉਨ ਾਂ ਦੱਸਿਆ ਕਿ ਦੁਸਹਿਰਾ ਮੇਲੇ ਦੇ ਮੁੱਖ ਮਹਿਮਾਨ ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਪੰਜਾਬ ਹੋਣਗੇ।ਸਮਾਗਮ ਦੀ ਪ੍ਰਧਾਨਗੀ ਹਰਪ੍ਰੀਤ ਸਿੰਘ ਸੰਧੂ ਮੈਂਬਰ ਪੀਪੀਸੀਸੀ ਕਰਨਗੇ ਜਦੋਕਿ ਵਿਸ਼ੇਸ਼ੇ ਤੌਰ 'ਤੇ ਡਾ. ਸੁਮੀਤ ਬੇਦੀ ਪੀਸੀਐੱਸਐੱਸ ਮੈਡੀਕਲ ਅਧਿਕਾਰੀ ਦੇ ਨਾਲ ਭੁਪਿੰਦਰ ਸਿੰਘ ਮਿੰਟੂ ਮਾਹੀ ਰਿਜ਼ੋਰਟ ਵਾਲੇ ਅਤੇ ਪੰਡਤ ਤਰੁਣ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੇ।



## ਐੱਸ ਡੀ ਐੱਮ ਬਟਾਲਾ ਨੇ ਪਰਾਲੀ ਨਾ ਸਾੜਨ ਸੰਬੰਧੀ ਰੈਵੀਨਿਊ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਐੱਸ. ਡੀ. ਐੱਮ. ਬਟਾਲਾ, ਵਿਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਤਹਿਸੀਲਦਾਰ, ਨਾਇਬ ਤਹਿਸੀਲਦਾਰ, ਪਟਵਾਰੀਆਂ/ਕਾਨੂੰਗੋਆਂ ਅਤੇ ਨੰਬਰਦਾਰਾਂ ਨਾਲ ਉਨ ਾਂ ਦੇ ਦਫਤਰ ਵਿਖੇ ਸਟੱਬਲ ਬਰਨਿੰਗ ਨਾਲ ਸਬੰਧਤ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਐੱਸ ਡੀ ਐੱਮ ਵੱਲੋਂ ਨੰਬਰਦਾਰਾਂ ਅਤੇ ਪਟਵਾਰੀਆਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਵੱਖ-ਵੱਖ ਮਾਧਿਅਮ ਰਾਹੀਂ ਲੋਕਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਜੇਕਰ ਕੋਈ ਕਿਸਾਨ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਦਾ ਹੈ ਤਾਂ ਉਸਦੀ ਸੂਚਨਾ ਤੁਰੰਤ ਪ੍ਰਸ਼ਾਸਨ ਨੂੰ ਕੀਤੀ ਜਾਵੇ।ਮੀਟਿੰਗ ਵਿੱਚ ਅਭਿਸ਼ੇਕ ਵਰਮਾ ਨਾਇਬ ਤਹਿਸੀਲਦਾਰ, ਨਾਇਬ ਤਹਿਸੀਲਦਾਰ ਮਨਜੋਤ ਸਿੰਘ, ਸੁੰਦਰ ਕੁਮਾਰ ਸੁਪਰਡੰਟ, ਰਾਜਵਿੰਦਰ ਸਿੰਘ ਸਟੈਨੋ, ਸਮੂਹ ਪਟਵਾਰੀ ਤਹਿਸੀਲ ਬਟਾਲਾ, ਨੰਬਰਦਾਰ ਹੀਰਾ ਸਿੰਘ, ਨੰਬਰਦਾਰ ਸੁਖਵਿੰਦਰ ਸਿੰਘ, ਨੰਬਰਦਾਰ ਜਸਵੰਤ ਸਿੰਘ ਪਿੰਡ ਫੈਜ਼ਪੁਰਾ, ਨੰਬਰਦਾਰ ਸੁਖਵਿੰਦਰ ਸਿੰਘ, ਨੰਬਰਦਾਰ ਰਣਜੀਤ ਸਿੰਘ ਪਿੰਡ ਸ਼ੇਰਪੁਰ ਆਦਿ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦਾ ਭਾਰਤ ਦੀ ਆਜ਼ਾਦੀ 'ਚ ਦਿੱਤਾ ਯੋਗਦਾਨ ਸਦਾ ਯਾਦ ਰਹੇਗਾ : ਡੀ ਸੀ




**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਰੈੱਡ ਕਰਾਸ ਸੋਸਾਇਟੀ ਅੰਮ੍ਰਿਤਸਰ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਬਹੁਤ ਹੀ ਧੂਮਧਾਮ ਨਾਲ ਰੈੱਡ ਕਰਾਸ ਭਵਨ ਅੰਮ੍ਰਿਤਸਰ ਵਿਖੇ ਮਨਾਇਆ ਗਿਆ।ਇਸ ਸਮਾਗਮ ਵਿਚ ਨੋਲੇਜ ਵਿਲ ਾ ਵੈੱਲਫੇਅਰ ਸੋਸਾਇਟੀ, ਖਾਲਸਾ ਕਾਲਜ ਇੰਜੀਨੀਅਰਿੰਗ ਅਤੇ ਟਕਨੋਲੋਜੀ, ਸ਼ਹਿਜ਼ਾਦਾ ਨੰਦ ਕਾਲਜ, ਰੈੱਡ ਕਰਾਸ ਕੰਪਿਊਟਰ ਸੈਂਟਰ ਦੇ ਵਿਦਿਆਰਥੀਆਂ ਅਤੇ ਨਹਿਰੂ ਯੁਵਾ ਕੇਂਦਰ ਦੇ ਨੌਜਵਾਨਾਂ ਨੇ ਭਾਗ ਲਿਆ।ਬਹੁਤ ਸਾਰੇ ਨੌਜਵਾਨਾਂ ਨੇ ਦੇਸ਼ ਦੀ ਆਜ਼ਾਦੀ ਦੇ ਸੱਚੇ ਹੀਰੋ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆ ਖ਼ੂਨਦਾਨ ਕੀਤਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸਾਕਸ਼ੀ ਸਾਹਨੀ ਆਈਏਐੱਸ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ਼ਾਮਿਲ ਹੋਏ।ਉਨ ਾਂ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਕਿਹਾ ਕਿ ਸਰਦਾਰ ਭਗਤ ਸਿੰਘ ਦੇਸ਼ ਦੇ ਇਕ ਸੱਚੇ ਦੇਸ਼ ਭਗਤ ਸਨ ਅਤੇ ਉਨ ਾਂ ਦੇ ਮਨ ਵਿਚ ਮਾਨਵਤਾ ਸੇਵਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ ਾਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਲਾਮਬੰਦ ਕਰਕੇ ਦੇਸ਼ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ।ਸ਼ਹੀਦ ਭਦਤ ਸਿੰਘ ਦੀ ਸੋਚ ਸਦਕਾ ਅੰਗਰੇਜ਼ ਹਕੂਮਤ ਨੂੰ ਭਾਰਤ ਨੂੰ ਆਜ਼ਾਦ ਕਰਨ ਲਈ ਮਜਬੂਰ ਹੋਣਾ ਪਿਆ।ਉਨ ਾਂ ਕਿਹਾ ਕਿ ਅਸੀ ਅੱਜ ਉਨ ਾਂ ਕਰਕੇ ਹੀ ਦੇਸ਼ ਦੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਇਸ ਮੌਕੇ ਗੁਰਸਿਮਰਨਜੀਤ ਕੌਰ, ਪੀਸੀਐੱਸ, ਸਹਾਇਕ ਕਮਿਸ਼ਨਰ (ਜ) ਅਤੇ ਮੈਡਮ ਸੋਨਮ, ਆਈਏਐੱਸ, ਐੱਸਡੀਐੱਮ ਮਜੀਠਾ ਨੇ ਵੀ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਉਨ ਾਂ ਦੇ ਆਜ਼ਾਦੀ ਲਈ ਸੰਘਰਸ਼ ਬਾਰੇ ਵਿਚਾਰ ਪੇਸ਼ ਕੀਤੇ।ਰੈੱਡ ਕ੍ਰਾਸ ਸੋਸਾਇਟੀ ਵੱਲੋਂ ਸਕੱਤਰ ਸੈਮਸਨ ਮਸੀਹੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਰਦਾਰ ਭਗਤ ਸਿੰਘ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਨੇ ਕੇਕ ਕੱਟ ਕੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਨਵਾਂਸ਼ਹਿਰ (ਮਨੋਜ ਲਾਡੀ)**- ਅੱਜ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ ਬਲਾਕਾਂ ਨੇ ਇਕੱਠੇ ਹੋ ਕੇ ਡਾ. ਕਸ਼ਮੀਰ ਸਿੰਘ ਢਿੱਲੋਂ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਇਕੱਠੇ ਹੋ ਕੇ ਕੇਕ ਕੱਟ ਕੇ 117 ਵਾਂ ਜਨਮ ਦਿਹਾੜਾ ਮਨਾਇਆ। ਬਾਅਦ ਸਰਦਾਰ ਸ਼ਹੀਦ ਭਗਤ ਸਿੰਘ ਦੀ ਸਮਾਰਕ ਤੇ ਰੈਲੀ ਦੇ ਰੂਪ ਵਿੱਚ ਜਾ ਕੇ ਫੁੱਲ ਮਾਲਾਵਾਂ ਭੇਟ ਕਰ ਕੇ ਮੱਥਾ ਟੇਕਿਆ ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰਜ਼ ਨੇ ਸ਼ਹੀਦਾਂ ਦੇ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਲਿਆ। ਸ਼ਹੀਦ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਨਾਅਰੇ ਲਾਉਂਦੇ ਹੋਏ ਕਿਹਾ ਕਿ ਸ਼ਹੀਦੋਂ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ, ਇਨਕਲਾਬ ਜ਼ਿੰਦਾਬਾਦ।

## ਮਾਲੜੀ 'ਚ ਸ਼ਹੀਦ ਭਗਤ ਸਿੰਘ ਦਾ 117 ਵਾਂ ਜਨਮ ਦਿਨ ਮਨਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**-ਸ਼ਹੀਦ ਭਗਤ ਸਿੰਘ ਦਾ 117 ਵਾਂ ਜਨਮ ਦਿਨ ਪਿੰਡ ਮਾਲੜੀ (ਜਲੰਧਰ) ਵਿਖੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਇਲਾਕਾ ਪ੍ਰਧਾਨ ਹਰਪਾਲ ਬਿੱਟੂ ਅਤੇ ਸਾਥੀ ਨਛੱਤਰ ਮਾਲੜੀ ਦੀ ਰਹਿਨੁਮਾਈ ਹੇਠ ਮਨਾਇਆ ਗਿਆ। ਇਸ ਮੌਕੇ ਛੋਟੇ ਬੱਚਿਆਂ ਵੱਲੋਂ ਕੋਰੀਓਗਰਾਫੀ ਪੇਸ਼ ਕੀਤੀ ਗਈ। ਜਥੇਬੰਦੀ ਨੇ ਐਲਾਨ ਕੀਤਾ ਕਿ ਖਟਕੜ ਕਲਾਂ ਚ ਨੌਜਵਾਨਾਂ/ਵਿਦਿਆਰਥੀਆਂ ਵਲੋਂ ਰੱਖੇ ਸਮਾਗਮ ਵਿੱਚ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ।

# ਕਿਸਾਨਾਂ ਨੇ ਡੀ ਸੀ ਦਫ਼ਤਰ ਅੱਗੇ ਝੋਨਾ ਸੁੱਟ ਕੇ ਕੀਤਾ ਰੋਸ ਪ੍ਰਦਰਸ਼ਨ



**ਤਰਨ ਤਾਰਨ ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ ਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਰਹਿਨੁਮਾਈ ਹੇਠ ਸੈਂਕੜੇ ਕਿਸਾਨਾਂ ਨੇ ਤਰਨ ਤਾਰਨ ਡੀਸੀ ਦਫ਼ਤਰ ਅੱਗੇ ਬਾਸਮਤੀ ਦੀਆਂ ਫਸਲਾਂ ਦਾ ਘੱਟ ਰੇਟ ਮਿਲਣ ਕਰਕੇ ਬਾਸਮਤੀ ਡੀਸੀ ਦਫਤਰ ਅੱਗੇ ਸੁੱਟ ਕੇ ਕੀਤਾ ਰੋਸ ਪ੍ਰਦਰਸ਼ਨ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਸੂਬਾ ਆਗੂ ਤੇ ਜ਼ਿਲ ਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਬਾਸਮਤੀ ਦੇ ਰੇਟ ਬਹੁਤ ਥੱਲੇ ਡਿੱਗੇ ਹਨ। ਤਕਰੀਬਨ ਬਾਸਮਤੀ 2200 ਰੁਪਏ ਤੋਂ ਵੀ ਘੱਟ ਰੇਟ 'ਤੇ ਵਿਕ ਰਹੀ ਹੈ।ਪਰਮਲ ਦੀ ਕਿਸਮ ਇਸ ਤੋਂ ਉਪਰ ਅਤੇ ਸੁਪਰ ਫਾਈਨ ਕਿਸਮਾਂ ਜਿਵੇਂ 1692,1509 ਇਸ ਰੇਟ ਤੋਂ ਵੀ ਘੱਟ ਵਿੱਚ ਵਿਕ ਰਹੀਆਂ ਹਨ।ਉਨ ਾਂ ਕਿਹਾ ਕਿ ਜਿਹੜੇ ਸਾਡੇ ਪੰਜਾਬ ਦੇ ਮੁੱਖ ਮੰਤਰੀ ਦਾਅਵੇ ਕਰ ਰਹੇ ਸਨ ਕਿ ਅਸੀਂ ਨਵਾਂ ਖੇਤੀ ਮਾਡਲ ਲੈ ਕੇ ਆਵਾਂਗੇ, ਵੱਖ-ਵੱਖ ਰਕਬਿਆਂ ਨੂੰ ਵੱਖ-ਵੱਖ ਖੇਤੀ ਨੀਤੀ ਖਰੜਾ ਤਿਆਰ ਕਰਾਂਗੇ ਜਿਸ ਵਿੱਚ ਵੱਡੇ ਪੱਧਰ 'ਤੇ ਬਾਸਮਤੀ ਹੇਠ ਰਕਬਾ ਆਵੇਗਾ।ਚਿੰਤਾ ਜ਼ਾਹਰ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਸਾਨੂੰ ਐੱਮਐੱਸਪੀ ਤੇ ਗਰੰਟੀ ਕਾਨੂੰਨ ਦਿੱਤਾ ਜਾਵੇ।ਕਿਸਾਨ ਆਗੂਆਂ ਮੰਗ ਕੀਤੀ ਕਿ ਸਰਕਾਰ ਜਲਦੀ ਹੀ ਬਾਸਮਤੀ ਦੇ ਡਿੱਗੇ ਹੋਏ ਰੇਟਾਂ ਵੱਲ ਧਿਆਨ ਕਰੇ।ਇਸ ਮੌਕੇ ਜ਼ਿਲ ਾ ਆਗੂ ਫਤਿਹ ਸਿੰਘ ਪਿੱਦੀ, ਰੇਸ਼ਮ ਸਿੰਘ ਘੁਰਕਵਿੰਡ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਹਰਬਿੰਦਰਜੀਤ ਸਿੰਘ ਕੰਗ, ਜਰਨੈਲ ਸਿੰਘ ਨੂਰਦੀ, ਰਣਯੋਧ ਸਿੰਘ ਗੱਗੋਬੂਆ, ਨਵਤੇਜ ਸਿੰਘ ਏਕਲਗੱਡਾ, ਭੁਪਿੰਦਰ ਸਿੰਘ ਭਿੰਦਾ ਆਦਿ ਆਗੂ ਹਾਜ਼ਰ ਸਨ।

## ਕੰਬਾਇਨਾਂ ਨਾਲ ਝੋਨੇ ਦੀ ਕਟਾਈ 'ਤੇ ਸ਼ਾਮ 5 ਵਜੇ ਤੋਂ ਸਵੇਰੇ 10 ਵਜੇ ਤੱਕ ਪੂਰਨ ਮਨਾਹੀ ਦੇ ਹੁਕਮ

**ਗੁਰਦਾਸਪੁਰ (ਜਨਕ ਮਹਾਜਨ)**-ਸੁਰਿੰਦਰ ਸਿੰਘ ਵਧੀਕ ਜ਼ਿਲ ਾ ਮੈਜਿਸਟਰੇਟ ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ ਾ ਗੁਰਦਾਸਪੁਰ ਵਿੱਚ ਝੋਨੇ ਦੀ ਕਟਾਈ ਲਈ ਕੰਬਾਇਨਾਂ ਕੇਵਲ ਦਿਨ ਸਮੇਂ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੀ ਚਲਾਉਣਗੇ ਅਤੇ ਸ਼ਾਮ 5 ਵਜੇ ਤੋਂ ਬਾਅਦ ਸਵੇਰੇ 10 ਵਜੇ ਤੱਕ ਝੋਨੇ ਦੀ ਕਟਾਈ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਝੋਨਾ ਕੱਟਣ ਲਈ ਕੰਬਾਈਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਈਨਾਂ ਰਾਤ ਵੇਲੇ ਹਰੇ ਝੋਨੇ ਦੀ ਫਸਲ ਜਿਹੜੀ ਕਿ ਚੰਗੀ ਤਰ ਾਂ ਪੱਕੀ ਨਹੀਂ ਹੁੰਦੀ, ਭਾਵ ਦਾਣਾ ਕੱਚਾ ਕੱਟ ਦਿੰਦੀਆਂ ਹਨ। ਇਸ ਦੀ ਗੁਣਵੱਤਾ ਘੱਟ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਕੰਬਾਈਨਾਂ ਵਿੱਚ ਮਕੈਨੀਕਲ ਨੁਕਸ ਹੋਣ ਕਾਰਨ ਝੋਨੇ ਦੀ ਕੁਆਲਟੀ ਪ੍ਰਭਾਵਿਤ ਹੁੰਦੀ ਹੈ। ਇਸ ਦਾ ਅਸਰ ਦੇਸ਼ ਦੇ ਉਤਪਾਦਨ ਤੇ ਪੈਂਦਾ ਹੈ। ਇਸ ਤਰ ਾਂ ਦੇ ਝੋਨੇ ਦੀ ਫਸਲ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ। ਅਜਿਹਾ ਉਪਰੋਕਤ ਦਰਸਾਈ ਸਥਿਤੀ ਕਾਰਨ ਹੁੰਦਾ ਹੈ। ਇਸ ਲਈ ਇਸ ਦੀ ਤੁਰੰਤ ਰੋਕਥਾਮ ਕਰਨ ਦੀ ਜ਼ਰੂਰਤ ਹੈ। ਇਹ ਹੁਕਮ 25 ਸਤੰਬਰ 2024 ਤੋਂ 16 ਨਵੰਬਰ 2024 ਤੱਕ ਲਾਗੂ ਰਹੇਗਾ।

## 'ਬੈਂਕਿੰਗ ਖੇਤਰ 'ਚ ਰੋਜ਼ਗਾਰ ਦੇ ਮੌਕੇ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਕਰੀਅਰ ਗਾਈਡੈਂਸ ਸੈੱਲ ਵੱਲੋਂ ਬੈਂਕਿੰਗ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਵਿਸ਼ੇ ਉੱਪਰ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਨਵਤੇਜ ਸਿੰਘ ਮੈਨੇਜਰ (ਪੰਜਾਬ ਐਂਡ ਸਿੰਧ ਬੈਂਕ) ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਜਿਸ ਵਿੱਚ 75 ਦੇ ਕਰੀਬ ਸੀਡੀਐੱਸ, ਬੀ.ਕਾਮ ਅਤੇ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਦੌਰਾਨ ਮੁੱਖ ਬੁਲਾਰੇ ਨੇ ਵਿਦਿਆਰਥੀਆਂ ਨੂੰ ਆਖਿਆ ਕਿ ਸਾਨੂੰ ਗ੍ਰੈਜੂਏਸ਼ਨ ਕਰਨ ਦੇ ਨਾਲ-ਨਾਲ ਹੀ ਕਿੱਤਾ-ਮੁਖੀ ਇਮਤਿਹਾਨਾਂ ਦੀ ਤਿਆਰੀ ਕਰਦੇ ਰਹਿਣਾ ਚਾਹੀਦਾ ਹੈ।ਖਾਸ ਕਰਕੇ ਬੈਂਕਾਂ ਦੇ ਖੇਤਰ ਨਾਲ ਸਬੰਧਿਤ ਇਮਤਿਹਾਨਾਂ ਦੀ ਤਿਆਰੀ ਸਾਨੂੰ ਬੜੀ ਮਿਹਨਤ, ਲਗਨ ਅਤੇ ਸੂਖਮਤਾ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰਿਆਂ ਵਿੱਚ ਨੌਕਰੀ ਪ੍ਰਾਪਤ ਕਰ ਸਕੀਏ।ਪ੍ਰਿੰ. ਡਾ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਸਾਨੂੰ ਆਪਣੇ ਕਰੀਅਰ ਦੀ ਬਿਹਤਰੀ ਲਈ ਸਾਕਾਰਾਤਮਕ ਸੋਚ ਦੇ ਧਾਰਨੀ ਬਣਨਾ ਪਵੇਗਾ ਅਤੇ ਆਪਣੇ ਜੀਵਨ ਵਿੱਚ ਕੋਈ ਨਾ ਕੋਈ ਨਿਸ਼ਾਨਾ ਮਿੱਥ ਕੇ ਉਸ ਪ੍ਰਤੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਰਹਿਣਾ ਚਾਹੀਦਾ ਹੈ।ਪ੍ਰੋਗਰਾਮ ਨੂੰ ਉਲੀਕਣ ਅਤੇ ਵਿਧੀਵਤ ਢੰਗ ਨਾਲ ਚਲਾਉਣ ਲਈ ਮੰਚ ਸੰਚਾਲਨ ਕਰਨ ਦੀ ਭੂਮਿਕਾ ਸੀ. ਡੀ. ਐੱਸ ਸੈੱਲ ਦੇ ਕੋਆਰਡੀਨੇਟਰ ਪ੍ਰੋ. ਉਂਕਾਰ ਸਿੰਘ ਦੁਆਰਾ ਨਿਭਾਈ ਗਈ।ਇਸ ਮੌਕੇ ਡਾ. ਜਗਜੀਤ ਕੌਰ, ਪ੍ਰੋ. ਹਰਦੀਪ ਸਿੰਘ, ਪ੍ਰੋ. ਲਵਪ੍ਰੀਤ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਜਿੰਦਰ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

## ਗੁ. ਸ਼ਹੀਦ ਬਾਬਾ ਅਮਰ ਸਿੰਘ ਤੇ ਸ਼ਹੀਦ ਬਾਬਾ ਬਘੇਲ ਸਿੰਘ ਵਿਖੇ ਦੀਵਾਨ ਹਾਲ ਦੀ ਸੇਵਾ ਆਰੰਭ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਰਹੱਦੀ ਪਿੰਡ ਭੂਸੇ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਅਮਰ ਸਿੰਘ ਅਤੇ ਸ਼ਹੀਦ ਬਾਬਾ ਬਘੇਲ ਸਿੰਘ ਵਾਲਾ ਵਿਖੇ ਅੱਜ ਦੀਵਾਨ ਹਾਲ ਦੀ ਸੇਵਾ ਸ਼ੁਰੂ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਹਰਭਜਨ ਸਿੰਘ ਭੂਸੇ ਨੇ ਕਿਹਾ ਕਿ ਇਸ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਤੋਂ ਬਾਅਦ ਦੀਵਾਨ ਹਾਲ ਦੀ ਸੇਵਾ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ।ਇਸ ਤੋਂ ਇਲਾਵਾ ਉਨ ਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਦੀਵਾਨ ਹਾਲ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ। ਇਸ ਮੌਕੇ ਗਿਆਨੀ ਹਰਭਜਨ ਸਿੰਘ ਭੂਸੇ, ਦਿਲਬਾਗ ਸਿੰਘ ਪ੍ਰਧਾਨ, ਹਰਜਿੰਦਰ ਸਿੰਘ, ਕੁਲਦੀਪ ਸਿੰਘ, ਰਣਜੀਤ ਸਿੰਘ ਰਾਣਾ ਦੁਬਈ, ਗੋਪੀ, ਗੁਰਪ੍ਰਤਾਪ ਸਿੰਘ, ਬਾਬਾ ਲਾਲ ਸਿੰਘ, ਬਾਬਾ ਗੁਰਨਾਮ ਸਿੰਘ, ਦੇਸਾ ਸਿੰਘ ਠੇਕੇਦਾਰ, ਸਤਨਾਮ ਸਿੰਘ ਫੌਜੀ, ਨੰਬਰਦਾਰ ਜਸਤਾਰ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ ਦੋਧੀ, ਮੁਖਤਿਆਰ ਸਿੰਘ, ਦਾਰਾ ਸਿੰਘ, ਮਹਿਲ ਸਿੰਘ, ਜੰਗਾ ਸਿੰਘ, ਜਗਦੀਪ ਸਿੰਘ, ਮੋਹਨ ਸਿੰਘ, ਰਾਜ ਸਿੰਘ, ਰਜਵੰਤ ਸਿੰਘ, ਜੱਗਾ ਸਿੰਘ, ਰਾਣਾ ਭੂਸੇ, ਜਸਬੀਰ ਸਿੰਘ, ਵਰਿਆਮ ਸਿੰਘ, ਅਮਰਜੀਤ ਸਿੰਘ ਦੋਧੀ ਆਦਿ ਹਾਜ਼ਰ ਸਨ।

29-SEP-PAGE-10.qxd 9/28/2024 11:03 PM Page 1



# ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਸਮਾਗਮ, ਤਸਵੀਰਾਂ ਦੀ ਜ਼ੁਬਾਨੀ

ਤਸਵੀਰਾਂ
ਇਕਬਾਲ ਸਿੰਘ
ਖਹਿਰਾ, ਮੋਗਾ














































ਕਿਰਤੀ ਦੀਆਂ ਕਥਾਵਾਂ
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ
## ਐਤਵਾਰਤਾ


ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 29 ਸਤੰਬਰ 2024
www.nawanzamana.in
ਕੀਮਤ 5.00 ਰੁਪਏ

*ਪਿਛਲੇ ਦਿਨੀਂ ਪ੍ਰਸਿੱਧ ਲੇਖਿਕਾ, ਜਾਣੀ-ਪਛਾਣੀ ਲੋਕ ਬੁੱਧੀਜੀਵੀ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਚਿੰਤਾ ਪਬਲਿਸ਼ਰਜ਼ ਦੇ* **ਮੁੱਖ ਸੰਪਾਦਕ ਕੇ ਐੱਸ ਰੰਜੀਤ** *ਨਾਲ ਦਿਲਚਸਪ ਵਾਰਤਾਲਾਪ 'ਚ ਕਈ ਮੁੱਦਿਆਂ ਉੱਪਰ ਚਰਚਾ ਕੀਤੀ, ਜਿਨ੍ਹਾਂ ਵਿਚ ਆਪਣੀਆਂ ਮਲਿਆਲੀ ਜੜ੍ਹਾਂ ਅਤੇ ਮਰਦਾਵੀਂ ਸੱਤਾ ਤੋਂ ਲੈ ਕੇ ਕੇਰਲ ਦੀ ਰਾਜਨੀਤੀ, ਹਿੰਦੂਤਵ, ਜਾਤੀ, ਕਾਰਪੋਰੇਟ ਲਾਲਚ, ਯੂਟਿਊਬਰਾਂ ਅਤੇ ਨੌਜਵਾਨ ਪੀੜ੍ਹੀ ਦੀ ਅੰਦਰੂਨੀ ਦੁਨੀਆ ਵਰਗੇ ਬਹੁਤ ਮਹੱਤਵਪੂਰਨ ਮੁੱਦੇ ਮੁੱਖ ਹਨ। ਇਹ ਮੁਲਾਕਾਤ ਹਫ਼ਤਾਵਾਰ 'ਦੇਸ਼ ਅਭਿਮਾਨੀ ਓਣਮ' ਵਿਸ਼ੇਸ਼ ਅੰਕ 'ਚ ਛਪੀ। ਉਸ ਮੁਲਾਕਾਤ ਦੇ ਅਨੁਵਾਦ ਕੀਤੇ ਗਏ ਅੰਸ਼ ਇੱਥੇ ਪੇਸ਼ ਕੀਤੇ ਜਾ ਰਹੇ ਹਨ* **-ਸੰਪਾਦਕ**

## ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਜੋ ਟੀ ਵੀ ਉੱਪਰ ਦਿਖਾਇਆ ਜਾਂਦਾ, ਉਹ ਹਕੀਕਤ ਨਹੀਂ ਹੁੰਦੀ

# ਅਰੁੰਧਤੀ ਰਾਏ



**? ਚਲੋ, ਕੇਰਲ ਦੇ ਤੁਹਾਡੇ ਪਿਛੋਕੜ ਨਾਲ ਜੁੜੇ ਸਵਾਲ ਤੋਂ ਸ਼ੁਰੂ ਕਰਦੇ ਹਾਂ। ਇੰਞ ਲੱਗਦਾ ਹੈ ਕਿ 'ਦ ਗੌਡ ਆਫ ਸਮਾਲ ਥਿੰਗਜ਼' ਤੁਹਾਡੇ ਸ਼ਾਂਤ ਵਿਅਕਤੀਗਤ ਅਨੁਭਵਾਂ ਨੂੰ ਦਰਸਾਉਂਦਾ ਹੈ...ਕੇਰਲ ਤੋਂ ਬਾਹਰ ਜੰਮੇ-ਪਲੇ ਇਕ ਵਿਅਕਤੀ ਦੇ ਰੂਪ 'ਚ, ਕੀ ਤੁਹਾਡਾ ਅੰਦਰੂਨੀ ਸੁਭਾਅ ਅਜੇ ਵੀ ਖੁਦ ਨੂੰ ਕੇਰਲ ਨਾਲ ਮਜ਼ਬੂਤੀ ਨਾਲ ਜੋੜਦਾ ਹੈ।**

—'ਦ ਗੌਡ ਆਫ ਸਮਾਲ ਥਿੰਗਜ਼' ਜਿੰਨਾ ਸ਼ਾਂਤ ਅਤੇ ਵਿਅਕਤੀਗਤ ਹੈ, ਓਨਾ ਹੀ ਜਨਤਕ ਅਤੇ ਰਾਜਨੀਤਕ ਵੀ ਹੈ। ਹਾਂ, ਮੇਰਾ ਜਨਮ ਸ਼ਿਲਾਂਗ ਵਿਚ ਹੋਇਆ ਸੀ, ਪਰ ਮੇਰੇ ਮਾਂ-ਪਿਓ-ਮੇਰੇ ਪਿਤਾ ਬੰਗਾਲੀ ਸਨ, ਦਾ ਤਲਾਕ ਉਦੋਂ ਹੋ ਗਿਆ ਸੀ ਜਦ ਮੇਰੀ ਉਮਰ ਤਿੰਨ ਸਾਲ ਤੋਂ ਘੱਟ ਸੀ। ਮੈਂ ਆਪਣਾ ਬਚਪਨ ਕੇਰਲ ਵਿਚ ਗੁਜ਼ਾਰਿਆ। ਆਇਮੇਨਮ ਅਤੇ ਕੋਟਾਯਮ ਵਿਚ। ਮੈਂ ਕੁਝ ਸਾਲ ਬੋਰਡਿੰਗ ਸਕੂਲ ਵਿਚ ਰਹੀ, ਪਰ ਛੁੱਟੀਆਂ 'ਚ ਹਮੇਸ਼ਾ ਘਰ ਆ ਜਾਂਦੀ ਸੀ। ਮੈਂ ਮੀਨਾਚਲ 'ਚ ਵੱਡੀ ਹੋਈ। ਮੈਂ ਫਰਾਟੇਦਾਰ ਮਲਿਆਲਮ ਬੋਲ, ਪੜ੍ਹ ਅਤੇ ਲਿਖ ਲੈਂਦੀ ਸੀ। ਸਿਰਫ਼ ਉਨ੍ਹਾਂ ਦਿਨਾਂ 'ਚ, ਦਰਅਸਲ ਸਾਨੂੰ ਮਲਿਆਲਮ ਬੋਲਣ ਲਈ ਸਜ਼ਾ ਦਿੱਤੀ ਜਾਂਦੀ ਸੀ ਅਤੇ ਅੰਗਰੇਜ਼ੀ 'ਚ ਗੱਲ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਮੈਂ ਏਨੇ ਲੰਮੇ ਸਮੇਂ ਤੋਂ ਇੱਥੋਂ ਦੂਰ ਰਹੀ ਹਾਂ ਕਿ ਮੇਰੀ ਮਲਿਆਲਮ ਥੋੜ੍ਹੀ ਵਿਗੜ ਗਈ ਹੈ। ਮੇਰਾ ਅੰਦਰੂਨੀ ਅਤੇ ਬਾਹਰੀ ਸੁਭਾਅ - ਦੋਨੋਂ ਪੂਰੀ ਤਰ੍ਹਾਂ ਕੇਰਲ ਨਾਲ ਇਕਮਿੱਕ ਹਨ। ਮੈਨੂੰ ਕੇਰਲ ਦਾ ਦ੍ਰਿਸ਼ ਪਸੰਦ ਹੈ। ਖਾਣਾ ਪਸੰਦ ਹੈ। ਸਭ ਤੋਂ ਵਧ ਕੇ ਮੈਨੂੰ ਇਸ ਗੱਲ ਉੱਪਰ ਬਹੁਤ ਮਾਣ ਹੈ ਕਿ ਜਿਵੇਂ ਇਸ ਨੇ ਮੁਲਕ ਦੇ ਬਾਕੀ ਹਿੱਸਿਆਂ 'ਚ ਜੋ ਕੁਝ ਹੋਇਆ ਹੈ, ਉਸ ਦਾ ਸਾਹਮਣਾ ਕੀਤਾ ਹੈ -ਹਿੰਦੂ ਸਰਬੋਤਮਵਾਦ ਦੀ ਇਹ ਲਹਿਰ ਜੋ ਸਾਡੇ ਉੱਪਰ ਹਾਵੀ ਹੋ ਗਈ ਹੈ। ਅਸੀਂ ਅਜਿਹੇ ਮਾਣਮੱਤੇ ਲੋਕ ਹਾਂ। ਅਸੀਂ ਇੱਥੇ ਫਾਸ਼ੀਵਾਦ ਦੀ ਘੋਰ ਮੂਰਖ਼ਤਾ ਦਾ ਸ਼ਿਕਾਰ ਨਹੀਂ ਹੋਏ।

**? ਆਮ ਤੌਰ 'ਤੇ, ਕੇਂਦਰੀ ਟ੍ਰਾਵਨਕੋਰ 'ਚ ਉੱਚ ਵਰਗ ਦੇ ਈਸਾਈ ਪਰਵਾਰ, ਬਹੁਤ ਹੀ ਰੂੜੀਵਾਦੀ ਸਮਾਜਿਕ ਅਤੇ ਰਾਜਨੀਤਕ ਮੁੱਲ ਬਰਕਰਾਰ ਰੱਖਦੇ ਹਨ, ਪਰ ਅਸੀਂ ਸਾਰੇ ਉਸ ਲੜਾਈ ਬਾਰੇ ਜਾਣਦੇ ਹਾਂ ਜੋ ਤੁਹਾਡੇ ਮਾਤਾ ਜੀ ਨੇ ਮਰਦਾਵੀਂ ਸੱਤਾਵਾਦੀ ਪਰਵਾਰਕ ਪ੍ਰਬੰਧ ਦੇ ਖ਼ਿਲਾਫ਼ ਲੜੀ ਅਤੇ ਉਸ ਨਾਲ ਈਸਾਈ ਔਰਤਾਂ ਦੀ ਸਥਿਤੀ 'ਚ ਕਿਸ ਤਰ੍ਹਾਂ ਇਨਕਲਾਬੀ ਤਬਦੀਲੀ ਆਈ। ਕੀ ਇਹ ਤੁਹਾਡੇ ਅੰਦਰਲੀ ਰਾਜਨੀਤਕ ਸ਼ਖ਼ਸੀਅਤ ਅਤੇ ਕਾਰਕੁਨ ਨੂੰ ਜਗਾਉਂਦੀ ਹੈ।**

—ਮੇਰੇ ਨਾਲ ਜੁੜਿਆ ਲੱਗਭੱਗ ਸਭ ਕੁਝ ਵਿਅਕਤੀਗਤ ਅਤੇ ਨਾਲ ਹੀ ਰਾਜਨੀਤਕ ਰੂਪ 'ਚ ਇਕ ਲੇਖਕ ਦੇ ਰੂਪ 'ਚ ਸਭ ਕੁਝ ਜੋ ਵੀ ਬਣਿਆ ਹੈ, ਉਹ ਸੀਰੀਆਈ ਈਸਾਈ ਭਾਈਚਾਰੇ 'ਚ ਪਰਵਰਿਸ਼ ਹੋਣ ਨਾਲ ਬਣਿਆ ਹੈ, ਜਦਕਿ ਉਹ ਹਮੇਸ਼ਾ ਸਾਨੂੰ ਯਾਦ ਦਿਵਾਉਂਦੇ ਰਹਿੰਦੇ ਸਨ ਕਿ ਅਸੀਂ, ਮੇਰਾ ਭਰਾ ਅਤੇ ਮੈਂ, 'ਸ਼ੁੱਧ' ਸੀਰੀਆਈ ਈਸਾਈ ਨਹੀਂ ਹਾਂ ਕਿ ਅਸੀਂ 'ਬਾਹਰਲੇ' ਹਾਂ। ਇਹ ਬਹੁਤ ਮੁਸ਼ਕਲ ਸੀ। ਬਹੁਤ ਪਹਿਲਾਂ ਹੀ ਮੈਨੂੰ ਇਹ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਮੇਰਾ ਉੱਥੇ ਕੋਈ ਭਵਿੱਖ ਨਹੀਂ ਹੈ। ਮੇਰੀ ਮਾਂ ਨੇ ਮੈਨੂੰ ਅਜਿਹੇ ਤਰੀਕਿਆਂ ਨਾਲ ਪਾਲਿਆ, ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਚੰਗੇ ਅਤੇ ਬੁਰੇ ਤਰੀਕਿਆਂ ਨਾਲ ਯਾਨੀ ਹਰ ਤਰ੍ਹਾਂ ਨਾਲ ਪਾਲਿਆ। ਮੈਂ ਸਤਾਰਾਂ ਸਾਲ ਦੀ ਉਮਰ 'ਚ ਘਰ ਛੱਡ ਦਿੱਤਾ ਸੀ। ਮੈਂ ਦਿੱਲੀ 'ਚ ਆਰਕੀਟੈਕਚਰ ਸਕੂਲ ਵਿਚ ਦੂਜੇ ਸਾਲ 'ਚ ਸੀ ਅਤੇ ਮੈਂ ਘਰ ਜਾਣਾ ਬਿਲਕੁਲ ਬੰਦ ਕਰ ਦਿੱਤਾ ਸੀ। ਮੈਂ ਕਾਲਜ ਅਤੇ ਅਗਲੀ ਪੜ੍ਹਾਈ ਆਪਣੇ ਤਰੀਕੇ ਨਾਲ ਕੀਤੀ। ਮੈਂ ਲੱਗਭੱਗ ਸੱਤ ਸਾਲ ਬਾਅਦ ਵਾਪਸ ਪਰਤੀ। ਸੀਰੀਆਈ ਈਸਾਈ ਕਮਾਲ ਦਾ ਭਾਈਚਾਰਾ ਹੈ। ਪਰ ਉਨ੍ਹਾ ਵਿੱਚੋਂ ਕਈ ਲੋਕ ਸੰਕੀਰਨ, ਅੰਧਰਾਸ਼ਟਰਵਾਦੀ, ਜਾਤੀਵਾਦੀ ਅਤੇ ਕੁਲੀਨ ਵਰਗ ਦੇ ਹਨ ਅਤੇ ਨਿਸ਼ਚਿਤ ਤੌਰ 'ਤੇ ਮਰਦਾਵੇਂ ਸੱਤਾਵਾਦੀ ਵੀ ਹਨ। ਉਨ੍ਹਾਂ ਨੂੰ ਆਪਣੇ-ਆਪ ਉੱਪਰ ਗਹਿਰੀ ਨਜ਼ਰ ਮਾਰਨ ਦੀ ਜ਼ਰੂਰਤ ਹੈ।

**? ਪਰਵਾਰ ਦੀ ਸੰਸਥਾ, ਸਮਾਜ ਵਿਚ ਲੱਗਭੱਗ ਸਾਰੇ ਰਵਾਇਤੀ ਮੁੱਲਾਂ ਨੂੰ ਆਮ ਅਤੇ ਜਾਇਜ਼ ਬਣਾ ਰਹੀ ਹੈ। ਇਹ ਯਥਾਸਥਿਤੀ ਨੂੰ ਅੱਗੇ ਵਧਾਉਣ ਦਾ ਇਕ ਤੰਤਰ ਜਾਂ ਮਾਧਿਅਮ ਹੈ, ਪਰ ਅਸੀਂ ਇਸ ਸੰਸਥਾ ਦੇ ਖ਼ਿਲਾਫ਼ ਤਿੱਖੀ ਆਲੋਚਨਾ ਸ਼ਾਇਦ ਹੀ ਕਦੇ ਦੇਖਦੇ ਹਾਂ। ਅਜਿਹਾ ਕਿਉਂ।**

—ਮੈਨੂੰ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਇਹ ਸਵਾਲ ਪੁੱਛਿਆ। ਇਹ ਇਕ ਅਜਿਹੀ ਚੀਜ਼ ਹੈ, ਜਿਸ ਬਾਰੇ ਮੈਂ ਹਮੇਸ਼ਾ ਸੋਚਦੀ ਰਹਿੰਦੀ ਹਾਂ-ਪਰਵਾਰ ਦਾ ਮਹੱਤਵ ਜੋ ਸਾਰੇ ਪਾਸਿਆਂ ਤੋਂ ਸਾਡੇ ਸਾਹਮਣੇ ਆਉਂਦਾ ਹੈ। ਫਿਲਮਾਂ 'ਚ, ਸਾਹਿਤ 'ਚ, ਮੀਡੀਆ 'ਚ, ਟੀ ਵੀ ਉੱਪਰ, ਸੋਸ਼ਲ ਮੀਡੀਆ 'ਚ ਅਤੇ ਨਿਸ਼ਚਿਤ ਰੂਪ 'ਚ ਹਕੀਕੀ ਜ਼ਿੰਦਗੀ 'ਚ ਇਹ ਸਾਹਮਣੇ ਆਉਂਦਾ ਹੈ। ਇਹ ਮੈਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਜਿਵੇਂ ਕਿ ਤੁਸੀਂ ਹੁਣ ਤੱਕ ਦੀਆਂ ਕਿਤਾਬਾਂ ਤੋਂ ਦੱਸ ਸਕਦੇ ਹੋ (ਅਤੇ ਜਿਵੇਂ ਕਿ ਤੁਸੀਂ ਆਉਣ ਵਾਲੀਆਂ ਕਿਤਾਬਾਂ 'ਚ ਵੀ ਦੇਖੋਗੇ) - ਦ ਗੌਡ ਆਫ ਸਮਾਲ ਥਿੰਗਜ਼ 'ਚ ਇਸ ਉੱਪਰ ਗੱਲ ਹੈ, ਪਰ ਸਭ ਤੋਂ ਖ਼ਾਸ ਤੌਰ 'ਤੇ ਦ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ 'ਚ - ਪਰਵਾਰ ਦੇ ਵਿਚਾਰ ਉੱਪਰ ਡੂੰਘਾਈ 'ਚ, ਮੌਲਿਕ ਰੂਪ 'ਚ ਸਵਾਲ ਉਠਾਏ ਗਏ ਹਨ। ਇਹ ਚੀਜ਼ਾਂ ਨੂੰ ਦੇਖਣ ਦਾ ਸਭ ਤੋਂ ਰੂੜੀਵਾਦੀ ਪ੍ਰਿਜ਼ਮ ਹੈ, ਇਹ ਰੂੜੀਆਂ ਨੂੰ ਡੂੰਘਾ ਕਰਦਾ ਹੈ, ਇਹ ਮਾਂ-ਪਿਓ ਦੇ ਨਿਰਸਵਾਰਥ ਦੇ ਨਾਂਅ 'ਤੇ ਹਰ ਤਰ੍ਹਾਂ ਦੇ ਸਵਾਰਥ ਨੂੰ ਸਹੀ ਠਹਿਰਾਉਂਦਾ ਹੈ। ਸਭ ਤੋਂ ਵਧ ਕੇ ਇਹ ਜਾਤੀ ਦੇ ਲੋਹ ਬਰੈਂਡ ਨੂੰ ਕਾਇਮ ਰੱਖਦਾ ਹੈ, ਜੋ ਭਾਰਤੀ ਸਮਾਜ ਦੀ ਸਭ ਤੋਂ ਘਿਨਾਉਣੀ, ਸਥਿਰ ਅਤੇ ਘਾਤਕ ਚੀਜ਼ ਹੈ। 'ਪਰਵਾਰ' ਦੇ ਵਿਚਾਰ ਉੱਪਰ ਸਵਾਲ ਸਿਰਫ਼ ਫਿਰ ਹੀ ਉਠਾਇਆ ਜਾਂਦਾ ਹੈ, ਜਦ ਪਰਵਾਰਵਾਦੀ ਰਾਜਨੀਤੀ ਦੀ ਗੱਲ ਆਉਂਦੀ ਹੈ ਅਤੇ ਉੱਥੇ ਵੀ ਕੁਝ ਪਰਵਾਰ ਕਬੂਲ/ਸਵੀਕਾਰ ਹਨ ਅਤੇ ਕੁਝ ਨਹੀਂ ਹਨ। ਇਹ ਠੀਕ ਹੈ, ਹਰ ਤਰ੍ਹਾਂ ਨਾਲ ਇਸ ਉੱਪਰ ਸਵਾਲ ਉਠਾਏ ਜਾਣੇ ਚਾਹੀਦੇ ਹਨ, ਪਰ ਉਨ੍ਹਾਂ ਸਾਰੇ ਪਰਵਾਰਵਾਦੀਆਂ ਨੂੰ ਘੱਟੋ-ਘੱਟ ਚੋਣ ਤਾਂ ਜਿੱਤਣੀ ਹੀ ਪੈਂਦੀ ਹੈ, ਉਨ੍ਹਾਂ ਨੂੰ ਸੰਸਦ ਵਿਚ ਆਪਣੇ ਮਾਂ-ਪਿਓ ਦੀਆਂ ਸੀਟਾਂ ਵਿਰਾਸਤ ਵਿਚ ਨਹੀਂ ਮਿਲਦੀਆਂ। ਸਾਡੇ ਮਹਾਨ ਕਾਰਪੋਰੇਟਾਂ/ਕਾਰਪੋਰੇਸ਼ਨਾਂ ਬਾਰੇ ਕੀ ਕਹੋਗੇ, ਜੋ ਸੱਚੀਮੁੱਚੀਂ ਸਾਡੇ ਮੁਲਕ ਦੇ ਮਾਲਕ ਬਣੇ ਬੈਠੇ ਹਨ? ਉਹ ਸਾਰੀਆਂ ਪਰਵਾਰਕ ਮਾਲਕੀ ਵਾਲੀਆਂ ਹਨ ਅਤੇ ਉਨ੍ਹਾਂ ਨੂੰ ਪਰਵਾਰ ਹੀ ਚਲਾਉਂਦਾ ਹੈ। ਲੱਗਭੱਗ ਸਾਰੀਆਂ ਹੀ ਵੱਡੇ ਪਰਵਾਰਕ ਮਾਲਕੀ ਵਾਲੀਆਂ ਕਾਰਪੋਰੇਸ਼ਨਾਂ ਇਕ ਖ਼ਾਸ ਵਪਾਰੀ ਜਾਤੀ ਨਾਲ ਸੰਬੰਧਤ ਹਨ। ਪੀੜ੍ਹੀ-ਦਰ-ਪੀੜ੍ਹੀ ਜਮ੍ਹਾਂ ਹੋਣ ਵਾਲੇ ਸਰਮਾਏ ਅਤੇ ਉਸ ਦੀ ਅਸ਼ਲੀਲ ਮਾਤਰਾ...ਅਤੇ ਇਸ ਬਾਰੇ ਕੋਈ ਸਵਾਲ ਨਹੀਂ ਪੁੱਛਦਾ।

**? ਨੌਕਰੀ ਅਤੇ ਮੌਕਿਆਂ ਦੀ ਭਾਲ 'ਚ ਕੇਰਲ ਵਾਸੀ ਇਸ ਧਰਤੀ 'ਤੇ ਕਿਤੇ ਵੀ ਪਹੁੰਚ ਸਕਦੇ ਹਨ। ਇਹ ਗੱਲ ਖ਼ਾਸ ਤੌਰ 'ਤੇ ਕੇਂਦਰੀ ਟ੍ਰਾਵਨਕੋਰ ਦੇ ਲੋਕਾਂ ਬਾਰੇ ਸੱਚ ਹੈ। ਇਸ ਜਗ੍ਹਾ ਤੋਂ ਆਉਣ ਵਾਲੇ ਵਿਅਕਤੀ ਦੇ ਤੌਰ 'ਤੇ, ਤੁਸੀਂ ਇਸ ਗੱਲ 'ਤੇ ਗ਼ੌਰ ਕੀਤਾ ਹੋਵੇਗਾ, ਪਰ ਅਸੀਂ ਆਮ ਤੌਰ 'ਤੇ ਇਸ ਸਮਰੱਥਾ ਨਿਰਮਾਣ ਦੇ ਪਿਛਲੇ ਸਮਾਜਿਕ ਇਤਿਹਾਸ ਨੂੰ ਭੁੱਲ ਜਾਂਦੇ ਹਾਂ। ਸਮਾਜਿਕ ਸੁਧਾਰ ਅੰਦੋਲਨ, ਜ਼ਮੀਨੀ ਸੁਧਾਰ, ਜਨਤਕ ਸਿੱਖਿਆ ਪ੍ਰਣਾਲੀ ਅਤੇ ਮੁੱਢਲੇ ਸਿਹਤ ਕੇਂਦਰਾਂ ਦਾ ਵਿਕਾਸ..ਇਨ੍ਹਾਂ ਸਾਰੇ ਕਾਰਕਾਂ ਨੇ ਇਸ ਦੁਨੀਆ 'ਚ ਕਿਤੇ ਵੀ ਮੁਕਾਬਲਾ ਕਰਨ ਦੀ ਮੁਹਾਰਤ ਮੈਟਰਿਕਸ ਨਾਲ ਮਨੁੱਖੀ ਵਸੀਲਿਆਂ ਨੂੰ ਵਿਕਸਤ ਕਰਨ 'ਚ ਭੂਮਿਕਾ ਨਿਭਾਈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ।**

—ਮੈਂ ਬਿਲਕੁਲ ਸਹਿਮਤ ਹਾਂ ਅਤੇ ਚਾਹੇ ਮੇਰੇ ਉੱਪਰ ਅਤੀਤ 'ਚ ਮਾਰਕਸਵਾਦੀ ਪਾਰਟੀ ਦੀ ਆਲੋਚਕ ਹੋਣ ਦਾ ਇਲਜ਼ਾਮ ਲਾਇਆ ਗਿਆ ਹੋਵੇ, ਪਰ ਮੈਂ ਹਕੀਕਤ 'ਚ ਜ਼ਿਆਦਾਤਰ ਉਨ੍ਹਾਂ ਦੀ ਪ੍ਰਸ਼ੰਸਕ ਹੀ ਹਾਂ। ਉਨ੍ਹਾਂ ਸਾਰੇ ਸੁਧਾਰਾਂ ਨੇ ਕੇਰਲ ਨੂੰ ਨਾ ਸਿਰਫ਼ ਭਾਰਤ ਵਿਚ, ਸਗੋਂ ਪੂਰੀ ਦੁਨੀਆ 'ਚ ਇਕ ਅਨੂਠਾ ਸਥਾਨ ਬਣਾ ਦਿੱਤਾ ਹੈ। ਅਜਿਹੀਆਂ ਕਈ ਚੀਜ਼ਾਂ ਹਨ, ਜਿਨ੍ਹਾਂ ਬਾਰੇ ਸਾਨੂੰ ਅਜੇ ਵੀ ਫ਼ਿਕਰ ਕਰਨ ਦੀ ਜ਼ਰੂਰਤ ਹੈ, ਪਰ ਜਿੱਥੇ ਵੀ ਸਾਨੂੰ ਇਸ ਦਾ ਸਿਹਰਾ ਦੇਣਾ ਚਾਹੀਦਾ ਹੈ, ਉਹ ਦੇਣਾ ਹੀ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਸਿੱਖਿਆ-ਜਿਸ ਵਿਚ ਈਸਾਈਆਂ ਨੇ ਵੀ ਬਹੁਤ ਯੋਗਦਾਨ ਪਾਇਆ ਹੈ ਅਤੇ ਜ਼ਮੀਨੀ ਸੁਧਾਰ ਅਤੇ ਰਾਜਨੀਤਕ ਜਾਗਰੂਕਤਾ ਨੇ ਸਾਰੇ ਮਲਿਆਲੀ ਲੋਕਾਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਥੋੜ੍ਹਾ ਮਾਰਕਸਵਾਦੀ ਬਣਾ ਦਿੱਤਾ ਹੈ। ਕੋਈ ਵੀ ਉਨ੍ਹਾਂ ਨਾਲ ਖਿਲਵਾੜ ਨਹੀਂ ਕਰ ਸਕਦਾ। ਇਸ ਲਈ ਮੈਨੂੰ ਵੀ ਲੱਗਦਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਮਾਰਕਸਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਵਾਰੀ-ਵਾਰੀ ਸੱਤਾ ਵਿਚ ਰਹਿਣ। ਉਨ੍ਹਾਂ ਨੂੰ ਇਕ-ਦੂਜੇ ਦਾ ਸਨਮਾਨ/ਸਤਿਕਾਰ ਕਰਨਾ ਚਾਹੀਦਾ ਹੈ ਅਤੇ ਫਿਰ ਵੀ ਇਕ-ਦੂਜੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਸੌਖਾ ਨਹੀਂ ਹੈ, ਪਰ ਅਜਿਹਾ ਹੋਣਾ ਹੀ ਚਾਹੀਦਾ ਹੈ। ਇਸ ਤਰ੍ਹਾਂ ਨਾਲ ਹੀ ਅਸੀਂ ਪੱਛਮੀ ਬੰਗਾਲ ਵਿਚ ਮਾਰਕਸਵਾਦੀ ਪਾਰਟੀ ਨਾਲ ਜੋ ਹੋਇਆ, ਉਸ ਤੋਂ ਬਚ ਸਕਦੇ ਹਾਂ। ਉਨ੍ਹਾਂ ਚਾਲੀ ਸਾਲਾਂ ਦੀ ਲਗਾਤਾਰ ਸੱਤਾ ਨੇ ਬੰਗਾਲ 'ਚ ਸੀ ਪੀ ਐੱਮ ਨੂੰ ਖ਼ਤਮ ਕਰ ਦਿੱਤਾ ਅਤੇ ਭਾਜਪਾ ਨੂੰ ਸੱਤਾ ਵਿਚ ਆਉਣ ਦਾ ਮੌਕਾ ਦਿੱਤਾ। ਇਕ ਨਰੋਈ ਵਿਰੋਧੀ ਧਿਰ ਬਹੁਤ ਮਹੱਤਵਪੂਰਨ ਹੈ। ਸਾਨੂੰ ਇਸ ਦੀ ਜ਼ਰੂਰਤ ਹੈ ਤਾਂ ਕਿ ਫਾਸ਼ੀਵਾਦੀਆਂ ਨੂੰ ਦਰਾੜਾਂ 'ਚ ਘੁਸਣ ਤੋਂ ਰੋਕਿਆ ਜਾ ਸਕੇ। ਜੇ ਮਾਰਕਸਵਾਦੀ ਜਾਂ ਕਾਂਗਰਸ ਪਾਰਟੀ ਸੱਤਾ 'ਚ ਬਹੁਤ ਸਾਲ ਬਿਤਾਉਣ ਕਾਰਨ ਜਾਂ ਸੱਤਾ ਤੋਂ ਬਾਹਰ ਰਹਿਣ ਕਰਕੇ ਖਿੰਡਣ ਲੱਗੇ, ਤਾਂ ਫਾਸ਼ੀਵਾਦੀ ਘੁਸ ਜਾਣਗੇ ਅਤੇ ਇਕ ਵਾਰ ਜਦ ਉਹ ਸੱਤਾ 'ਚ ਆ ਗਏ ਤਾਂ ਤੇਜ਼ੀ ਨਾਲ ਅੱਗੇ ਵਧਦੇ ਜਾਣਗੇ।

**? ਇਤਿਹਾਸਕ ਤੌਰ 'ਤੇ, ਕੇਰਲ ਦਾ ਨਾਗਰਿਕ ਸਮਾਜ ਬਹੁਤ ਜ਼ਿਆਦਾ ਰਾਜਨੀਤਕ ਰਿਹਾ ਹੈ। ਅਸੀਂ ਚਾਹ ਦੀਆਂ ਦੁਕਾਨਾਂ ਅਤੇ ਨਾਈ ਦੀਆਂ ਦੁਕਾਨਾਂ ਅਤੇ ਸਾਡੇ ਪੇਂਡੂ ਇਲਾਕਿਆਂ ਦੀ ਹਰ ਨੁੱਕਰ ਅਤੇ ਗਲੀ-ਮੁਹੱਲੇ 'ਚ ਗੰਭੀਰ ਰਾਜਨੀਤਕ ਚਰਚਾ ਦੇਖ ਸਕਦੇ ਹਾਂ। ਕੈਂਪਸਾਂ 'ਚ ਸਰਗਰਮ ਵਿਦਿਆਰਥੀ ਰਾਜਨੀਤੀ ਦੀ ਮੌਜੂਦਗੀ ਹੋਰ ਗੱਲ ਹੈ, ਪਰ ਸਰਮਾਏ ਦੇ ਪ੍ਰਵੇਸ਼ ਨਾਲ, ਕੇਰਲ ਦਾ ਸਮਾਜ ਸ਼ਾਸਤਰ ਬਦਲ ਰਿਹਾ ਹੈ। ਅਤੇ ਇਹ ਰਾਜਨੀਤਕ ਦ੍ਰਿਸ਼ 'ਚ ਵੀ ਨਜ਼ਰ ਆਉਂਦਾ ਹੈ। ਨੌਜਵਾਨ ਪੀੜ੍ਹੀ ਰਾਜਨੀਤਕ ਜਾਂ ਸਮਾਜਿਕ ਮੁੱਦਿਆਂ ਬਾਰੇ ਜ਼ਿਆਦਾ ਫ਼ਿਕਰਮੰਦ ਨਹੀਂ ਹੈ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ? ਕੀ ਮਨੁੱਖ ਦੇ ਲਈ ਰਾਜਨੀਤੀ ਤੋਂ ਹਮੇਸ਼ਾ ਲਈ ਦੂਰ ਰਹਿਣਾ ਵਿਹਾਰਕ ਤੌਰ 'ਤੇ ਸੰਭਵ ਹੈ।**

—ਮੈਂ ਇਹ ਸੁਣ ਕੇ ਹੈਰਾਨ ਹਾਂ ਕਿ ਕੇਰਲ ਵਿੱਚ ਨੌਜਵਾਨ ਪੀੜ੍ਹੀ ਰਾਜਨੀਤਕ ਤੌਰ 'ਤੇ ਜਾਗਰੂਕ ਨਹੀਂ ਹੈ, ਪਰ ਮੈਨੂੰ ਇਸ ਤੋਂ ਉਲਟ ਲੱਗਦਾ ਹੈ, ਪਰ ਤੁਸੀਂ ਬਿਹਤਰ ਜਾਣਦੇ ਹੋ। ਜੇ ਉਹ ਸੱਚ ਹੈ ਜੋ ਤੁਸੀਂ ਕਹਿ ਰਹੇ ਹੋ ਤਾਂ ਅਸੀਂ ਮੁਸ਼ਕਲ 'ਚ ਹਾਂ। ਵੱਡੀ ਮੁਸੀਬਤ 'ਚ ਹਾਂ। ਕੇਰਲ 'ਚ ਆਬਾਦੀ ਦੀ ਧਾਰਮਿਕ ਅਤੇ ਸਮਾਜਿਕ ਬਣਤਰ ਅਤੇ ਇਕ-ਦੂਜੇ ਨਾਲ ਉਨ੍ਹਾਂ ਦੇ ਰਿਸ਼ਤੇ, ਭਾਰਤ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਵਿਲੱਖਣ ਹਨ। ਜੇ ਇਹ ਲਾਲਚ ਅਤੇ ਮੂਰਖ਼ਤਾ ਨਾਲ ਵਿਗੜ ਜਾਂਦੇ ਹਨ, ਤਾਂ ਅਸੀਂ ਤਬਾਹੀ ਵੱਲ ਜਾ ਰਹੇ ਹੋਵਾਂਗੇ। ਭਾਜਪਾ ਅਤੇ ਉਸ ਦੇ ਕਾਰਪੋਰੇਟ ਯਾਰ ਫਿਰਕਿਆਂ, ਜਾਤੀਆਂ, ਧਰਮਾਂ ਨੂੰ ਇਕ-ਦੂਜੇ ਵਿਰੁੱਧ ਖੜ੍ਹਾ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਉਠਾਉਣਗੇ। ਇਹ ਈਡੀ ਦੀ ਘੁਰਕੀ ਦੇ ਕੇ ਲੋਕਾਂ ਨੂੰ ਬਲੈਕਮੇਲ ਕਰਨਗੇ। ਇਸ ਵਿਚ ਧਾਰਮਿਕ ਆਗੂ ਵੀ ਸ਼ਾਮਲ ਹਨ। ਕੇਰਲ ਵਿਚ ਪੈਰ ਜਮਾਉਣ ਲਈ ਇਸ ਨੂੰ ਈਸਾਈਆਂ ਦੀ ਜ਼ਰੂਰਤ ਹੈ। ਇਸ ਲਈ, ਹਾਲਾਂਕਿ ਇਸ ਰਾਜ ਦੇ ਗੁੰਡੇ ਭਾਰਤ ਦੇ ਬਾਕੀ ਹਿੱਸਿਆਂ 'ਚ ਚਰਚ ਸਾੜ ਰਹੇ ਹਨ ਅਤੇ ਯਿਸੂ ਦੇ ਬੁੱਤ/ਮੂਰਤੀਆਂ ਤੋੜ ਰਹੇ ਹਨ-ਮਨੀਪੁਰ, ਛੱਤੀਸਗੜ੍ਹ, ਗੁਜਰਾਤ ਨੂੰ ਦੇਖੋ-ਉਹ ਕੇਰਲ ਵਿਚ ਈਸਾਈਆਂ ਨੂੰ ਭਰਮਾਉਣ ਜਾਂ ਉਨ੍ਹਾਂ ਉੱਪਰ ਦਬਾਅ ਪਾਉਣ 'ਚ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ 'ਚ ਚਰਚਾਂ ਉੱਪਰ ਸੈਂਕੜੇ ਹਮਲੇ ਹੋਏ ਹਨ। ਲੋਕਾਂ ਨੂੰ ਸਮਝਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਵਿਡੰਬਨਾ ਹੋਵੇਗੀ ਅਤੇ ਈਸਾਈ ਧਰਮ ਨਾਲ ਸਭ ਤੋਂ ਵੱਡਾ ਧ੍ਰੋਹ ਹੋਵੇਗਾ ਜੇ ਕੇਰਲ ਦੇ ਸੀਰੀਆਈ ਈਸਾਈ ਹੀ ਹਿੰਦੂ ਧੌਂਸਬਾਜ਼ਾਂ ਨੂੰ ਕੇਰਲ ਵਿਚ ਸੱਦਣ ਵਾਲੇ ਬਣ ਜਾਂਦੇ ਹਨ। ਜਦ ਮੈਂ ਕੁਝ ਪਾਦਰੀਆਂ ਅਤੇ ਬਿਸ਼ਪਾਂ ਨੂੰ ਭਾਜਪਾ ਦੀ ਤਾਰੀਫ਼ ਕਰਦੇ ਜਾਂ ਉਸ ਨਾਲ ਸੌਦੇਬਾਜ਼ੀ ਕਰਦੇ ਸੁਣਦੀ ਹਾਂ ਤਾਂ ਮੈਂ ਉਨ੍ਹਾਂ ਦੀ ਤੰਗਨਜ਼ਰੀ ਦੇਖ ਕੇ ਹੈਰਾਨ ਰਹਿ ਜਾਂਦੀ ਹਾਂ।

**? ਉੱਤਰ ਭਾਰਤ ਦੇ ਰਾਜਾਂ ਅਤੇ ਦੱਖਣੀ ਭਾਰਤ ਦੇ ਰਾਜਾਂ ਵਿਚ ਮਨੁੱਖੀ ਜੀਵਨ ਸੂਚਕ-ਅੰਕ ਵਿਚ ਬਹੁਤ ਫ਼ਰਕ ਹੈ। ਇਸ ਵਕਤ ਦੱਖਣੀ ਭਾਰਤੀ ਰਾਜਾਂ ਵਿਚ ਭਾਜਪਾ ਦੀ ਮਾੜੀ ਕਾਰਗੁਜ਼ਾਰੀ ਨੂੰ ਇਸ ਕਾਰਕ ਨਾਲ ਜੋੜ ਕੇ ਚਰਚਾ ਚੱਲ ਰਹੀ ਹੈ। ਉੱਤਰੀ ਭਾਰਤ ਵਿਚ ਰਹਿ ਰਹੇ ਅਤੇ ਦੱਖਣ ਵਿਚ ਜੜ੍ਹਾਂ ਵਾਲੇ ਵਿਅਕਤੀ ਦੇ ਰੂਪ 'ਚ ਤੁਹਾਡੀ ਰਾਇ ਕੀ ਹੈ।**

—ਮੇਰੀ ਰਾਇ ਹੈ ਕਿ ਲੋਕਾਂ ਦੀ ਉਨ੍ਹਾਂ ਦੇ ਹੱਕਾਂ ਪ੍ਰਤੀ ਰਾਜਨੀਤਕ ਜਾਗਰੂਕਤਾ ਦੀ ਜ਼ੋਰਦਾਰ ਭਾਵਨਾ ਨੇ ਉਨ੍ਹਾਂ ਨੂੰ ਹੁਣ ਤੱਕ ਦੱਖਣ ਤੋਂ ਦੂਰ ਰੱਖਿਆ ਹੈ। ਨਾਲ ਹੀ ਤਾਮਿਲਨਾਡੂ ਵਰਗੇ ਥਾਵਾਂ 'ਤੇ ਜਾਤੀ ਵਿਰੋਧੀ ਸੰਘਰਸ਼ਾਂ ਦੇ ਲੰਮੇ ਇਤਿਹਾਸ ਨੇ ਲੋਕਾਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਹਿੰਦੂ ਰਾਸ਼ਟਰਵਾਦ ਅਸਲ ਵਿਚ ਕੀ ਹੈ। ਇਹ ਕੁਝ ਹੋਰ ਨਹੀਂ, ਸਗੋਂ

**ਅਨੁ. ਬੂਟਾ ਸਿੰਘ ਮਹਿਮੂਦਪੁਰ**

ਜਾਤੀਗਤ ਗ਼ਲਬੇ ਨੂੰ ਬਰਕਰਾਰ ਰੱਖਣ ਦੇ ਲਈ ਘੁਸਪੈਠ ਕਰਨ ਦਾ ਇਕ ਹਥਿਆਰ ਹੈ। ਮੈਨੂੰ ਲੱਗਦਾ ਹੈ ਕਿ ਇਸ ਨਿਜ਼ਾਮ ਦੇ ਨਾਲ ਮੁੱਖ ਧਾਰਾ ਦੇ ਮੀਡੀਆ ਦੀ ਮਿਲੀਭੁਗਤ ਨੇ ਸਾਡੇ ਮੁਲਕ ਦੀ ਅਸਲ ਸਥਿਤੀ ਉੱਪਰ ਪੜਦਾ ਪਾ ਦਿੱਤਾ ਹੈ। ਜਦ ਓੜਕ ਇਹ ਸਭ ਉਜਾਗਰ ਹੋ ਜਾਵੇਗਾ ਤਾਂ ਤਬਾਹੀ ਦੇ ਪੱਧਰ ਨੂੰ ਅਸੀਂ ਓਦੋਂ ਦੇਖ ਸਕਾਂਗੇ...ਆਰਥਿਕਤਾ ਮੰਦੇ ਹਾਲ ਹੈ। ਸਿਹਤ ਸੇਵਾ, ਸਿੱਖਿਆ ਸੰਕਟ 'ਚ ਹੈ। ਸਮਾਜਿਕ ਨਿਆਂ ਦੀ ਦਿਸ਼ਾ 'ਚ ਚੁੱਕਿਆ ਗਿਆ ਹਰ ਛੋਟਾ-ਛੋਟਾ ਕਦਮ ਉਲਟਾ ਦਿੱਤਾ ਗਿਆ ਹੈ। ਗ਼ਰੀਬ ਦਲਿਤ ਅਤੇ ਓ ਬੀ ਸੀ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਬੰਧ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਸਿਹਤ ਸੇਵਾਵਾਂ ਪੂਰੀ ਤਰ੍ਹਾਂ ਮਹਿੰਗੀਆਂ ਹਨ। ਜ਼ਿਆਦਾਤਰ ਨਿੱਜੀ ਹਸਪਤਾਲਾਂ 'ਚ ਜਾਣਾ ਆਪਣੇ-ਆਪ 'ਚ ਇਕ ਵੱਖਰੀ ਤਰ੍ਹਾਂ ਦਾ ਨਰਕ ਹੈ, ਜਿੱਥੇ ਡਾਕਟਰ ਤੁਹਾਨੂੰ ਲੁੱਟਣ ਅਤੇ ਠੱਗਣ ਲਈ ਬੈਠੇ ਹਨ, ਨਾ ਕਿ ਤੁਹਾਡਾ ਇਲਾਜ ਕਰਨ ਲਈ। ਸਾਡੇ ਸੰਵਿਧਾਨ ਨੂੰ ਸਾਰੇ ਵਿਹਾਰਕ ਉਦੇਸ਼ਾਂ ਲਈ ਪਹਿਲਾਂ ਹੀ ਗ਼ੈਰ-ਰਸਮੀ ਰੂਪ 'ਚ ਦਰਕਿਨਾਰ ਕਰ ਦਿੱਤਾ ਗਿਆ ਹੈ। ਨਵੇਂ ਫ਼ੌਜਦਾਰੀ ਕਾਨੂੰਨ ਇਕ ਅਣਐਲਾਨੀ ਸਥਾਈ ਐਮਰਜੈਂਸੀ ਹਨ। ਅਸੀਂ ਇਕ ਪੁਲਸ ਰਾਜ ਵਿਚ ਰਹਿ ਰਹੇ ਹਾਂ। ਹਰ ਸੰਸਥਾ ਖੋਖਲਾ ਕਰ ਦਿੱਤੀ ਗਈ ਹੈ...ਯੂਨੀਵਰਸਿਟੀਆਂ ਦੀ ਹਾਲਤ ਖ਼ਾਸ ਤੌਰ 'ਤੇ ਦਿਲ ਦਹਿਲਾਅ ਦੇਣ ਵਾਲੀ ਹੈ। ਇਹ ਯੂਨੀਵਰਸਿਟੀਆਂ-ਦਿੱਲੀ ਯੂਨੀਵਰਸਿਟੀ, ਜੇ ਐੱਨ ਯੂ-ਸਾਰੀਆਂ ਮਹਾਨ ਸਪੇਸ ਸਨ...ਹੁਣ ਇਨ੍ਹਾਂ ਸਭ ਨੂੰ ਅਜਿਹਾ ਨਿਜ਼ਾਮ ਮਿੱਟੀ 'ਚ ਮਿਲਾ ਰਿਹਾ ਹੈ, ਜੋ ਬੁੱਧੀਜੀਵੀਆਂ ਨੂੰ ਨਫ਼ਰਤ ਕਰਦਾ ਹੈ, ਵਿਗਿਆਨ ਨੂੰ ਨਫ਼ਰਤ ਕਰਦਾ ਹੈ, ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਨਫ਼ਰਤ ਕਰਦਾ ਹੈ-ਕਿਸਾਨਾਂ, ਬੁਣਕਰਾਂ, ਸੰਗੀਤਕਾਰਾਂ, ਲੇਖਕਾਂ ਦੀ ਬੁੱਧੀਮਾਨੀ-ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਖ਼ਤਰੇ ਦੇ ਰੂਪ 'ਚ ਦੇਖਿਆ ਜਾਂਦਾ ਹੈ, ਪਰ ਅੱਜ ਜਾਲ੍ਹੀ ਖ਼ਬਰ ਉਦਯੋਗ ਇਸ ਨੂੰ ਕੁਝ ਹੋਰ ਹੀ ਦਿਖਾ ਰਿਹਾ ਹੈ। ਹਾਲਾਂਕਿ ਹੁਣ ਜਦ ਪੂਰਨ, ਤਾਨਾਸ਼ਾਹ ਕੰਟਰੋਲ ਖ਼ਤਮ ਹੋ ਗਿਆ ਹੈ ਤਾਂ ਘੁਟਾਲੇ ਸਾਹਮਣੇ ਆ ਰਹੇ ਹਨ, ਹਰ ਘੁਟਾਲਾ ਇਕ-ਦੂਜੇ ਤੋਂ ਬਦਤਰ ਹੈ। ਇਸ ਲਈ ਦਿੱਲੀ ਵਿਚ ਰਹਿਣ ਵਾਲੇ ਇਕ ਮਲਿਆਲੀ ਦੇ ਰੂਪ 'ਚ ਜਦ ਮੈਂ ਕੇਰਲ ਆਉਂਦੀ ਹਾਂ- ਮੈਂ ਸੜਕ ਉੱਪਰ ਹਰ ਬੰਦੇ ਨੂੰ ਰੋਕ ਕੇ ਉੱਤਰੀ ਭਾਰਤ ਦੀ ਭਿਆਨਕਤਾ ਦਾ ਵਰਨਣ ਕਰਨਾ ਚਾਹੁੰਦੀ ਹਾਂ ਅਤੇ ਕਹਿਣਾ ਚਾਹੁੰਦੀ ਹਾਂ, "ਤੁਹਾਨੂੰ ਅਜਿਹਾ ਹੋਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।"

**? ਇਨ੍ਹਾਂ ਚੋਣਾਂ 'ਚ ਯੂ ਪੀ ਦੇ ਪੇਂਡੂ ਇਲਾਕਿਆਂ ਦੇ ਲੋਕਾਂ ਨੇ ਭਾਜਪਾ ਨੂੰ ਅਣਕਿਆਸੇ ਤੌਰ 'ਤੇ ਨਕਾਰ ਦਿੱਤਾ। ਦੂਜੇ ਪਾਸੇ ਕੇਰਲ ਵਿਚ ਪਹਿਲੀ ਵਾਰ ਭਾਜਪਾ ਨੇ ਆਪਣਾ ਖ਼ਾਤਾ ਖੋਲ੍ਹਿਆ ਹੈ। ਐਮਰਜੈਂਸੀ ਤੋਂ ਬਾਅਦ ਪਾਰਲੀਮੈਂਟਰੀ ਚੋਣਾਂ 'ਚ ਵੀ ਅਜਿਹਾ ਹੀ ਹੋਇਆ ਸੀ। ਜਦ ਪੂਰਾ ਮੁਲਕ ਲੋਕਤੰਤਰ ਦੇ ਪੱਖ 'ਚ ਖੜ੍ਹਾ ਸੀ ਤਾਂ ਕੇਰਲ ਦੇ ਲੋਕਾਂ ਨੇ ਵੱਖਰਾ ਰੁਖ ਅਖ਼ਤਿਆਰ ਕੀਤਾ ਸੀ। ਇਸ ਦੇ ਪਿਛਲੀ ਵਜ੍ਹਾ ਸ਼ਾਇਦ ਕੇਰਲ 'ਚ ਮੱਧ ਵਰਗ ਦੀ ਮੌਜੂਦਗੀ ਅਤੇ ਜ਼ਿੰਦਗੀ ਪ੍ਰਤੀ ਉਨ੍ਹਾਂ ਦਾ ਮਹਿਫ਼ੂਜ਼ ਨਜ਼ਰੀਆ ਹੈ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ।**

—ਯੂ ਪੀ ਦੇ ਲੋਕਾਂ ਨੂੰ ਇਹ ਸਮਝਣ 'ਚ ਬਹੁਤ ਸਮਾਂ ਲੱਗਿਆ ਕਿ ਉਨ੍ਹਾਂ ਦੀ ਆਪਣੀ ਹਕੀਕਤ ਹੀ ਮਾਇਨੇ ਰੱਖਦੀ ਹੈ, ਨਾ ਕਿ ਉਹ ਜੋ ਉਹ ਟੀ ਵੀ ਉੱਪਰ ਦੇਖਦੇ ਹਨ। ਉਨ੍ਹਾਂ ਦੀ ਆਪਣੀ ਭੁੱਖ, ਆਪਣੀ ਬੇਰੁਜ਼ਗਾਰੀ, ਆਪਣਾ ਕੁਪੋਸ਼ਣ ਉਨ੍ਹਾਂ ਦਾ ਮੁੱਦਾ ਹੈ। ਜੋ ਕਾਰਪੋਰੇਟ ਮਾਲਕੀ ਵਾਲੇ ਟੀ ਵੀ ਚੈਨਲ ਉਨ੍ਹਾਂ ਨੂੰ ਵੇਚਦੇ ਹਨ, ਉਹ 'ਹਕੀਕਤ' ਨਹੀਂ, ਪਰ ਮੁੱਖ ਗੱਲ ਇਹ ਹੈ ਕਿ ਲੋਕਾਂ ਨੂੰ ਇਹ ਅਹਿਸਾਸ ਹੋ ਗਿਆ ਕਿ 'ਹਿੰਦੂ' ਬਹੁਮੱਤ ਦਾ ਵਿਚਾਰ ਇਕ ਘੁਟਾਲਾ ਹੈ- ਇਹ ਵਿਸ਼ੇਸ਼-ਅਧਿਕਾਰ ਪ੍ਰਾਪਤ ਜਾਤੀ ਦੇ ਲੋਕਾਂ ਲਈ ਧਨ ਅਤੇ ਤਾਕਤ ਨੂੰ ਬਰਕਰਾਰ ਰੱਖਣ ਦਾ ਇਕ ਤਰੀਕਾ ਹੈ, ਜਦਕਿ ਉਹ ਜਿਨ੍ਹਾਂ ਲੋਕਾਂ ਉੱਪਰ ਜ਼ੁਲਮ ਕਰਦੇ ਹਨ, ਉਨ੍ਹਾਂ ਤੋਂ ਹੀ ਆਪਣੇ ਜਬਰ-ਜ਼ੁਲਮ ਲਈ ਵੋਟਾਂ ਮੰਗਦੇ ਹਨ। ਦਲਿਤਾਂ ਅਤੇ ਓ ਬੀ ਸੀ ਦੀ ਆਬਾਦੀ ਦੇ ਇਕ ਵੱਡੇ ਹਿੱਸੇ ਨੇ ਆਖ਼ਿਰਕਾਰ ਇਹ ਸਮਝ ਲਿਆ। ਇਹੀ ਉਹ ਵਜ੍ਹਾ ਹੈ ਜਿਸ ਨੇ ਇਸ ਅਚਾਨਕ ਤਬਦੀਲੀ ਨੂੰ ਜਨਮ ਦਿੱਤਾ। ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਇਹ ਸੱਚ ਹੋਵੇ। ਕੇਰਲ ਦੇ ਮੱਧ ਵਰਗੀ ਲੋਕਾਂ ਨੂੰ ਭਾਜਪਾ ਦੀ ਹਕੂਮਤ ਵਾਲੇ ਰਾਜਾਂ 'ਚ ਜਾਣਾ ਚਾਹੀਦਾ ਹੈ, ਤਾਂਕਿ ਉਹ ਦੇਖ ਸਕਣ ਕਿ ਮੱਧ ਵਰਗੀ ਲੋਕਾਂ ਲਈ ਵੀ ਉੱਥੇ ਜ਼ਿੰਦਗੀ ਕਿਹੋ ਜਹੀ ਹੈ। ਮੇਰਾ ਮਤਲਬ ਹੈ ਕਿ ਉਨ੍ਹਾਂ ਦੇ ਬਣਾਏ ਹਰ ਪੁਲ, ਸੜਕ, ਸੁਰੰਗ ਅਤੇ ਹਵਾਈ ਅੱਡੇ ਅਤੇ ਇੱਥੋਂ ਤੱਕ ਕਿ ਮੰਦਰ ਦੀ ਮਿਆਦ ਦੋ ਸਾਲ ਹੀ ਜਾਪਦੀ ਹੈ...ਜੋ ਹੋ ਰਿਹਾ ਹੈ, ਇਹ ਬੇਵਕੂਫ਼ੀ ਹੈ। ਨੀਟ ਘੁਟਾਲਾ...ਸਭ ਗੁਜਰਾਤ 'ਚ ਜੰਮੇ ਹਨ। ਜਾਪਦਾ ਹੈ ਕਿ ਘੁਟਾਲਿਆਂ ਦੇ ਸਾਰੇ ਮੁੱਖ ਸਰਗਣੇ ਭਾਜਪਾ ਦੇ ਯਾਰ ਹਨ। ਨਾਲ ਹੀ ਇਹ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਹੈ ਕਿ ਜਿਨਸੀ ਜ਼ੁਲਮ ਅਤੇ ਬਲਾਤਕਾਰ ਦੇ ਦੋਸ਼ੀ ਏਨੇ ਸਾਰੇ ਲੋਕ ਮੌਜੂਦਾ ਹਕੂਮਤ ਨਾਲ ਸਿੱਧੇ ਤੌਰ 'ਤੇ ਜਾਂ ਘੱਟੋ-ਘੱਟ ਉਸ ਨਾਲ ਜੁੜੇ ਹੋਏ ਹਨ। ਧਾਰਮਿਕ ਕੱਟੜਤਾ ਦੀ ਵਿਚਾਰਧਾਰਾ ਇਕ ਵਾਰ ਕੇਰਲ ਵਿਚ ਜਾ ਵੜੀ ਤਾਂ ਕੇਰਲ ਸੱਤਰਵਿਆਂ ਦੇ ਲਿਬਨਾਨ 'ਚ ਬਦਲ ਸਕਦਾ ਹੈ। ਲਿਬਨਾਨ ਦੀ ਆਬਾਦੀ ਵੀ ਇਸੇ ਤਰ੍ਹਾਂ ਗੁੰਝਲਦਾਰ ਹੈ ।ਅਤੇ ਅਸੀਂ ਇਤਿਹਾਸ ਤੋਂ ਦੇਖਦੇ ਹਾਂ ਕਿ ਜਦ ਇਕ ਫਿਰਕਾ ਕੱਟੜਪੰਥੀ ਬਣਨਾ ਸ਼ੁਰੂ ਕਰਦਾ ਹੈ ਤਾਂ ਪ੍ਰਤੀਕਰਮ ਦੇ ਰੂਪ 'ਚ ਸਾਰੇ ਭਾਈਚਾਰੇ ਫਿਰਕੇ ਕੱਟੜਪੰਥੀ ਬਣਨਾ ਸ਼ੁਰੂ ਕਰ ਦਿੰਦੇ ਹਨ, ਪਰ ਮੈਨੂੰ ਯਕੀਨ ਹੈ ਕਿ ਮਲਿਆਲੀ ਲੋਕ ਸਵੈਵਿਨਾਸ਼ ਦੇ ਲਈ ਪ੍ਰੇਰਿਤ ਨਹੀਂ ਹੋਣਗੇ। ਹਰ ਧਾਰਮਿਕ ਫਿਰਕੇ ਦੀ ਜ਼ਿੰਮੇਵਾਰੀ ਹੈ ਅਤੇ ਉਸ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਅਜਿਹਾ ਨਾ ਹੋਵੇ। ਹਾਂ, ਭਾਜਪਾ ਦੇ ਇਕ ਸੀਟ ਜਿੱਤਣ ਦਾ ਤੱਥ ਚਿੰਤਾਜਨਕ ਹੈ। ਪਰ ਮੈਂ ਜੋ ਸੁਣਿਆ ਹੈ, ਉਸ ਦੇ ਅਨੁਸਾਰ ਇਹ ਸੁਰੇਸ਼ ਗੋਪੀ ਅਤੇ ਉਸ ਦੇ ਕੰਮ ਨੂੰ ਵੋਟ ਸੀ, ਨਾ ਕਿ ਭਾਜਪਾ ਨੂੰ, ਪਰ ਫਿਰ ਵੀ ਇਹ ਤਾਂ ਮਹਿਜ਼ ਇਕ ਸ਼ੁਰੂਆਤ ਹੈ। ਸਾਨੂੰ ਚੇਤਾਵਨੀ ਦਿੱਤੀ ਗਈ ਹੈ।

**? ਪਿਛਲੇ ਦਹਾਕੇ 'ਚ ਭਾਰਤ ਆਪਣੇ ਲੰਮੇ ਲੋਕਤੰਤਰੀ ਇਤਿਹਾਸ ਦੀ ਤੁਲਨਾ 'ਚ ਬਿਲਕੁਲ ਵੱਖਰੀ ਰਾਜਨੀਤਕ ਸਥਿਤੀ 'ਚੋਂ ਗੁਜ਼ਰ ਰਿਹਾ ਹੈ। ਜਿਸ ਵਿਚਾਰਧਾਰਕ ਬੁਨਿਆਦ ਉੱਪਰ ਇਹ ਮੁਲਕ ਖੜ੍ਹਾ ਹੈ, ਉਹ ਖ਼ਤਰੇ 'ਚ ਹੈ। ਇੱਥੋਂ ਤੱਕ ਕਿ ਸੰਵਿਧਾਨ ਨੂੰ ਮੁੜ ਲਿਖਣ ਦਾ ਪ੍ਰਚਾਰ ਵੀ ਚੋਣ ਪ੍ਰਚਾਰ 'ਚ ਜਨਤਕ ਤੌਰ 'ਤੇ ਕੀਤਾ ਗਿਆ, ਪਰ ਨਤੀਜਿਆਂ ਨੇ ਘੱਟੋ-ਘੱਟ ਹਾਲ ਦੀ ਘੜੀ ਤਾਂ ਇਸ ਉੱਪਰ ਰੋਕ ਲਾ ਦਿੱਤੀ ਹੈ। ਕੀ ਤੁਹਾਨੂੰ ਵੀ ਇੰਞ ਹੀ ਲੱਗਦਾ ਹੈ।**

—ਇਹ ਤੱਥ ਕਿ ਭਾਜਪਾ ਕੋਲ ਆਪਣਾ ਬਹੁਮੱਤ ਨਹੀਂ ਹੈ, ਵੱਡੀ ਰਾਹਤ ਹੈ, ਪਰ ਸੱਤਾ ਦੀ ਕਮਾਨ ਅਜੇ ਵੀ ਉਸ ਦੇ ਹੱਥ 'ਚ ਹੈ। ਇਹ ਅਜੇ ਵੀ ਸੰਸਥਾਵਾਂ ਨੂੰ ਕੰਟਰੋਲ ਕਰਦੀ ਹੈ। 2002 'ਚ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਮੋਦੀ ਨੂੰ ਅਸਲੀ ਵਿਰੋਧੀ ਧਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਸਿੱਧੇ ਮੱਥੇ ਚੁਣੌਤੀ ਦਿੱਤੀ ਜਾ ਰਹੀ ਹੈ। ਉਸ ਦਾ ਉਹ ਅਕਸ ਖੋਹ ਲਿਆ ਗਿਆ ਹੈ, ਜਿਸ ਨੂੰ ਸਿਰਜਣ 'ਚ ਉਸ ਨੇ 20 ਸਾਲ ਲਗਾਏ ਸਨ। ਉਹ ਅਕਸ ਖ਼ਤਮ ਹੋ ਗਿਆ ਹੈ, ਪਰ ਮੈਂ ਬਹੁਤ ਫ਼ਿਕਰਮੰਦ ਹਾਂ। ਕਿਉਂਕਿ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਹਾਰ ਲਈ ਉਸ ਦਾ ਇੱਕੋ-ਇਕ ਪ੍ਰਤੀਕਰਮ ਨਫ਼ਰਤ ਦੇ ਬਟਨ ਦਬਾਉਣਾ ਹੁੰਦਾ ਹੈ। ਤੁਹਾਨੂੰ ਚੇਤੇ ਹੋਵੇਗਾ ਕਿ 2002 ਦਾ ਗੁਜਰਾਤ ਕਤਲੇਆਮ ਸਥਾਨਕ ਚੋਣਾਂ ਦੀ ਹਾਰ ਤੋਂ ਬਾਅਦ ਹੋਇਆ ਸੀ। ਪਹਿਲਾਂ ਹੀ ਮੁਸਲਮਾਨਾਂ ਦੇ ਹਜੂਮੀ ਕਤਲਾਂ 'ਚ ਵਾਧਾ ਹੋ ਰਿਹਾ ਹੈ। ਨਵੇਂ ਫ਼ੌਜਦਾਰੀ ਕਾਨੂੰਨਾਂ ਨੇ ਉਸ ਲਈ ਮੁਸਲਮਾਨਾਂ ਅਤੇ ਵਿਰੋਧੀ ਧਿਰ ਨੂੰ ਵੀ ਨਿਸ਼ਾਨਾ ਬਣਾਉਣਾ ਸੌਖਾ ਬਣਾ ਦਿੱਤਾ ਹੈ। ਉਹ ਪਾਲਾਬੰਦੀ ਕਰਕੇ ਅਤੇ ਵਧੇਰੇ ਖ਼ੂਨ-ਖਰਾਬੇ ਦੀ ਮਦਦ ਨਾਲ ਸੱਤਾ 'ਚ ਮੁੜ ਆਉਣ ਦਾ ਯਤਨ ਕਰਨਗੇ... ਮੈਨੂੰ ਆਸ ਹੈ ਕਿ ਭਾਰਤੀ ਲੋਕਾਂ ਨੇ ਇਹ ਸਭ ਸਮਝ ਲਿਆ ਹੈ।

**? ਹਿੰਦੂਤਵ ਦੀ ਧਾਰਮਿਕ ਰਾਜਨੀਤੀ ਮਹਿਜ਼ ਕਾਰਪੋਰੇਟ ਹਿੱਤਾਂ ਅਤੇ ਨਵਉਦਾਰਵਾਦੀ ਪ੍ਰੋਜੈਕਟ ਨੂੰ ਲੁਕੋਣ ਦਾ ਇਕ ਮੁਖੌਟਾ ਹੈ। ਕੀ ਤੁਸੀਂ ਇਸ ਨਾਲ ਸਹਿਮਤ ਹੋ।**

—ਬਿਲਕੁਲ ਨਹੀਂ। ਮੈਂ ਪੂਰੀ ਤਰ੍ਹਾਂ ਅਸਹਿਮਤ ਹਾਂ। ਨਿਰੋਲ, ਮਿਲਾਵਟਹੀਣ, ਜਾਤੀਵਾਦੀ, ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦ ਦੇ ਖ਼ਤਰੇ ਨੂੰ ਘਟਾ ਕੇ ਦੇਖਣਾ ਖ਼ਤਰਨਾਕ ਹੈ। ਇਹ ਆਪਣੇ ਆਪ 'ਚ ਮੁੱਖ ਚੀਜ਼ ਹੈ। ਇਹ ਮੁੱਖ ਚੀਜ਼ ਹੈ। ਕਾਰਪੋਰੇਟ ਇਸ ਨਾਲ ਗੱਠਜੋੜ ਕਰ ਰਹੇ ਹਨ, ਕਿਉਂਕਿ ਉਹ ਤਾਕਤਵਰ ਰਾਜ ਦੇ ਵਿਰੋਧ ਨੂੰ ਹਰਾਉਣ ਅਤੇ ਲਾਲ ਫੀਤਾਸ਼ਾਹੀ ਨੂੰ ਖ਼ਤਮ ਕਰਕੇ ਉਨ੍ਹਾਂ ਉਦਯੋਗਪਤੀਆਂ ਨੂੰ ਨਿਵਾਜਣ ਦੀ ਸਮਰੱਥਾ ਨਾਲ ਖ਼ੁਸ਼ ਹਨ, ਜੋ ਸਭ ਤੋਂ ਵਫ਼ਾਦਾਰ ਹਨ। ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਦੀ ਖ਼ਾਤਰ ਕਾਰਪੋਰੇਟ ਸੱਤਾ 'ਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨਾਲ ਗੱਠਜੋੜ ਕਰਨਗੇ। ਡਾ. ਮਨਮੋਹਣ ਸਿੰਘ ਦੀ ਅਗਵਾਈ ਵਾਲੀ ਧਰਮ ਨਿਰਪੱਖ ਹਕੂਮਤ ਵੀ ਕਾਰਪੋਰੇਸ਼ਨਾਂ ਲਈ ਘੱਟ ਦੋਸਤਾਨਾ ਨਹੀਂ ਸੀ। ਇਹ ਸਿੱਖਿਆ ਤੇ ਸਿਹਤ ਅਤੇ ਬੁਨਿਆਦੀ ਢਾਂਚੇ ਦੇ ਨਿੱਜੀਕਰਨ ਦੇ ਲਈ ਘੱਟ ਅਨੁਕੂਲ ਨਹੀਂ ਸੀ..ਇਹ ਸਭ ਬਹੁਤ ਵਿਨਾਸ਼ਕਾਰੀ ਹੈ। ਨਿਰਸੰਦੇਹ, ਰਾਹੁਲ ਗਾਂਧੀ ਅਤੇ ਨਵੀਂ ਕਾਂਗਰਸ ਦੀ ਬਿਆਨਬਾਜ਼ੀ ਵੱਖਰੀ ਚੀਜ਼ ਹੈ। ਇਹ ਰਾਹਤ ਦੀ ਗੱਲ ਹੈ।

**? ਅਜਿਹੇ ਬਹੁਤ ਘੱਟ ਲੋਕ ਹਨ, ਜੋ ਤੁਹਾਡੇ ਵੱਲੋਂ ਦਿਖਾਈ ਸ਼ਿੱਦਤ ਅਤੇ ਰਚਨਾਤਮਿਕਤਾ ਨਾਲ ਰਾਜਨੀਤਕ ਲੇਖ ਲਿਖਦੇ ਹਨ। ਤੁਹਾਡੀ ਲੇਖਣੀ ਆਮ ਰਾਜਨੀਤਕ ਲੇਖਣੀ ਤੋਂ ਵੱਖਰੀ ਹੈ। ਇਸ ਜਾਨਦਾਰ ਲੇਖਣੀ ਦੇ ਪਿੱਛੇ ਐਕਸ ਫੈਕਟਰ (ਖ਼ਾਸ ਖ਼ੂਬੀ) ਕੀ ਹੈ।**

—ਮੈਂ ਕਹਾਂਗੀ ਕਿ ਇਹ ਲਿਖਣ ਦੀ ਕਲਾ ਅਤੇ ਸ਼ਿਲਪ ਪ੍ਰਤੀ ਵਚਨਬੱਧਤਾ ਅਤੇ ਸਤਿਕਾਰ ਹੈ। ਮੈਂ ਤਾਕਤ ਅਤੇ ਨਿਤਾਣੇਪਣ, ਡੈਮ ਸਿੰਜਾਈ, ਖਣਨ, ਯੁੱਧ ਬਾਰੇ ਉਸੇ ਤਰ੍ਹਾਂ ਲਿਖਣਾ ਚਾਹੁੰਦੀ ਹਾਂ ਜਿਵੇਂ ਮੈਂ ਬਚਪਨ, ਪਿਆਰ ਅਤੇ ਦਿਲ ਟੁੱਟਣ ਬਾਰੇ ਲਿਖਦੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਬਣਾਂ, ਮੈਂ ਲੇਖਿਕਾ ਹਾਂ। ਦਿਲ ਦੀ ਗਹਿਰਾਈ ਤੱਕ ਲੇਖਿਕਾ। ਲਿਖਣਾ ਮੇਰੇ ਲਈ ਇਬਾਦਤ ਹੈ।

**? ਕਥਾ ਸਾਹਿਤ ਤੇ ਰਚਨਾਤਮਕਤਾ ਅਤੇ ਅਕਥਾ ਸਾਹਿਤ ਲਿਖਣ ਵਾਲੇ ਵਿਅਕਤੀ ਲਈ ਲੇਖਣੀ ਦੀਆਂ ਇਨ੍ਹਾਂ ਦੋ ਵਿਧਾਵਾਂ ਦਰਮਿਆਨ ਨਿਖੇੜੇ ਦੀ ਲਕੀਰ ਕੀ ਹੈ।**

—ਜਿੰਨਾ ਜ਼ਿਆਦਾ ਮੈਂ ਇਸ ਬਾਰੇ ਸੋਚਦੀ ਹਾਂ, ਓਨਾ ਹੀ ਘੱਟ ਮੈਂ ਫ਼ਰਕ ਨੂੰ ਸਮਝ ਪਾਉਂਦੀ ਹਾਂ। ਦੋਹਾਂ ਦੇ ਲਈ ਵੱਖੋ-ਵੱਖਰੀ ਤਰ੍ਹਾਂ ਦੇ ਅਨੁਸ਼ਾਸਨ ਦੀ ਜ਼ਰੂਰਤ ਹੁੰਦੀ ਹੈ, ਪਰ ਦੋਵੇਂ ਹੀ ਇਬਾਦਤ ਵਾਂਗ ਹਨ।

**? ਮਾਰਕਸ ਦੀ ਭਾਸ਼ਾ ਅਤਿਅੰਤ ਤੀਬਰ ਅਤੇ ਰਚਨਾਤਮਕ ਸੀ। ਰਾਜਨੀਤਕ ਅਰਥਸ਼ਾਸਤਰ ਵਰਗੇ ਖ਼ੁਸ਼ਕ ਵਿਸ਼ੇ ਉੱਪਰ ਲਿਖਦੇ ਹੋਏ ਵੀ ਉਨ੍ਹਾਂ ਦੀ ਭਾਸ਼ਾ ਇਕ ਵੱਖਰੀ ਧਰਾਤਲ ਉੱਪਰ ਖੜ੍ਹੀ ਹੈ। ਇੰਞ ਲੱਗਦਾ ਹੈ ਕਿ ਜਦ ਭਾਸ਼ਾ ਹਕੀਕਤ ਅੰਦਰ ਡੂੰਘੀ ਉੱਤਰਦੀ ਹੈ ਤਾਂ ਉਹ ਜਾਨਦਾਰ ਅਤੇ ਰਚਨਾਤਮਕ ਹੋ ਜਾਂਦੀ ਹੈ।**

-ਭਾਸ਼ਾ ਇਕ ਅਜਿਹੀ ਚੀਜ਼ ਹੈ, ਜੋ ਲੇਖਕ ਨੇ ਆਪਣੇ ਤੋਂ ਬਾਹਰ ਖੋਜਣੀ ਹੁੰਦੀ ਹੈ। ਕੋਈ ਵੀ ਸਾਨੂੰ ਇਹ ਤੋਹਫ਼ੇ 'ਚ ਨਹੀਂ ਦਿੰਦਾ ਅਤੇ ਇਹ ਸਾਡੇ ਨਾਲ ਹੀ ਜੁੜੀ ਹੁੰਦੀ ਹੈ। ਇਹ ਕੋਈ ਕੋਟ ਜਾਂ ਪੁਸ਼ਾਕ ਨਹੀਂ ਹੈ, ਜਿਸ ਨੂੰ ਤੁਸੀਂ ਬਾਹਰ ਜਾਂਦੇ ਵਕਤ ਪਾ ਲਓਗੇ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਭਾਸ਼ਾ ਮੇਰੇ ਵਿਚਾਰਾਂ ਦੀ ਖੱਲ ਹੈ।

**? ਅਰੁੰਧਤੀ ਰਾਏ ਦੇ ਰਾਜਨੀਤਕ ਨਿਬੰਧ ਸਾਮਰਾਜਵਾਦੀ ਦਖ਼ਲਅੰਦਾਜ਼ੀ ਅਤੇ ਵਿੱਤੀ ਸਰਮਾਏਦਾਰੀ ਦੇ ਤਿੱਖੇ ਆਲੋਚਕ ਰਹੇ ਹਨ। ਤੁਹਾਡੀ ਲੇਖਣੀ ਵਾਂਝੇ ਗ਼ਰੀਬ ਹਿੱਸਿਆਂ ਅਤੇ ਵਿਕਾਸਵਾਦ ਦੇ ਪੀੜਤਾਂ ਨਾਲ ਖੜ੍ਹੀ ਹੈ। ਤੁਸੀਂ ਇਸ ਵਿਚਾਰਧਾਰਾ 'ਚ ਕਿਵੇਂ ਸ਼ਾਮਲ ਹੋਏ? ਕੀ ਇਸ ਦੀਆਂ ਜੜ੍ਹਾਂ ਮਨੁੱਖੀ ਵਿਚਾਰਾਂ ਨਾਲ ਤੁਹਾਡੇ ਬੌਧਿਕ ਵਾਹ 'ਚ ਪਈਆਂ ਹਨ ਜਾਂ ਇਹ ਤੁਹਾਡੀਆਂ ਪ੍ਰਯੋਗਵਾਦੀ ਨਿਰਖਾਂ ਤੋਂ ਨਿਕਲਦੀਆਂ ਹਨ।**

—ਇਹ ਨਿਆਂ ਦੀ ਭਾਵਨਾ ਤੋਂ ਆਉਂਦੀਆਂ ਹਨ। ਨਿਆਂ ਆਪਣੇ ਕੁਲ ਵੇਰਵੇ ਅਤੇ ਜਟਿਲ ਮਹਿਮਾ ਵਿਚ। ਇਹ ਏਨਾ ਕੁ ਸਰਲ ਹੈ ਅਤੇ ਜਦ ਮੈਂ ਨਿਆਂ ਕਹਿੰਦੀ ਹਾਂ ਤਾਂ ਮੇਰੀ ਮੁਰਾਦ ਸਿਰਫ਼ 'ਮਨੁੱਖੀ ਹੱਕ' ਨਹੀਂ ਹੈ। ਨਵਉਦਾਰਵਾਦੀ ਚਾਹੁੰਦੇ ਹਨ ਕਿ ਅਸੀਂ ਦੋਹਾਂ ਨੂੰ ਮਿਲਾ ਦੇਈਏ, ਪਰ ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਮਨੁੱਖੀ ਹੱਕ ਮਹੱਤਵਪੂਰਨ ਹਨ, ਪਰ ਇਹ ਨਿਆਂ ਦੇ ਵਿਚਾਰ ਨਾਲੋਂ ਕਿਤੇ ਵਧੇਰੇ ਸੰਕੀਰਨ ਧਾਰਨਾ ਹੈ, ਪਰ ਨਿਆਂ ਲਈ ਬੋਲਣ ਨਾਲ ਤੁਹਾਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਤੁਹਾਨੂੰ ਕਿਸੇ ਦੇ 'ਵੱਲੋਂ' ਬੋਲਣ ਦਾ ਹੱਕ ਹੈ। ਇਕ ਅਜਿਹੀ ਧਾਰਨਾ, ਜਿਸ ਨੂੰ ਮੈਂ ਸਭ ਤੋਂ ਵੱਧ ਨਫ਼ਰਤ ਕਰਦੀ ਹਾਂ, ਉਹ ਹੈ 'ਬੇਜ਼ੁਬਾਨਾਂ ਦੀ ਆਵਾਜ਼'। ਸ਼ਾਇਦ ਮੇਰੀ ਸਭ ਤੋਂ ਵੱਧ ਦੁਹਰਾਈ ਜਾਣ ਵਾਲੀ ਟੂਕ ਜਿਸ ਉੱਪਰ ਮੈਂ ਗਹਿਰਾਈ 'ਚ ਵਿਸ਼ਵਾਸ ਕਰਦੀ ਹਾਂ, ਇਹ ਹੈ : 'ਬੇਜ਼ੁਬਾਨ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਜਾਣ-ਬੁੱਝ ਕੇ ਚੁੱਪ ਕਰਾ ਦਿੱਤਾ ਗਿਆ ਹੈ ਜਾਂ ਉਨ੍ਹਾਂ ਨੂੰ ਅਣਸੁਣਿਆ ਕਰ ਦਿੱਤਾ ਜਾਂਦਾ ਹੈ।'

**? ਤੁਸੀਂ ਅੰਬੇਡਕਰ ਦੇ ਵਿਚਾਰਾਂ ਦੀ ਜ਼ੋਰਦਾਰ ਹਮਾਇਤ ਕਰਦੇ ਹੋ। ਅਤੇ ਤੁਸੀਂ ਅੰਬੇਡਕਰ ਦੇ ਵਿਚਾਰਾਂ ਅਤੇ ਕੰਮਾਂ ਦਾ ਮੁਲਾਂਕਣ ਗਾਂਧੀ ਦੇ ਵਿਚਾਰਾਂ ਅਤੇ ਕੰਮਾਂ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੀ ਤੁਸੀਂ ਭਾਰਤ ਦੇ ਮੌਜੂਦਾ ਹਾਲਾਤ 'ਚ ਇਸ ਤਰਕ ਉੱਪਰ ਮੁੜ ਵਿਚਾਰ ਕਰਨਾ ਚਾਹੋਗੇ।**

—ਹਾਂ, ਮੈਂ ਇਸ ਬਾਰੇ ਇਕ ਕਿਤਾਬ ਲਿਖੀ ਹੈ। ਸਿਰਫ਼ ਅੰਬੇਡਕਰ-ਗਾਂਧੀ ਬਹਿਸ ਹੀ ਨਹੀਂ, ਸਗੋਂ ਇਸ ਬਾਰੇ ਵੀ ਕਿ ਕਿਵੇਂ ਜਾਤੀ ਅਤੇ ਸਰਮਾਏਦਾਰੀ ਨੇ ਮਿਲ ਕੇ ਇਕ ਅਨੋਖਾ ਭਾਰਤੀ ਮਿਸ਼ਰਣ ਤਿਆਰ ਕੀਤਾ ਹੈ। ਉਸ ਕਿਤਾਬ - ਦ ਡਾਕਟਰ ਐਂਡ ਦ ਸੇਂਟ - ਦੇ ਆਖ਼ਰੀ ਪੈਰੇ 'ਚ ਮੈਂ ਕਿਹਾ ਹੈ ਕਿ ਜਦ ਤੱਕ ਖ਼ੁਦ ਨੂੰ ਇਨਕਲਾਬੀ ਕਹਾਉਣ ਵਾਲੇ ਲੋਕ ਬ੍ਰਾਹਮਣਵਾਦ (ਜੋ ਹਿੰਦੂ ਧਰਮ ਦੇ ਜਾਤੀ ਵਿਰੋਧੀ ਅੰਦੋਲਨ ਦਾ ਰਵਾਇਤੀ ਸ਼ਬਦ ਹੈ) ਦੀ ਤਿੱਖੀ ਆਲੋਚਨਾ ਨਹੀਂ ਕਰਦੇ ਅਤੇ ਜਦ ਤੱਕ ਬ੍ਰਾਹਮਣਵਾਦ ਨੂੰ ਸਮਝਣ ਵਾਲੇ ਲੋਕ ਸਰਮਾਏਦਾਰੀ ਦੀ ਆਲੋਚਨਾ ਅਤੇ ਸਮਝ ਨੂੰ ਸਾਣ 'ਤੇ ਨਹੀਂ ਲਾਉਂਦੇ, ਉਦੋਂ ਤੱਕ ਸਾਡੇ ਮੁਲਕ ਦਾ ਕੁਝ ਨਹੀਂ ਬਣ ਸਕਦਾ।

**? ਇਸੇ ਤਰ੍ਹਾਂ ਆਨੰਦ ਤੇਲਤੁੰਬੜੇ ਵਰਗੇ ਵਿਚਾਰਕ ਅੰਬੇਡਕਰ ਅਤੇ ਮਾਰਕਸ ਦੇ ਵਿਚਾਰਾਂ ਨੂੰ ਸਮਾਂਤਰ ਰੂਪ 'ਚ ਅੱਗੇ ਵਧਾ ਰਹੇ ਹਨ। ਤੁਸੀਂ ਰਾਜਨੀਤੀ 'ਚ ਜਮਾਤੀ ਅਤੇ ਜਾਤੀਗਤ ਰੁਝਾਨਾਂ ਨੂੰ ਕਿਵੇਂ ਦੇਖਦੇ ਹੋ।**

—ਇਹ ਇਕ ਅਜਿਹੀ ਚੀਜ਼ ਹੈ, ਜਿਸ ਉੱਪਰ ਮੈਂ ਉਦੋਂ ਤੋਂ ਵਿਚਾਰ ਕਰ ਰਹੀ ਹਾਂ ਜਦੋਂ ਤੋਂ ਮੈਂ ਦ ਗੌਡ ਆਫ ਸਮਾਲ ਥਿੰਗਜ਼ ਲਿਖਿਆ ਹੈ। ਭਾਰਤ ਵਿਚ ਖੱਬੀ ਧਿਰ ਗੰਭੀਰ ਰੂਪ 'ਚ ਬਹੁਤਾ ਪ੍ਰਭਾਵ ਨਹੀਂ ਪਾ ਸਕਿਆ ਕਿਉਂਕਿ ਇਹ ਜਾਤੀ ਨੂੰ ਸੰਬੋਧਤ ਹੋਣ 'ਚ ਨਾਕਾਮ ਰਹੀ ਹੈ ਅਤੇ ਇਸ ਨੇ ਇਹ ਕਹਿ ਕੇ ਆਪਣੇ ਆਪ ਨੂੰ ਤਸੱਲੀ ਦੇ ਲਈ ਕਿ 'ਜਾਤੀ ਜਮਾਤ ਹੈ।' ਅੰਬੇਡਕਰ ਨੂੰ ਪੜ੍ਹੋ ਅਤੇ ਫਿਰ ਤੁਸੀਂ ਅਜਿਹਾ ਕਦੇ ਨਹੀਂ ਕਹੋਗੇ। ਆਨੰਦ ਤੇਲਤੁੰਬੜੇ ਨੂੰ ਮੈਂ ਸਦਾ ਹੀ ਸਾਡੇ ਮੁਲਕ ਦੇ ਸਭ ਤੋਂ ਮਹੱਤਵਪੂਰਨ ਬੁੱਧੀਜੀਵੀਆਂ 'ਚੋਂ ਇਕ ਮੰਨਦੀ ਰਹੀ ਹਾਂ। ਉਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ। ਇਸ ਦੀ ਬਜਾਏ ਉਨ੍ਹਾਂ ਨੂੰ ਜੇਲ੍ਹ 'ਚ ਡੱਕ ਦਿੱਤਾ ਗਿਆ ਅਤੇ ਜ਼ਲੀਲ ਕੀਤਾ ਗਿਆ।

**? ਮਲਿਆਲਮ ਵਿਚ ਪਿੱਛੇ ਜਿਹੇ ਬਣੀਆਂ ਕਈ ਹਰਮਨ ਪਿਆਰੀਆਂ ਫਿਲਮਾਂ ਅਤੇ ਨਾਵਲ ਨੌਜਵਾਨਾਂ ਦੀ ਭਾਵਨਾਤਮਕ ਅਤੇ ਅੰਦਰੂਨੀ ਦੁਨੀਆ ਉੱਪਰ ਕੇਂਦਰਤ ਹਨ। ਸ਼ਿਲਪ ਦੇ ਲਿਹਾਜ਼ ਨਾਲ ਉਨ੍ਹਾਂ 'ਚੋਂ ਜ਼ਿਆਦਾਤਰ ਫਿਲਮਾਂ ਔਸਤ ਨਾਲੋਂ ਹੇਠਲੇ ਪੱਧਰ ਦੀਆਂ ਹਨ, ਪਰ ਉਹ ਨੌਜਵਾਨਾਂ ਨਾਲ ਕਾਫ਼ੀ ਕਾਮਯਾਬੀ ਨਾਲ ਸੰਵਾਦ ਰਚਾ ਰਹੀਆਂ ਹਨ। ਇਸ ਨੂੰ ਤੁਸੀਂ ਕਿਵੇਂ ਦੇਖਦੇ ਹੋ।**

—ਈਮਾਨਦਾਰੀ ਨਾਲ ਕਹਾਂ, ਜੋ ਅੰਦਰੂਨੀ ਦੁਨੀਆ ਖ਼ੁਦ ਨੂੰ ਬਾਹਰੀ ਦੁਨੀਆ ਦੇ ਪ੍ਰਸੰਗ 'ਚ ਨਹੀਂ ਰੱਖਦੀ, ਉਹ ਮੇਰੇ ਲਈ ਬਹੁਤ ਘੱਟ ਜਾਂ ਬਿਲਕੁਲ ਵੀ ਦਿਲਚਸਪੀ ਵਾਲੀ ਨਹੀਂ ਹੈ। ਇਹ ਮੈਨੂੰ ਜ਼ਿਆਦਾਤਰ ਬੋਰ ਹੀ ਕਰਦੀ ਹੈ। ਮੈਂ ਇਹ ਨਹੀਂ ਕਹਿਣਾ ਚਾਹੁੰਦੀ ਕਿ ਹਰ ਚੀਜ਼ ਐਲਾਨਨਾਮਾ ਹੋਣਾ ਚਾਹੀਦੀ ਹੈ। ਮੈਂ ਸਿਰਫ਼ ਕੁਝ ਬੁਨਿਆਦੀ ਬੁੱਧੀਮਾਨੀ ਦੀ ਵਕਾਲਤ ਕਰ ਰਹੀ ਹਾਂ ਅਤੇ ਸਾਡੀ ਬਾਹਰਲੀ ਦੁਨੀਆ ਦੀ ਹਾਲਤ ਨੂੰ ਦੇਖਦਿਆਂ ਥੋੜ੍ਹੀ ਸੁਸ਼ੀਲਤਾ ਵੀ ਹੋਣੀ ਚਾਹੀਦੀ ਹੈ। ਇਸ ਨੂੰ ਪੂਰੀ ਤਰ੍ਹਾਂ ਛੱਡ ਦੇਣਾ ਵੀ ਇਕ ਤਰ੍ਹਾਂ ਦੀ ਰਾਜਨੀਤੀ ਹੈ। ਇਸੇ ਤਰ੍ਹਾਂ ਜੋ ਸਾਹਿਤ ਅਤੇ ਸਿਨੇਮਾ ਮਹਿਜ਼ ਇਕ ਲੁਕਵਾਂ ਐਲਾਨਨਾਮਾ ਹੈ, ਉਸ ਵਿਚ ਵੀ ਮੇਰੀ ਕੋਈ ਰੁਚੀ ਨਹੀਂ ਹੈ।

**? ਹੁਣ ਅਸੀਂ ਨਵਉਦਾਰਵਾਦੀ ਨਿਜ਼ਾਮ 'ਚ ਰਹਿ ਰਹੇ ਹਾਂ। ਇਸ ਦੇ ਵਿਚਾਰਾਂ ਦੇ ਜਾਲ 'ਚੋਂ ਬਾਹਰ ਨਿਕਲਣਾ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਹ ਸਥਿਤੀ ਪਲੇਟੋ ਦੇ ਗੁਫ਼ਾ 'ਚ ਫਸੇ ਬੰਦੇ ਵਰਗੀ ਹੈ। ਅਸੀਂ ਇਸ ਭਾਰੂ ਬਿਰਤਾਂਤ ਉੱਪਰ ਕਾਬੂ ਕਿਵੇਂ ਪਾ ਸਕਦੇ ਹਾਂ।**

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਇੱਕੋ ਭਾਰਤ ਅੰਦਰ ਵੱਸਦੇ ਕਈ ਭਾਰਤਾਂ ਵਿੱਚ ਇਹ ਕੁਝ ਵੀ ਹੁੰਦੈ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਜਦੋਂ ਕਦੇ ਆਪਣੇ ਦੇਸ਼ ਦੇ ਹਾਲਾਤ ਉੱਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਇਹ ਜਾਪਣ ਲੱਗਦਾ ਹੈ ਕਿ ਮੈਂ ਭਾਰਤ ਦਾ ਨਹੀਂ, ਸਗੋਂ ਇੱਕੋ ਭਾਰਤ ਅੰਦਰ ਕਈ ਭਾਰਤਾਂ ਵਾਲੇ ਦੇਸ਼ ਦਾ ਨਾਗਰਿਕ ਹਾਂ। ਹਾਲਾਤ ਸੁਖਾਵੇਂ ਹੋਣ ਅਤੇ ਸਮੁੱਚੇ ਭਾਰਤੀ ਲੋਕ ਮਿਲ ਕੇ ਹਰ ਸਾਲ ਅੱਗੇ ਵੱਲ ਕਦਮ ਵਧਾਉਂਦੇ ਦਿੱਸਣ ਤਾਂ ਇੱਕੋ ਭਾਰਤ ਵਿੱਚ ਕਈ ਭਾਰਤ ਹੋਣਾ ਬੜੇ ਵੱਡੇ ਮਾਣ ਦੀ ਗੱਲ ਹੋ ਸਕਦੀ ਹੈ, ਪਰ ਜੇ ਇਸ ਇੱਕੋ ਦੇਸ਼ ਵਿੱਚ ਦਿੱਸਦਾ ਹਰ ਵੱਖਰਾ ਭਾਰਤ ਹਰ ਦੂਸਰੇ ਭਾਰਤ ਤੋਂ ਉਲਟ ਦਿਸ਼ਾ ਵੱਲ ਮੂੰਹ ਕਰੀ ਖੜਾ ਹੋਵੇ, ਇੱਕ-ਦੂਸਰੇ ਦਾ ਰਸਤਾ ਕੱਟਦਾ ਤੇ ਝਗੜਦਾ ਹੋਵੇ ਤਾਂ ਖੁਸ਼ੀ ਨਹੀਂ ਹੋ ਸਕਦੀ। ਅਜੋਕੇ ਸਮੇਂ ਵਿੱਚ ਸਥਿਤੀ ਏਦਾਂ ਦੀ ਹੈ ਕਿ ਕੋਈ ਪਤਾ ਹੀ ਨਹੀਂ ਕਿ ਕਦੋਂ ਕਿੱਥੇ ਕਿਹੋ ਜਿਹਾ ਪੁਆੜਾ ਪੈ ਜਾਵੇ ਤੇ ਤੁਸੀਂ ਮੰਜ਼ਲ ਵੱਲ ਜਾਂਦੇ ਹੋਏ ਰਾਹ ਵਿੱਚ ਕਿਧਰੇ ਏਨੀ ਬੁਰੀ ਤਰ੍ਹਾਂ ਫਸ ਜਾਵੋ ਕਿ ਨਾ ਘਰ ਵਾਲਿਆਂ ਨਾਲ ਸੰਪਰਕ ਦਾ ਵਸੀਲਾ ਲੱਭੇ ਤੇ ਨਾ ਜਾਨ ਬਚਾ ਸਕਣ ਦੀ ਕੋਈ ਗਾਰੰਟੀ ਦੇਣ ਵਾਲੀ ਸਰਕਾਰ ਕਿਤੇ ਨਜ਼ਰ ਪੈਂਦੀ ਹੋਵੇ। ਇੰਦਰਾ ਗਾਂਧੀ ਦਾ ਕਤਲ ਹੋਣ ਮਗਰੋਂ ਸਿੱਖਾਂ ਨਾਲ ਇਹੋ ਕੁਝ ਇਸ ਦੇਸ਼ ਵਿੱਚ ਕਈ ਥਾਂਈਂ ਹੋਇਆ ਸੀ, ਗੁਜਰਾਤ, ਅਲੀਗੜ੍ਹ ਤੇ ਹੋਰ ਕਈ ਥਾਂਵਾਂ ਉੱਤੇ ਹੋਏ ਦੰਗਿਆਂ ਦੌਰਾਨ ਇਹੋ ਕੁਝ ਮੁਸਲਮਾਨਾਂ ਨਾਲ ਕਈ ਵਾਰ ਹੁੰਦਾ ਰਿਹਾ ਤੇ ਜੰਮੂ-ਕਸ਼ਮੀਰ ਅੰਦਰ ਕਈ ਵਾਰੀ ਇਹੋ ਜਿਹੇ ਹਾਲਾਤ ਬਣਦੇ ਰਹੇ ਹਨ ਕਿ ਹਿੰਦੂ ਭਾਈਚਾਰੇ ਦੇ ਲੋਕ ਫਸ ਜਾਂਦੇ ਰਹੇ ਹਨ। ਏਹੋ ਜਿਹੇ ਹਾਲਾਤ ਨੂੰ ਜਿਹੜੇ ਲੋਕਾਂ ਨੇ ਕਦੇ ਭੁਗਤਿਆ ਹੈ, ਇਨ੍ਹਾਂ ਦੀ ਮਾਰ ਸਿਰਫ ਉਹੀ ਜਾਣਦੇ ਹਨ, ਬਾਕੀ ਸਭ ਕਹਾਣੀਆਂ ਪਾਉਂਦੇ ਹਨ। ਇੱਕੋ ਭਾਰਤ ਵਿੱਚ ਕਈ ਭਾਰਤਾਂ ਦੀ ਇਸ ਤਸਵੀਰ ਦੀ ਗੱਲ ਸਿਰਫ ਧਰਮਾਂ ਤੱਕ ਸੀਮਤ ਨਹੀਂ, ਆਰਥਿਕ ਹਾਲਾਤ ਬਾਰੇ ਵੀ ਕਹਿਣ ਵਿੱਚ ਝਿਜਕ ਨਹੀਂ ਹੋ ਸਕਦੀ, ਸਮਾਜੀ ਬੁਰਾਈਆਂ ਅਤੇ ਚੰਗਿਆਈਆਂ ਦੇ ਮਾਮਲੇ ਵਿੱਚ ਵੀ ਵੱਡਾ ਵਖਰੇਵਾਂ ਲੱਭਦਾ ਹੈ।

ਨਰਿੰਦਰ ਮੋਦੀ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਬਣ ਗਏ ਤਾਂ ਉਨ੍ਹਾ ਦੇ ਢੰਡੋਰਚੀ ਹਰ ਪਾਸੇ 'ਗੁਜਰਾਤ ਮਾਡਲ' ਦੇ ਅਤੇ ਓਸੇ ਮਾਡਲ ਵਾਂਗ ਸਮੁੱਚੇ ਭਾਰਤ ਦੇ ਵਿਕਾਸ ਦੇ ਦਾਅਵੇ ਕਰਦੇ ਹੁੰਦੇ ਸਨ। ਇੱਕ ਵਾਰ ਪਾਰਲੀਮੈਂਟ ਵਿੱਚ ਹੁੰਦੀ ਬਹਿਸ ਵਿੱਚ 'ਗੁਜਰਾਤ ਮਾਡਲ' ਦੇ ਪੱਖ ਅਤੇ ਵਿਰੋਧ ਵਿੱਚ ਏਨਾ ਕੁਝ ਕਿਹਾ ਗਿਆ ਕਿ ਨਰਿੰਦਰ ਮੋਦੀ ਨੂੰ ਖੁਦ ਉੱਠਣਾ ਤੇ ਕਹਿਣਾ ਪਿਆ ਸੀ ਕਿ ਜਦੋਂ ਸਾਰੇ ਗੁਜਰਾਤ ਦਾ ਇੱਕੋ ਮਾਡਲ ਹੈ ਨਹੀਂ ਤਾਂ ਸਾਰੇ ਦੇਸ਼ ਵਿੱਚ ਉਹ ਮਾਡਲ ਇੱਕੋ ਜਿਹਾ ਲਾਗੂ ਨਹੀਂ ਹੋ ਸਕਦਾ! ਬਹਿਸ ਵਿੱਚ ਉੱਠੇ ਨੁਕਤੇ ਨਕਾਰੇ ਜਾਣ ਵਾਲੇ ਨਹੀਂ ਸਨ, ਇਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਦ ਮੰਨਣਾ ਪਿਆ ਸੀ ਕਿ ਗੁਜਰਾਤ ਵਿੱਚ ਸੂਰਤ ਵਰਗਾ ਸ਼ਹਿਰ ਹੀਰਿਆਂ ਦੇ ਕਾਰੋਬਾਰ ਦਾ ਕੇਂਦਰ ਹੋਣ ਕਾਰਨ ਜਿਵੇਂ ਤਰੱਕੀ ਕਰਦਾ ਗਿਆ ਹੈ, ਕੱਛ ਅਤੇ ਕੁਝ ਹੋਰ ਇਲਾਕੇ ਓਦਾਂ ਵਿਕਸਤ ਨਹੀਂ ਹੋ ਸਕੇ। ਉਨ੍ਹਾ ਨੂੰ ਆਪਣੇ ਗੁਜਰਾਤ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵਿਕਾਸ ਦੇ ਵੱਖ-ਵੱਖ ਪੱਧਰਾਂ ਦੀ ਗੱਲ ਮੰਨਣੀ ਪਈ ਅਤੇ ਜਦੋਂ ਉਹ ਸਾਰਾ ਕੁਝ ਦੱਸ ਰਹੇ ਸਨ ਤਾਂ 'ਗੁਜਰਾਤ ਮਾਡਲ' ਦੇ ਢੰਡੋਰਚੀ ਅਗਲੇ ਬਹਾਨੇ ਦੀ ਖੋਜ ਵਿੱਚ ਰੁਝੇ ਹੋਏ ਸਨ। ਅਗਲੇ ਦਿਨ ਉਨ੍ਹਾਂ ਨਵਾਂ ਸ਼ੋਸ਼ਾ ਛੱਡ ਦਿੱਤਾ ਕਿ ਪਿਛਲੇ ਸਭ ਪ੍ਰਧਾਨ ਮੰਤਰੀ ਸੱਚ ਦਾ ਸਾਹਮਣਾ ਕਰਨ ਤੋਂ ਭੱਜਦੇ ਰਹੇ ਸਨ, ਸਿਰਫ ਨਰਿੰਦਰ ਮੋਦੀ ਏਨੀ ਜੁਰਅਤ ਵਾਲਾ ਆਗੂ ਹੈ ਕਿ ਹਕੀਕਤਾਂ ਪ੍ਰਵਾਨ ਕਰ ਸਕਦਾ ਹੈ, ਇਸ ਲਈ ਸਾਰੀ ਆਸ ਏਸੇ ਤੋਂ ਹੋ ਸਕਦੀ ਹੈ।

ਸਾਡੇ ਅੱਜ ਦੇ ਭਾਰਤ ਵਿੱਚ ਗੌਤਮ ਅਡਾਨੀ ਵੀ ਹੈ, ਜਿਹੜਾ ਪੁਰਾਣੇ ਸਾਰੇ ਖਾਨਦਾਨੀ ਤੇ ਚੁਸਤੀਆਂ ਨਾਲ ਉੱਭਰੇ ਹਰ ਕਿਸਮ ਦੇ ਪੂੰਜੀਪਤੀਆਂ ਨੂੰ ਪਛਾੜ ਕੇ ਭਾਰਤ ਦਾ ਸਭ ਤੋਂ ਵੱਡਾ ਨਹੀਂ, ਦੁਨੀਆ ਦੇ ਸਿਖਰਲੇ ਚਾਰ ਪੂੰਜੀਪਤੀਆਂ ਦੀ ਲਿਸਟ ਵਾਲਾ ਚਿਹਰਾ ਬਣ ਗਿਆ ਹੈ। ਉਸ ਦੇ ਖਿਲਾਫ ਭਾਰਤ ਦੇ ਲੋਕ ਵੀ ਕਈ ਥਾਂ ਦੁਹਾਈਆਂ ਪਾਉਂਦੇ ਹਨ ਕਿ ਲੋਕਾਂ ਦੀ ਚਮੜੀ ਉਧੇੜੀ ਜਾਂਦਾ ਹੈ, ਦੂਸਰੇ ਦੇਸ਼ਾਂ ਵਿੱਚ ਵੀ ਉਸ ਦੇ ਖਿਲਾਫ ਕਈ ਥਾਂਈਂ ਮੁਕੱਦਮੇ ਹੋ ਚੁੱਕੇ ਹਨ ਤੇ ਭਾਰਤ ਦੀ ਸਰਕਾਰ ਭਾਰਤ ਵਿੱਚ ਵੀ ਉਸ ਦੀ ਢਾਲ ਬਣਦੀ ਹੈ, ਵਿਦੇਸ਼ਾਂ ਵਿੱਚ ਵੀ ਉਸ ਦੇ ਨਾਲ ਖੜੋਂਦੀ ਅਤੇ ਸਾਰੇ ਡਿਪਲੋਮੈਟਿਕ ਚੈਨਲ ਵਰਤ ਕੇ ਉਸ ਨੂੰ ਬਚਾਉਂਦੀ ਹੈ। ਉਸ ਦੀ ਬੇਹਿਸਾਬੀ ਦੌਲਤ ਜਾਂ ਉਸ ਤੋਂ ਪਹਿਲਾਂ ਸਿਖਰਲਾ ਸਥਾਨ ਰੱਖਦੇ ਰਹੇ ਮੁਕੇਸ਼ ਅੰਬਾਨੀ ਦੀ ਪੂੰਜੀ ਕਈ ਰਾਜ ਸਰਕਾਰਾਂ ਦੇ ਬਜਟ ਤੋਂ ਵੱਡੀ ਬਣਦੀ ਹੈ, ਪਰ ਏਸੇ ਭਾਰਤ ਵਿੱਚ ਨਾਗਰਿਕਾਂ ਦੀ ਉਹ ਫੌਜ ਵੀ ਹੈ, ਜਿਨ੍ਹਾਂ ਨੂੰ ਇੱਕ ਡੰਗ ਰੋਟੀ ਖਾਣ ਨੂੰ ਮਿਲ ਜਾਵੇ ਤਾਂ ਦੂਸਰੇ ਡੰਗ ਬਾਰੇ ਯਕੀਨ ਨਹੀਂ ਹੁੰਦਾ। ਆਮ ਲੋਕ ਆਪਣੇ ਢਿੱਡ ਦਾ ਰੋਣਾ ਰੋ ਕੇ ਪੂੰਜੀਪਤੀਆਂ ਵਾਲੇ ਭਾਰਤ ਦੀ ਦਿੱਖ ਖਰਾਬ ਨਾ ਕਰਨ, ਇਸ ਲਈ ਮੀਡੀਏ ਵਿਚਲੇ ਪੂੰਜੀ-ਭਗਤ ਇਹ ਦੱਸਣ ਲੱਗੇ ਰਹਿੰਦੇ ਹਨ ਕਿ ਫਲਾਣੇ ਐਕਟਰ ਦੀ ਇੱਕ ਸਾਲ ਦੀ ਕਮਾਈ ਐਨੇ ਕਰੋੜ ਹੁੰਦੀ ਹੈ।

ਦੂਸਰਾ ਪੱਖ ਵਿਕਾਸ ਦਾ ਹੈ। ਇਸ ਮਾਮਲੇ ਵਿੱਚ ਦੇਸ਼ ਦੀ ਰਾਜਧਾਨੀ ਦਿੱਲੀ ਜਾਂ ਪੈਸੇ-ਟਕੇ ਦੀ ਰਾਜਧਾਨੀ ਮੁੰਬਈ ਦਾ ਇੱਕ ਗੇੜਾ ਪੂਰੀ ਤਰ੍ਹਾਂ ਲਾ ਲਿਆ ਜਾਵੇ ਤਾਂ ਹਕੀਕਤ ਨਜ਼ਰ ਆ ਜਾਂਦੀ ਹੈ। ਓਥੇ ਅਸਮਾਨ ਛੂੰਹਦੀਆਂ ਮਹਾਨ ਭਾਰਤ ਦੀ ਦਿੱਖ ਪੇਸ਼ ਕਰਦੀਆਂ ਇਮਾਰਤਾਂ ਵੀ ਹਨ, ਸਿਰਫ ਇੱਕ ਰਾਤ ਦਾ ਦਸ ਲੱਖ ਰੁਪਏ ਜਾਂ ਉਸ ਤੋਂ ਵੱਧ ਕਿਰਾਇਆ ਲੈਣ ਵਾਲੇ ਆਲੀਸ਼ਾਨ ਹੋਟਲ ਵੀ ਹਨ, ਪਰ ਇਨ੍ਹਾਂ ਦੋਵਾਂ ਵੱਡੇ ਸ਼ਾਨਾਂ ਵਾਲੇ ਸ਼ਹਿਰਾਂ ਵਿੱਚ ਝੁੱਗੀਆਂ-ਝੌਂਪੜੀਆਂ ਦੀਆਂ ਕਤਾਰਾਂ ਵੀ ਮੁੱਕਣ ਵਿੱਚ ਨਹੀਂ ਆਉਂਦੀਆਂ। ਪੁਰਾਣੇ ਭਾਰਤ ਵਿੱਚ ਇੱਕ ਰਾਜ ਕੁਮਾਰ ਨੇ ਜਦੋਂ ਮਹਿਲ ਤੋਂ ਬਾਹਰ ਨਿਕਲਣਾ ਅਤੇ ਕਿਸੇ ਪਾਸੇ ਜਾਣਾ ਹੁੰਦਾ ਸੀ ਤਾਂ ਉਸ ਦੇ ਬਾਪ ਰਾਜੇ ਦਾ ਹੁਕਮ ਸੀ ਕਿ ਕੋਈ ਗਰੀਬ ਜਾਂ ਤਰਸ ਦਾ ਪਾਤਰ ਮਨੁੱਖ ਉਸ ਨੂੰ ਨਜ਼ਰ ਨਹੀਂ ਆਉਣਾ ਚਾਹੀਦਾ, ਤਾਂ ਕਿ ਉਸ ਦਾ ਮਨ ਖਰਾਬ ਨਾ ਹੋਵੇ। ਜਿਸ ਦਿਨ ਇਹੋ ਜਿਹੇ ਹਾਲਾਤ ਦਾ ਸਾਹਮਣਾ ਹੋ ਗਿਆ, ਉਹ ਰਾਜ ਕੁਮਾਰ ਮਹਿਲ ਛੱਡ ਕੇ ਜੰਗਲਾਂ ਨੂੰ ਤੁਰ ਗਿਆ ਸੀ। ਡੋਨਾਲਡ ਟਰੰਪ ਤੇ ਉਹਦੇ ਵਰਗਿਆਂ ਤੋਂ ਏਦਾਂ ਦੀ ਆਸ ਨਹੀਂ ਕਿ ਮਹਿਲਾਂ ਦਾ ਸੁੱਖ ਛੱਡ ਕੇ ਜੰਗਲਾਂ ਨੂੰ ਤੁਰ ਜਾਣਗੇ, ਫਿਰ ਵੀ ਜਦੋਂ ਉਹੋ ਜਿਹੇ ਵੱਡੇ ਲੋਕ ਭਾਰਤ ਆਉਂਦੇ ਹਨ ਤਾਂ ਭਾਰਤ ਦੇ ਗਰੀਬੀ ਭੁਗਤਦੇ ਲੋਕ ਅਤੇ ਉਨ੍ਹਾਂ ਲੋਕਾਂ ਦੇ ਰੈਣ-ਬਸੇਰੇ ਇਹੋ ਜਿਹੇ ਪ੍ਰਮੁੱਖ ਲੋਕਾਂ ਤੋਂ ਛੁਪਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਣੇ ਸਾਰੇ ਟੱਬਰ ਸਣੇ ਡੋਨਾਲਡ ਟਰੰਪ ਜਦੋਂ ਗੁਜਰਾਤ ਵਿੱਚ ਆਇਆ ਤਾਂ ਉਸ ਨੇ ਹਵਾਈ ਅੱਡੇ ਉੱਤੇ ਉੱਤਰਨ ਪਿੱਛੋਂ ਜਿਸ ਸੜਕ ਤੋਂ ਲੰਘ ਕੇ ਸ਼ਹਿਰ ਵਿੱਚ ਆਉਣਾ ਸੀ, ਉਸ ਸੜਕ ਉਤਲੇ ਲੋਕਾਂ ਦੀ ਹਾਲਾਤ ਦੱਸਦੀਆਂ ਝੁੱਗੀਆਂ-ਝੌਂਪੜੀਆਂ ਨੂੰ ਓਹਲਾ ਕਰਨ ਲਈ ਪੋਲੀਥੀਨ ਦੀ ਕਾਫੀ ਉੱਚੀ ਚਾਦਰ ਰਾਤੋ-ਰਾਤ ਬਣਾ ਦਿੱਤੀ ਗਈ ਅਤੇ ਸਿਰਫ ਉਹੋ ਕੁਝ ਦਿੱਸਣ ਜੋਗਾ ਰਹਿਣ ਦਿੱਤਾ ਸੀ, ਜਿਹੜਾ 'ਗੁਜਰਾਤ ਮਾਡਲ' ਦੀ ਤਰੱਕੀ ਦੱਸਦਾ ਸੀ।

ਔਰਤ-ਮਰਦ ਬਰਾਬਰੀ ਦਾ ਦਾਅਵਾ ਇਸ ਅੱਜ ਦੇ ਭਾਰਤ ਵਿੱਚ ਬਹੁਤ ਕੀਤਾ ਜਾਂਦਾ ਹੈ। ਦੇਸ਼ ਦੀ ਰਾਸ਼ਟਰਪਤੀ ਅੱਜਕੱਲ੍ਹ ਫਿਰ ਇੱਕ ਔਰਤ ਹੈ, ਇੱਕ ਪਹਿਲਾਂ ਵੀ ਇਸ ਅਹੁਦੇ ਉੱਤੇ ਚੁਣੀ ਜਾ ਚੁੱਕੀ ਹੈ, ਪਰ ਦੇਸ਼ ਦੀ ਹਰ ਔਰਤ ਦੀ ਹਾਲਤ ਨਾ ਓਦੋਂ ਸੁਧਰੀ ਸੀ, ਨਾ ਅੱਜ ਤੱਕ ਸੁਧਰ ਸਕੀ ਹੈ। ਏਸੇ ਹਫਤੇ ਇੱਕ ਖਬਰ ਆਈ ਸੀ ਕਿ ਦੇਸ਼ ਦੇ ਐਨ ਅੱਧ ਵਿੱਚ ਪੈਂਦੇ ਇੱਕ ਇਲਾਕੇ ਵਿੱਚ ਕਿਸੇ ਪਿੰਡ ਵਿੱਚ ਮੋਹਤਬਰਾਂ ਦੀ ਹਾਜ਼ਰੀ ਵਿੱਚ ਔਰਤਾਂ ਦੀ ਬੋਲੀ ਲਾਈ ਗਈ ਅਤੇ ਇਸ ਨੂੰ ਪ੍ਰੰਪਰਾ ਕਹਿ ਕੇ ਜਾਇਜ਼ ਠਹਿਰਾਇਆ ਗਿਆ ਹੈ। ਜੰਮਦੀਆਂ ਧੀਆਂ ਨੂੰ ਮਾਰ ਦੇਣ ਦਾ ਰਿਵਾਜ ਭਾਰਤ ਵਿੱਚ ਪੁਰਾਤਨ ਯੁੱਗਾਂ ਤੋਂ ਚੱਲਦਾ ਸੀ, ਵਿਗਿਆਨ ਦੀ ਤਰੱਕੀ ਨਾਲ ਜਦੋਂ ਪੇਟ ਵਿੱਚ ਮੁੰਡਾ ਜਾਂ ਕੁੜੀ ਹੋਣ ਦਾ ਪਤਾ ਲੱਗਣ ਦੀ ਤਕਨੀਕ ਲੱਭ ਪਈ ਤਾਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰ ਦੇਣ ਦਾ ਨਵਾਂ ਰੁਝਾਨ ਚੱਲ ਪਿਆ। ਵਾਅਦੇ ਅਤੇ ਦਾਅਵੇ ਸਰਕਾਰਾਂ ਨੇ ਕਈ ਵਾਰੀ ਜ਼ੋਰ-ਸ਼ੋਰ ਨਾਲ ਕੀਤੇ ਕਿ ਏਦਾਂ ਨਹੀਂ ਹੋਣ ਦਿੱਤਾ ਜਾਵੇਗਾ, ਪਰ ਇਹ ਰੁਝਾਨ ਅੱਜ ਵੀ ਜਾਰੀ ਹੈ। ਭਾਰਤ ਦੇ ਪਛੜੇ ਇਲਾਕਿਆਂ ਵਿੱਚ ਜੰਮਦੇ ਸਾਰ ਧੀਆਂ ਮਾਰਨ ਦੀ ਬਿਮਾਰੀ ਰੁਕਦੀ ਨਹੀਂ ਅਤੇ ਵਿਕਸਤ ਇਲਾਕਿਆਂ ਅੰਦਰ ਜੰਮਣ ਤੋਂ ਪਹਿਲਾਂ ਮਾਰ ਦੇਣ ਦਾ ਰੁਝਾਨ ਰੋਕਿਆ ਨਹੀਂ ਜਾ ਸਕਿਆ। ਇਹ ਵੀ ਇੱਕ ਤਸਵੀਰ ਹੈ ਇਸ ਭਾਰਤ ਦੀ।

ਇੱਕ ਨਵਾਂ ਰੁਝਾਨ ਅੱਜਕੱਲ੍ਹ ਮਾਇਆਧਾਰੀਆਂ ਵੱਲੋਂ ਪਾਪ ਕਰਨ ਤੇ ਗਰੀਬੜੇ ਲੋਕਾਂ ਸਿਰ ਥੋਪਣ ਦਾ ਚੱਲ ਪਿਆ ਹੈ। ਮਹਾਰਾਸ਼ਟਰ ਦੇ ਪੁਣੇ ਸ਼ਹਿਰ ਦੇ ਇੱਕ ਵਿਕਸਤ ਇਲਾਕੇ ਵਿੱਚ ਅਮੀਰ ਖਾਨਦਾਨ ਦਾ ਵਿਗੜਿਆ ਛੋਕਰਾ ਜਦੋਂ ਕਿਸੇ ਪੱਬ ਵਿੱਚੋਂ ਸ਼ਰਾਬ ਨਾਲ ਟੁੰਨ ਹੋ ਕੇ ਨਿਕਲਿਆ ਤਾਂ ਰਾਹ ਵਿੱਚ ਜਾਨ-ਲੇਵਾ ਹਾਦਸਾ ਕਰ ਬੈਠਾ। ਸੀ ਸੀ ਟੀ ਵੀ ਫੁਟੇਜ਼ ਦੇ ਬਾਵਜੂਦ ਅਗਲੇ ਦਿਨ ਉਸ ਨੂੰ ਇਹ ਕਹਿ ਕੇ ਬਚਾਉਣ ਦੇ ਯਤਨ ਸ਼ੁਰੂ ਹੋ ਗਏ ਕਿ ਕਾਕਾ ਤਾਂ ਗੱਡੀ ਵਿੱਚ ਹੀ ਨਹੀਂ ਸੀ, ਡਰਾਈਵਰ ਤੋਂ ਹਾਦਸਾ ਹੋਇਆ ਹੈ। ਡਰਾਈਵਰ ਵੀ ਆਪਣੇ ਸਿਰ ਹਾਦਸੇ ਦਾ ਦੋਸ਼ ਲੈਣ ਲੱਗ ਪਿਆ ਸੀ, ਪਰ ਸ਼ਹਿਰ ਦੇ ਮੱਧ ਵਰਗ ਦੇ ਲੋਕ ਭੜਕ ਪਏ ਤਾਂ ਸਾਰੀ ਕਹਾਣੀ ਨਾ ਸਿਰਫ ਬਾਹਰ ਆ ਗਈ, ਸਗੋਂ ਪੁਲਸ ਨੂੰ ਵਿਗੜਿਆ ਛੋਕਰਾ ਵੀ ਗ੍ਰਿਫਤਾਰ ਕਰਨਾ ਪਿਆ, ਉਸ ਦਾ ਦੋਸ਼ ਆਪਣੇ ਸਿਰ ਲੈਣ ਵਾਸਤੇ ਡਰਾਈਵਰ ਨੂੰ ਲਾਲਚ ਦੇ ਕੇ ਮਨਾਉਣ ਵਾਲਾ ਦਾਦਾ ਵੀ ਫੜਨਾ ਪਿਆ, ਪਰ ਇਹ ਇਸ ਤਰ੍ਹਾਂ ਦਾ ਇਕਲੌਤਾ ਕੇਸ ਨਹੀਂ। ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਕਰੋੜਾਂ ਦੀ ਕੀਮਤ ਵਾਲੀਆਂ ਮਹਿੰਗੀਆਂ ਕਾਰਾਂ ਜਿਹੜੇ ਘਰੀਂ ਆਣ ਪਹੁੰਚੀਆਂ ਹਨ, ਉਨ੍ਹਾਂ ਦੇ ਕਾਕਿਆਂ ਦਾ ਇਹ ਆਮ ਰੁਝਾਨ ਹੈ ਕਿ ਬਾਕੀ ਲੋਕਾਂ ਨੂੰ ਕੀੜੇ-ਮਕੌੜੇ ਸਮਝਦੇ ਹਨ ਅਤੇ ਦਰਮਿਆਨੇ ਸ਼ਹਿਰਾਂ ਵਿੱਚ ਏਦਾਂ ਦੇ ਗਲਤ ਕੰਮ ਤੀਹ-ਚਾਲੀ ਲੱਖ ਰੁਪਏ ਦੀ ਨਵੀਂ ਕਾਰ ਖਰੀਦਣ ਵਾਲੇ ਘਰਾਣਿਆਂ ਦੇ ਕਾਕੇ ਕਰਦੇ ਫਿਰਦੇ ਹਨ। ਤੀਹ ਕੁ ਸਾਲ ਪਹਿਲਾਂ ਭਾਰਤ ਦੀ ਰਾਜਧਾਨੀ ਦਿੱਲੀ ਦੇ ਇੱਕ ਆਲੀਸ਼ਾਨ ਰੈਸਟੋਰੈਂਟ ਵਿੱਚ ਅੱਧੀ ਰਾਤ ਵੇਲੇ ਇੱਕ ਛੋਕਰੇ ਨੇ ਸ਼ਰਾਬ ਮੰਗੀ ਤਾਂ ਅੱਗੇ ਕਾਊਂਟਰ ਉੱਤੇ ਖੜੋਤੀ ਲੜਕੀ ਨੇ ਦੱਸਿਆ ਕਿ ਸਮਾਂ ਹੱਦ ਟੱਪ ਚੁੱਕੀ ਹੈ, ਸ਼ਰਾਬ ਨਹੀਂ ਮਿਲ ਸਕਦੀ। ਉਸ ਅਮੀਰਜ਼ਾਦੇ ਨੇ ਕੁੜੀ ਦੇ ਮੱਥੇ ਉੱਤੇ ਪਿਸਤੌਲ ਦੀ ਨਾਲੀ ਰੱਖ ਕੇ ਗੋਲੀ ਮਾਰੀ ਅਤੇ ਉਸ ਦਾ ਕਤਲ ਕਰ ਕੇ ਨਿਕਲ ਗਿਆ। ਫਿਰ ਉਸ ਮੁੰਡੇ ਬਾਰੇ ਪਤਾ ਲੱਗਾ ਕਿ ਮੌਕੇ ਦੇ ਰਾਸ਼ਟਰਪਤੀ ਦਾ ਦੋਹਤਾ ਸੀ, ਜਿਸ ਦਾ ਬਾਪ ਆਪਣੇ ਰਾਜ ਦਾ ਮੰਤਰੀ ਸੀ। ਭਾਰਤ ਦੇ ਹਰ ਕੋਨੇ ਵਿੱਚ ਉਸ ਕੇਸ ਦੀ ਗੂੰਜ ਪਈ, ਪਰ ਉਸ ਤੋਂ ਬਾਅਦ ਵੀ ਅਮੀਰਾਂ ਦੇ ਛੋਕਰੇ ਆਮ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਜਾਂ ਆਪਣੀ ਗੱਡੀ ਹੇਠਾਂ ਕੁਚਲ ਦੇਣ ਦੀਆਂ ਹਰਕਤਾਂ ਤੋਂ ਕਦੇ ਬਾਜ਼ ਨਹੀਂ ਆਏ। ਇੱਕ ਭਾਰਤ ਅੰਦਰ ਕਿੰਨੇ ਕੁ ਭਾਰਤ ਵੱਸਦੇ ਹਨ, ਕੁਚਲ ਦੇਣ ਵਾਲਿਆਂ ਦਾ ਭਾਰਤ ਵੀ ਅਤੇ ਕੁਚਲੇ ਜਾਣ ਵਾਲਿਆਂ ਦਾ ਵੀ, ਏਥੋਂ ਪਤਾ ਲੱਗਦਾ ਹੈ।

ਅੱਜਕੱਲ੍ਹ ਇਸ ਭਾਰਤ ਨੂੰ 'ਇੱਕ ਸਮਾਨ ਭਾਰਤ' ਦਾ ਰੂਪ ਦੇਣ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਜਿਸ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ ਦੇ ਆਗੂ ਏਦਾਂ ਦੀਆਂ ਗੱਲਾਂ ਕਰਦੇ ਅਤੇ ਆਸ ਕਰਦੇ ਹਨ ਕਿ ਅਸੀਂ ਯਕੀਨ ਕਰ ਲਈਏ, ਆਪਣੇ ਨਾਲ ਵਿਰੋਧਤਾ ਵਾਲੇ ਰਾਜਾਂ ਦੀ ਹਰ ਗੱਲ ਮੁੱਦਾ ਬਣਾ ਤੁਰਦੇ ਹਨ, ਪਰ ਭਾਰਤ ਦਾ ਮਨੀਪੁਰ ਰਾਜ ਪਿਛਲੇ ਸਾਲ ਤੋਂ ਸੜਦਾ ਪਿਆ ਹੈ, ਕਿੰਨਾ ਅਨਰਥ ਓਥੇ ਹੋ ਚੁੱਕਾ ਹੈ, ਉਸ ਦੀ ਉਹ ਗੱਲ ਹੀ ਨਹੀਂ ਕਰਦੇ। ਰਾਜਨੀਤੀ ਦੇ ਧਨੰਤਰ ਆਪਣੀ ਸੌਖ ਮੁਤਾਬਕ ਤੇ ਆਪਣੀ ਲੋੜ ਮੁਤਾਬਕ ਮੁੱਦਿਆਂ ਦੀ ਚੋਣ ਇਸ ਢੰਗ ਨਾਲ ਕਰਦੇ ਹਨ ਕਿ ਭਾਰਤ ਦੇ ਅੰਦਰ ਵੱਸਦੇ ਕਿੰਨੇ ਸਾਰੇ ਭਾਰਤਾਂ ਵਿੱਚੋਂ ਉਨ੍ਹਾਂ ਦਾ ਭਾਰਤ ਵੀ ਵੱਖਰਾ ਦਿੱਸ ਪੈਂਦਾ ਹੈ ਤੇ ਨਿਖੇੜਿਆ ਹੋਇਆ ਭਾਰਤ ਵੀ ਵੱਖਰਾ ਅਤੇ ਰੁਲਿਆ ਪਿਆ ਦਿੱਸਣ ਤੋਂ ਨਹੀਂ ਰਹਿੰਦਾ। ਇਹ ਵੀ ਸਾਡੇ ਸਮਿਆਂ ਵਿੱਚ ਹੋ ਰਿਹਾ ਹੈ। ਇਸ ਤੋਂ ਬਾਅਦ ਹੋਰ ਕਿੰਨੇ ਕੁ ਭਾਰਤ ਇਸ ਅਜੋਕੇ ਭਾਰਤ ਦੇ ਅੰਦਰ ਪੈਦਾ ਹੋਣਗੇ ਜਾਂ ਪੈਦਾ ਕੀਤੇ ਜਾਣਗੇ, ਇਸ ਦਾ ਅੰਦਾਜ਼ਾ ਲਾ ਸਕਣਾ ਵੀ ਔਖਾ ਹੈ, ਸਿਰਫ ਇਹੋ ਕਿਹਾ ਜਾ ਸਕਦਾ ਹੈ ਕਿ ਜਿਹੜੇ ਸੁਫਨੇ ਇਸ ਭਾਰਤ ਦੇ ਵੱਖ-ਵੱਖ ਵੰਨਗੀਆਂ ਦੇ ਲੋਕਾਂ ਸਾਹਮਣੇ ਪਰੋਸੇ ਜਾਂਦੇ ਹਨ, ਉਹ ਸਾਰੇ ਆਮ ਲੋਕਾਂ ਲਈ ਨਹੀਂ ਹੁੰਦੇ। ਸੁਫਨੇ ਪਰੋਸਣ ਵਾਲਿਆਂ ਨੂੰ ਅਗੇਤਾ ਇਹ ਖਿਆਲ ਹੁੰਦਾ ਹੈ ਕਿ ਫਲਾਣਾ ਦਾਅਵਾ ਸਿਰਫ ਸੁਫਨਾ ਵਿਖਾਉਣ ਲਈ ਹੈ ਅਤੇ ਫਲਾਣਾ ਅਮਲ ਵਿੱਚ ਲਾਗੂ ਕਰਨ ਲਈ ਤੇ ਇਹ ਵੀ ਪਤਾ ਹੁੰਦਾ ਹੈ ਕਿ ਫਲਾਣਾ ਦਾਅਵਾ ਫਲਾਣੇ ਭਾਰਤ ਦੇ ਲੋਕਾਂ ਲਈ ਹੈ ਅਤੇ ਫਲਾਣਾ ਫਲਾਣੇ ਭਾਰਤ ਵਾਲਿਆਂ ਲਈ।

# ਲੱਡੂ ਦਾ ਅਜੋਕਾ ਰੌਲਾ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਡਾਰਵਿਨ ਮੁਤਾਬਕ ਜਦ ਮਨੁੱਖ ਵੱਖ-ਵੱਖ ਸਟੇਜਾਂ ਵਿੱਚੋਂ ਲੰਘਦਾ ਹੋਇਆ ਜੰਗਲੀ ਜੂਲਾ ਲਾਹ ਕੇ ਸੱਭਿਆ ਯੁੱਗ ਵਿੱਚ ਪਹੁੰਚਣ ਤੋਂ ਬਾਅਦ ਹੌਲੇ-ਹੌਲੇ ਅੱਜ ਤੱਕ ਦੇ ਯੁੱਗ ਦੇ ਸ਼ੁਰੂਆਤ ਵਿੱਚ ਪ੍ਰਵੇਸ਼ ਹੋਇਆ ਹੋਵੇਗਾ ਤਾਂ ਸੱਭਿਆ ਹੋਣ 'ਤੇ ਜੋ ਉਸ ਨੇ ਪਹਿਲੀਆਂ ਮਿਠਾਈਆਂ ਦਾ ਨਿਰਮਾਣ ਕੀਤਾ ਹੋਵੇਗਾ ਤਾਂ ਜ਼ਰੂਰੀ ਹੈ ਕਿ ਉਨ੍ਹਾਂ ਵਿੱਚੋਂ ਜ਼ਿਆਦਾ ਨਾਮਣਾ ਖੱਟਣ ਵਾਲੀ ਮਠਿਆਈ ਵਿੱਚੋਂ ਲੱਡੂ ਵੀ ਇੱਕ ਹੋਵੇਗਾ। ਅਸੀਂ ਵੀ ਉਮਰ ਦੇ ਦੋ ਜੁੜਵੇਂ ਸੱਤੇ ਲੱਗਭੱਗ ਪੂਰੇ ਕਰਨ ਵਾਲੇ ਹਾਂ। ਅਸੀਂ ਆਪਣੀ ਉਮਰ ਦੇ ਸ਼ੁਰੂ ਵਿੱਚ ਉਹ ਲੱਡੂ ਵੀ ਮਹੀਨਿਆਂਬੱਧੀ ਸਵੇਰ ਨੂੰ ਖਾਂਦੇ ਰਹੇ, ਜੋ ਵੱਟਿਆਂ ਵਾਂਗ ਸਖ਼ਤ ਲੰਮੇਰੀ ਉਮਰ ਭੋਗਦੇ ਸਨ। ਕਾਰਨ ਸਿਰਫ਼ ਉਨ੍ਹਾਂ ਵਿੱਚ ਸ਼ੁਧਤਾ ਹੁੰਦੀ ਸੀ। ਜਿਹੜੇ ਮਠਿਆਈ ਦੇ ਰੂਪ ਵਿੱਚ ਵੱਖ-ਵੱਖ ਤਿਉਹਾਰਾਂ ਸਮੇਂ ਘਰ ਦੀਆਂ ਮਾਵਾਂ-ਦਾਦੀਆਂ, ਭੈਣਾਂ, ਭਰਜਾਈਆਂ ਵੱਲੋਂ ਰਲ ਕੇ ਤਿਆਰ ਕੀਤੇ ਜਾਂਦੇ ਸਨ।

ਅਗਰ ਲੱਡੂਆਂ ਦੀ ਗੱਲ ਕਰੀਏ ਤਾਂ ਇਹ ਘਰ ਦੇ ਛੋਲਿਆਂ ਨੂੰ ਪੀਸ ਕੇ ਸ਼ੁਧ ਵੇਸਣ, ਸ਼ੁਧ ਘਿਓ ਅਤੇ ਸ਼ੁੱਧ ਮਿੱਠੇ ਤੋਂ ਰਾੜ੍ਹ ਕੇ ਬਣਾਏ ਜਾਂਦੇ ਸਨ। ਜਿਹੜੇ ਆਪਣੀ ਸ਼ੁਧਤਾ ਅਤੇ ਅਨੋਖਾ ਸਵਾਦ ਕਰਕੇ ਜਾਣੇ ਜਾਂਦੇ ਸਨ, ਪਰ ਸਮੇਂ ਦੀ ਤਬਦੀਲੀ ਦੇ ਨਾਲ-ਨਾਲ ਲੱਡੂਆਂ ਦਾ ਕੰਮ ਘਰਾਂ 'ਚੋਂ ਹਟ ਕੇ ਹਲਵਾਈਆਂ ਦੇ ਹਵਾਲੇ ਹੋ ਗਿਆ। ਜਿਹੜਾ ਅੱਜ ਦੇ ਦਿਨ ਹਰੇਕ ਹਲਵਾਈ ਦੀ ਦੁਕਾਨ ਦੇ ਸ਼ਿੰਗਾਰ ਬਣੇ ਹੋਏ ਹਨ। ਉਹ ਕਈ ਰੂਪਾਂ ਵਿੱਚ ਮਿਲ ਰਹੇ ਹਨ। ਛੋਟੇ ਲੱਡੂ, ਵੱਡੇ ਲੱਡੂ, ਬੂੰਦੀ ਵਾਲੇ ਲੱਡੂ ਅਤੇ ਵੇਸਣ ਵਾਲੇ ਲੱਡੂ, ਇਥੋਂ ਤੱਕ ਕਿ ਘਰ ਵਾਲੇ ਲੱਡੂ ਜਾਂ ਵੰਡਣ ਵਾਲੇ ਲੱਡੂ ਕਈ ਵਾਰ ਇਹ ਚਾਂਦੀ ਦੇ ਵਰਕਾਂ ਵਿੱਚ ਉਪਲੱਬਧ ਹੁੰਦੇ ਹਨ। ਘਰ ਖਾਣ ਲਈ ਹੋਰ ਹੁੰਦੇ ਹਨ, ਪਰ ਵਿਆਹ-ਸ਼ਾਦੀਆਂ ਲਈ ਹੋਰ ਹੁੰਦੇ ਹਨ। ਇਹ ਕਿੰਨੇ ਸ਼ੁਧ ਹੁੰਦੇ ਹਨ, ਇਹ ਬਣਾਉਣ ਵਾਲਿਆ ਦੇ ਧਰਮ 'ਤੇ ਨਿਰਭਰ ਕਰਦੇ ਹਨ। ਉਂਜ ਧਰਮ ਦਾ ਅੱਜਕੱਲ੍ਹ ਵਪਾਰੀ ਕਰਨ ਹੋ ਚੁੱਕਾ ਹੈ। ਆਪਣਾ ਮਾਲ ਵੇਚਣ ਦੀ ਖਾਤਰ (ਸਭ ਨਹੀਂ) ਉਹ ਨਾ ਚਾਹੁੰਦੇ ਹੋਏ ਵੀ ਤਿਲਕ ਤੋਂ ਲੈ ਕੇ ਬੋਦੀ ਰੱਖਦੇ ਹਨ। ਧਰਮੀ ਦਿਖ ਲਈ ਉਹ ਹਰ ਤਰ੍ਹਾਂ ਦਾ ਧਰਮੀ ਮੇਕ-ਅੱਪ ਸਵੇਰੇ-ਸਵੇਰੇ ਹੀ ਕਰ ਲੈਂਦੇ ਹਨ। ਇਹ ਸਭ ਇਸ ਕਰਕੇ ਕਰ ਲੈਂਦੇ ਹਨ ਕਿ ਭੋਲੀ-ਭਾਲੀ ਜਨਤਾ ਉਨ੍ਹਾਂ ਦੇ ਪਹਿਰਾਵੇ ਤੋਂ ਲੈ ਕੇ ਬੋਲ-ਬਾਣੀ ਉਪਰ ਪੂਰਾ ਭਰੋਸਾ ਕਰੇ, ਤਾਂ ਕਿ ਅਜਿਹੇ ਲੋਕ ਵੱਧ ਤੋਂ ਵੱਧ ਆਪਣਾ ਮੁਨਾਫ਼ਾ ਕਾਇਮ ਰੱਖ ਸਕਣ।

ਅਗਰ ਪਾਠਕ ਥੋੜ੍ਹਾ ਜਿਹਾ ਪਿਛੋਕੜ ਵੱਲ ਧਿਆਨ ਮਾਰਨ ਤਾਂ ਉਨ੍ਹਾਂ ਨੂੰ ਝੱਟ ਯਾਦ ਆ ਜਾਵੇਗਾ ਕਿ ਅਖੌਤੀ ਹਿੰਦੂਆਂ ਅਤੇ ਅੰਧ-ਭਗਤਾਂ ਨੇ ਸਨਾਤਨ ਬਾਰੇ ਜਾਂ ਸਨਾਤਨ ਧਰਮ ਬਾਰੇ ਕਿਵੇਂ ਕਿੱਲ-ਕਿੱਲ ਕੇ ਆਪਣੇ ਆਪ ਨੂੰ ਸ਼ੁੱਧ ਸਨਾਤਨੀ ਦੱਸਿਆ ਸੀ। ਬਾਕੀਆਂ 'ਤੇ ਸਨਾਤਨ ਵਿਰੋਧੀ ਹੋਣ ਦਾ ਡਟ ਕੇ ਦੋਸ਼ ਲਾਉਂਦੇ ਰਹੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੇਸ਼ ਇਕ ਬਹੁ-ਧਰਮੀ ਦੇਸ਼ ਹੋਣ ਦੇ ਬਾਵਜੂਦ ਇਕ ਹਿੰਦੂ ਬਹੁ-ਧਰਮੀ ਹੈ, ਜਿਹੜੇ ਬਿਨਾਂ ਸ਼ੱਕ ਅੱਜਕੱਲ੍ਹ ਸਰਕਾਰ ਚਲਾਉਣ ਵਿੱਚ ਹਿੱਸੇਦਾਰ ਹਨ। ਅਜਿਹੇ ਲੋਕ ਬਹੁ-ਰੂਪੀਏ ਹੋਣ ਕਰਕੇ ਹਰ ਚੰਗੇ ਤੋਂ ਚੰਗੇ ਅਤੇ ਮਾੜੇ ਤੋਂ ਮਾੜੇ ਕੰਮਕਾਰ ਚਲਾ ਰਹੇ ਹਨ ਜਾਂ ਉਨ੍ਹਾਂ ਦੇ ਹਿੱਸੇਦਾਰ ਬਣੇ ਹੋਏ ਹਨ। ਹੋਰ ਤਾਂ ਹੋਰ ਅੱਜ ਦੇ ਦਿਨ ਇਹ ਪਵਿੱਤਰ ਹਿੰਦੂ ਦੁਨੀਆ ਭਰ ਵਿੱਚ ਮੀਟ (ਮਾਸ) ਵੇਚਣ ਵਿੱਚ ਤੀਜੇ ਨੰਬਰ 'ਤੇ ਆਉਂਦੇ ਹਨ। ਅਜਿਹੇ ਠੇਕੇਦਾਰ ਸ਼ੁਧ ਹਿੰਦੂ ਹਨ। ਇਨ੍ਹਾਂ ਹਿੰਦੂਆਂ ਵਿੱਚ ਉਹ ਬ੍ਰਾਹਮਣ ਵੀ ਸ਼ਾਮਲ ਹੈ, ਜਿਹੜਾ ਸਭ ਜਾਤਾਂ ਅਤੇ ਧਰਮਾਂ ਨਾਲੋਂ ਆਪਣੇ-ਆਪ ਨੂੰ ਸ਼ੁਧ ਮੰਨਦਾ ਹੈ। ਲੱਗਭੱਗ 95 ਪ੍ਰਤੀਸ਼ਤ ਮੰਦਰਾਂ ਵਿੱਚ ਮੁੱਖ ਪੁਜਾਰੀ ਇਹ ਬ੍ਰਾਹਮਣ, ਪੰਡਤ ਹੀ ਹਨ।

ਇਸ ਬੀਤੇ ਹਫ਼ਤੇ ਵਿੱਚ ਜਿੰਨੇ ਇਹ ਪੁਜਾਰੀ, ਭਗਤ ਵੱਡੇ ਤੇ ਵੱਡੇ ਨਾਮੀ ਮੰਦਰ ਚਲਾ ਰਹੇ ਹਨ, ਜਿਨ੍ਹਾਂ ਵਿੱਚ ਲੱਖਾਂ ਮਣ ਸ਼ੁੱਧ ਲੱਡੂ ਬਣਨ ਬਾਅਦ ਭਗਤਾਂ ਨੂੰ ਚੜਾਵੇ ਬਦਲੇ ਮੁੱਲ ਪ੍ਰਸ਼ਾਦ ਦਿੱਤਾ ਜਾਂਦਾ ਸੀ, ਜਿਸ ਨੂੰ ਸਭ ਸ਼ਰਧਾਲੂ ਅਥਾਹ ਸ਼ਰਧਾ ਕਰਕੇ ਖਾਂਦੇ ਆ ਰਹੇ ਸਨ। ਜਿਨ੍ਹਾਂ ਦੀ ਆਸਥਾ 'ਤੇ ਇੱਕ ਦਿਨ ਲੱਡੂ ਪ੍ਰਸ਼ਾਦ ਨੇ ਅਜਿਹੀ ਸੱਟ ਮਾਰੀ ਕਿ ਅਖੌਤੀ ਸਨਾਤਨੀਏ ਹੀ ਦਿਨੋਂ-ਦਿਨ ਭਗਵਾਨ ਦੇ ਲੱਡੂ ਨੂੰ ਨਵੇਂ-ਨਵੇਂ ਦੋਸ਼ਾਂ ਨਾਲ ਬਦਨਾਮ ਕਰ ਰਹੇ ਹਨ। ਤੂਫ਼ਾਨ ਦੀ ਤਰ੍ਹਾਂ ਦੂਸ਼ਣਬਾਜ਼ੀ ਹੋ ਰਹੀ ਹੈ। ਲੱਡੂਆ ਵਿੱਚ ਮਿਲਾਵਟ ਦੀ ਗੱਲ ਕਰੀਏ ਤਾਂ ਅੰਧ-ਭਗਤਾਂ ਅਤੇ ਅਖੌਤੀ ਸਨਾਤਨੀਆਂ ਮੁਤਾਬਕ ਇਸ ਭਗਵਾਨ ਦੇ ਲੱਡੂ ਵਿੱਚ ਸੂਰ ਦੀ ਚਰਬੀ ਤੋਂ ਲੈ ਕੇ ਮੱਛੀ ਦੇ ਤੇਲ ਤੱਕ, ਬਾਕੀ ਖੇਹ-ਸੁਆਹ ਤੋਂ ਲੈ ਕੇ ਤੰਬਾਕੂ ਤੱਕ ਲੱਡੂ ਭਗਵਾਨ ਵਿੱਚ ਮਿਲਾਵਟ ਹੈ। ਦੇਸੀ ਘਿਓ ਦੀ ਜਗ੍ਹਾ ਮਾੜੇ ਤੋਂ ਮਾੜੇ ਤੇਲ ਦੀ ਮਿਲਾਵਟ ਹੋਈ ਹੈ। ਕਈਆਂ ਦੀ ਆਸਥਾ ਜ਼ਖ਼ਮੀ ਹੋਈ ਹੈ। ਸ਼ਰਧਾਲੂਆਂ ਦਾ ਬਹੁਤਾ ਹਿੱਸਾ ਘੋਰ ਨਿਰਾਸਤਾ ਵਿੱਚ ਹੈ। ਕਹਿ ਰਹੇ ਹਨ ਕਿ ਅੱਜ ਦੇ ਸਮੇਂ ਕਿਸ 'ਤੇ ਯਕੀਨ ਕੀਤਾ ਜਾਵੇ? ਸਭ ਬੇਈਮਾਨ ਬਰਾਤੀ ਹਨ। ਪਿਛਲੇ ਜਿਹੇ ਜਦੋਂ ਸਿਆਸੀ ਪਾਰਟੀਆਂ ਦੁਆਰਾਂ ਅਮੀਰਾਂ ਅਤੇ ਕੰਪਨੀਆਂ ਤੋਂ ਚੰਦਾ ਲੈਣ ਦੀ ਸਮੁੱਚੀ ਕਹਾਣੀ ਦੇਸ਼ ਸਾਹਮਣੇ ਆਈ ਤਾਂ ਪਤਾ ਲੱਗਾ ਕਿ ਬੀੜ੍ਹ ਕੰਪਨੀਆਂ ਤੋਂ ਚੰਦਾ ਖਾਣ ਅਤੇ ਲੈਣ ਵਾਲੇ ਵੀ ਸ਼ੁੱਧ ਹਿੰਦੂ ਨਿਕਲੇ ਅਤੇ ਹੁੰਦੇ ਵੀ ਹਨ।

ਭਗਵਾਨ-ਭਗਵਾਨ ਕਰਕੇ ਜੋ ਵੱਖ-ਵੱਖ ਮੰਦਰ ਬਣਾ ਕੇ ਸਧਾਰਨ ਅਨਪੜ੍ਹ ਗਰੀਬਾਂ ਦਾ ਸਮੇਂ-ਸਮੇਂ ਸ਼ੋਸ਼ਣ ਕੀਤਾ ਜਾਂਦਾ ਹੈ, ਅਜਿਹੇ ਅਖੌਤੀ ਭਗਵਾਨਾਂ ਬਾਰੇ ਸਰਦਾਰ ਭਗਤ ਸਿੰਘ, ਜੋ ਆਪਣੀ ਉਮਰ ਦੇ ਸਾਢੇ ਤੇਈ ਸਾਲ ਪੂਰੇ ਕਰਨ ਤੋਂ ਚਾਰ ਦਿਨ ਪਹਿਲਾਂ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਝੂਲ ਗਿਆ ਸੀ, ਉਸ ਨੇ ਆਪਣੀ ਛੋਟੀ ਉਮਰੇ ਗਿਆਨ ਸਦਕਾ ਕਿਹਾ, "ਇਕ ਵਿਚਾਰ ਹੈ, ਇਕ ਕਲਪਨਾ ਹੈ, ਇਕ ਅਨੁਮਾਨ ਹੈ, ਇਕ ਪਰਿਕਲਪਨਾ ਹੈ, ਪਰ ਵਾਸਵਿਕਤਾ ਨਹੀਂ ਹੈ।"

ਪ੍ਰਧਾਨ ਮੰਤਰੀ ਜੀ ਦੇ ਲੰਗੋਟੀਏ ਯਾਰ, ਜਿਹੜੇ ਵਿਓਪਾਰੀ ਹਨ, ਜੋ ਜਨਤਾ ਦਾ ਵਿਸ਼ਵਾਸ ਜਿੱਤ ਕੇ ਸਭ ਸੌਦਾ ਵੇਚ ਰਹੇ ਹਨ। ਜਿਸ ਪਤੰਜਲੀ ਗਊ ਤੇ ਘਿਓ ਦਾ ਸੈਂਪਲ ਵੀ ਫੇਲ੍ਹ ਨਿਕਲਦਾ ਹੈ। ਜਿਹੜਾ ਕਈ ਵਾਰ ਸਿਖਰਲੀ ਅਦਾਲਤ ਦੇ ਕਹਿਣ 'ਤੇ ਵੀ ਜੁਰਮਾਨਾ ਭਰ ਚੁੱਕਾ ਹੈ, ਜਿਸ ਦੀ ਦਵਾਈ ਹਰ ਬਿਮਾਰੀ ਦੀ ਗਰੰਟੀ ਕਰਦੀ ਹੈ, ਪਰ ਆਪ ਆਪਣੇ ਗੋਡੇ ਦਾ ਅਪਰੇਸ਼ਨ ਕਰਾਉਣ ਲਈ ਆਪਣੇ ਨਾਨਕੀ ਅਮਰੀਕਾ ਭੱਜ ਜਾਂਦਾ ਹੈ।

ਲਿਖਦੇ-ਲਿਖਦੇ ਵਿਸ਼ਵ ਗੁਰੂ ਦੀ ਖ਼ਬਰ ਆ ਰਹੀ ਹੈ ਕਿ ਜਿਥੋਂ ਤਕ ਜੀਵਨ ਨਾਲ ਸੰਬੰਧਤ ਦਵਾਈਆ ਦੀ ਕਹਾਣੀ ਹੈ, ਉਸ ਬਾਰੇ ਇਕ ਰਿਪੋਰਟ ਮੁਤਾਬਕ ਸਣੇ ਪੈਰਾਸਿਟਾਮੋਲ ਦਵਾਈ ਦੇ ਕੁਲ ਪੈਂਤੀ ਦਵਾਈਆ ਦਾ ਸੈਂਪਲ ਫੇਲ੍ਹ ਹੋ ਗਿਆ ਹੈ। ਜਿਹੜਾ ਦੇਸ਼ ਵਿਸ਼ਵ ਦੀ ਪੰਜਵੀਂ ਸ਼ਕਤੀ ਬਣ ਰਿਹਾ ਹੈ, ਇਹ ਅਜਿਹਾ ਹਾਲ ਉਸ ਦੇਸ਼ ਦਾ ਹੈ। ਅਜਿਹੇ ਵਿੱਚ ਪ੍ਰਸ਼ਾਦੀ ਲੱਡੂ ਦੀ ਕੀ ਮਜ਼ਾਲ ਹੈ ਕਿ ਉਸ ਦੇ ਹੰਝੂ ਅਤੇ ਅੰਧ-ਭਗਤਾਂ ਦਾ ਰੌਲਾ ਅਸਲ ਦੋਸ਼ੀ ਜਨਤਾ ਸਾਹਮਣੇ ਨੰਗੇ ਹੋ ਸਕਣ ਅਤੇ ਸਜ਼ਾ ਦੇ ਭਾਗੀ ਬਣ ਸਕਣ। ਇਹ ਅਲੱਗ ਗੱਲ ਹੈ ਕਿ ਅਖੀਰ ਲੱਡੂ ਦੀ ਕੁਰਬਾਨੀ ਦੁਆ ਕੇ ਇਸ ਦੀ ਜਗ੍ਹਾ ਕਿਸੇ ਇਲਾਇਚੀ ਨੂੰ ਮਿਲ ਜਾਵੇ। ਕਾਰਨ 'ਮੋਦੀ ਹੈ ਤਾਂ ਸਭ ਮੁਮਕਿਨ ਹੈ।"

# ਸੰਪਰਕ : 98721-65741

# ਆਜ਼ਾਦੀ ਸੰਗਰਾਮ 'ਚ ਕਾਮਾਗਾਟਾਮਾਰੂ ਦੀ ਗੌਰਵਮਈ ਗਾਥਾ

**ਪਿਰਥੀਪਾਲ ਸਿੰਘ ਮਾੜੀਮੇਘਾ**

ਬਾਬਾ ਗੁਰਦਿੱਤ ਸਿੰਘ ਸਰਹਾਲੀ ਆਪਣੇ ਪਿਤਾ ਸਰਦਾਰ ਹੁਕਮ ਸਿੰਘ ਨਾਲ 12 ਸਾਲ ਦੀ ਉਮਰ ਵਿੱਚ ਰੁਜ਼ਗਾਰ ਲਈ ਮਲਾਇਆ ਚਲੇ ਗਏ। ਉਹ ਉਥੇ ਪੁਲਸ ਦੀ ਨੌਕਰੀ ਕਰਦੇ ਸਨ। ਗੁਰਦਿੱਤ ਸਿੰਘ ਜੀ 1913 ਵਿੱਚ ਸਿੰਘਾਪੁਰ ਗਏ ਤੇ ਉਥੇ ਏਸ਼ੀਆਈ ਲੋਕ ਕੈਨੇਡਾ ਜਾਣ ਲਈ ਐਜੀਟੇਸ਼ਨ ਕਰ ਰਹੇ ਸਨ। ਗੁਰਦਿੱਤ ਸਿੰਘ ਵੀ ਇਸ ਐਜੀਟੇਸ਼ਨ ਵਿੱਚ ਸ਼ਾਮਲ ਹੋ ਕੇ ਆਗੂ ਬਣ ਗਏ। ਲੋਕ ਇਨ੍ਹਾਂ ਨੂੰ ਉਥੇ 'ਬੰਗਾਲ ਦਾ ਕਪਤਾਨ' ਕਹਿੰਦੇ ਸਨ। ਗੁਰਦਿੱਤ ਸਿੰਘ 1914 ਵਿੱਚ ਹਾਂਗਕਾਂਗ ਗਏ ਤੇ ਉਥੇ ਕੋਈ ਵੀ ਜਹਾਜ਼ੀ ਕੰਪਨੀ ਹਿੰਦੀਆਂ ਨੂੰ ਕੈਨੇਡਾ ਨਹੀਂ ਸੀ ਲਿਜਾ ਰਹੀ। ਉਨ੍ਹਾਂ ਦੇ ਦੁੱਖੜੇ ਸੁਣ ਕੇ ਗੁਰਦਿੱਤ ਸਿੰਘ ਨੇ ਆਪਣੇ ਵਤਨੀ ਸਾਥੀਆਂ ਨਾਲ ਸਲਾਹ ਕਰਕੇ ਇੱਕ ਜਰਮਨੀ ਵਿਚੋਲੇ ਰਾਹੀਂ ਕਾਮਾਗਾਟਾਮਾਰੂ ਜਹਾਜ਼ ਪਟੇ 'ਤੇ ਲੈ ਲਿਆ।

ਜਹਾਜ਼ ਲੈਣ ਤੋਂ ਪਹਿਲਾਂ ਉਨ੍ਹਾਂ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਬਣਾਈ ਤੇ ਕੈਨੇਡਾ ਜਾਣ ਲਈ ਟਿਕਟਾਂ ਦਾ ਕੰਮ ਸ਼ੁਰੂ ਕਰ ਦਿੱਤਾ। ਕਾਮਾਗਾਟਾਮਾਰੂ ਜਹਾਜ਼ ਦਾ ਨਾਂਅ ਬਦਲ ਕੇ ਗੁਰੂ ਨਾਨਕ ਜਹਾਜ਼ ਰੱਖ ਲਿਆ। ਸਵਾਰੀਆਂ ਪੂਰੀਆਂ ਹੋਣ ਉਪਰੰਤ ਹਾਂਗਕਾਂਗ ਤੋਂ ਜਹਾਜ਼ 3 ਅਪ੍ਰੈਲ 1914 ਨੂੰ ਵੈਨਕੂਵਰ ਨੂੰ ਚੱਲ ਪਿਆ। ਜਹਾਜ਼ ਵਿੱਚ ਮੁਲਾਜ਼ਮਾਂ ਤੋਂ ਇਲਾਵਾ ਕੁੱਲ 372 ਮੁਸਾਫ਼ਰ ਸਨ। ਜਹਾਜ਼ ਵੈਨਕੂਵਰ ਦੇ ਕੰਢੇ 'ਤੇ 22 ਮਈ 1914 ਨੂੰ ਪਹੁੰਚ ਗਿਆ, ਪਰ ਸਰਕਾਰ ਨੇ ਘਾਟ 'ਤੇ ਨਾ ਲੱਗਣ ਦਿੱਤਾ।

ਜਹਾਜ਼ ਜਦੋਂ ਹਾਂਗਕਾਂਗ ਤੋਂ ਚੱਲਿਆ ਤੇ ਕੈਨੇਡਾ ਦੀਆਂ ਅਖ਼ਬਾਰਾਂ ਨੇ ਜਹਾਜ਼ ਵਿਰੁੱਧ ਬੜਾ ਰੌਲਾ ਪਾਇਆ ਕਿ ਇਹ 'ਹਿੰਦੂ ਹਮਲਾ' ਹੈ। ਅਖ਼ਬਾਰਾਂ ਝੂਠ ਮਾਰਿਆ ਕਿ 'ਗੁਰਦਿੱਤ ਸਿੰਘ ਇੱਕ ਵੱਡਾ ਵਿਉਪਾਰੀ ਹੈ, ਉਸ ਨੇ ਹਿੰਦੁਸਤਾਨੀਆਂ ਦੇ ਜਹਾਜ਼ ਭਰ-ਭਰ ਕੇ ਕੈਨੇਡਾ ਲਈ ਆਉਣੇ ਹਨ, ਜਿਸ ਨਾਲ ਗੋਰਿਆਂ ਦਾ ਰੁਜ਼ਗਾਰ ਖੁੱਸ ਜਾਵੇਗਾ।' ਇਸ ਸੋਚ ਦੇ ਜੁਆਬ ਵਿੱਚ ਹਸਨ ਰਹੀਮ ਲਿਖਦਾ ਹੈ, ਇਸ ਮੁਲਕ ਦੇ ਲੋਕਾਂ ਦੇ ਰੁਜ਼ਗਾਰ ਮਾਰਨ ਦੀ ਫਿਲਾਸਫੀ ਬਿਲਕੁਲ ਝੂਠ ਹੈ, ਇਹ ਉਥੋਂ ਦੇ ਮਜ਼ਦੂਰਾਂ ਦੇ ਝੂਠੇ ਲੀਡਰਾਂ ਦੀ ਘੜੀ ਹੋਈ ਕਹਾਣੀ ਹੈ। ਸੱਚਾ ਆਰਥਕ ਫਾਰਮੂਲਾ ਇਹ ਹੈ: ਜ਼ਿਆਦਾ ਲੋਕ = ਜ਼ਿਆਦਾ ਕੰਮ : ਜ਼ਿਆਦਾ ਕੰਮ=ਜ਼ਿਆਦਾ ਧਨ ਇਸ ਮੁਲਕ ਲਈ।

ਕੈਨੇਡੀਅਨ ਕਲੱਬ ਦੇ ਪ੍ਰਧਾਨ ਸਰ ਵਿਲੀਅਮ ਓਸਲਰ ਨੇ ਲੰਡਨ ਵਿੱਚ ਹਿੰਦੂਆਂ ਬਾਰੇ ਕਿਹਾ, 'ਚੀਨੀਆਂ ਤੇ ਜਾਪਾਨੀਆਂ ਦੇ ਕੈਨੇਡਾ ਆਉਣ ਬਾਰੇ ਸਾਨੂੰ ਕੋਈ ਮੁਸ਼ਕਲ ਨਹੀਂ ਹੈ, ਪਰ ਹਿੰਦੂਆਂ ਦੇ ਮਾਮਲੇ ਵਿੱਚ ਗੱਲ ਵੱਖਰੀ ਹੈ, ਉਹ ਯੂਰਪੀਅਨ ਵਾਂਗ ਬਰਾਬਰਤਾ ਨਹੀਂ ਕਰ ਸਕਦੇ।' ਇੱਕ ਮੂਸ ਜਾਅ ਦੇ ਡਾਕਟਰ ਦੇ ਵਿਚਾਰ ਸਨ-ਕਿ, 'ਹਿੰਦੂਆਂ ਅੰਦਰ ਆਂਦਰਾਂ ਦੇ ਕੀੜੇ 'ਰੁਕ ਵਰਮ' ਦਾ ਬਹਾਨਾ ਲਾ ਕੇ ਇਨ੍ਹਾਂ ਦੇ ਕੈਨੇਡਾ ਆਉਣ 'ਤੇ ਪਾਬੰਦੀ ਲਾਈ ਜਾਵੇ। ਹਸਨ ਰਹੀਮ ਨੇ ਜਵਾਬ ਦਿੱਤਾ-ਜੇ ਇਹ ਕੀੜੇ ਏਨੇ ਖਤਰਨਾਕ ਹਨ ਤੇ ਅੰਗਰੇਜ਼ਾਂ ਨੂੰ ਇੱਕ ਦਮ ਹਿੰਦੁਸਤਾਨ ਵਿੱਚੋਂ ਨਿਕਲ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਸਾਰੇ ਇਸ ਦੇ ਸ਼ਿਕਾਰ ਹੋ ਜਾਣ ਅਤੇ ਗ੍ਰੇਟ ਬ੍ਰਿਟੇਨ ਨੂੰ ਇਸ ਨਾਲ ਖ਼ਤਰੇ ਵਿੱਚ ਪਾ ਦੇਣ।

21 ਜੂਨ 1914 ਨੂੰ ਕਾਮਾਗਾਟਾਮਾਰੂ ਦੇ ਹੱਕ ਵਿੱਚ ਬੋਲਦਿਆਂ ਸੋਸ਼ਲਿਸਟ ਨੇਤਾ ਫਿਟਜਰਾਲਡ ਨੇ ਕਿਹਾ-ਇੰਡੀਆ ਸੱਚਮੁੱਚ ਹੀ ਅੰਗਰੇਜ਼ੀ ਰਾਜ ਦਾ ਮਾਣਮੱਤਾ ਹੀਰਾ ਹੈ।ਉਸ ਮੁਲਕ ਦੀ ਬੇਸ਼ੁਮਾਰ ਦੌਲਤ ਏਨੀ ਦੌਲਤ ਕਿ ਜਿਸ ਦਾ ਪੈਸਿਆਂ ਨਾਲ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਉਹ ਮੁਲਕ ਜਿਥੋਂ ਸਾਰੀ ਦੁਨੀਆ ਵਿੱਚ ਸਭਿਅਤਾ ਫੈਲੀ, ਜਦੋਂ ਅਸੀਂ ਹਠੀ ਕੌਮ ਦੇ ਮੈਂਬਰ ਜਰਮਨੀ ਦੀਆਂ ਦਲਦਲਾਂ ਵਿੱਚ ਭਾਉਂਦੇ ਫਿਰਦੇ ਸੀ, ਜਦੋਂ ਕਿ ਇੰਡੀਆ 'ਚੋਂ ਸੱਭਿਅਤਾ ਬਾਹਰ ਜਾ ਰਹੀ ਸੀ ਤੇ ਇੰਗਲੈਂਡ ਦੀ ਪੜ੍ਹੀ-ਲਿਖੀ ਦੁਨੀਆ ਇੰਡੀਆ ਤੋਂ ਲਿਆਂਦੀ ਹੋਈ ਮੱਛੀ ਖਾਣ ਵਾਲੀ 'ਫੋਰਕ' (ਛੁਰੀ-ਕਾਂਟਾ) ਵਰਗੀਆਂ ਨਿਹਮਤਾਂ ਵਿਰੁੱਧ ਉਠ ਪਏ ਅਤੇ ਅਸੀਂ ਫੋਰਕ ਨਾਲ ਖਾਣਾ ਤੇ ਚਮਚੇ ਨਾਲ ਸੂਪ ਪੀਣਾ ਸਿੱਖ ਕੇ ਅਸੀਂ ਇਹਨਾਂ ਚੀਜ਼ਾਂ ਦਾ ਸੋਮਾ ਹੀ ਭੁੱਲ ਗਏ ਹਾਂ ਕਿ ਇਹ ਗਿਆਨ ਸਾਨੂੰ ਕਿਥੋਂ ਪ੍ਰਾਪਤ ਹੋਇਆ ਹੈ। ਇੰਡੀਆ ਅਤੇ ਦੁਨੀਆ ਦੇ ਉਸ ਹਿੱਸੇ ਵਿੱਚੋਂ ਹੀ ਇਹ ਸਭ ਕੁਝ ਸਾਡੇ ਕੋਲ ਆਇਆ ਹੈ। ਹਕੀਕਤਨ ਅੰਗਰੇਜ਼ਾਂ ਦੀ ਲੁਟੇਰੀ ਨੀਤੀ ਨੇ ਹਿੰਦੀਆਂ ਨੂੰ ਮਜਬੂਰ ਕੀਤਾ ਕੈਨੇਡਾ ਆਉਣ ਵਾਸਤੇ।

ਫਿਟਜਰਾਲਡ ਅੱਗੇ ਲਿਖਦੇ ਹਨ-ਜੇ ਕਾਮਾਗਾਟਾਮਾਰੂ ਮੁਸਾਫ਼ਰਾਂ ਨੂੰ ਕੈਨੇਡਾ ਹਕੂਮਤ ਉਤਰਨ ਦੀ ਇਜਾਜ਼ਤ ਦੇ ਵੀ ਦੇਵੇ ਤੇ ਹਿੰਦੀਆਂ ਨੂੰ ਇਥੇ ਰਹਿਣ ਦਾ ਕੋਈ ਫਾਇਦਾ ਨਹੀਂ। ਮੈਂ ਜਾਤੀ ਤੌਰ 'ਤੇ ਤੁਹਾਨੂੰ ਇਹ ਹੀ ਕਹਾਂਗਾ ਕਿ ਇਥੇ ਉਤਰੋ ਨਾ, ਇਥੇ ਤੁਹਾਡੇ ਲਈ ਕੁਝ ਨਹੀਂ ਹੈ। ਤੁਸੀਂ ਵਾਪਸ ਜਾਓ ਇੰਨਕਲਾਬੀ ਜਜ਼ਬਾਤ ਨਾਲ ਭਰੀ ਹੋਈ ਰੂਹ 21 ਕਰੋੜ ਲੋਕਾਂ ਨਾਲ ਸਾਂਝੀ ਕਰੋ, ਪੂੰਜੀਵਾਦ ਵਿਰੁੱਧ ਲੜੋ। ਇੰਡੀਆ ਵਿੱਚ ਇਥੋਂ ਨਾਲੋਂ ਜ਼ਿਆਦਾ ਭੁੱਖਮਰੀ ਹੈ ਤਾਂ ਯਾਦ ਰੱਖੋ ਕਿ ਇਹੋ ਜਿਹੀਆਂ ਹਾਲਤਾਂ ਵਿੱਚੋਂ ਇਨਕਲਾਬ ਪੈਦਾ ਹੁੰਦੇ ਹਨ। ਜਦੋਂ ਤੁਸੀਂ ਕਾਮਯਾਬ ਹੋ ਕੇ ਆਉਗੇ ਤਾਂ ਤੁਹਾਨੂੰ ਕੋਈ ਰੋਕ ਨਹੀਂ ਸਕੇਗਾ।

ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਹਕੂਮਤ ਨੇ ਸਮੁੰਦਰ ਦੇ ਡੂੰਘੇ ਪਾਣੀ ਵਿੱਚ ਰੋਕ ਛੱਡਿਆ। ਮੁਸਾਫ਼ਰਾਂ ਨੂੰ ਵਕੀਲ ਵੀ ਨਾ ਕਰਨ ਦਿੱਤਾ ਤੇ ਅਦਾਲਤ ਨੇ ਇੱਕ-ਪਾਸੜ ਫੈਸਲਾ ਸੁਣਾ ਦਿੱਤਾ ਕਿ ਮੁਸਾਫ਼ਰ ਵਾਪਸ ਜਾਣ। ਮੁਸਾਫ਼ਰ ਅੜੇ ਰਹੇ। ਇਸ ਹਾਲਤ ਵਿੱਚ ਕੈਨੇਡਾ ਪੁਲਸ ਦੇ 400 ਸਿਪਾਹੀਆਂ ਨੇ ਕਾਮਾਗਾਟਾਮਾਰੂ ਨੂੰ ਬੰਦਰਗਾਹ 'ਚੋਂ ਬਾਹਰ ਕੱਢਣ ਲਈ ਰਾਤ ਨੂੰ ਹਮਲਾ ਕਰ ਦਿੱਤਾ। ਇਸ ਐਕਸ਼ਨ ਚਾਰ-ਪੰਜ ਮੁਸਾਫ਼ਰ ਜ਼ਖ਼ਮੀ ਹੋਏ।ਮੁਸਾਫ਼ਰਾਂ ਨੇ ਜਹਾਜ਼ ਤੋਂ ਗੋਲੀਆਂ ਦਾ ਜੁਆਬ ਕੋਲਿਆਂ ਨਾਲ ਦਿੱਤਾ। ਪੁਲਸ ਆਪਣੇ ਕੰਮ ਵਿੱਚ ਅਸਫਲ ਹੋ ਕੇ ਮੁੜ ਗਈ।

ਕੈਨੇਡਾ ਵਿੱਚ ਜਿਹੜੇ ਹਿੰਦੀ ਪਹਿਲਾਂ ਉਥੇ ਜਾ ਚੁੱਕੇ ਸਨ, ਉਹ ਮੁਸਾਫ਼ਰਾਂ ਦੀ ਮਦਦ 'ਤੇ ਆ ਗਏ। ਜਿਹਨਾਂ ਵਿੱਚ ਮੁੱਖ ਤੌਰ ਤੇ ਭਾਈ ਬਲਵੰਤ ਸਿੰਘ,ਭਾਗ ਸਿੰਘ ਭਿੱਖੀਵਿੰਡ, ਭਾਨ ਸਿੰਘ, ਸੋਹਣ ਲਾਲ ਪਾਠਕ, ਮਿੱਤ ਸਿੰਘ, ਊਧਮ ਸਿੰਘ ਕਸੇਲ, ਭਾਨ ਸਿੰਘ, ਅਰਜਨ ਸਿੰਘ, ਜਗਤ ਸਿੰਘ ਸੁਰਸਿੰਘ, ਬਤਨ ਸਿੰਘ, ਜਵਾਲਾ ਸਿੰਘ ਅਤੇ ਮੇਵਾ ਸਿੰਘ ਲੋਪੋਕੇ ਸਨ। ਇਨ੍ਹਾਂ ਦੀ ਅਗਵਾਈ ਵਿੱਚ ਜਹਾਜ਼ ਵਿੱਚ ਰਾਸ਼ਨ ਵੀ ਪਹੁੰਚਾਇਆ ਗਿਆ। ਮੇਵਾ ਸਿੰਘ ਤਾਂ ਅਮਰੀਕਾ ਤੋਂ ਹਥਿਆਰ ਲਿਆਉਂਦਾ ਹੋਇਆ ਫੜਿਆ ਗਿਆ।ਇਹ ਹਥਿਆਰ ਉਸ ਨੇ ਮੁਸਾਫ਼ਰਾਂ ਨੂੰ ਦੇਣੇ ਸਨ।

ਕੋਰਟ ਦੇ ਫੈਸਲੇ ਤੋਂ ਬਾਅਦ ਕੈਨੇਡਾ ਰਹਿੰਦੇ ਹਿੰਦੀ ਭਰਾਵਾਂ ਨੇ ਮੁਸਾਫ਼ਰਾਂ ਦਾ ਕੈਨੇਡਾ ਸਰਕਾਰ ਨਾਲ ਸਮਝੌਤਾ ਕਰਾ ਕੇ ਸਰਕਾਰ ਨੇ ਮੁਸਾਫ਼ਰਾਂ ਨੂੰ ਵਾਪਸੀ ਲਈ ਰਾਸ਼ਨ ਤੇ ਜਹਾਜ਼ ਲਈ ਕੋਲਾ ਦਿੱਤਾ ਤੇ ਜਹਾਜ਼ 23 ਜੁਲਾਈ ਨੂੰ 1914 ਨੂੰ ਵਾਪਸ ਮੁੜ ਆਇਆ। ਰਸਤੇ ਵਿੱਚ ਆਉਂਦਿਆਂ ਮੁਸਾਫ਼ਰਾਂ ਦਾ ਕਈ ਥਾਵਾਂ 'ਤੇ ਭਰਵਾਂ ਸਵਾਗਤ ਹੋਇਆ।

ਕਾਮਾਗਾਟਾਮਾਰੂ ਮਾਰੂ ਜਹਾਜ਼ ਦੇ ਮੁਸਾਫ਼ਰ ਕੈਨੇਡਾ ਗਏ ਤਾਂ ਕਿਰਤ ਕਰਨ ਲਈ ਸਨ, ਪਰ ਉਹ ਦੇਸ਼ ਦੀ ਆਜ਼ਾਦੀ ਸੰਗਰਾਮੀਏ ਬਣ ਕੇ ਆਏ। ਜਦੋਂ ਜਹਾਜ਼ 29 ਸਤੰਬਰ 1914 ਨੂੰ ਵਾਪਸ ਬੱਜਬੱਜ ਘਾਟ ਕਲਕੱਤੇ ਪਹੁੰਚਿਆ ਤੇ ਅੱਗੇ ਅੰਗਰੇਜ਼ ਜ਼ਾਲਮਾਂ ਨੇ ਮੁਸਾਫ਼ਰਾਂ ਨੂੰ ਕੈਦ ਕਰਨ ਲਈ ਸਪੈਸ਼ਲ ਰੇਲ ਗੱਡੀ ਖੜੀ ਕੀਤੀ ਹੋਈ ਸੀ। ਅੰਗਰੇਜ਼ਾਂ ਨੇ ਜਬਰਨ ਮੁਸਾਫ਼ਰਾਂ ਨੂੰ ਗੱਡੀ ਵੱਲ ਖੜਨ ਦੀ ਕੋਸ਼ਿਸ਼ ਕੀਤੀ, ਪਰ ਮੁਸਾਫ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰ 'ਤੇ ਚੁੱਕ ਕੇ ਸ਼ਹਿਰ ਵੱਲ ਨੂੰ ਤੁਰ ਪਏ। ਇਸ ਪ੍ਰਸਥਿਤੀ ਵਿੱਚ ਅੰਗਰੇਜ਼ਾਂ ਨੇ ਮੁਸਾਫ਼ਰਾਂ 'ਤੇ ਗੋਲੀ ਚਲਾ ਦਿੱਤੀ ਤੇ 22 ਮੁਸਾਫ਼ਰ ਸ਼ਹੀਦੀ ਦਾ ਜਾਮ ਪੀ ਗਏ,25 ਜ਼ਖਮੀ, 202 ਗ੍ਰਿਫਤਾਰ, 62 ਰਿਹਾਅ ਅਤੇ ਬਾਬਾ ਗੁਰਦਿੱਤ ਸਿੰਘ ਸਮੇਤ 28 ਲਾਪਤਾ ਹੋ ਗਏ।

*ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ*

*ਫੋਨ -98760-78731*

# ਗੁਰਸ਼ਰਨ, ਭਗਤ ਸਿੰਘ ਦਾ ਕੀ ਲੱਗਦਾ

**ਸੰਜੀਵਨ ਸਿੰਘ**

ਅਸੀਂ ਚਾਹੁੰਨੇ ਆਂ, ਭਗਤ ਸਿੰਘ ਫੇਰ ਆਵੇ ਸਾਨੂੰ ਨਸ਼ਿਆਂ, ਫਿਰਕਾਪ੍ਰਸਤੀ, ਜਾਤ-ਪਾਤ, ਭ੍ਰਿਸ਼ਟਾਚਾਰ ਦੇ ਗਧੀ-ਗੇੜ 'ਚੋਂ ਕੱਢਣ ਲਈ। ਸਾਡੇ ਵਾਸਤੇ ਕੁੱਲੀ, ਗੁੱਲੀ ਤੇ ਜੁੱਲੀ ਦਾ ਹੀਲਾ ਕਰਨ ਲਈ। ਭਗਤ ਸਿੰਘ ਇੱਕ ਵਾਰ ਫੇਰ ਆਵੇ ਹੀ ਆਵੇ।ਸਾਨੂੰ ਦੁੱਖਾਂ-ਤਕਲੀਫ਼ਾਂ ਤੋਂ ਖਹਿੜਾ ਛੁਡਵਾਉਣ ਲਈ, ਲੋੜਾਂ ਤੇ ਥੋੜਾਂ ਦੇ ਹੱਲ ਲਈ, ਸਾਡੇ ਸੁਪਨਿਆਂ ਤੇ ਖ਼ੁਆਬਾਂ ਨੂੰ ਸਾਕਾਰ ਕਰਨ ਲਈ, ਹੁਣ ਤਾਂ ਭਗਤ ਸਿੰਘ ਨੂੰ ਆਉਣਾ ਹੀ ਪਊ।

ਅਸੀਂ ਆਪਣੀਆਂ ਮੋਟਰਾਂ-ਕਾਰਾਂ ਪਿੱਛੇ, ਸਕੂਟਰਾਂ, ਮੋਟਰ-ਸਾਈਕਲਾਂ ਪਿੱਛੇ, ਝੱਗਿਆਂ-ਟੀ, ਬੁਨੈਣਾਂ ਉੱਤੇ ਭਗਤ ਸਿੰਘ ਦੀ ਮੁੱਛ ਨੂੰ ਤਾਅ ਦਿੰਦੇ ਦੀਆਂ ਤਸਵੀਰਾਂ-ਸਟਿਕਰ ਵੀ ਲਗਵਾ ਕੇ, ਭਗਤ ਸਿੰਘ ਵਰਗੀ ਬਸੰਤੀ ਪੱਗ ਬੰਨ੍ਹ ਕੇ ਆਪਣਾ ਫਰਜ਼ ਪੂਰਾ ਕਰ ਤਾਂ ਦਿੱਤਾ। 'ਲੱਗਦੈ ਇਕ ਵਾਰ ਫੇਰ ਆਉਣਾ ਪਊ' ਦੇ ਸਟਿਕਰ ਲਾ ਕੇ ਅਸੀਂ ਆਪਣਾ ਕੰਮ ਕਰ'ਤਾ। ਹੁਣ ਤਾਂ ਯਾਰ ਭਗਤ ਸਿਆਂ, ਸਾਡੇ ਨੇਤਾ ਵੀ ਤੇਰੇ ਵਰਗੀਆਂ ਪੱਗਾਂ ਬੰਨ੍ਹਦੇ ਨੇ।ਕੁੜਤੇ-ਪਜ਼ਾਮੇ ਲੱਗੇ ਪਾਉਣ, ਜਮ੍ਹਾਂ ਈ ਤੇਰੇ ਵਰਗੇ।ਹੁਣ ਤਾਂ ਅਸੀਂ ਮੁੱਛ ਨੂੰ ਤਾਅ ਵੀ ਦਿੰਨੇ ਆਂ, ਜ਼ਿਮੇਂ ਤੂੰ ਦਿੰਦਾ ਸੀ। ਹੁਣ ਤਾਂ ਆ ਜਾ ਯਾਰ ਭਗਤ ਸਿਆਂ, ਆ ਜਾ ਯਾਰਾ। ਇਕ ਵਾਰ ਜੰਮ ਸੂਰਮਿਆ, ਇਕ ਵਾਰ ਫੇਰ ਜੰਮ, ਕਿਸੇ ਮਾਂ ਦੀ ਸੁਲੱਖਣੀ ਕੁੱਖ 'ਚੋਂ। ਸਾਡੇ ਆਲੀ ਬੇੜੀ ਲਾਅ ਬੰਨੇ।

ਪਰ ਇਕ ਗੱਲ ਚੇਤੇ ਰੱਖੀਂ ਜੰਮੀਂ ਜ਼ਰੂਰ, ਪਰ ਸਾਡੇ ਘਰ ਨਾ ਜੰਮੀਂ, ਕਿਸੇ ਹੋਰ ਦੇ ਘਰ ਜੰਮੀਂ।ਤੂੰ ਲੈਨੇ ਨੇ ਪੰਗੇ ਜਣੇ-ਖਣੇ ਨਾਲ।ਅਸੀਂ ਆਂ ਬਾਲ-ਬੱਚੇਦਾਰ, ਕਬੀਲਦਾਰ, ਸਾਊ ਤੇ ਸ਼ਰੀਫ, ਉਹ ਵੀ ਪੁੱਜ ਕੇ।ਜੇ ਸਾਡੀ ਕੋਈ ਇਕ ਗੱਲ੍ਹ 'ਤੇ ਥੱਪੜ ਜੜ ਦਵੇ ਤਾਂ ਅਸੀਂ ਦੂਈ ਗੱਲ ਮੂਹਰੇ ਕਰ ਦਿੰਨੇ ਆਂ, ਅਹਿੰਸਾਵਾਦੀ ਜੋ ਹੋਏ।ਜੇ ਅਸੀਂ ਪੈਗੇ ਪੰਗਿਆਂ 'ਚ ਤਾਂ ਸਾਡੇ 'ਤੇ ਤਾਂ ਕੇਸ-ਕੂਸ ਦਰਜ ਹੋ ਜੂੰ। ਕਹਿੰਦੇ ਨੇ, ਵੀਜ਼ਾ ਤਾਂ ਕੀ, ਪਾਸਪੋਰਟ ਬਣਾਉਣ ਲਈ ਵੀ ਫਾਰਮ ਦੇ ਖ਼ਾਨੇ 'ਚ ਲਿਖਣਾ ਪੈਂਦਾ ਐ, ਕੋਈ ਪੁਲਸ ਕੇਸ ਤਾਂ ਨ੍ਹੀਂ।ਅਸੀਂ ਹੋਣੈ ਅਬਰੋਡ ਮੁਲਕ ਸੈਟਲ, ਕਿਸੇ ਬਾਹਰਲੇ ਮੁਲਕ ਕੈਨੇਡਾ, ਅਮਰੀਕਾ, ਇੰਗਲੈਂਡ। ਇੱਥੇ ਹੈ ਕੀ ਮਿੱਟੀ-ਘੱਟੇ ਤੋਂ ਬਿਨਾਂ।ਬਾਬੂ ਚਾਹ-ਪਾਣੀ ਬਿਨਾਂ ਅੱਖ ਚੱਕ ਨੇ ਨ੍ਹੀਂ ਦੇਖਦੇ।ਇਹ ਵੀ ਪਤਾ ਨਹੀਂ, ਕਦ ਕੋਈ ਕੋਈ ਕੱਪੜੇ ਦੇਖ ਕੇ ਬੁਲਾਦੇ ਪਾਰ। ਤੂੰ ਹੀ ਯਾਰ ਸਾਂਭ ਆ ਕੇ ਕੰਜਰਖ਼ਾਨਾ।

ਭਗਤ ਸਿੰਘ ਜੰਮੇ ਜ਼ਰੂਰ, ਪਰ ਸਾਡੇ ਨ੍ਹੀਂ, ਗੁਆਂਢੀਆਂ ਦੇ। ਭਾਵੇਂ ਆਟੇ ਵਿਚ ਲੂਣ ਹੀ ਸਹੀ, ਪਰ ਅਜਿਹੇ ਲੋਕ ਵੀ ਹੈਗੇ ਹਾਲੇ ਜਿਹੜੇ ਨਾ ਤਾਂ ਭਗਤ ਸਿੰਘ ਦੇ ਆਪਣੇ ਘਰ ਜੰਮਣੇ ਤੋਂ ਖੌਫਜ਼ਦਾ ਨੇ, ਨਾ ਹੀ ਆਪ ਭਗਤ ਸਿੰਘ ਬਣਨ ਤੋਂ ਭੈਅਭੀਤ। ਉਹ ਤਾਂ ਸਗੋਂ ਭਗਤ ਸਿੰਘ ਦੇ ਖ਼ਿਆਲਾਂ ਤੇ ਵਿਚਾਰਾਂ ਦੀ ਜੋਤ ਨੂੰ ਹਰ ਘਰ, ਹਰ ਦਰ 'ਤੇ ਜਗਾ ਰਹੇ ਨੇ।ਭਗਤ ਸਿੰਘ ਵਰਗੀ ਦਲੇਰੀ, ਬੇਬਾਕੀ, ਬੇਖੌਫ਼ੀ ਨਾਲ ਦੂਸ਼ਿਤ, ਭ੍ਰਿਸ਼ਟ ਅਤੇ ਗੰਧਲੇ ਹੋ ਗਏ ਸਮਾਜਿਕ ਤਾਣੇ-ਬਾਣੇ ਦੀ ਉਲਝੀ ਹੋਈ ਤੰਦ ਨੂੰ ਸੁਲਝਾਉਣ ਦੇ ਗੰਭੀਰ ਤੇ ਸੁਹਿਰਦ ਯਤਨ ਕਰ ਰਹੇ ਨੇ।ਭੈਅਭੀਤ, ਡਰੀ ਹੋਈ ਤੇ ਸਹਿਮੀ ਅਵਾਮ ਨੂੰ ਚਿੜੀਆਂ ਤੋਂ ਸ਼ੇਰ ਬਣਾਉਣ ਲਈ ਹਰ ਧਰਮ, ਜਾਤ, ਫ਼ਿਰਕੇ, ਰੰਗ ਤੇ ਨਸਲ ਦੇ ਲੋਕ ਉਨ੍ਹਾਂ ਨੂੰ ਹਲੂਣ ਰਹੇ ਨੇ, ਹੱਲਾਸ਼ੇਰੀ ਦੇ ਰਹੇ ਨੇ।ਇਨ੍ਹਾਂ ਵਤਨਪ੍ਰਸਤਾਂ ਦੇ ਕਾਫ਼ਲੇ ਵਿਚ ਕੁਝ ਕਲਮਕਾਰ ਤੇ ਕਲਾਕਾਰ ਵੀ ਸ਼ਾਮਲ ਨੇ।

ਕਲਮ ਤੇ ਕਲਾ ਦੇ ਅੰਬਰ ਵਿਚ ਜਿਸ ਗ਼ੈਰਤਮੰਦ ਇਨਸਾਨ ਦਾ ਨਾਂਅ ਧਰੂ ਤਾਰੇ ਵਾਂਗ ਲਿਸ਼ਕ ਰਿਹੈ.. ਗੁਰਸ਼ਰਨ ਭਾਅ ਜੀ, ਭਾਈ ਮੰਨਾ ਸਿੰਘ। ਗੁਰਸ਼ਰਨ ਸਿਰਫ਼ ਆਪਣੇ ਜਾਣੂੰਆਂ, ਰੰਗਕਰਮੀਆਂ, ਕਲਮਕਾਰਾਂ ਤੇ ਕਲਾਕਾਰਾਂ ਦਾ ਹੀ ਭਾਅ ਜੀ ਨਹੀਂ ਸੀ, ਉਹ ਸਮਾਜ ਦੇ ਦੱਬੇ-ਕੁਚਲੇ, ਪੀੜਤ, ਸ਼ੋਸ਼ਤ ਅਤੇ ਸਾਧਨਹੀਣ ਤਬਕੇ ਦਾ ਵੀ ਭਾਅ ਜੀ ਸੀ।

ਸ਼ਹੀਦ, ਕਲਮਕਾਰ ਤੇ ਕਲਾਕਾਰ ਕਦੇ ਵੀ ਇਕ ਜਾਤ, ਧਰਮ, ਫਿਰਕੇ, ਨਸਲ, ਰੰਗ ਦੇ ਨਹੀਂ ਹੁੰਦੇ, ਇਹ ਤਾਂ ਸਾਰੀ ਇਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਨੇ। ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਐ।ਜਿਵੇਂ ਸ਼ਹੀਦ ਸ਼ਹਾਦਤ ਪੂਰੇ ਮੁਲਕ, ਸਾਰੀ ਆਵਾਮ ਲਈ ਦਿੰਦੇ ਨੇ। ਉਸੇ ਤਰ੍ਹਾਂ ਕਲਮਕਾਰ ਤੇ ਕਲਾਕਾਰ ਵੀ ਆਪਣੀ ਕਲਮ ਦੇ ਕਲਾ ਰਾਹੀਂ ਲੋਕਾਈ ਨੂੰ ਅਕਲਾਂ-ਮੱਤਾਂ ਦਿੰਦੇ ਨੇ।

ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਵਿਚ ਜਿਹੜੀ ਮੁੱਢਲੀ ਸਾਂਝ ਸੀ, ਉਹ ਸੀ ਦੋਵੇਂ ਰੰਗਕਰਮੀ ਸਨ।ਭਗਤ ਸਿੰਘ ਨੇ ਵਿਦਿਆਰਥੀ ਜੀਵਨ ਵਿਚ ਲਾਹੌਰ ਕੁਝ ਨਾਟਕਾਂ ਵਿਚ ਹਿੱਸਾ ਲਿਆ ਤੇ ਗੁਰਸ਼ਰਨ ਭਾਅ ਜੀ ਨੇ ਨਾਟਕ ਰਾਹੀਂ ਲੋਕ-ਮਸਲੇ, ਲੋਕ-ਮੁਹਾਵਰੇ ਵਿਚ ਉਭਾਰੇ।

ਗੁਰਸ਼ਰਨ ਭਾਅ ਜੀ ਜਦ ਕਿਸੇ ਨਾਟਕ 'ਚ ਰੋਲ ਨਿਭਾਅ ਰਹੇ ਹੁੰਦੇ ਜਾਂ ਕਿਸੇ ਮੁੱਦੇ-ਮਸਲੇ 'ਤੇ ਗੱਲ ਕਰਦੇ, ਉਹ ਹਮੇਸ਼ਾ ਭਾਵੁਕ ਹੋ ਕੇ ਰੋਹ 'ਚ ਆ ਜਾਂਦੇ।ਗੁੱਸੇ ਨਾਲ ਕੰਬਣ ਲੱਗ ਜਾਂਦੇ, ਪਰ ਜਦ ਸਧਾਰਨ ਅਵਸਥਾ ਵਿਚ ਹੁੰਦੇ ਤਾਂ ਇਕਦਮ ਬੱਚੇ ਹੁੰਦੇ। ਬੱਚਿਆਂ ਵਾਂਗ ਖਿੜ-ਖਿੜਾ ਕੇ ਹੱਸਦੇ, ਬੱਚਿਆਂ ਵਾਂਗ ਰੁਸਦੇ ਤੇ ਝੱਟ ਮੰਨ ਜਾਂਦੇ।

ਭਗਤ ਸਿੰਘ ਨੇ ਆਪਣੇ ਖੇਤ ਵਿਚ ਬੰਦੂਕਾਂ ਬੀਜੀਆਂ ਤੇ ਗੁਰਸ਼ਰਨ ਸਿੰਘ ਨੇ ਸ਼ਬਦ।ਭਗਤ ਸਿੰਘ ਨੇ ਆਪਣੀ ਵਿਚਾਰਧਾਰਾ ਨਾਲ ਦੇਸ਼ ਨੂੰ ਅਜ਼ਾਦ ਕਰਵਾਇਆ ਤੇ ਗੁਰਸ਼ਰਨ ਭਾਅ ਜੀ ਨੇ ਸਮਾਜਿਕ ਤਬਦੀਲੀ ਲਈ ਯਤਨ ਕੀਤੇ।

ਕਹਿੰਦੇ ਨੇ ਮਹਿਲਾਂ-ਮੁਨਾਰਿਆਂ 'ਚ ਰਹਿ ਕੇ ਝੁੱਗੀਆਂ-ਢਾਰਿਆਂ ਦਾ ਦਰਦ ਮਹਿਸੂਸ ਨ੍ਹੀਂ ਕੀਤਾ ਜਾ ਸਕਦਾ। ਇਹ ਵੀ ਕਹਿੰਦੇ ਨੇ 'ਜਿਹਦੀ ਪਾਟੀ ਨਾ ਬਿਆਈ, ਉਹ ਕੀ ਜਾਣੇ ਪੀੜ ਪਰਾਈ।' ਕਹਿੰਦੇ ਤਾਂ ਇਹ ਵੀ ਨੇ ਕਿੱਕਰਾਂ ਨੂੰ ਕਦੇ ਦਾਖਾਂ ਨ੍ਹੀਂ ਲੱਗਦੀਆਂ, ਪਰ ਭਗਤ ਸਿੰਘ ਤੇ ਗੁਰਸ਼ਰਨ ਸਿੰਘ ਸੁਖ਼ਾਲੀ ਜ਼ਿੰਦਗੀ ਦੇ ਬਾਵਜੂਦ ਲੋਕਾਂ ਨਾਲ ਖੜੇ ਵੀ, ਲੋਕਾਂ ਲਈ ਅੜੇ ਵੀ ਤੇ ਲੋਕਾਂ ਲਈ ਲੜੇ ਵੀ।ਦੋਵਾਂ ਨੇ ਹੋਰ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕੀਤਾ ਤੇ ਕਿੱਕਰਾਂ ਨੂੰ ਦਾਖਾਂ ਲਾ ਕੇ ਵੀ ਦਿਖਾ'ਤੀਆਂ।

ਇਕ ਸੋਚ ਤੇ ਵਿਚਾਰਧਾਰਾ ਹੋਣ ਲਈ ਸਮਕਾਲੀ ਹੋਣਾ ਕੋਈ ਜ਼ਰੂਰੀ ਨ੍ਹੀਂ। ਲਾਜ਼ਮੀ ਹੈ ਤਾਂ ਮਨੁੱਖਤਾ ਲਈ ਤੜਫ਼, ਲੋਕਾਈ ਲਈ ਦਰਦ, ਆਪਣੇ ਵਤਨ, ਆਪਣੀ ਮਿੱਟੀ ਲਈ ਕੁੱਝ ਕਰ ਗੁਜ਼ਰਨ ਦਾ ਜਜ਼ਬਾ।ਭਾਵੇਂ ਭਗਤ ਸਿੰਘ ਵੱਲੋਂ ਮੁਲਕ ਲਈ ਆਪਾ ਵਾਰਨ ਤੋਂ ਬਾਈ ਸਾਲ ਬਾਅਦ ਗੁਰਸ਼ਰਨ ਸਿੰਘ ਦਾ ਜਨਮ ਹੋਇਆ।ਦੋਵੇਂ ਬੇਸ਼ੱਕ ਵੱਖ-ਵੱਖ ਸਮਿਆਂ ਅਤੇ ਖੇਤਰਾਂ ਵਿਚ ਸਰਗਰਮ ਸਨ, ਪਰ ਵਿਚਾਰਧਾਰਕ ਤੇ ਸਮਾਜਿਕ ਸਰੋਕਾਰ ਦੀ ਸਾਂਝ ਸਪੱਸ਼ਟ ਝਲਕਦੀ ਹੈ।

ਭਗਤ ਸਿੰਘ ਤੇ ਗੁਰਸ਼ਰਨ ਸਿੰਘ ਦੋਵੇਂ ਵਧੀਕੀਆਂ, ਧੱਕੇਸ਼ਾਹੀਆਂ ਤੇ ਹੈਂਕੜਾਂ ਖਿਲਾਫ਼ ਲੜੇ।ਭਗਤ ਸਿੰਘ ਲੜਿਆ ਬੇਗ਼ਾਨਿਆਂ ਨਾਲ ਤੇ ਗੁਰਸ਼ਰਨ ਸਿੰਘ ਆਪਣਿਆਂ ਨਾਲ। ਹਕੂਮਤਾਂ ਤੇ ਝੰਡੇ ਵੀ ਬਦਲੇ ਹਨ, ਸਨ, ਪਰ ਉਨ੍ਹਾਂ ਦੇ ਮਿਜਾਜ਼ ਤੇ ਕਿਰਦਾਰ ਨ੍ਹੀਂ ਬਦਲੇ।

ਭਗਤ ਸਿੰਘ ਤੇ ਗੁਰਸ਼ਰਨ ਸਿੰਘ ਦਾ ਮੱਤ, ਸੋਚ ਤੇ ਸਮਝ ਸੀ, ਸਮਾਜਿਕ ਤਬਦੀਲੀ ਸਿਰਫ਼ ਹਥਿਆਰਾਂ ਨਾਲ ਹੀ ਨਹੀਂ, ਸਗੋਂ ਵਿਚਾਰਾਂ ਅਤੇ ਇਲਮ ਨਾਲ ਵੀ ਹੋ ਸਕਦੀ ਐ।ਦੋਵਾਂ ਨੇ ਹੀ ਨਾਬਰਾਬਰੀ ਅਤੇ ਵਿਤਕਰੇਬਾਜ਼ੀ ਖਿਲਾਫ਼ ਅਵਾਜ਼ ਬੁਲੰਦ ਕੀਤੀ ਅਤੇ ਸਾਰਾ ਕੁੱਝ, ਸਾਰਿਆਂ ਵਾਸਤੇ ਦਾ ਨਾਹਰਾ ਲਾਇਆ।

ਭਗਤ ਸਿੰਘ ਦਾ ਮੰਨਣਾ ਸੀ, ਮੁੱਠੀ ਭਰ ਕਰਾਂਤੀਕਾਰੀ ਲੋਕਾਂ ਨੂੰ ਨਾਲ ਲਏ ਬਿਨਾਂ ਆਜ਼ਾਦੀ ਹਾਸਲ ਨਹੀਂ ਕਰ ਸਕਦੇ। ਅਵਾਮ ਦੀ ਇੱਕਮੁੱਠਤਾ ਤੇ ਇਕਜੁੱਟਤਾ ਨਾਲ ਹੀ ਅਜ਼ਾਦੀ ਰੂਪੀ ਮਕਸਦ ਦੀ ਪ੍ਰਾਪਤੀ ਹੋ ਸਕਦੀ ਐ। ਭਾਰਤ ਦੇ ਕੁਦਰਤੀ ਸੋਮਿਆਂ ਦੀ ਲੁੱਟ ਨੂੰ, ਨੌਕਰਸ਼ਾਹੀ ਦੇ ਦਬਦਬੇ ਨੂੰ ਖਤਮ ਕਰਨਾ, ਲੋਕਾਂ ਦੀ ਹਕੂਮਤ 'ਚ ਹਿੱਸੇਦਾਰੀ ਭਗਤ ਸਿੰਘ ਦਾ ਮਕਸਦ ਸੀ। ਗੁਰਸ਼ਰਨ ਭਾਅ ਜੀ ਵੀ ਭਗਤ ਸਿੰਘ ਵੱਲੋਂ ਦੱਸੇ ਰਾਹਾਂ 'ਤੇ ਬਿਨਾਂ ਥੱਕੇ, ਬਿਨਾਂ ਅੱਕੇ ਆਖਰੀ ਸਾਹਾਂ ਤੱਕ ਅਡੋਲ ਤੁਰੇ।

ਭਗਤ ਸਿੰਘ ਨੇ ਹਾਕਮ ਨੂੰ ਪੱਤਰ ਲਿਖ ਕੇ ਕਿਹਾ ਸੀ, ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਮਾਰੀ ਜਾਵੇ, ਪਰ ਕਿਉਂਕਿ ਤੁਹਾਡੇ ਹੱਥ ਵਿਚ ਤਾਕਤ ਹੈ। ਦੁਨੀਆ ਵਿਚ ਤਾਕਤ ਨੂੰ ਸਾਰੇ ਹੱਕ ਹਾਸਲ ਹੁੰਦੇ ਹਨ। ਅਸੀਂ ਜਾਣਦੇ ਹਾਂ, ਤੁਸੀਂ ਲੋਕ ਆਪਣਾ ਇਰਾਦਾ ਪੂਰਾ ਕਰਨ ਲਈ, 'ਜਿਸ ਦੀ ਲਾਠੀ, ਉਸ ਦੀ ਭੈਂਸ' ਦਾ ਅਸੂਲ ਅਪਨਾਉਗੇ, ਪਰ ਅਸੀਂ ਜੰਗੀ ਕੈਦੀ ਹਾਂ। ਇਸ ਲਈ ਅਸੀਂ ਮੰਗ ਕਰਦੇ ਹਾਂ, ਸਾਡੇ ਨਾਲ ਜੰਗੀ ਕੈਦੀਆਂ ਵਰਗਾ ਸਲੂਕ ਕੀਤਾ ਜਾਵੇ, ਫਾਂਸੀ 'ਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਇਸ ਲਈ ਅਸੀਂ ਬੇਨਤੀ ਕਰਦੇ ਹਾਂ, ਤੁਸੀਂ ਆਪਣੇ ਫੌਜੀ ਮਹਿਕਮੇ ਨੂੰ ਹੁਕਮ ਦੇਵੋ, ਸਾਨੂੰ ਗੋਲੀ ਨਾਲ ਮਾਰਨ ਲਈ ਇਕ ਫੌਜੀ ਦਸਤਾ ਭੇਜੇ।

ਗੁਰਸ਼ਰਨ ਸਿੰਘ ਨੇ 1958 ਵਿੱਚ ਭਾਖੜਾ ਡੈਮ ਨੰਗਲ ਆਪਣੀ ਮੁਲਾਜ਼ਮਤ ਦੌਰਾਨ ਆਪਣੇ ਰੰਗਮੰਚੀ ਸਫ਼ਰ ਦਾ ਆਗਾਜ਼ ਕਰਕੇ ਪਿੱਛੇ ਮੁੜ ਕੇ ਨ੍ਹੀਂ ਦੇਖਿਆ। ਭਾਅ ਜੀ ਦੇ ਨਾਟਕੀ ਸਫ਼ਰ ਦੀ ਸ਼ੁਰੂਆਤ ਨਾਲ ਵੀ ਇਕ ਦਿਲਚਸਪ ਘਟਨਾ ਜੁੜੀ ਹੋਈ ਹੈ।ਉਹ ਹਾਈਡਰੋਲਿਕ ਮਾਹਿਰ ਦੇ ਤੌਰ ਉੱਤੇ ਡੈਮ 'ਤੇ ਕੰਮ ਕਰ ਰਹੇ ਸਨ, ਜਿਸ ਨੂੰ ਦੇਸ਼ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਅਵਾਮ ਨੂੰ ਸਮਰਪਿਤ ਕੀਤਾ ਸੀ। ਸੋਵੀਅਤ ਨੇਤਾ ਖਰੁਸ਼ਚੇਵ ਅਤੇ ਬੁਲਗਨਿਨ ਨੇ ਵੀ ਸ਼ਿਰਕਤ ਕੀਤੀ।ਉਸ ਸ਼ਾਮ ਮਹਿਮਾਨਾਂ ਦੀ ਆਓ-ਭਗਤ 'ਚ ਸੱਭਿਆਚਾਰਕ ਸ਼ਾਮ ਦਾ ਵੀ ਪ੍ਰਬੰਧ ਕੀਤਾ ਸੀ।ਭਾਅ ਜੀ ਗੁਰਸ਼ਰਨ ਇਸ ਸ਼ਾਮ ਦੀ ਦੇਖ-ਰੇਖ ਕਰ ਰਹੇ ਸਨ।ਗੋਪੀ ਕ੍ਰਿਸ਼ਨ ਮਹਾਰਾਜ, ਯਾਮਿਨੀ ਕ੍ਰਿਸ਼ਨਮੂਰਤੀ, ਪੰਡਿਤ ਬ੍ਰਿਜੂ ਮਹਾਰਾਜ, ਲਾਲ ਚੰਦ ਯਮਲਾ ਜੱਟ, ਇਪਟਾ ਦੀ ਮੁੱਢਲੀ ਕਾਰਕੁਨ ਲੋਕ-ਗਾਇਕਾ ਸੁਰਿੰਦਰ ਕੌਰ ਸਮੇਤ ਹੋਰ ਕਈ ਪ੍ਰਸਿੱਧ ਫਨਕਾਰਾਂ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਾ ਸੀ, ਜੋ ਕੇਵਲ ਅਫਸਰਾਂ ਤੇ ਅਮੀਰ-ਦੌਲਤਮੰਦਾਂ ਲਈ ਸੀ।ਗੁਰਸ਼ਰਨ ਭਾਅ ਜੀ ਨੇ ਪ੍ਰਬੰਧਕਾਂ ਨੂੰ ਲਿਖਤੀ ਬੇਨਤੀ ਕੀਤੀ, ਭਾਖੜਾ ਡੈਮ ਦੇ ਤੀਜੇ ਤੇ ਚੌਥਾ ਦਰਜਾ ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ ਸੱਭਿਆਚਾਰਕ ਸ਼ਾਮ ਦੀ ਰਿਹਰਸਲ ਵੇਖਣ ਲਈ ਸੱਦਾ ਦਿੱਤਾ ਜਾਵੇ।ਭਾਅ ਜੀ ਦੀ ਮੰਗ ਪ੍ਰਬੰਧਕਾਂ ਨੇ ਕਹਿ ਕੇ ਰੱਦ ਕਰ'ਤੀ, ਇਨ੍ਹਾਂ ਮੈਲੇ-ਕੁਚੈਲੇ ਲੋਕਾਂ ਨੂੰ ਸੱਭਿਆਚਾਰ, ਵਿਰਸੇ ਦੀ ਭਾਸ਼ਾ ਦੀ ਕੀ ਤਮੀਜ਼ ਐ।ਸੱਭਿਆਚਾਰ ਦੀ ਤਾਂ ਪੜ੍ਹੇ-ਲਿਖੇ ਕੁਲੀਨ ਵਰਗ ਹੀ ਸਮਝ ਤੇ ਸ਼ੌਕ ਹੈ।ਇਸ ਘਟਨਾ ਨੇ ਗੁਰਸ਼ਰਨ ਸਿੰਘ ਨੂੰ ਧੁਰ ਅੰਦਰ ਤੱਕ ਹਲਾ'ਤਾ।

ਲੋਹੜੀ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਭਾਖੜਾ ਡੈਮ ਦੇ ਮੁਲਾਜ਼ਮਾਂ ਨੇ ਹੜਤਾਲ ਕਰ'ਤੀ, ਗੁਰਸ਼ਰਨ ਭਾਅ ਜੀ ਨੇ ਕੁੱਝ ਘੰਟਿਆਂ ਵਿਚ ਨਾਟਕ ਲਿਖਿਆ ਤੇ ਮੰਚਿਤ ਕੀਤਾ 'ਲੋਹੜੀ ਦੀ ਹੜਤਾਲ'। ਇਹ ਸੀ ਭਾਅ ਜੀ ਗੁਰਸ਼ਰਨ ਦਾ ਪਹਿਲਾ ਨਾਟਕ ਤੇ ਇਸ ਤੋਂ ਬਾਅਦ ਲਗਾਤਾਰ ਅੱਧੀ ਸਦੀ ਤੋਂ ਵੱਧ ਉਨ੍ਹਾਂ ਆਪਣੇ ਸੈਂਕੜੇ ਨਾਟਕਾਂ, ਨੁੱਕੜ ਨਾਟਕਾਂ ਦੇ ਹਜ਼ਾਰਾਂ ਮੰਚਣ ਪਿੰਡਾਂ, ਵਿਹੜਿਆਂ, ਸੱਥਾਂ, ਚੌਂਤਰਿਆਂ, ਗਲੀਆਂ-ਮੁਹੱਲਿਆਂ। ਸ਼ਹਿਰ ਦੇ ਵੱਡੇ ਆਡੀਟੋਰੀਅਮਾਂ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਸਮੇਤ ਕਈ ਦੇਸ਼ਾਂ ਵਿਚ ਮੰਚਣ ਕੀਤੇ। ਗੁਰਸ਼ਰਨ ਭਾਅ ਜੀ ਦੇ ਰੰਗਮੰਚ ਦੇ ਵਾਰਿਸਾਂ ਦੀ ਗਿਣਤੀ ਬੇਸ਼ੁਮਾਰ ਹੈ।

ਇੱਥੇ ਮੈਂ ਇਕ ਘਟਨਾ ਦਾ ਜ਼ਿਕਰ ਕਰਨਾ ਲਾਜ਼ਮੀ ਸਮਝਦਾ ਹਾਂ।ਪੰਜਾਬ ਕਲਾ ਭਵਨ 'ਚ ਵਿਸਾਖੀ ਮੌਕੇ ਉਸ ਸਮੇਂ ਦੇ ਅਹੁਦੇਦਾਰਾਂ ਵੱਲੋਂ ਗੁਰਸ਼ਰਨ ਭਾਅ ਜੀ ਦਾ ਸਨਮਾਨ ਵੀ ਕੀਤਾ ਗਿਆ।ਗੁਰਸ਼ਰਨ ਭਾਅ ਜੀ ਆਪਣੀ ਪਤਨੀ, ਧੀਆਂ ਅਤੇ ਆਪਣੇ ਇਕ ਰੰਗਕਰਮੀ ਪੁੱਤਰ ਸਮੇਤ ਵ੍ਹੀਲ-ਚੇਅਰ 'ਤੇ ਆਏ। ਭਾਅ ਜੀ ਦੇ ਅਨੇਕਾਂ ਰੰਗਕਰਮੀ ਧੀਆਂ ਪੁੱਤਰ ਵੀ ਹਾਜ਼ਰ ਸਨ। ਗੁਰਸ਼ਰਨ ਭਾਅ ਜੀ ਜਦ ਆਏ ਤਾਂ ਢੋਲ ਦੇ ਢੱਗੇ ਨਾਲ ਭਾਅ ਜੀ ਦਾ ਸਵਾਗਤ ਹੋਇਆ।ਮੀਡੀਆ ਕਰਮੀ ਵੀ ਇਸ ਯਾਦਗਾਰੀ ਪਲ ਨੂੰ ਆਪਣੇ ਕੈਮਰਿਆਂ 'ਚ ਕੈਦ ਕਰ ਰਹੇ ਸਨ।ਬੇਸ਼ੁਮਾਰ ਫਲੈਸ਼ਾਂ, ਸ਼ਾਮ ਨੂੰ ਦਿਨ 'ਚ ਬਦਲ ਰਹੇ ਸਨ।ਭਾਅ ਜੀ ਦੀ ਸੋਚ ਤੇ ਸੰਕਲਪ ਨੂੰ ਅਗਾਂਹ ਤੋਰਨ ਵਾਲੇ ਸੈਂਕੜੇ ਨਾਟਕਰਮੀ ਅਤੇ ਦਰਸ਼ਕ ਇਕ-ਦੂਜੇ ਤੋਂ ਅੱਗੇ ਹੋ ਕੇ ਭਾਅ ਜੀ ਦਾ ਸਵਾਗਤ ਕਰ ਰਹੇ ਸੀ। ਲੋਈਆਂ, ਸਨਮਾਨ ਚਿੰਨ੍ਹ ਹੋਰ ਪਤਾ ਨ੍ਹੀਂ ਕੀ ਕੁਸ਼। ਭਾਅ ਜੀ ਨਾਲ ਤਸਵੀਰਾਂ ਖਿਚਵਾਉਣ ਵਾਲਿਆਂ ਦੀ ਹੋੜ ਲੱਗੀ ਹੋਈ ਸੀ।ਬੁਲਾਰੇ ਭਾਅ ਜੀ ਦਾ ਰੰਗਮੰਚ ਦੇ ਜ਼ਰੀਏ ਸਾਧਨ-ਹੀਣ, ਪੀੜਤ, ਸੋਸ਼ਿਤ ਅਤੇ ਦੱਬੇ-ਕੁਚਲੇ ਤਬਕੇ ਹੱਕ 'ਚ ਦਲੇਰੀ ਤੇ ਬੇਬਾਕੀ ਨਾਲ ਹਾਅ ਦਾ ਨਾਹਰਾ ਮਾਰਨ ਦਾ ਜ਼ਿਕਰ ਕਰ ਰਹੇ ਸਨ।

ਸਨਮਾਨ ਸਮਾਗਮ ਦੀ ਸਮਾਪਤੀ ਤੋਂ ਬਾਅਦ ਵਿਸਾਖੀ ਦੇ ਜਸ਼ਨ ਆਰੰਭ ਹੋਏ।ਜਸ਼ਨ ਘੱਟ ਖੜਦੂੰਮ ਵੱਧ।ਕੰਨ੍ਹ ਪਾੜਵੇਂ ਡੀ.ਜੇ. ਦਾ ਸ਼ੋਰ, ਗਾਇਕੀ ਤੇ ਗੀਤਕਾਰੀ ਚੱਕਵੀਂ। ਹਰ ਕੋਈ ਦੂਜੇ 'ਤੇ ਛਾ ਜਾਣ ਤੇ ਇਕ ਦੂਜੇ ਨੂੰ ਖਾ ਜਾਣ ਲਈ ਕਾਹਲਾ। ਚਾਹੇ ਕੋਈ ਗਾਇਕ ਹੋਵੇ, ਢੋਲ ਆਲਾ ਹੋਵੇ, ਚਿਮਟੇ ਆਲਾ ਹੋਵੇ, ਹਰਮੋਨੀਅਮ ਆਲਾ ਹੋਵੇ, ਤਬਲੇ ਆਲਾ ਹੋਵੇ। ਸਾਰੰਗੀ ਵੀ ਵਿਚਾਰੀ ਸਾਹੋ-ਸਾਹ ਹੋਈ ਪਈ ਸੀ।ਜਵਾਨਾਂ ਤੇ ਅੱਧਖੜਾਂ ਨੂੰ ਘਬਰਾਹਟ ਹੋਣ ਲੱਗੀ, ਕਈ ਤਾਂ ਉੱਠ ਕੇ ਜਾਣ ਲੱਗੇ।ਗੁਰਸ਼ਰਨ ਭਾਅ ਜੀ ਕੁੱਝ ਦੇਰ ਤਾਂ ਬੈਠੇ ਰਹੇ, ਪਰ ਅੱਸੀਆਂ ਨੂੰ ਢੁੱਕਿਆਂ ਬਿਮਾਰ ਇਨਸਾਨ ਇਸ ਕੰਨ ਪਾੜਵੇਂ ਮਾਹੌਲ ਨੂੰ ਕਿੰਨਾ ਬਰਦਾਸ਼ਤ ਕਰ ਸਕਦਾ ਸੀ। ਭਾਅ ਜੀ ਨੇ ਪ੍ਰਬੰਧਕਾਂ ਤੋਂ ਵਿਦਾ ਲਈ।ਜਦ ਭਾਅ ਜੀ ਜਾ ਰਹੇ ਸਨ ਤਾਂ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ, ਧੀਆਂ ਹੀ ਸਨ। ਵ੍ਹੀਲਚੇਅਰ ਰੇੜ੍ਹ ਰਿਹਾ ਸੀ, ਭਾਅ ਜੀ ਦੇ ਰੰਗਕਰਮ ਤੇ ਉਨ੍ਹਾਂ ਦੇ ਨਾਟ-ਮੰਡਲੀ ਨੂੰ ਤੋਰਨ ਆਲਾ ਇਕੱਤਰ ਸਿੰਘ।

ਰਾਤਾਂ ਚਾਹੇ ਕਿੰਨੀਆਂ ਵੀ ਕਾਲੀਆਂ ਹੋਣ, ਮਾਹੌਲ ਭਾਵੇਂ ਕਿੰਨਾ ਵੀ ਸਾਹ-ਘੁੱਟਵਾਂ ਹੋਵੇ, ਦਾਨਵ ਭਾਵੇਂ ਕਿੰਨਾ ਦਨਦਨਾਉਣ, ਪਰ ਜਦ ਮਾਨਵ ਰੋਹ 'ਚ ਗਿਆ।ਗੁਰੂਆਂ, ਪੀਰਾਂ-ਪੈਗੰਬਰਾਂ ਦੇ ਮੁਰੀਦਾਂ, ਦੇਸ਼ ਭਗਤਾਂ, ਸੂਰਬੀਰਾਂ, ਯੋਧਿਆਂ ਦੀਆਂ ਕੁਰਬਾਨੀਆਂ ਦੇ ਵਾਰਿਸਾਂ ਨੇ ਉਪਰਲੀ ਥੱਲੇ ਕਰ ਦੇਣੀ ਆ।

ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭੇ, ਚੰਦਰ ਸ਼ੇਖਰ ਅਜ਼ਾਦ, ਸੁਭਾਸ਼ ਚੰਦਰ ਬੋਸ ਦੇ ਵਾਰਿਸਾਂ ਦੀ ਕਤਾਰ ਕਦੇ ਵੀ ਘਟਣ ਨ੍ਹੀ ਲੱਗੀ।

ਗੁਰਸ਼ਰਨ, ਭਗਤ ਸਿੰਘ ਕੀ ਲੱਗਦੈ ਇਹ ਤਾਂ ਦੱਸਣ ਦੀ ਬਾਹਲ੍ਹੀ ਲੋੜ ਨ੍ਹੀਂ।ਪਰ ਇਸ ਸੋਚਣ ਦੀ ਲੋੜ ਜ਼ਰੂਰ ਐ, ਅਸੀਂ ਭਗਤ ਸਿੰਘ ਦੇ ਕੀ ਲੱਗਦੇ। ਅਸੀਂ ਭਗਤ ਸਿੰਘ ਦੇ ਕੁਸ਼ ਲੱਗਦੇ ਵੀ ਆਂ ਕਿ ਨਹੀਂ।ਜਦ ਅਸੀਂ ਭਗਤ ਸਿੰਘ ਦੇ ਕੁਸ਼ ਲੱਗਣ ਦੀ ਠਾਣ ਲਈ, ਧਾਰ ਲਿਆ ਭਗਤ ਸਿੰਘ ਬਣਨਾ ਵੀ ਆ ਤੇ ਭਗਤ ਸਿੰਘ ਜੰਮਣੇ ਵੀ ਨੇ।ਉਹ ਵੀ ਆਪਣੇ ਘਰ। ਫੇਰ ਸੁਲਝੂ ਤਾਣੀ, ਉਲਝੀ ਹੋਈ। ਫੇਰ ਪੁੱਠੀ ਹੋਊ ਸਿੱਧੀ।ਫੇਰ ਹਾਕਿਮ ਜਰਕਣਗੇ ਵੀ ਤੇ ਤ੍ਰਬਕਣਗੇ ਵੀ।

**ਸੰਪਰਕ** 94174-60656

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

29-Sep-Sunday.qxd 9/28/2024 10:49 PM Page 4



# ਨਿਸ਼ਕਪਟ, ਸਾਦਗੀ, ਸੰਵੇਦਨਸ਼ੀਲ, ਸਾਂਝੀਵਾਲਤਾ ਤੇ ਪੰਜਾਬੀਅਤ ਦਾ ਪ੍ਰਵਚਨ

## ਬੰਬੇ ਵਿੱਚ ਪੰਜਾਬ

**(ਆਮ ਜ਼ਿੰਦਗੀ ਦੀਆਂ ਖਾਸ ਕਵਿਤਾਵਾਂ)**
**ਸੁਖਦੀਪ ਸਿੰਘ**
**ਸਫੇ : 160, ਮੁੱਲ : 200 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਹਰਿੰਦਰ ਸਿੰਘ ਤੁੜ**

ਸੁਖਦੀਪ ਸਿੰਘ ਪ੍ਰਬੁੱਧ ਸਾਹਿਤਕਾਰ ਅਤੇ ਭਾਬਾ ਅਟਾਮਿਕ ਰਿਸਰਚ ਸੈਂਟਰ ਮੁੰਬਈ 'ਚ ਸੀਨੀਅਰ ਸਾਇੰਟਿਸਟ ਵਜੋਂ ਸੁਯੋਗ ਸੇਵਾ ਨਿਭਾਅ ਰਿਹਾ ਹੈ। ਉਸ ਦਾ ਪਲੇਠਾ ਕਾਵਿ ਸੰਗ੍ਰਹਿ 'ਬੰਬੇ 'ਚ ਪੰਜਾਬ' (ਆਮ ਜ਼ਿੰਦਗੀ ਦੀਆਂ ਖਾਸ ਕਵਿਤਾਵਾਂ) ਹੈ। ਇਸ ਵਿੱਚ 61 ਕਵਿਤਾਵਾਂ ਅਤੇ ਪੰਨਾ 121 ਤੋਂ ਲੈ ਕੇ 159 ਤੱਕ ਛੋਟੀਆਂ ਨਜ਼ਮਾਂ ਦਰਜ ਹਨ। ਉਸ ਦਾ ਕਾਵਿ ਲੋਕ ਸਮਾਜਕ, ਆਰਥਕ, ਰਾਜਨੀਤਕ, ਧਾਰਮਿਕ, ਇਤਿਹਾਸਕ, ਸੱਭਿਆਚਾਰਕ, ਵਿਗਿਆਨਕ ਅਤੇ ਮਨੋਵਿਗਿਆਨਕ ਪੱਖਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਉਸ ਨੇ ਆਪਣੀ ਕਲਮ ਰਾਹੀਂ ਸਰਬ-ਸਾਂਝੀਵਾਲਤਾ ਦਾ ਪੈਗਾਮ ਦਿੱਤਾ ਹੈ। ਇਸ ਪ੍ਰਕਾਰ ਉਸ ਦੀ ਪੰਜਾਬੀਅਤ ਮੁੰਬਈ ਵਰਗੇ ਮਹਾਨਗਰੀ ਪਦਾਰਥਵਾਦੀ ਸ਼ਹਿਰ ਵਿੱਚ ਬਰਕਰਾਰ ਰਹਿੰਦੀ ਹੈ।

ਵਰਤਮਾਨ ਦਾ ਅਤੀਤ ਨਾਲ ਸੰਬੰਧ ਤੇ ਭਵਿੱਖ ਨਾਲ ਆਸਾਂ/ਉਮੀਦਾਂ ਕਾਇਮ ਰਹਿੰਦੀਆਂ ਹਨ। ਉਸ ਦੀ ਕਵਿਤਾ 'ਪੁਰਾਣੇ ਜ਼ਮਾਨੇ' 'ਚ ਉੱਚੀ-ਸੁੱਚੀ ਜੀਵਨ-ਜਾਚ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਵੇਂ ਸਹੂਲਤਾਂ ਜਾਂ ਆਵਾਜਾਈ ਦੇ ਸਾਧਨ ਜ਼ਿਆਦਾ ਨਹੀਂ ਸਨ, ਪਰ ਲੋਕ ਸਾਂਝਾਂ ਨਿਭਾਉਣ ਲਈ ਕਈ ਮੀਲਾਂ ਦਾ ਪੈਦਲ ਸਫਰ ਕਰਦੇ ਸਨ। ਆਪਣੀ ਮਿੱਟੀ, ਆਪਣੀ ਜੜ੍ਹ ਨਾਲ ਜੁੜੇ ਹੋਣ ਕਰਕੇ ਨੈਤਿਕ ਮੁੱਲਾਂ ਨਾਲ ਪ੍ਰਣਾਏ ਸਨ। ਉਹ ਮਨੁੱਖ ਕਹਿਣੀ-ਕਰਨੀ ਤੇ ਜ਼ਮੀਰਾਂ ਵਾਲੇ ਸਨ, ਪਰ ਵਰਤਮਾਨ ਪ੍ਰਸਥਿਤੀਆਂ ਨੇ ਸਭ ਕੁਝ ਉਲਟਾ ਦਿੱਤਾ ਹੈ। ਆਧੁਨਿਕ ਸਮੇਂ ਦੀ ਮਨੁੱਖ 'ਤੇ ਅਜਿਹੀ ਮਾਰ ਪਈ ਹੈ ਕਿ ਉਹ ਘਰ ਦੇ ਪਿਆਰ ਨੂੰ ਤਿਆਗ ਕੇ ਵਿਦੇਸ਼ਾਂ ਵਿੱਚ ਸ਼ੋਸ਼ਣ ਕਰਵਾ ਰਹੇ ਹਨ, ਪਰ ਘਰ ਨਹੀਂ ਪਰਤਣਾ ਚਾਹੁੰਦੇ। ਪੰਜਾਬੀ ਪਹਿਰਾਵਾ ਵਿਰਾਸਤ ਨਾਲ ਸੰਬੰਧਤ ਸੀ, ਪਰ ਪੱਛਮੀਕਰਨ ਕਰਕੇ ਜੀਨਾਂ, ਟੀਸ਼ਰਟਾਂ, ਟਾਪ ਆਦਿ ਲੋਕਾਈ 'ਤੇ ਗਲਬਾ ਪਾ ਰਹੇ ਹਨ। ਪੰਜਾਬੀ ਗੱਭਰੂ ਤੇ ਮੁਟਿਆਰਾਂ ਦੀ ਜ਼ੋਰ ਤੇ ਜੋਸ਼ ਤੇ ਬਹਾਦਰੀ ਦੀ ਗਵਾਹੀ ਪ੍ਰੋ: ਪੂਰਨ ਸਿੰਘ ਨੇ ਦਿੱਤੀ ਸੀ, ਅੱਜ ਉਹੀ ਪੰਜਾਬ ਦਾ ਗੱਭਰੂ ਕੱਖੋਂ ਹੌਲੇ ਹੋ ਗਿਆ:

ਪਹਿਲਾਂ ਜਿਹੇ ਨਾ ਰਹੇ ਹੱਟੇ-ਕੱਟੇ ਗੱਭਰੂ,
ਅੱਜ-ਕੱਲ੍ਹ ਸ਼ਰਟਾਂ ਵਿੱਚ ਪਾਈਆਂ ਹੱਡੀਆਂ
ਚੱਲ ਜਾਂਦਾ ਕੰਮ ਇਹਦੇ ਬਾਵਜੂਦ ਵੀ
ਰਹਿੰਦੀਆਂ ਜੋ ਕਸਰਾਂ ਨਸ਼ਿਆਂ ਨੇ ਕੱਢੀਆਂ

ਕਵਿਤਾ 'ਮਿੱਟੀ' ਪ੍ਰਦੇਸਾਂ ਵਿੱਚ ਵਸ ਗਏ ਪੰਜਾਬੀਆਂ ਨੂੰ ਸੰਬੋਧਨੀ ਸ਼ੈਲੀ ਵਿੱਚ ਲਿਖੀ ਹੈ। ਠੀਕ ਹੈ ਕਿ ਆਰਥਿਕਤਾ ਨੂੰ ਠੁੰਮ੍ਹਣਾ ਦੇਣਾ ਵੀ ਜ਼ਰੂਰੀ ਹੈ, ਪਰ ਆਪਣੇ ਪਿੰਡ ਦੀ ਮਿੱਟੀ ਨਾਲ ਸਾਂਝ ਕਾਇਮ ਰੱਖਣਾ ਹੋਰ ਵੀ ਜ਼ਰੂਰੀ ਹੈ। ਕਵੀ ਤਾਕੀਦ ਕਰਦਾ ਹੈ ਕਿ ਹੁਨਰਮੰਦ ਹੋ ਕੇ ਵਾਪਸ ਪੰਜਾਬ ਵਿੱਚ ਵਿਕਾਸ ਕਾਰਜ ਆਰੰਭੋ। ਘਰ ਵਿੱਚ ਰੋਟੀ ਪਕਾਉਣ ਦਾ ਸੱਭਿਆਚਾਰ ਸ਼ਹਿਰੀ ਸਿਸਟਮ ਵਿੱਚ ਘਟਦਾ ਜਾ ਰਿਹਾ ਹੈ, ਜਦਕਿ ਪਰਵਾਰ ਨਾਲ ਬੈਠ ਕੇ ਪਰਸ਼ਾਦਾ ਛਕਣ ਦਾ ਆਨੰਦ ਰੂਹਾਨੀ ਹੈ। ਸਿੱਧੂ ਕਹਿੰਦਾ ਹੈ :

ਵਿੱਚ ਲੰਡਨ ਦੇ ਸਾਗ ਨ੍ਹੀ ਮਿਲਣਾ
ਏਥੇ ਤੜਕੇ ਲਾ ਲਾ ਖਾਇਓ ਓਏ
ਸੁੱਕੇ ਜਿਹੇ ਅੰਗਰੇਜ਼ਾਂ ਤੋਂ
ਤੁਸੀਂ ਵਧੀਆ ਸਿਹਤ ਬਣਾਇਓ ਓਏ।

ਗੱਲ ਖਾਣ 'ਤੇ ਜ਼ਿਆਦਾ ਜ਼ੋਰ ਦੇਣ ਦੀ ਨਹੀਂ, ਸਗੋਂ ਪੀਜ਼ਿਆਂ, ਬਰਗਰਾਂ ਦੇ ਵਿਸ਼ਿਆਂ ਰਾਹੀਂ ਮਨੁੱਖਤਾ ਦੀ ਤ੍ਰਾਸਦੀ ਦਾ ਜ਼ਿਕਰ ਕੀਤਾ ਹੈ। 'ਬੁੱਢੀਆਂ ਅੱਖੀਆਂ' ਮਾਤਾ-ਪਿਤਾ ਦੀ ਬਿਰਧ ਅਵਸਥਾ ਤੇ ਪੁੱਤਰਾਂ ਧੀਆਂ ਦੇ ਦੂਰ ਹੋਣ ਦੇ ਵਿਛੋੜੇ ਨੂੰ ਰੂਪਮਾਨ ਕਰਦੀਆਂ ਹਨ। ਜਦ ਵੀ ਮਨੁੱਖ ਨੇ ਆਪਣੀ ਰੋਜ਼ੀ-ਰੋਟੀ ਦੀ ਪ੍ਰਾਪਤੀ, ਵਿਕਾਸ ਤੇ ਨਵੀਆਂ ਮੰਜ਼ਲਾਂ ਲਈ ਧਰਤੀਆਂ ਨੂੰ ਗਾਹੁਣ ਲਈ ਘਰ ਤੋਂ ਬਾਹਰ ਕਦਮ ਧਰੇ ਤਾਂ ਉਨ੍ਹਾਂ ਦੇ ਨਾਲ-ਨਾਲ ਘਰ ਦੀ ਰਹਿਤਲ ਤੇ ਪਿੰਡ ਸੂਖਮ ਰੂਪ ਵਿੱਚ ਉਸ ਦੇ ਨਾਲ ਰਹੇ। ਸਥੂਲ ਰੂਪ ਵਿੱਚ ਹਜ਼ਾਰਾਂ ਮੀਲ ਘਰ ਤੋਂ ਦੂਰ ਹੋਣ ਦੇ ਬਾਵਜੂਦ 'ਘਰ' ਉਸ ਦੇ ਚੇਤਿਆਂ ਵਿੱਚ ਰਿਹਾ। ਪਿੰਡ ਦੇ ਕੁਦਰਤੀ ਵਾਤਾਵਰਣ ਤੋਂ ਦੂਰ ਕਾਰਨ ਪਈ ਖਿੱਚ ਉਸ ਨੂੰ ਪਿੰਡ ਪਰਤਣ ਲਈ ਆਵਾਜ਼ਾਂ ਮਾਰਦੀ ਹੈ। ਸੁਖਦੀਪ ਦੀ ਕਵਿਤਾ 'ਪਿੰਡ ਦਾ ਚੇਤਾ' ਵਿੱਚ ਇੱਕ ਹੇਰਵਾ, ਇੱਕ ਤਾਂਘ, ਪਿਆਰ, ਦ੍ਰਿਸ਼ਟੀਗੋਚਰ ਹੁੰਦਾ ਹੈ। ਮਨ ਦੀ ਵਿੱਥਿਆ ਤੇ ਦਿਲ ਦੀਆਂ ਗਹਿਰੀਆਂ ਸੁਰਾਂ ਸਤਰਾਂ ਦਾ ਰੂਪ ਧਾਰਨ ਕਰਦੀਆਂ ਹਨ :

ਮੇਰੇ ਜਾਣ ਦਾ ਸੀ ਗ਼ਮ
ਰੌਲਾ ਪਾਇਆ ਸੀਗਾ ਕਾਂਵਾਂ
ਮਨ ਮੇਰੇ ਵਿੱਚ ਘੁੰਮੀ ਜਾਏ
ਪਿੰਡ ਦਾ ਸਿਰਨਾਵਾਂ।

ਉਹ ਦੂਰ ਜਾਣ ਦੇ ਦਰਦ ਨੂੰ ਸਾਂਝਾ ਕਰਕੇ ਸਾਵਾਂ ਹੋਣਾ ਚਾਹੁੰਦਾ ਹੈ। ਪਿੰਡ ਤੋਂ ਦੂਰੀ ਨੇ ਮਨ ਅੰਦਰ ਵੇਦਨਾ ਤੇ ਵਿਛੋੜੇ ਦੀ ਚੀਸ ਭਰ ਦਿੱਤੀ ਹੈ, ਉਹ ਵਾਪਸ ਪਰਤ ਕੇ ਆਪਣੇ ਪਿੰਡ ਵਿਚਲੇ ਘਰ ਵਿੱਚ ਰਹਿ ਕੇ ਮਾਂ ਹੱਥੋਂ ਬਣਾਇਆ ਖਾਣਾ ਖਾ ਕੇ ਆਨੰਦਤ ਹੋਣਾ ਚਾਹੁੰਦਾ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਉਤੇ ਹੁੰਦੇ ਜਬਰ-ਜ਼ੁਲਮ ਤੇ ਅਨਿਆਂ ਨੂੰ ਦੂਰ ਕਰਨ ਲਈ ਇਸ ਸੰਸਾਰ ਵਿੱਚ ਅਵਤਾਰ ਧਾਰਿਆ। ਉਨ੍ਹਾ ਵੱਲੋਂ ਭੁੱਖੇ ਸਾਧੂਆਂ ਨੂੰ 20 ਰੁਪਏ ਦਾ ਛਕਾਇਆ ਲੰਗਰ ਅੱਜ ਵੀ ਲਗਾਤਾਰ ਚੱਲ ਰਿਹਾ ਹੈ। ਚਾਰ ਉਦਾਸੀਆਂ ਲੋਕਾਈ ਦੇ ਮਾਰਗ ਦਰਸ਼ਨ ਲਈ ਕੀਤੀਆਂ। ਸੁਖਦੀਪ ਸਿੰਘ ਨੇ ਕਵਿਤਾ 'ਨਾਨਕ' ਵਿੱਚ ਗੁਰੂ ਸਾਹਿਬ ਦੀ ਕਾਰਜ ਪ੍ਰਣਾਲੀ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਵਹਿਮ-ਭਰਮ, ਝੂਠ, ਫਰੇਬ ਤੋਂ ਵਰਜਿਆ ਤੇ ਸਚਾਈ ਦਾ ਰਾਹ ਦਿਖਾਇਆ। ਗੁਰੂ ਜੀ ਦਾ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦਾ ਸਿਧਾਂਤ ਸਿੱਖ ਜਗਤ ਵਿੱਚ ਅੱਜ ਵੀ ਬਰਕਰਾਰ ਹੈ। ਗੁਰੂ ਸਾਹਿਬ ਜੀ ਨੇ ਔਰਤ ਨੂੰ ਰਾਜਿਆਂ, ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਜਗਤ ਜਨਨੀ ਵਜੋਂ ਨਿਵਾਜਿਆ। ਕਵੀ ਸਪੱਸ਼ਟ ਕਰਦਾ ਹੈ :

ਉਨ੍ਹੇ ਬਣਦੀ ਇੱਜ਼ਤ ਔਰਤ ਨੂੰ ਬਖ਼ਸ਼ੀ
ਜਣਨੀ ਰਾਜਿਆਂ ਦੀ ਦਰਸਾਇਆ।

ਬਾਬਾ ਨਾਨਕ ਜੀ ਦੀ ਮੱਕਾ ਫੇਰਨ ਦੀ ਘਟਨਾ ਸਿੱਧ ਕਰਦੀ ਹੈ ਕਿ ਪਰਮਾਤਮਾ ਦਾ ਵਾਸਾ ਚਾਰੇ ਪਾਸੇ ਤੇ ਕਣ-ਕਣ ਵਿੱਚ ਮੌਜੂਦ ਹੈ। ਗੁਰੂ ਸਾਹਿਬ ਜੀ ਦੀ ਬਾਣੀ ਹਰੇਕ ਯੁੱਗ ਵਿੱਚ ਮਨੁੱਖਤਾ ਦਾ ਮਾਰਗ ਦਰਸ਼ਨ ਕਰੇਗੀ।

ਸਿੱਖ ਧਰਮ ਵਿੱਚ 'ਅਰਦਾਸ ਦਾ ਸੰਕਲਪ' ਪ੍ਰਮੁੱਖ ਤੇ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਅਰਦਾਸ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ। ਜਸਵੰਤ ਸਿੰਘ ਨੇਕੀ ਦੀ ਪੁਸਤਕ 'ਅਰਦਾਸ : ਦਰਸ਼ਨ ਰੂਪ ਅਭਿਆਸ' ਵਿੱਚ ਅਰਦਾਸ ਦੀ ਮਹੱਤਤਾ ਤੇ ਯਥਾਰਥਕ ਦ੍ਰਿਸ਼ਟੀ ਨੂੰ ਰੂਪਮਾਨ ਕੀਤਾ ਹੈ। ਸੁਖਦੀਪ ਸਿੱਧੂ ਨੇ 'ਅਰਦਾਸ' ਕਵਿਤਾ ਵਿੱਚ ਲੋਕਾਈ ਲਈ ਬੇਨਤੀਆਂ ਕੀਤੀਆਂ ਹਨ। ਔਲਾਦ ਦੀ ਦਾਤ, ਗੂੰਗੇ-ਬੋਲਿਆਂ ਲਈ ਪੁਕਾਰ, ਰੋਜ਼ੀ-ਰੋਟੀ ਦੀ ਪੂਰਤੀ, ਘਰ ਦੀ ਪ੍ਰਾਪਤੀ, ਹਰੇਕ ਲਈ ਵਿੱਦਿਆ ਦਾ ਦਾਨ, ਨਸ਼ਿਆਂ ਦੇ ਕੋਹੜ ਤੋਂ ਨਿਜ਼ਾਤ, ਅਰੋਗ ਸਰੀਰ ਦੀ ਕਾਮਨਾ, ਮੁਹੱਬਤ ਤੇ ਮਿਲਾਪ ਦੀ ਆਸ, ਸਮੇਂ ਸਿਰ ਵਿਆਹ ਹੋਣ ਦੀ ਬੇਨਤੀ, ਧਰਮ ਤੇ ਜਾਤ ਅਧਾਰਤ ਵੰਡਣ ਵਾਲਿਆਂ ਨੂੰ ਬੁੱਧ ਬਖਸ਼ਣ ਦੀ ਗੱਲ, ਹੱਦਾਂ-ਸਰਹੱਦਾਂ 'ਤੇ ਸਾਂਝਾਂ ਦੀ ਸਥਾਪਤੀ, ਇਨਸਾਨੀਅਤ ਦਾ ਪਾਠ ਪੜ੍ਹਾਉਣ, ਨਾਮ ਜਪਣ ਲਈ ਅਰਦਾਸ ਆਦਿ ਦਾ ਜ਼ਿਕਰ ਮਿਲਦਾ ਹੈ। ਜੀਵਨ ਹਯਾਤੀ ਦੇ ਹਰੇਕ ਪੱਖ ਨੂੰ ਸੁਚੱਜਤਾ ਵਿੱਚ ਤਬਦੀਲ ਕਰਨ ਲਈ ਅਰਜੋਈ ਬੇਨਤੀ ਕੀਤੀ ਗਈ ਹੈ। ਕਵੀ ਦਾ ਹਿਰਦਾ ਨਿੱਜਤਾ ਤੋਂ ਪਾਰ ਫੈਲ ਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਸੁਖਦੀਪ ਦੀ ਕਾਵਿ-ਕਲਾ ਦਾ ਮਿਆਰੀ ਗੁਣ :

ਧਰਮ-ਜਾਤ 'ਤੇ ਵੰਡਣ ਵਾਲਿਆਂ ਨੂੰ
ਥੋੜ੍ਹਾ ਜਿਹਾ ਸਮਝਾ ਦੇ ਰੱਬਾ।
ਉਸ ਪਾਰ ਸਰਹੱਦ ਦੇ ਬੈਠੇ ਨੇ ਜੋ
ਠੰਢ ਉਨ੍ਹਾਂ ਨੂੰ ਵੀ ਪਾ ਦੇ ਰੱਬਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਾਮਰਾਜਵਾਦੀ ਹਕੂਮਤ ਨੇ ਕੰਧ ਵਿੱਚ ਚਿਣਵਾ ਕੇ ਸ਼ਹੀਦ ਕੀਤਾ। ਇਹ ਘਟਨਾ ਜ਼ਾਲਮ ਹਕੂਮਤ ਦੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ। ਦੂਜੇ ਪਾਸੇ ਸਾਹਿਬਜ਼ਾਦਿਆਂ ਅੰਦਰ ਸਿੱਖੀ ਸਿਦਕ, ਜ਼ੁਲਮ ਤੇ ਤਸ਼ੱਦਦ ਵਿਰੁੱਧ ਆਵਾਜ਼, ਧਾਰਮਿਕ ਸੁਤੰਤਰਤਾ ਲਈ ਯਤਨਸ਼ੀਲ ਕਾਰਜ-ਪ੍ਰਣਾਲੀ ਤੇ ਸਿਧਾਂਤ ਦੀ ਸਿਖਰ ਉਜਾਗਰ ਹੁੰਦੀ ਹੈ, ਜੋ ਅਗਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ-ਸਰੋਤ ਰਹੇਗੀ। ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਖੜੇ ਰੂਪ ਵਿੱਚ ਵਿਛਾ ਕੇ ਦੁਨੀਆ ਦੀ ਸਭ ਤੋਂ ਮਹਿੰਗੇ ਮੁੱਲ ਦੀ ਜ਼ਮੀਨ ਖਰੀਦੀ, ਜਿਸ 'ਤੇ ਸਾਹਿਬਜ਼ਾਦਿਆਂ ਦਾ ਅੰਤਮ ਸੰਸਕਾਰ ਹੋਇਆ। ਅੱਜ-ਕੱਲ੍ਹ ਉੱਥੇ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ। ਕਵੀ ਸਿੱਧੂ ਦੀ ਕਵਿਤਾ 'ਨਿੱਕੀਆਂ ਜਿੰਦਾਂ' ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਰੂਪਮਾਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਉਨ੍ਹਾ ਨੇ ਸੋ ਪੰਜਾਬੀ ਮਨੁੱਖ ਨੂੰ 'ਅਣਖ ਨਾਲ ਜਿਉਣ' ਦੀ ਅਜਿਹੀ ਪਿਰਤ ਪਾਈ ਕਿ ਉਹ ਆਪਣੇ ਸਵੈ-ਮਾਣ 'ਤੇ ਹੱਕ-ਸੱਚ ਦੇ ਉੱਤੇ ਕਾਇਮ ਰਹਿੰਦੇ ਹੋਏ ਸ਼ਹੀਦੀ ਦੇਣ ਤੋਂ ਪਿੱਛੇ ਨਹੀਂ ਹੁੰਦੇ। ਸਿੱਧੂ ਲਿਖਦਾ ਹੈ :

ਇਤਿਹਾਸ ਸਦਾ ਲਈ ਹੀ ਲਿਖ ਦਿੱਤਾ
ਉਨ੍ਹਾਂ ਮੌਤ ਨੂੰ ਵਿਆਹ ਕੇ
ਚੰਨ ਚਾਰ ਚਾਰ ਲਾਏ
ਧਰਤੀ ਪੰਜਾਬ ਦੀ 'ਤੇ ਆ ਕੇ।

ਸੁਖਦੀਪ ਸਿੱਧੂ ਨੇ ਆਪਣੀ ਕਾਵਿ ਸਿਰਜਣਾ ਨਾਲ ਮਾਂ-ਬੋਲੀ ਪੰਜਾਬੀ ਦੀ ਉਸਤਤ ਕੀਤੀ ਹੈ। ਉਸ ਦੀ ਕਵਿਤਾ 'ਮਾਂ ਬੋਲੀ' ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪੈਗਾਮ ਦਿੰਦੀ ਹੈ। ਪੰਜਾਬੀ ਮਨੁੱਖ ਦੀ ਮਜ਼ਬੂਤ ਜੜ੍ਹ 'ਮਾਂ ਬੋਲੀ' ਹੈ, ਜਿਸ ਨੇ ਜਨਮ ਤੋਂ ਹੀ ਮਨੁੱਖ ਦਾ ਮਾਰਗ ਦਰਸ਼ਨ ਕੀਤਾ, ਜਿਸ 'ਤੇ ਆਸ ਤੇ ਵਿਕਾਸ ਦੇ ਫ਼ਲ ਤੇ ਫੁੱਲ ਲੱਗਦੇ ਹਨ। ਮਾਂ ਸਿਰਜਣਾ ਦਾ ਪ੍ਰਤੀਕ ਹੈ, ਜਿਸ ਨੇ ਆਪਣੀ ਔਲਾਦ ਨੂੰ ਆਪਣੀ ਮਾਂ-ਬੋਲੀ ਨਾਲ ਜੋੜਿਆ। ਕਵੀ ਕਹਿੰਦਾ ਹੈ :

ਮਾਂ ਬੋਲੀ ਹੈ ਪੰਜਾਬੀ ਮੇਰੀ
ਮਾਂ ਨੇ ਸਿਖਾਈ ਹੈ।
ਬੇਜ਼ੁਬਾਨ ਸੀ ਮੈਂ ਜੰਮਿਆ
ਜੀਭ ਉਸ ਨੇ ਲਗਾਈ ਹੈ।

ਕਵੀ ਮਾਂ ਬੋਲੀ ਅੱਗੇ ਅਰਦਾਸ ਕਰਦਾ ਹੈ ਕਿ ਕਿਸੇ ਨੂੰ ਕੌੜਾ ਬੋਲ ਨਾ ਬੋਲਾਂ, ਅਜਿਹੀ ਸੋਚ ਜੀਵਨ ਦੀ ਨਿਰਮਾਣਤਾ ਦੇ ਪ੍ਰਤੀਕ ਵਜੋਂ ਉੱਭਰਦੀ ਹੈ। 'ਮਾਂ ਤੇ ਮਾਂ ਬੋਲੀ' ਦਾ ਸ਼ੁਕਰਾਨਾ ਕਰਨ ਵਾਲਾ ਕਵੀ ਧੁਰ ਅੰਦਰੋਂ ਆਪਣੀ ਬੋਲੀ ਨਾਲ ਜੁੜਿਆ ਹੈ। ਉਹ ਬੰਬੇ ਵਰਗੇ ਸ਼ਹਿਰ ਵਿੱਚ ਰਹਿ ਕੇ ਉਥੋਂ ਦੇ ਪਦਾਰਥਵਾਦੀ ਸਿਸਟਮ ਦਾ ਸ਼ਿਕਾਰ ਨਹੀਂ ਹੁੰਦਾ, ਸਗੋਂ ਆਪਣੀ ਜੜ੍ਹ, ਆਪਣੀ ਅਮੀਰ ਵਿਰਾਸਤ, ਆਪਣੇ ਇਤਿਹਾਸ ਤੇ ਆਪਣੇ ਸੱਭਿਆਚਾਰ ਨਾਲ ਜੁੜਿਆ ਹੈ। ਭਾਰਤ ਇੱਕ ਲੰਮੀ ਗ਼ੁਲਾਮੀ ਦੇ ਦੌਰ ਤੋਂ ਮੁਕਤ 1947 'ਚ ਹੋਇਆ। ਆਜ਼ਾਦੀ ਪ੍ਰਾਪਤੀ ਦੇ ਪਿੱਛੇ ਕ੍ਰਾਂਤੀਕਾਰੀ ਯੋਧਿਆਂ, ਸ਼ਹੀਦਾਂ ਤੇ ਆਮ ਜਨਤਾ ਦਾ ਯੋਗਦਾਨ ਰਿਹਾ, ਪਰ ਇਸ ਦੇ ਨਾਲ ਹੀ ਅਖੌਤੀ ਤੇ ਸਫੈਦਪੋਸ਼ ਵਿਅਕਤੀ ਨੇਤਾ ਬਣ ਗਏ, ਜਿਨ੍ਹਾਂ ਨੇ ਆਪਣੇ ਝੂਠੇ ਤੇ ਤਲਿਸਮੀ ਭਾਸ਼ਣਾਂ ਰਾਹੀਂ ਆਮ ਜਨਤਾ ਦਾ ਘਾਣ ਕੀਤਾ। ਆਜ਼ਾਦੀ ਪ੍ਰਾਪਤੀ ਨੂੰ 75 ਸਾਲ ਹੋ ਚੁੱਕੇ ਹਨ, ਪਰ ਜਨਤਾ ਦਾ ਜੀਵਨ ਪੱਧਰ ਉੱਚਾ ਨਹੀਂ ਹੋ ਸਕਿਆ। ਲੋਕ-ਮਾਰੂ ਪਾਲਿਸੀਆਂ ਮਨੁੱਖਤਾ ਦਾ ਘਾਣ ਕਰ ਰਹੀਆਂ ਹਨ। ਪੰਜਾਬ ਨਾਲ ਵਿਤਕਰੇ ਪਹਿਲਾਂ ਆਮ ਵਰਤਾਰਾ ਸੀ ਅਤੇ 1947 ਦੀ ਵੰਡ ਤੋਂ ਬਾਅਦ ਪੰਜਾਬ ਨਾਲ ਹੋਰ ਜ਼ਿਆਦਾ ਵਿਤਕਰੇ ਹੋਣ ਲੱਗੇ। ਇਸ ਦੇ ਵਿਕਾਸ ਦੀ ਬਜਾਏ ਵਿਨਾਸ਼ ਦੀਆਂ ਯੋਜਨਾਵਾਂ ਬਣਾਈਆਂ ਗਈਆਂ। ਸੁਖਦੀਪ ਦੀ ਕਵਿਤਾ 'ਆਜ਼ਾਦੀ' ਵਿੱਚ ਨੇਤਾਵਾਂ ਦੀ ਗੁਲਾਮ ਮਾਨਸਿਕਤਾ ਦਾ ਪ੍ਰਵਚਨ ਉਸਾਰਿਆ ਗਿਆ ਹੈ। ਨੇਤਾ ਨਿੱਜ ਤੱਕ ਸਿਮਟ ਕੇ ਲੋਕਾਈ ਵਿਰੋਧੀ ਕਾਰਵਾਈਆਂ ਕਰ ਰਹੇ ਹਨ। ਕਵੀ ਨੂੰ ਡਾਕਟਰ ਅਬਦੁਲ ਕਲਾਮ ਜਿਹੇ ਮਹਾਨ ਇਨਸਾਨਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਉਨ੍ਹਾ ਨੇ ਦੇਸ਼ ਪਿਆਰ ਤੇ ਵਿਕਾਸ ਲਈ ਆਪਣਾ ਜੀਵਨ ਸਮਰਪਣ ਕਰ ਦਿੱਤਾ। ਉਨ੍ਹਾ ਨੇ ਕੋਈ ਨਿੱਜੀ ਸੰਪਤੀ ਨਹੀਂ ਬਣਾਈ। ਉਨ੍ਹਾ ਦੀ ਸੱਚੀ-ਸੁੱਚੀ ਸੀਰਤ ਤੇ ਵਿਚਾਰਧਾਰਾ ਸਦਾ ਕਾਇਮ ਰਹੇਗੀ, ਜਦਕਿ ਦੂਜੇ ਪਾਸੇ ਸੱਤਾ 'ਤੇ ਕਾਬਜ਼ ਨੇਤਾ ਆਪਣੇ ਕਰਤਵਾਂ ਨੂੰ ਭੁੱਲ ਕੇ ਅਰਾਜਕਤਾ ਫੈਲਾ ਰਹੇ ਹਨ। ਵਰਤਮਾਨ ਪ੍ਰਸਥਿਤੀਆਂ ਆਜ਼ਾਦੀ ਪ੍ਰਾਪਤ ਕਰਕੇ ਵੀ :

ਲੋਕਾਂ ਦੇ ਜ਼ਮੀਰ ਨੇ
ਬਾਜ਼ਾਰ 'ਚ ਨਿਲਾਮ
ਔਰਤ ਦੀ ਇੱਜ਼ਤ
ਲੁੱਟ ਰਹੀ ਸ਼ਰੇਆਮ

ਕੁਦਰਤ ਦੀ ਵਿਸ਼ਾਲਤਾ ਦੀ ਕੋਈ ਥਾਹ ਨਹੀਂ ਪਾ ਸਕਿਆ। ਕੁਦਰਤ ਹਰ ਪਲ ਹੋਰ ਸੋਹਣੀ ਤੇ ਪ੍ਰਫੁੱਲਤ ਹੋ ਰਹੀ ਹੈ। ਕੁਦਰਤ ਤੇ ਮਨੁੱਖਤਾ ਵਿਚਕਾਰ ਇੱਕਸੁਰਤਾ ਹੋਣ ਕਰਕੇ ਮਨੁੱਖੀ ਜੀਵਨ ਤਾਜ਼ਗੀ ਭਰਪੂਰ ਰਹਿੰਦਾ ਹੈ। ਮਨੁੱਖ ਨੇ ਸ਼ਬਦਾਂ ਤੇ ਕਵਿਤਾਵਾਂ ਰਾਹੀਂ ਕੁਦਰਤ ਦੀ ਪ੍ਰਸੰਸਾ ਕੀਤੀ ਹੈ। ਮਨੁੱਖ ਦੇ ਜਨਮ ਤੋਂ ਮੌਤ ਦੇ ਸਫਰ ਤੱਕ ਕੁਦਰਤ ਸਾਥ ਨਿਭਾਉਂਦੀ ਹੈ। ਮਨੁੱਖ ਬਾਲਪਣ, ਜਵਾਨੀ ਤੇ ਬੁਢਾਪੇ ਦੀਆਂ ਅਵਸਥਾਵਾਂ ਭੋਗਦਾ ਹੈ, ਪਰ ਕੁਦਰਤ ਹਮੇਸ਼ਾ ਜਵਾਨ ਰਹਿੰਦੀ ਹੈ। ਸੁਖਦੀਪ ਸਿੱਧੂ ਦੀ ਕਵਿਤਾ 'ਕੁਦਰਤ' ਵਿੱਚ ਕੁਦਰਤ ਨੂੰ ਹੀ ਧਰਮ ਬਣਾਉਣ ਦੀ ਪਰਿਭਾਸ਼ਾ ਤੋਂ ਸਮਝਣ ਦੀ ਤਾਕੀਦ ਕੀਤੀ ਗਈ ਹੈ। ਕੁਦਰਤ ਏਕਤਾ ਦਾ ਪੈਗ਼ਾਮ ਦਿੰਦੀ ਹੋਈ ਧਰਮ, ਜਾਤ, ਨਸਲ, ਰੰਗ ਦੀਆਂ ਵੰਡੀਆਂ ਦਾ ਵਿਰੋਧ ਕਰਦੀ ਹੈ। ਰੁੱਤਾਂ, ਤਿਉਹਾਰ, ਈਦ, ਵਿਸਾਖੀ, ਦੀਵਾਲੀ ਇਨਸਾਨ ਵਿੱਚ ਸਾਂਝ ਪੈਦਾ ਕਰੇਗੀ ਅਤੇ ਕਿਸੇ ਵੀ ਇਨਸਾਨ ਨੂੰ ਭੁੱਖਾ ਨਹੀਂ ਸੌਣਾ ਪਵੇਗਾ। ਕੁਦਰਤ ਤੇ ਬ੍ਰਹਿਮੰਡ ਦੇ ਪਸਾਰੇ ਦੀ ਤਸਵੀਰ :

ਨਾ ਸੰਤਰੀ ਨਾ ਕੇਸਰੀ
ਨਾ ਰੰਗ ਹਰਾ ਕੋਈ ਧੋਵੇਗਾ
ਉਪਰ ਵੱਲ ਨੂੰ ਝਾਤ ਮਾਰਾਂਗੇ
ਸਭ ਨੀਲਾ ਨੀਲਾ ਹੋਵੇਗਾ।

ਦੀਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ। ਹਰ ਧਰਮ ਤੇ ਵਰਗ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਦੀਵਾਲੀ ਦੇ ਤਿਉਹਾਰ ਨੂੰ ਚਾਵਾਂ-ਮਲ੍ਹਾਰਾਂ ਨਾਲ ਮਨਾਉਂਦੇ ਹਨ। ਸਾਡੀ ਅਮੀਰ ਪਰੰਪਰਾ ਰਹੀ ਹੈ ਕਿ ਅਸੀਂ ਦੀਵਾਲੀ ਦੇ ਤਿਉਹਾਰ ਸਮੇਂ ਸਭ ਤੋਂ ਪਹਿਲਾਂ 'ਗੁਰੂ ਘਰ' ਦੀਵਾ ਜਗਾ ਕੇ ਆਉਂਦੇ ਹਾਂ। ਇਸ ਤੋਂ ਬਾਅਦ ਘਰ, ਮੋਟਰ 'ਤੇ, ਵਗਦੇ ਪਾਣੀ, ਚੌਰਾਹਿਆਂ ਵਿੱਚ, ਰਸਤਿਆਂ 'ਚ ਦੀਵੇ ਜਗਾਉਂਦੇ ਹਾਂ। ਦੀਵੇ ਤੋਂ ਦੀਵਾ ਜਗਾਉਣਾ ਰੌਸ਼ਨੀ ਤੇ ਏਕਤਾ ਦਾ ਸਬੂਤ ਦਿੰਦਾ ਹੈ। ਸੁਖਦੇਵ ਸਿੱਧੂ 'ਦੀਵਾਲੀ' ਕਵਿਤਾ ਰਾਹੀਂ ਰੌਸ਼ਨੀ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦੇ ਰਿਹਾ ਹੈ, ਘਰ ਤੋਂ ਦੂਰ ਮੁੰਬਈ ਵਿੱਚ ਰਹਿਣ ਕਰਕੇ ਮਨ ਵਿੱਚ ਕਸਕ ਹੈ। ਉਹ ਦੀਵਾਲੀ ਦੇ ਤਿਉਹਾਰ 'ਤੇ ਆਪਣੇ ਘਰ ਪਰਵਾਰ ਦੇ ਮੈਂਬਰਾਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਿਸਾਨੀ ਸੰਕਟ ਦੀਆਂ ਜੜ੍ਹਾਂ ਤਲਾਸ਼ਦੀ ਗਲਪ ਰਚਨਾ

## ਟਰਾਲੀਨਾਮਾ

**(ਨਾਵਲ)**
**ਹਰਨੇਕ ਸਿੰਘ ਹੇਅਰ**
**ਪੰਨੇ : 320, ਮੁੱਲ : 300 ਰੁਪਏ**
**5 ਆਬ ਪ੍ਰਕਾਸ਼ਨ, ਜਲੰਧਰ**

**ਹਰਜਿੰਦਰ ਸਿੰਘ ਅਟਵਾਲ (ਡਾ.)**




ਡਾ. ਹਰਨੇਕ ਸਿੰਘ ਹੇਅਰ ਅਜਿਹਾ ਕਲਮਕਾਰ ਹੈ, ਜੋ ਗਲਪ ਸਿਰਜਣਾ ਦੇ ਨਾਲ-ਨਾਲ ਲੋਕ ਗਾਇਕੀ ਆਦਿ ਬਾਰੇ ਵੀ ਜ਼ਿਕਰਯੋਗ ਸਿਰਜਣਾ ਕਰ ਚੁੱਕਿਆ ਹੈ। ਇਹ ਉਸ ਦਾ ਚੌਥਾ ਨਾਵਲ ਹੈ। ਪਹਿਲੇ ਨਾਵਲਾਂ ਵਿੱਚ ਵੀ ਉਹ ਮਨੁੱਖ ਨਾਲ ਜੁੜੇ ਉਨ੍ਹਾਂ ਸਰੋਕਾਰਾਂ ਨੂੰ ਹੀ ਕੇਂਦਰ ਵਿੱਚ ਰੱਖ ਕੇ ਬਿਰਤਾਂਤ ਸਿਰਜਦਾ ਰਿਹਾ ਹੈ। ਉਸ ਦੇ ਪਾਤਰ ਅਸਲ ਵਿੱਚ ਜ਼ਮੀਨੀ ਹਕੀਕਤ ਨਾਲ ਜੁੜੇ ਹੋਣ ਕਰਕੇ ਉਹ ਨਾਵਲ ਦੀ ਵੱਥ ਵਿੱਚੋਂ ਉਗਮੇ ਅਤੇ ਸਮੋਏ ਹੁੰਦੇ ਹਨ, ਜਿਸ ਨਾਲ ਉਹ ਤਤਕਾਲੀ ਸਮਾਜਿਕ ਯਥਾਰਥ ਦਾ ਉਹ ਰੂਪ ਸਹਿਜੇ ਹੀ ਪ੍ਰਗਟ ਕਰਨ ਵਿੱਚ ਸਫ਼ਲ ਹੁੰਦਾ ਹੈ, ਜਿਸ ਨੂੰ ਕਈ ਵਾਰੀ ਕੁਝ ਗ਼ਲਪਕਾਰ ਬਹੁਤ ਹੀ ਉਚੇਚ ਨਾਲ ਪ੍ਰਗਟ ਕਰ ਰਹੇ ਹੁੰਦੇ ਹਨ।

ਇੱਕ ਸਾਲ ਤੋਂ ਵੱਧ ਸਮਾਂ ਚੱਲੇ ਸੰਘਰਸ਼ ਨੇ ਸੰਘਰਸ਼ ਕਰਦੀਆਂ ਧਿਰਾਂ ਅਤੇ ਆਮ ਬੰਦੇ ਨੂੰ ਸੋਚਣ ਅਤੇ ਸੰਘਰਸ਼ ਕਰਨ ਦੀ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ, ਜਿਸ 'ਤੇ ਚੱਲਦਿਆਂ ਉਹ ਆਪਣੀ ਦਸ਼ਾ ਸੁਧਾਰ ਸਕਣ ਵੱਲ ਅੱਗੇ ਵਧ ਸਕਦਾ ਹੈ। ਉਸ ਸੰਘਰਸ਼ ਬਾਰੇ ਬਹੁਤ ਕੁਝ ਲਿਖਿਆ ਗਿਆ, ਕਵਿਤਾ ਵਧੇਰੇ ਮਿਲਦੀ ਹੈ ਪਰ ਹੁਣ ਸਮਾਂ ਬੀਤਣ ਨਾਲ ਉਸ ਸੰਘਰਸ਼ ਨੂੰ ਗਲਪ ਦੇ ਮਾਧਿਅਮ ਰਾਹੀਂ ਵੀ ਪੇਸ਼ ਕਰਨ ਦਾ ਰੁਝਾਨ ਵਧਿਆ ਹੈ।

ਹਰਨੇਕ ਇਸ ਕਿਸਾਨੀ ਸੰਘਰਸ਼ ਦੇ ਵੇਰਵੇ, ਘਟਨਾਵਾਂ, ਦੁਰਘਟਨਾਵਾਂ ਆਦਿ ਦਾ ਜ਼ਿਕਰ ਤਾਂ ਕਰਦਾ ਹੈ ਪਰ ਉਨ੍ਹਾਂ ਦੇ ਜ਼ਿਕਰ ਤੱਕ ਹੀ ਆਪਣੀ ਸਿਰਜਣਾ ਨੂੰ ਮਹਿਦੂਦ ਨਹੀਂ ਕਰਦਾ, ਸਗੋਂ ਇਸ ਤੋਂ ਅੱਗੇ ਜਾਂਦਾ ਹੈ। ਕਿਸਾਨੀ ਸੰਘਰਸ਼ ਸਮੇਂ ਵੀ ਬਹੁਤ ਦਾਨਿਸ਼ਵਰਾਂ ਦੀ ਇਹ ਰਾਇ ਸੀ। ਇਹ ਸੰਘਰਸ਼ ਇਕਦਮ ਹੀ ਖੜ੍ਹਾ ਨਹੀਂ ਹੋਇਆ, ਸਗੋਂ ਇਸ ਪਿੱਛੇ ਹੋਰ ਬਹੁਤ ਕੁਝ ਕਾਰਜਸ਼ੀਲ ਨਜ਼ਰ ਆਉਂਦਾ ਹੈ ਜਿਸ ਨੇ ਕਿਸਾਨ ਅਤੇ ਕਿਸਾਨੀ ਨੂੰ ਲਗਾਤਾਰ ਰਸਾਤਲ ਵੱਲ ਧੱਕਣ ਦਾ ਯਤਨ ਕੀਤਾ ਹੈ। ਇਸ ਸੰਘਰਸ਼ ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਾਂਝੇ ਪੰਜਾਬ ਵਿੱਚ ਅੰਗਰੇਜ਼ੀ ਹਕੂਮਤ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਵਰਗੇ ਕੁਝ ਕਾਨੂੰਨ ਲਿਆਂਦੇ ਸਨ, ਜਿਸ ਨੂੰ ਰੱਦ ਕਰਵਾਉਣ ਲਈ ਸ. ਅਜੀਤ ਸਿੰਘ ਦੀ ਅਗਵਾਈ ਵਿੱਚ 'ਪਗੜੀ ਸੰਭਾਲ ਜੱਟਾ' ਅੰਦੋਲਨ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ ਗਈ ਸੀ। ਇਹ ਸਾਰਾ ਇਤਿਹਾਸਕ ਪਿਛੋਕੜ ਕਿਸੇ ਵੀ ਸੰਘਰਸ਼ ਲਈ ਉਤਸ਼ਾਹੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ।

ਹਰਨੇਕ ਕਿਸਾਨੀ ਸੰਕਟ ਦੀਆਂ ਜੜ੍ਹਾਂ ਤਲਾਸ਼ਦਾ ਪੰਜਾਬ ਦੇ ਉਸ ਕਾਲੇ ਦੌਰ ਦਾ ਜ਼ਿਕਰ ਕਰਦਾ ਹੈ, ਜਿਸ ਨੇ ਕਿਸਾਨੀ ਨਾਲ ਜੁੜੇ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਤ ਕੀਤਾ। ਕਰਮ ਕੌਰ ਦੇ ਬਾਪ ਦਾ ਹਰ ਲੰਘਦੇ-ਵੜਦੇ ਨੂੰ ਰੋਟੀ-ਚਾਹ ਦੀ ਸੁਲਾਹ ਮਾਰਨਾ ਘਰ ਨੂੰ ਬਰਬਾਦ ਕਰ ਦਿੰਦਾ ਹੈ। ਇਸੇ ਹੀ ਤਰ੍ਹਾਂ ਕਰਮ ਕੌਰ ਦਾ ਦਿਉਰ ਡਾ. ਚੈਂਚਲ ਜਦੋਂ ਇਲਾਕੇ ਦੇ ਹਾਬੜੇ ਡੀ ਐੱਸ ਪੀ ਦੇ ਆਖੇ ਸਾਹ ਚਲਦੇ ਮਰੀਜ਼ ਨੂੰ ਮਰਿਆ ਕਰਾਰ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਮਰ ਖਪਾਉਣ ਤੋਂ ਵੀ ਪੁਲਸ ਗੁਰੇਜ਼ ਨਹੀਂ ਕਰਦੀ। ਕਰਮ ਕੌਰ ਕਦੀ ਆਪਣੇ ਭਰਾਵਾਂ ਦੇ ਵੈਣ ਪਾਉਂਦੀ ਹੈ, ਕਦੀ ਉਹ ਆਪਣੇ ਦਿਉਰ ਲਈ ਤੜਫ਼ਦੀ ਹੈ। ਇਸ ਸਦਮੇ ਨਾਲ ਕਮਲੀ ਹੋਈ ਉਸ ਦੀ ਮਾਂ ਦਾ ਜੋ ਹਸ਼ਰ ਹੁੰਦਾ ਹੈ, ਉਹ ਹਿਰਦੇਵੇਦਕ ਹੈ। ਕਰਮ ਕੌਰ ਦੇ ਪਤੀ ਪੰਜਾਬ ਸਿੰਘ ਦੇ ਘਰ ਦੇ ਏਕੇ ਕਰਕੇ ਵਾਹਵਾ ਵੱਜ ਸੀ, ਪਰ ਜਦੋਂ ਚੈਂਚਲ ਦੀ ਮੌਤ ਤੋਂ ਬਾਅਦ ਉਸ ਦੀ ਘਰਵਾਲੀ ਇੰਦਰ ਕੌਰ 'ਤੇ ਪੰਜਾਬ ਦੇ ਭਰਾ ਹਰੀ ਸਿੰਘ ਵੱਲੋਂ ਚਾਦਰ ਪੁਆ ਦਿੱਤੀ ਜਾਂਦੀ ਹੈ ਤਾਂ ਸਾਂਝੀ ਢੇਰੀ ਵਿੱਚੋਂ ਦੋ ਹਿੱਸੇ ਉਹ ਲੈ ਜਾਂਦਾ ਹੈ ਤੇ ਪੰਜਾਬ ਸਿੰਘ ਸਮੁੱਚੇ ਪੰਜਾਬ ਵਾਂਗ ਕੰਗਾਲੀ ਦੀ ਸਥਿਤੀ ਵਿੱਚ ਆ ਜਾਂਦਾ ਹੈ। ਉਪਰ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੈ ਸਰਕਾਰ ਦੀ ਐਡਹਾਕ ਨੀਤੀ, ਜਿਸ ਨਾਲ ਜਰਨੈਲ ਵਰਗੇ ਸੇਵਾ ਸ਼ਰਤਾਂ ਪੂਰੀਆਂ ਕਰਦੇ ਵਿਅਕਤੀ ਨੂੰ ਕਾਲਜ ਅਧਿਆਪਕ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਪੰਜਾਬ ਨੇ ਜਿਸ ਤਰ੍ਹਾਂ ਦੀ ਜੀਵਨ-ਜਾਚ ਅਪਣਾਈ ਹੈ, ਉਸ ਤੋਂ ਉਲਟ ਘਰ 'ਚੋਂ ਦੋ ਹਿੱਸੇ ਲੈ ਕੇ ਬੈਠਾ ਹਰੀ ਸਿੰਘ ਸਰਕਾਰੀ ਧਿਰ ਦੀ ਪੁਸ਼ਤਪਨਾਹੀ ਹੋਣ ਕਰਕੇ ਇਲਾਕੇ ਦੀ ਖੰਡ ਮਿੱਲ ਦੀ ਚੇਅਰਮੈਨੀ ਹਥਿਆ ਲੈਂਦਾ ਹੈ। ਕਸ਼ਮੀਰ ਸਿੰਘ ਕੁੰਡੀ ਭਾਵੇਂ ਹਰੀ ਸਿੰਘ ਦਾ ਵਿਰੋਧੀ ਹੈ ਪਰ ਤਾਸੀਰ ਦੋਨਾਂ ਦੀ ਇੱਕੋ ਜਿਹੀ ਹੋਣ ਕਰਕੇ ਉਹ ਕਦੀ ਕਿਸਾਨੀ ਸੰਘਰਸ਼ ਨੂੰ ਚੱਲਦਿਆਂ ਹੀ ਸਾਬੋਤਾਜ ਕਰਨ ਦਾ ਯਤਨ ਕਰਦੇ ਹਨ, ਕਦੇ ਉਹ ਕਿਸਾਨ ਜਥੇਬੰਦੀਆਂ ਦੇ ਫੈਸਲੇ ਦੇ ਉਲਟ ਸਰਕਾਰੀ ਮੰਡੀ ਦੀ ਥਾਂ ਕਾਰਪੋਰੇਟ ਵਪਾਰੀਆਂ ਦੇ ਗੁਦਾਮਾਂ ਵਿੱਚ ਆਪਣੀ ਫਸਲ ਵੇਚਦੇ ਵੀ ਹਨ ਤੇ ਧੌਂਸ ਵੀ ਰੱਖਦੇ ਹਨ।

ਜਰਨੈਲ ਦਾ ਸਾਥ ਪਿੰਡ ਵਿੱਚੋਂ ਕਿਸਾਨੀ ਤੋਂ ਬਾਹਰੇ ਕਮਲ, ਜਗਰੂਪ, ਊਧੋ ਭਲਵਾਨ ਆਦਿ ਦਿੰਦੇ ਹਨ। ਕਾਮਰੇਡ ਬਖਤਾਵਰ ਸਿੰਘ ਜਰਨੈਲ ਵਾਲੀ ਹੀ ਅਓਧ ਹੰਢਾਉਂਦਾ ਹੈ, ਜਿਸ ਨੂੰ ਲਗਦਾ ਹੈ ਕਿ ਬਾਕੀ ਸਾਰੇ ਕਾਰਜ 'ਇਨਕਲਾਬ' ਆਉਣ 'ਤੇ ਆਪੇ ਹੀ ਹੋ ਜਾਣਗੇ। ਘਰ ਤੇ ਘਰ ਵਾਲੀ ਦੀ ਕੋਈ ਪਰਵਾਹ ਜਾਂ ਚਿੰਤਾ ਨਹੀਂ ਕਰਦਾ। ਬਖਤਾਵਰ ਅਸਲ ਵਿੱਚ ਵੀਹਵੀਂ ਸਦੀ ਵਿੱਚ ਪੰਜਾਬ ਵਿਚਲੀ ਨਕਸਲਬਾੜੀ ਲਹਿਰ ਤੋਂ ਵੀ ਪ੍ਰਭਾਵਤ ਜਾਪਦਾ ਹੈ, ਜੋ ਸੰਘਰਸ਼ ਕਰਨਾ ਹੀ ਆਪਣਾ ਧਰਮ ਸਮਝਦਾ ਹੈ ਤੇ ਅਖੀਰ 'ਤੇ ਜਾ ਕੇ ਉਹ ਜੇ ਸੰਘਰਸ਼ ਦੇ ਇਤਿਹਾਸ ਨੂੰ ਸਾਂਭਣ ਦਾ ਯਤਨ ਕਰਦਾ ਹੈ ਤਾਂ ਉਸ ਦੇ ਮਨ 'ਚ ਕਿਤੇ ਨਾ ਕਿਤੇ ਇਹ ਭਾਵਨਾ ਕੰਮ ਕਰਦੀ ਹੈ ਕਿ ਸ਼ਾਇਦ ਭਵਿੱਖ ਵਿੱਚ ਇਹ ਇਤਿਹਾਸ ਹੀ ਕਿਸੇ ਲਈ ਪ੍ਰੇਰਨਾ ਬਣ ਸਕੇ।

ਪੁਲਸ ਤੰਤਰ ਦੀ ਹੈਂਕੜ ਅਤੇ ਹੰਕਾਰ ਦੀ ਪੀੜਤ ਇਕ ਹੋਰ ਰੁਪਿੰਦਰ ਕੌਰ ਹੈ ਜੋ ਆਪਣੇ ਜੀਜੇ ਵੱਲੋਂ ਭੋਗੇ ਜਾਣ ਦੀ ਇੱਛਾ ਦਾ ਵਿਰੋਧ ਕਰਦੀ ਹੈ। ਨਤੀਜੇ ਵਜੋਂ ਜੀਜਾ ਉਸ ਉਪਰ ਤੇਜ਼ਾਬ ਪਾ ਕੇ ਉਸ ਦਾ ਚਿਹਰਾ ਵਿਗਾੜ ਦਿੰਦਾ ਹੈ। ਸਾਹਿਤ ਦੀ ਵਿਦਿਆਰਥੀ ਰੁਪਿੰਦਰ ਇਸ ਘਟਨਾ ਨਾਲ ਅੰਦਰੋਂ ਟੁੱਟ ਜਾਂਦੀ ਹੈ ਅਤੇ ਉਹ ਕੋਰੋਨਾ ਕਾਲ ਮਰੀਜ਼ਾਂ ਵਾਂਗ ਆਪਣੇ ਆਪ ਨੂੰ ਏਕਾਂਤਵਾਸ ਕਰ ਲੈਂਦੀ ਹੈ, ਪਰ ਕਿਤਾਬਾਂ ਤੇ ਜਰਨੈਲ ਦਾ ਸਾਥ ਉਸ ਨੂੰ ਮੁੜ ਜੀਣ ਜੋਗਾ ਕਰਦੇ ਹਨ। ਜਰਨੈਲ ਦਾ ਭਰਾ ਕੈਲਾ ਪਿੰਡ ਦੇ ਸਰਪੰਚ ਕੁੰਡੀ ਦੀ ਨੂੰਹ ਨਾਲ ਜਾ ਜੁੜਦਾ ਹੈ, ਚਿੱਟੇ ਦੇ ਕੇਸ ਵਿੱਚ ਜੇਲ੍ਹ ਜਾਂਦਾ ਹੈ, ਫਿਰ ਕਿਸਾਨ ਅੰਦੋਲਨ ਵਿੱਚ ਹੀ ਸਰਕਾਰੀ ਟਾਊਟਾਂ ਹੱਥੋਂ ਬੇਰਹਿਮੀ ਨਾਲ ਕਤਲ ਹੋ ਜਾਂਦਾ ਹੈ। ਇਹ ਸਾਰਾ ਕੁਝ ਦੇਖਦਿਆਂ ਕਰਮ ਕੌਰ ਵੀ ਆਪਣੀ ਮਾਂ ਵਾਂਗ ਕਮਲੀ ਹੋ ਜਾਂਦੀ ਹੈ ਤੇ ਕੈਲੇ ਨੂੰ ਉਡੀਕਦੀ ਰਹਿੰਦੀ ਹੈ।

ਹਰਨੇਕ ਨੇ ਇਹ ਸਾਰੇ ਪਾਤਰ ਕਿਸਾਨੀ ਅਰਸ਼ ਵਿੱਚ ਇਕੱਠੇ ਕਰ ਲਏ ਹਨ ਅਤੇ ਉਥੇ ਉਨ੍ਹਾਂ ਦੇ ਕਿਰਦਾਰ ਬਾਰੇ ਹੋਰ ਉੱਘੜਵੇਂ ਰੂਪ ਵਿੱਚ ਪੇਸ਼ਕਾਰੀ ਹੁੰਦੀ। ਪਹਿਲਾਂ ਕੁੰਡੀ ਤੇ ਹਰੀ ਸਿੰਘ ਸਾਰੇ ਮੋਰਚੇ ਨੂੰ ਸਰਕਾਰ ਵੱਲੋਂ ਕੀਤੀ ਜਾ ਰਹੀ ਖੁੱਲ੍ਹੀ ਜੇਲ੍ਹ ਵਿੱਚ ਤਾੜਨ ਦੀ ਕੋਸ਼ਿਸ਼ ਕਰਦੇ ਹਨ, ਪਰ ਜਦੋਂ ਜਰਨੈਲ ਦੀ ਸੂਝ-ਬੂਝ ਨਾਲ ਉਨ੍ਹਾਂ ਦੀ ਇਹ ਸਕੀਮ ਸਿਰੇ ਨਹੀਂ ਚੜ੍ਹਦੀ ਤਾਂ ਟਰੈਕਟਰ ਮਾਰਚ ਸਮੇਂ ਸਰਕਾਰ ਵੱਲੋਂ ਗੁੰਮਰਾਹ ਕਰਨ ਲਈ ਤਿਆਰ ਕੀਤੇ ਬੰਦੇ ਲਾਲ ਕਿਲ੍ਹੇ ਵੱਲ ਜਾਂਦੇ ਹਨ। ਇੱਥੇ ਹੀ ਬਸ ਨਹੀਂ, ਜਦੋਂ ਕਿਸਾਨ ਜਥੇਬੰਦੀਆਂ ਵੱਲੋਂ ਗੈਰ ਸਰਕਾਰੀ ਮੰਡੀਆਂ ਦੇ ਬਾਈਕਾਟ ਦਾ ਫੈਸਲਾ ਕੀਤਾ ਜਾਂਦਾ ਹੈ ਤਾਂ ਇਹ ਦੋਵੇਂ ਵਿਰੋਧ ਕਰਦੇ ਹਨ ਅਤੇ ਥੋੜ੍ਹੇ ਜਿਹੇ ਵੱਧ ਪੈਸਿਆਂ ਦੇ ਲਾਲਚ ਵਿੱਚ ਆਪਣੀ ਜਿਣਸ ਪ੍ਰਾਈਵੇਟ ਮੰਡੀ ਵਿੱਚ ਵੇਚਦੇ ਹਨ। ਮੋਗੇ ਵਿਖੇ ਹੋਏ ਕਿਸਾਨ ਇਕੱਠ ਵਿੱਚ ਵੀ ਆਪਣੀ ਦਲੀਲ 'ਤੇ ਅੜਦੇ ਹਨ। ਰੁਪਿੰਦਰ 'ਤੇ ਤੇਜ਼ਾਬ ਸੁੱਟਣ ਵਾਲਾ ਉਸ ਦਾ ਜੀਜਾ ਵੀ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਕਰਕੇ ਹਰਨੇਕ ਉਸ ਸੰਘਰਸ਼

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਨੇੜਿਓਂ ਦੇਖੀ ਦੁਨੀਆ

**(ਲੇਖ ਸੰਗ੍ਰਹਿ)**
**ਲੋਕ ਨਾਥ ਸ਼ਰਮਾ**
**ਸਫੇ : 102, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਮੈਨੂੰ ਸ਼ਰਮਾ ਜੀ ਦੀ ਹਥਲੀ ਪੁਸਤਕ 'ਨੇੜਿਓਂ ਦੇਖੀ ਦੁਨੀਆ' ਦੇ ਆਰਟੀਕਲਜ਼ ਨੂੰ ਬਹੁਤ ਨੇੜਿਓਂ ਵਾਚਣ ਦਾ ਮੌਕਾ ਪ੍ਰਾਪਤ ਹੋਇਆ। ਜਿੱਥੇ ਉਨ੍ਹਾ ਵੱਲੋਂ ਇਸ ਪੁਸਤਕ ਵਿੱਚ ਕਮਾਲ ਦੀ ਵਾਰਤਕ ਲਿਖੀ ਗਈ ਹੈ, ਉਥੇ ਸਾਰੇ ਲੇਖਾਂ ਦੇ ਸਿਰਲੇਖ ਏਨੇ ਕੁ ਦਿਲਕਸ਼ ਤੇ ਦਿਲਚਸਪੀ ਵਾਲੇ ਹਨ ਕਿ ਪਾਠਕ ਸਿਰਲੇਖ ਦੇਖ ਕੇ ਹੀ ਆਰਟੀਕਲ ਪੜ੍ਹਨ ਲਈ ਮਜਬੂਰ ਹੋ ਜਾਂਦਾ ਹੈ। ਉਨ੍ਹਾ ਦੇ ਲੇਖ ਬੜੀ ਸਰਲ ਤੇ ਸੌਖੀ ਭਾਸ਼ਾ ਵਿੱਚ ਲਿਖੇ ਗਏ ਹਨ। ਇਨ੍ਹਾਂ ਦੀ ਰੌਚਿਕਤਾ ਸਦਕਾ ਪਾਠਕ ਲੇਖਾਂ ਨੂੰ ਸਹਿਜ ਸੁਭਾਅ ਹੀ ਪੜ੍ਹ ਜਾਂਦੇ ਹਨ। ਲੋਕ ਨਾਥ ਸ਼ਰਮਾ ਕੋਲ ਗਿਆਨ ਦਾ ਅਥਾਹ ਭੰਡਾਰ ਹੈ, ਉਹ ਸ਼ਬਦਾਂ ਨਾਲ ਖੇਡਦਾ ਹੈ। ਉਰਦੂ, ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਗਿਆਨ ਨੇ ਉਸ ਦੀ ਲੇਖਣੀ ਨੂੰ ਬੜੀ ਮੁੱਲਵਾਨ ਤੇ ਅਮੀਰ ਬਣਾ ਦਿੱਤਾ ਹੈ।

**-ਦਰਸ਼ਨ ਸਿੰਘ ਬਨੂੜ**
**ਮੁੱਖ ਬੰਦ 'ਚੋਂ**

## ਸੂਲੀ 'ਤੇ ਮੁਸਕਾਏ ਸੂਰਮੇ

**ਪ੍ਰੇਮ ਸਰੂਪ ਛਾਜਲੀ**
**ਸਫੇ : 79, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਚਾਹੇ 1857 ਦੀ ਕ੍ਰਾਂਤੀ ਦੇ ਬਾਗੀ ਹੋਣ, ਗ਼ਦਰ ਲਹਿਰ ਦੇ ਗ਼ਦਰੀ ਬਾਬੇ ਹੋਣ, ਬੱਬਰ ਲਹਿਰ ਦੇ ਮਰਜੀਵੜੇ ਹੋਣ, ਨੌਜਵਾਨ ਭਾਰਤ ਸਭਾ ਦੇ ਕਾਰਕੁੰਨ ਹੋਣ, ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਦੇ ਕ੍ਰਾਂਤੀਕਾਰੀ ਹੋਣ, ਆਜ਼ਾਦ ਹਿੰਦ ਫੌਜ ਦੇ ਸਿਪਾਹੀ ਹੋਣ ਜਾਂ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਅੰਗਰੇਜ਼ ਸਰਕਾਰ ਨਾਲ ਮੱਥਾ ਲਾਉਣ ਵਾਲੇ ਹਜ਼ਾਰਾਂ ਬੇਨਾਮ ਸ਼ਹੀਦ ਹੋਣ, ਸਭ ਦਾ ਇੱਕੋ ਹੀ ਉਦੇਸ਼ ਸੀ ਹਿੰਦੋਸਤਾਨ ਨੂੰ ਬ੍ਰਿਟਿਸ਼ ਸਾਮਰਾਜ ਦੇ ਚੁੰਗਲ 'ਚੋਂ ਆਜ਼ਾਦ ਕਰਾਉਣਾ। ਉਨ੍ਹਾ ਦੇ ਇਸ ਨਿਸ਼ਕਾਮ ਮੰਤਵ ਅੱਗੇ ਸਿਰ ਝੁਕਦਾ ਹੈ। ਸਾਰੇ ਕ੍ਰਾਂਤੀਕਾਰੀਆਂ ਨੂੰ ਸਲਾਮ।

**-ਦੋ ਸ਼ਬਦ 'ਚੋਂ**

## ਹਾਇਕੂ ਲੋਕ ਰੰਗ

**ਕਸ਼ਮੀਰੀ ਲਾਲ ਚਾਵਲਾ**
**ਸਫੇ : 143, ਮੁੱਲ : 250 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਇਸ ਪੁਸਤਕ ਵਿੱਚ ਹਾਇਕੂ ਲੋਕ ਰੰਗ ਵਿੱਚ ਜੀਵਨ, ਬੋਲਚਾਲ, ਸੰਸਕ੍ਰਿਤੀ, ਪਹਿਰਾਵਾ, ਰੁੱਤਾਂ ਦੀ ਮਸਤੀ, ਭਾਸ਼ਾ, ਸੱਭਿਆਚਾਰ, ਪ੍ਰਾਕਿਰਤੀ, ਧਰਤੀ, ਸਮਾਜ, ਪ੍ਰੇਮ, ਜੱਗ ਦੀ ਨਾਸ਼ਵਾਨਤਾ, ਨਦੀ, ਨਾਲੇ, ਜੀਵਨ, ਪਹਾੜ, ਪੰਛੀ, ਜਾਨਵਰ ਅਤੇ ਖੇਤੀਬਾੜੀ ਦੇ ਰੰਗਾਂ ਨੂੰ ਸਮੇਟਣ ਦੀ ਕੋਸ਼ਿਸ਼ ਕੀਤੀ ਹੈ। ਇਹ ਪੁਸਤਕ ਲੋਕ ਰੰਗਾਂ ਨਾਲ ਭਰਪੂਰਤਾ ਕਾਰਨ ਵਿਸ਼ੇਸ਼ ਸਥਾਨ ਰੱਖੇਗੀ, ਕਿਉਂਕਿ ਇਸ ਵਿੱਚ ਚੋਕਾ, ਹਾਇਕੂ, ਹਾਇਕੂ ਦੋਹੇ, ਹਾਇਕੂ ਰੁਬਾਈ, ਹਾਇਕੂ ਸੋਰਠਾ ਆਦਿ ਰਚਨਾਵਾਂ ਸ਼ਾਮਲ ਕੀਤੀਆਂ ਹਨ। ਇਸ ਭੂਮੀ 'ਤੇ ਸਾਰੀਆਂ ਰੁੱਤਾਂ ਮੌਜੂਦ ਹਨ, ਜਿਨ੍ਹਾਂ ਦਾ ਅਸਰ ਲੋਕ ਜੀਵਨ ਵਿੱਚੋਂ ਲੋਕ ਰੰਗ ਦੇ ਤੌਰ 'ਤੇ ਫੜਨ ਦੀ ਕੋਸ਼ਿਸ਼ ਕੀਤੀ ਹੈ।

**-ਬੈਕ ਕਵਰ ਤੋਂ**

# ਪੁਸਤਕ ਰੀਵਿਊ

## ਪਿਆਸ

**(ਕਾਵਿ ਸੰਗ੍ਰਹਿ)**
**ਅਮਰਜੀਤ ਕੌਂਕੇ**
**ਕੁੱਲ ਸਫੇ 160, ਕੀਮਤ 200 ਰੁਪਏ**
**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ ਨਾਲ ਸਨਮਾਨਿਤ 'ਪਿਆਸ' ਅਮਰਜੀਤ ਕੌਂਕੇ ਦੁਆਰਾ ਰਚਿਤ ਖੂਬਸੂਰਤ ਸਰਵਰਕ ਵਾਲੀ ਪੁਸਤਕ ਹੈ। ਅਮਰਜੀਤ ਕੌਂਕੇ ਦਾ ਪੰਜਾਬੀ, ਹਿੰਦੀ ਦੇ ਕਵੀ ਵਜੋਂ ਤੇ ਅਨੁਵਾਦ ਤੇ ਸੰਪਾਦਨਾ ਦੇ ਖੇਤਰ ਵਿੱਚ ਵਿਸ਼ੇਸ਼ ਨਾਂਅ ਹੈ। ਪ੍ਰਤੀਕ ਪਬਲੀਕੇਸ਼ਨਜ਼ ਪਟਿਆਲਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਸਮਰਪਿਤ ਹੈ ਉਸ ਮੁਹੱਬਤ ਦੇ ਅਹਿਸਾਸ ਨੂੰ ਜਿਹੜਾ ਕਾਲੀਆਂ ਬੋਲੀਆਂ ਰਾਤਾਂ ਵਿੱਚ ਵੀ ਕਿਸੇ ਜੁਗਨੂੰ ਵਾਂਗ ਟਿਮਟਿਮਾਉਂਦਾ ਹੈ। ਪੁਸਤਕ ਵਿੱਚ ਕੁੱਲ 83 ਦੇ ਕਰੀਬ ਰਚਨਾਵਾਂ ਹਨ, ਜਿਸ ਵਿੱਚ ਅਮਰਜੀਤ ਕੌਂਕੇ ਨੇ ਵਿਭਿੰਨ ਵਿਸ਼ਿਆਂ 'ਤੇ ਆਪਣੀਆਂ ਭਾਵਨਾਵਾਂ, ਆਪਣੇ ਵਿਚਾਰਾਂ ਤੇ ਆਪਣੀਆਂ ਸੋਚਾਂ ਨੂੰ ਬਾਖੂਬੀ ਪੇਸ਼ ਕੀਤਾ ਹੈ।ਕੌਂਕੇ ਮਨੁੱਖ ਦੇ ਅੰਤਰ ਮਨ ਦੀ ਬਾਤ ਪਾਉਂਦਾ ਹੈ। ਉਸ ਦੀ ਰਚਨਾ ਦਾ ਹਰ ਵਿਸ਼ਾ ਪਾਠਕ ਦੇ ਧੁਰ ਅੰਦਰ ਤੱਕ ਅਸਰ ਪਾਉਂਦਾ ਹੈ। ਉਹ ਰਚਨਾ ਦੇ ਇਕ ਪੱਖ ਦੀ ਗੱਲ ਕਰਦਿਆਂ ਇਕਹਿਰੇ ਥੀਮ ਰਾਹੀਂ ਉਸ ਪੱਖ ਨਾਲ ਜੁੜੀਆਂ ਕਈ ਗੱਲਾਂ ਨੂੰ ਸਪੱਸ਼ਟ ਕਰਦਾ ਪ੍ਰਤੀਤ ਹੁੰਦਾ ਹੈ।ਡਾ. ਯੋਗਰਾਜ (ਚੇਅਰਮੈਨ, ਪੰਜਾਬੀ ਅਧਿਐਨ ਸਕੂਲ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ) ਅਮਰਜੀਤ ਕੌਂਕੇ ਦੀਆਂ ਰਚਨਾਵਾਂ ਦੇ ਵਿਸ਼ਿਆਂ ਦੀ ਵਿਭਿੰਨਤਾ ਤੇ ਵਸਤੂ-ਯਥਾਰਥ ਦੀ ਗੱਲ ਕਰਦਿਆਂ ਲਿਖਦੇ ਹਨ, ਅਮਰਜੀਤ ਕੌਂਕੇ ਦੇ ਵਸਤੂ ਯਥਾਰਥ ਦਾ ਕੈਨਵਸ ਸੈਕਸੂਐਲਿਟੀ,ਔਰਤ-ਮਰਦ ਸੰਬੰਧ, ਸੰਸਕਾਰ/ਸਿਮਰਤੀ ਦੇਹ ਅਤੇ ਆਤਮਾ/ਪਿਆਰ ਦਾ ਪ੍ਰਵਚਨ/ਸੰਵੇਦਨਸ਼ੀਲ ਬੰਦੇ ਦੀ ਸਿਰਜਣਾਤਮਕਤਾ, ਸਿਰਜਣਾਤਮਕਤਾ ਦਾ ਮਹੱਤਵ, ਸਿਮਰਤੀਆਂ ਵਿੱਚ ਘਿਰੇ ਮਨੁੱਖ ਦੀ ਗਾਥਾ/ਪਿੰਡ ਤੋਂ ਸ਼ਹਿਰ ਜਾ ਕੇ ਵੱਸੇ ਮਾਨਵ ਦੀ ਬੇਗਾਨਗੀ, ਆਂਤਰਿਕ ਦਵੰਦ, ਸਮਾਜਿਕ/ਆਰਥਿਕ ਦੁਸ਼ਵਾਰੀਆਂ, ਸੈਲੀਬਰੇਸ਼ਨ/ ਜਿਉਣ ਦੀ ਲਾਲਸਾ ਪ੍ਰਸਥਿਤੀਆਂ ਨਾਲ ਲੜਦਾ ਕਾਵਿ-ਨਾਇਕ ਆਦਿ ਥੀਮੈਟਿਕ ਪਸਾਰਾਂ ਤੱਕ ਫੈਲਿਆ ਹੋਇਆ ਹੈ। ਸਿਰਲੇਖ ਅਧੀਨ ਲਿਖੀ ਰਚਨਾ ਵਿਸ਼ੇਸ਼ ਧਿਆਨ ਖਿੱਚਦੀ ਹੈ। ਕਵੀ ਪਿਆਸ ਦੇ ਅਨੰਤ ਸਫ਼ਰ ਦੀ ਗੱਲ ਕਰਦਿਆਂ ਗਿਆਨ ਦੀ, ਮੁਹੱਬਤ ਦੀ, ਰੂਹ ਦੀ ਪਿਆਸ ਦਾ ਜ਼ਿਕਰ ਕਰਦਾ ਹੈ, ਜੋ ਹਰ ਥਾਂ, ਹਰ ਪਲ ਤੜਪਦੀ ਹੈ। ਰਚਨਾ ਦੇ ਅਖੀਰ ਵਿੱਚ ਆਪਣੀ ਪਿਆਸ ਦੀ ਗੱਲ ਕਰਦਿਆਂ ਕਹਿੰਦਾ ਹੈ:

ਮੇਰਾ ਜਨੂੰਨ
ਮੇਰੀ ਆਪਣੀ ਪਿਆਸ ਦੀ ਹੀ
ਪਰਿਕਰਮਾ ਕਰਦਾ ਸੀ
ਤੇ ਮੇਰੀ ਪਿਆਸ ਦਾ
ਜਨੂੰਨ ਸੀ
ਕਿ ਮੈਥੋਂ
ਰੇਤ ਤੇ ਪਾਣੀ ਵਿੱਚ
ਫਰਕ ਨਾ ਕਰ ਹੋਇਆ।

ਇਕ ਵੱਖਰੀ ਕਾਵਿ ਭਾਸ਼ਾ ਵਿੱਚ ਲਿਖੀ ਹੋਈ ਬਹੁਤ ਹੀ ਖ਼ੂਬਸੂਰਤ ਅੰਦਾਜ਼ ਹੈ ਅਮਰਜੀਤ ਕੌਂਕੇ ਦੀ ਕਵਿਤਾ, ਬਹੁਤ ਹੀ ਖ਼ੂਬਸੂਰਤ ਅਹਿਸਾਸ ਹੈ ਅਮਰਜੀਤ ਕੌਂਕੇ ਦੀ ਕਵਿਤਾ। ਉਸ ਦੀਆਂ ਰਚਨਾਵਾਂ ਦੀ ਖ਼ੂਬਸੂਰਤੀ ਰਾਹੀਂ ਉਸ ਦੀ ਕਵਿਤਾ ਦੀ ਸਮੁੱਚਤਾ ਨੂੰ ਪਹਿਚਾਣਿਆ ਜਾ ਸਕਦਾ ਹੈ। ਸੋ, ਅਮਰਜੀਤ ਕੌਂਕੇ ਦੀ ਇਸ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

**— ਡਾ. ਭੁਪਿੰਦਰ ਕੌਰ**

## ਆਪਣਾ ਮੂਲ ਪਛਾਣ

**(ਨਾਵਲ)**
**ਰਾਜਬੀਰ ਰੰਧਾਵਾ**
**ਮੁੱਲ : 175 ਰੁਪਏ, ਪੰਨੇ : 94 ਪੇਪਰ ਬੈਕ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਰਾਜਬੀਰ ਰੰਧਾਵਾ ਦੁਆਰਾ ਰਚਿਤ ਨਾਵਲ 'ਆਪਣਾ ਮੂਲ ਪਛਾਣ' ਸਮਕਾਲੀ ਮਨੁੱਖ ਨੂੰ ਆਪੇ ਦੀ ਪਛਾਣ ਕਰਕੇ ਨਿੱਜ ਨੂੰ ਸਮਝਦਿਆਂ, ਆਪਣੇ ਸਰੀਰ ਨੂੰ ਕਿਸੇ ਵੀ ਸਮੱਸਿਆ ਦੇ ਟਾਕਰੇ ਲਈ ਤਿਆਰ ਕਰਨਾ ਅਤੇ ਭੈੜੇ ਤੋਂ ਭੈੜੇ ਹਾਲਤਾਂ ਉੱਪਰ ਕਾਬੂ ਪਾਉਣ ਬਾਰੇ ਦੱਸਦਾ ਹੈ। ਲੇਖਿਕਾ ਇਸ ਨਾਵਲ ਰਾਹੀਂ ਸਮਕਾਲੀ ਮਨੁੱਖ ਜਿਹੜਾ ਕਿ ਸਰੀਰਕ ਸਮੱਸਿਆਵਾਂ ਨਾਲੋਂ ਮਾਨਸਿਕ ਤੌਰ 'ਤੇ ਵਧੇਰੇ ਪੀੜਤ ਹੈ, ਉਸ ਨੂੰ ਆਪੇ ਦੀ ਮਹੱਤਤਾ ਦੱਸਦਿਆਂ ਆਪਣੀ ਅੰਤਰੀਵੀ ਸ਼ਕਤੀ ਦੀ ਪਹਿਚਾਣ ਕਰਕੇ ਅਰੋਗ ਜੀਵਨ ਜਿਉਣ ਲਈ ਪ੍ਰੇਰਦੀ ਹੈ।

ਨਾਵਲ ਦਾ ਪਹਿਲਾ ਅੱਧ ਔਰਤ ਬਿਸ਼ਨ ਕੌਰ ਦੇ ਜੀਵਨ ਦੁਆਲੇ ਘੁੰਮਦਾ ਹੈ। ਉਸ ਦਾ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਪੁੱਤਰ ਨੂੰ ਜਨਮ ਦੇਣਾ ਅਤੇ ਪੇਕਿਆਂ ਦੇ ਤਾਅਨੇ-ਮਿਹਣੇ ਸਹਿੰਦਿਆਂ ਉਸ ਦੀ ਪਰਵਰਿਸ਼ ਕਰਦੀ ਹੈ। ਉਸ ਦਾ ਪੁੱਤਰ ਗੁਲਾਬ ਸਿੰਘ ਆਪਣੀ ਮਿਹਨਤ, ਲਗਨ, ਹਿੰਮਤ ਤੇ ਸਾਊ ਸੁਭਾਅ ਸਦਕਾ ਪਹਿਲਾਂ ਆਪਣੀ ਪਿਤਾ-ਪੁਰਖੀ ਜ਼ਮੀਨ ਨੂੰ ਛੁਡਾਉਣਾ, ਫਿਰ ਬਲਾਕ ਸੰਮਤੀ ਦਾ ਚੇਅਰਮੈਨ ਬਣਨਾ, ਐੱਮ.ਐੱਲ.ਏ. ਅਤੇ ਮੰਤਰੀ ਬਣਨ ਤੱਕ ਦਾ ਸਫ਼ਰ ਤੈਅ ਕਰਦਾ ਹੈ।

ਦੂਸਰਾ ਅੱਧ ਗੁਲਾਬ ਦੀ ਪਤਨੀ ਸਤਵੀਰ ਕੌਰ ਦੀ ਜ਼ਿੰਦਗੀ 'ਤੇ ਕੇਂਦਰਤ ਰਹਿੰਦਾ ਹੈ। ਗੁਲਾਬ ਦੇ ਜ਼ਿਆਦਾਤਰ ਰਾਜਨੀਤੀ ਵਿਚ ਵਿਅਸਤ ਹੋਣ ਕਰਕੇ ਉਸ ਦੇ ਮਾਮੇ ਦਾ ਪੁੱਤਰ ਭਿੰਦਰ ਉਸ ਦੇ ਵਸਦੇ-ਰਸਦੇ ਘਰ ਨੂੰ ਤਬਾਹ ਕਰਨ ਦੀਆਂ ਕਪਟੀ ਚਾਲਾਂ ਚਲਦਾ ਹੈ। ਉਹ ਗੁਲਾਬ ਦੇ ਦੋਵੇਂ ਪੁੱਤਰਾਂ ਹੀਰਾ ਤੇ ਲਾਲ ਨੂੰ ਨਸ਼ਿਆਂ ਦੀ ਦਲਦਲ ਵਿਚ ਧਕੇਲਦਾ ਹੈ। ਉਨ੍ਹਾਂ ਦਾ ਨਸ਼ੇ ਦੀ ਪੂਰਤੀ ਹਿੱਤ ਚੋਰੀਆਂ ਕਰਨਾ, ਜੇਲ੍ਹਾਂ ਕੱਟਣਾ ਆਦਿ ਮਾਪਿਆਂ ਲਈ ਨਿੱਤ ਨਵੀਆਂ ਮੁਸ਼ਕਿਲਾਂ ਪੈਦਾ ਕਰਦਾ ਹੈ। ਬੱਚਿਆਂ ਦੇ ਅਜਿਹੇ ਵਿਵਹਾਰ ਕਾਰਨ ਗੁਲਾਬ ਤੇ ਸਤਵੀਰ ਦੋਵਾਂ ਨੂੰ ਆਰਥਿਕ, ਸਮਾਜਿਕ, ਰਾਜਨੀਤਕ, ਮਾਨਸਿਕ ਤੌਰ 'ਤੇ ਵਧੇਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਨਾਵਲਕਾਰਾ ਇਸ ਨਾਵਲ ਵਿਚ ਤਿੰਨ ਪੀੜ੍ਹੀਆਂ ਦੇ ਜੀਵਨ ਨੂੰ ਪੇਸ਼ ਕਰਦੀ ਹੈ। ਉਹ ਖ਼ੁਦ ਔਰਤ ਹੋਣ ਕਾਰਨ ਸਮਕਾਲੀ ਔਰਤ ਨੂੰ ਵੀ ਆਪੇ ਦੀ ਪਛਾਣ ਕਰਵਾਉਂਦੀ ਹੋਈ ਆਪਣੇ ਜੀਵਨ ਨੂੰ ਸੁੱਖਮਈ ਬਣਾਉਣ ਲਈ ਚੇਤੰਨ ਕਰਦੀ ਹੈ।

ਨਾਵਲ ਵਿਚਲੀ ਪਹਿਲੀ ਪੀੜ੍ਹੀ ਦੀ ਔਰਤ ਬਿਸ਼ਨੀ ਹੈ, ਜੋ ਆਪਣੇ ਮਾਪਿਆਂ ਤੇ ਸਮਾਜ ਦੇ ਤਾਅਨੇ-ਮਿਹਣਿਆਂ ਦੀ ਪ੍ਰਵਾਹ ਨਾ ਕਰਦੀ ਹੋਈ ਆਪਣੇ ਪੁੱਤਰ ਨੂੰ ਜਨਮ ਦਿੰਦੀ ਤੇ ਪਾਲਦੀ ਹੋਈ ਚੰਗੇ ਭਵਿੱਖ ਦੀ ਕਾਮਨਾ ਕਰਦੀ ਹੈ। ਦੂਸਰੀ ਪੀੜ੍ਹੀ ਦੀ ਔਰਤ ਸਤਵੀਰ ਹੈ, ਜੋ ਆਪਣੇ ਪਤੀ ਅਤੇ ਔਲਾਦ ਪ੍ਰਤੀ ਵਧੇਰੇ ਚਿੰਤਤ ਰਹਿੰਦੀ ਹੈ। ਉਹ ਆਪਣੀ ਦ੍ਰਿੜ੍ਹ ਮਾਨਸਿਕ ਸ਼ਕਤੀ ਦੁਆਰਾ ਖ਼ੁਦ ਅਤੇ ਆਪਣੇ ਪਰਵਾਰ ਨੂੰ ਸੰਭਾਲਣ ਵਿਚ ਸਫ਼ਲ ਹੁੰਦੀ ਹੈ। ਤੀਸਰੀ ਪੀੜ੍ਹੀ ਦੀ ਔਰਤ ਗੁਲਾਬ ਦੀ ਧੀ ਰਮਨੀਕ ਦਾ ਆਪਣੇ ਧਰਮ ਤੋਂ ਬਾਹਰ ਵਿਆਹ ਕਰਵਾਉਣਾ ਉਸ ਲਈ ਸੰਤਾਪ ਬਣਦਾ ਹੈ। ਜਿੱਥੋਂ ਉਹ ਆਪਣੀ ਹਿੰਮਤ ਤੇ ਦਲੇਰੀ ਨਾਲ ਬਚ ਨਿਕਲਦੀ ਹੈ। ਇਸ ਉਪਰੰਤ ਉਹ ਕੈਨੇਡਾ ਵਿਆਹ ਕਰਵਾ ਆਪਣੀ ਜ਼ਿੰਦਗੀ ਨੂੰ ਨਵੇਂ ਸਿਰਿਓਂ ਜਿਉਣ ਦਾ ਹੌਸਲਾ ਕਰਦੀ ਹੈ।

ਅਜਿਹੀ ਹਿੰਮਤ ਤੇ ਆਪੇ ਦੀ ਪਛਾਣ ਰਾਹੀਂ ਨਾਵਲਕਾਰਾ ਸਮੁੱਚੀ ਮਨੁੱਖਤਾ ਨੂੰ ਸੇਧਿਤ ਕਰਦੀ ਹੈ।

ਲੇਖਿਕਾ ਸਮਕਾਲੀ ਸਮਾਜਿਕ ਸਮੱਸਿਆਵਾਂ ਦੇ ਨਾਲ-ਨਾਲ ਪ੍ਰਸਿੱਧ ਪੰਜਾਬੀ ਗਾਇਕ ਦੀ ਮੌਤ ਦਾ ਮਸਲਾ ਅਤੇ ਨਸ਼ਿਆਂ ਦੇ ਵਧਦੇ ਪ੍ਰਭਾਵਾਂ ਦੇ ਮਸਲਿਆਂ 'ਤੇ ਸੱਤਾਧਾਰੀ ਤਾਕਤਾਂ ਨੂੰ ਵੀ ਵੰਗਾਰਦੀ ਹੈ।

ਨਾਵਲ ਵਿਚ ਰਵਾਨਗੀ ਵਧੇਰੇ ਹੈ। ਲੇਖਿਕਾ ਨੇ ਕਾਂਡ ਦੀ ਥਾਂ ਅੰਕ ਦੀ ਵਰਤੋਂ ਕੀਤੀ ਹੈ। ਨਾਵਲ ਵਿਚ ਕੁੱਲ ਗਿਆਰਾਂ ਅੰਕ ਹਨ। ਵਿਸ਼ੇ ਤੇ ਨਿਭਾਅ ਅਨੁਸਾਰ ਨਾਵਲਕਾਰਾ ਨੇ ਮੁਹਾਵਰੇ, ਅਖਾਣਾਂ ਤੇ ਗੁਰਬਾਣੀ ਦੀ ਤੁਕਾਂ ਦੀ ਬਾਖ਼ੂਬੀ ਵਰਤੋਂ ਕੀਤੀ ਹੈ। ਲੇਖਿਕਾ ਆਪ ਵਧੇਰੇ ਚੇਤੰਨ ਹੈ, ਨਿੱਡਰ ਹੈ। ਆਪਣੀ ਸਮਝ ਤੇ ਆਪਣੀ ਕਲਮ ਦੇ ਮਾਧਿਅਮ ਰਾਹੀਂ ਪਾਠਕਾਂ ਨੂੰ ਆਪਣੇ ਮੂਲ ਦੀ ਪਛਾਣ ਕਰਵਾਉਂਦੀ ਹੋਈ ਹਿੰਮਤ, ਉਤਸ਼ਾਹ ਤੇ ਊਰਜਾ ਪ੍ਰਦਾਨ ਕਰਨ ਦਾ ਉਪਰਾਲਾ ਕਰਦੀ ਹੈ, ਜਿਸ ਲਈ ਨਾਵਲਕਾਰਾ ਵਧਾਈ ਦੀ ਹੱਕਦਾਰ ਹੈ।

**- ਡਾ. ਕੁਲਵਿੰਦਰ ਸਿੰਘ**

# ਨਵਤੇਜ ਗੜ੍ਹਦੀਵਾਲਾ ਦੀ ਪੁਸਤਕ 'ਅੰਮ੍ਰਿਤ ਕਾਲ ਤੱਕ' 'ਤੇ ਸੰਵਾਦ

**ਨਾਰੰਗਵਾਲ**—ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਪੁਸਤਕ ਸੰਵਾਦ ਕਰਵਾਇਆ ਗਿਆ।ਇਸ ਪੁਸਤਕ ਸੰਵਾਦ ਪ੍ਰੋਗਰਾਮ ਵਿੱਚ ਨਵਤੇਜ ਗੜ੍ਹਦੀਵਾਲਾ ਦੀ ਕਾਵਿ ਕਿਤਾਬ 'ਅੰਮ੍ਰਿਤ ਕਾਲ ਤੱਕ' 'ਤੇ ਚਰਚਾ ਹੋਈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਕਮਲਜੀਤ ਸਿੰਘ ਸੋਹੀ ਨੇ ਮੁੱਖ ਮਹਿਮਾਨ ਪ੍ਰੋ. ਬਲਦੇਵ ਸਿੰਘ ਬੱਲੀ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਅੰਦਰ ਸਾਹਿਤਕ ਊਰਜਾ ਪੈਦਾ ਕਰਨ ਦੇ ਸਮਰੱਥ ਹੁੰਦੇ ਹਨ। ਨਵਤੇਜ ਗੜ੍ਹਦੀਵਾਲਾ ਦੁਆਰਾ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ ਗਿਆ।ਇਸ ਸਮੇਂ ਡਾ. ਮੋਹਨ ਤਿਆਗੀ (ਐਸੋਸੀਏਟ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਪੇਪਰ ਪੜ੍ਹਦਿਆਂ ਕਿਹਾ ਕਿ ਨਵਤੇਜ ਗੜ੍ਹਦੀਵਾਲਾ ਦੀ ਸ਼ਾਇਰੀ ਆਪਣੇ ਹੀ ਦੇਸ਼ ਵਿਚ ਬਨਵਾਸ ਭੋਗ ਰਹੇ, ਲੱਖਾਂ-ਕਰੋੜਾਂ ਲੋਕਾਂ ਦੀ ਦਰਦ ਕਥਾ ਹੈ, ਜਿਹੜੇ ਰੋਟੀ-ਰੋਜ਼ੀ ਲਈ ਜੰਗ ਲੜ ਰਹੇ ਹਨ। ਕਾਲਜ ਸਾਹਿਤ ਸਭਾ ਦੇ ਵਿਦਿਆਰਥੀ ਜਸਵੀਰ ਕੌਰ ਨੇ ਆਪਣੀ ਲਿਖੀ ਕਵਿਤਾ ਵੀ ਸੁਣਾਈ। ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਸਿੰਘ ਨੇ 'ਇਤਿਹਾਸਕ ਬੋਧ ਦਾ ਅਮਲ : ਅੰਮ੍ਰਿਤ ਕਾਲ ਤੱਕ' ਵਿਸ਼ੇ 'ਤੇ ਪੇਪਰ ਪੜ੍ਹਦਿਆਂ ਕਿਹਾ ਕਿ ਨਵਤੇਜ ਗੜ੍ਹਦੀਵਾਲਾ ਦੀ ਕਵਿਤਾ ਦਾ ਸਿਆਸੀ ਉਚਾਰ ਹਜ਼ਾਰਾਂ ਸਮਿਆਂ ਦੇ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸਫਰ ਦੌਰਾਨ ਹੋਏ ਮਨੁੱਖੀ ਸ਼ੋਸ਼ਣ ਅਤੇ ਦਮਨ ਦੀ ਪੈੜ ਦੱਬਦਾ ਹੈ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋ. ਬਲਦੇਵ ਸਿੰਘ ਬੱਲੀ ਨੇ ਕੀਤੀ ਅਤੇ ਉਨ੍ਹਾਂ ਕਿਹਾ ਕਿ ਸਾਹਿਤਕ ਸੂਝ ਨਾਲ ਹੀ ਸਮਾਜ ਦੀ ਸਮਝ ਪੈਦਾ ਹੁੰਦੀ ਹੈ।ਇਸ ਮੌਕੇ ਲੋਕ ਕਵੀ ਦਲਵੀਰ ਕਲੇਰ ਨੇ ਸੰਤ ਰਾਮ ਉਦਾਸੀ ਦਾ ਗੀਤ ਗਾ ਕੇ ਵਿਦਿਆਰਥੀਆਂ ਵਿਚ ਜੋਸ਼ ਭਰਿਆ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾਕਟਰ ਗੁਲਜ਼ਾਰ ਪੰਧੇਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਸ਼ਬਦ ਦੀ ਸਿਰਜਣਾਤਮਕਤਾ ਦੀ ਸਮਝ ਜ਼ਰੂਰੀ ਹੈ। ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੀ ਚੇਤਨਾ ਨੂੰ ਹਲੂਣਦੇ ਹਨ। ਜਸਵੀਰ ਝੱਜ ਨੇ ਇਸ ਪ੍ਰੋਗਰਾਮ ਵਿਚ ਗੀਤ ਪੇਸ਼ ਕੀਤਾ।ਇਸ ਮੌਕੇ ਤ੍ਰਲੋਚਨ ਝਾਂਡੇ, ਉਜਾਗਰ ਸਿੰਘ ਲਲਤੋਂ, ਅਮਰੀਕ ਡੋਗਰਾ, ਸੁਰਿੰਦਰ ਨੇਕੀ, ਸ਼ਾਇਰ ਭਗਵਾਨ ਢਿੱਲੋਂ, ਭਾਗ ਸਿੰਘ ਦਰਦੀ, ਹਰਪ੍ਰੀਤ ਸਿੰਘ ਕਿਲ੍ਹਾ ਰਾਏਪੁਰ, ਅਮਰਿੰਦਰ ਸੋਹਲ ਆਦਿ ਸਾਹਿਤਕਾਰ ਉਚੇਚੇ ਤੌਰ 'ਤੇ ਪਹੁੰਚੇ। ਇਸ ਸਮੇਂ ਕਾਲਜ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਅਤੇ ਪ੍ਰੋ. ਸੁਖਜੀਤ ਕੌਰ, ਪ੍ਰੋ. ਦਲਜੀਤ ਕੌਰ ਅਤੇ ਪ੍ਰੋ. ਗਗਨਦੀਪ ਕੌਰ ਆਦਿ ਹਾਜ਼ਰ ਸਨ।



# ਖ਼ਾਲਸਾ ਕਾਲਜ ਵਿਖੇ ਢਾਹਾਂ ਇਨਾਮ ਜੇਤੂ ਸਾਹਿਤਕਾਰਾਂ ਦਾ ਰੂ-ਬ-ਰੂ ਤੇ ਸਨਮਾਨ



**ਅੰਮ੍ਰਿਤਸਰ**—ਵਿਰਾਸਤੀ ਵਿਦਿਅਕ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਵੱਲੋਂ 2024 ਦੇ ਢਾਹਾਂ ਇਨਾਮ ਜੇਤੂ ਸਾਹਿਤਕਾਰਾਂ, ਕਹਾਣੀਕਾਰ ਜਿੰਦਰ ਅਤੇ ਜੰਮੂ-ਕਸ਼ਮੀਰ ਦੀ ਕਹਾਣੀਕਾਰਾ ਸੁਰਿੰਦਰ ਨੀਰ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਪੰਜਾਬੀ ਵਿਭਾਗ ਦੀ ਲਾਇਬ੍ਰੇਰੀ ਵਿਚ ਕਰਵਾਏ ਸਮਾਰੋਹ ਦੌਰਾਨ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕਿਹਾ ਕਿ ਦੋਵੇਂ ਕਹਾਣੀਕਾਰ ਲੰਮੇ ਸਮੇਂ ਤੋਂ ਸਾਹਿਤ ਸਿਰਜਣਾ ਨਾਲ ਜੁੜੇ ਹੋਏ ਸੰਜੀਦਾ ਸੁਭਾਅ ਵਾਲੇ ਮਿਹਨਤੀ ਸਾਹਿਤਕਾਰ ਹਨ। ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਰੂ-ਬ-ਰੂ ਹੁੰਦਿਆਂ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਜਿੰਦਰ ਨੇ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਸਮਾਂ ਬਿਤਾਉਣ ਦੀ ਥਾਂ ਨਵੀਆਂ ਪੁਸਤਕਾਂ ਪੜ੍ਹਨ ਨੂੰ ਪਹਿਲ ਦਿੰਦਾ ਹੈ। ਮਹਾਂਭਾਰਤ ਉਸ ਦੀ ਪਸੰਦੀਦਾ ਪੁਸਤਕ ਹੈ ਅਤੇ ਸ਼ਿਵ ਕੁਮਾਰ ਪਸੰਦੀਦਾ ਕਵੀ ਹੈ। ਉਸ ਨੇ ਕਿਹਾ ਕਿ ਉਸ ਦਾ ਅੰਗਰੇਜ਼ੀ ਸਾਹਿਤ ਅਤੇ ਮਨੋਵਿਗਿਆਨ ਦਾ ਅਧਿਐਨ ਉਸ ਦੀ ਸਾਹਿਤ ਸਿਰਜਨਾ ਵਿਚ ਸਹਾਈ ਹੁੰਦਾ ਹੈ ਅਤੇ ਉਹ ਆਪਣੇ ਦੋਸਤ ਆਲੋਚਕਾਂ ਦੀਆਂ ਰਾਵਾਂ ਦਾ ਵਿਸ਼ਲੇਸ਼ਣ ਕਰਕੇ ਆਪਣੀ ਸਾਹਿਤ ਸਿਰਜਣਾ ਨੂੰ ਸੁਧਾਰਦਾ ਰਹਿੰਦਾ ਹੈ। ਜੰਮੂ-ਕਸ਼ਮੀਰ ਦੀ ਪੰਜਾਬੀ ਗਲਪ ਲੇਖਕਾ ਸੁਰਿੰਦਰ ਨੀਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਵੱਖਰੇ ਖ਼ਿੱਤੇ ਵਿਚ ਰਹਿਣ ਕਰਕੇ ਉਸ ਨੂੰ ਪੰਜਾਬੀ ਸਾਹਿਤਕਾਰਾਂ ਅਤੇ ਸਾਹਿਤ ਸਭਾਵਾਂ ਦਾ ਵਿਗੋਚਾ ਰਹਿੰਦਾ ਹੈ, ਜਿੱਥੇ ਉਹ ਆਪਣੀਆਂ ਰਚਨਾਵਾਂ ਨੂੰ ਸੁਣਾ ਕੇ ਸੁਧਾਰ ਸਕੇ, ਪਰ ਸਾਹਿਤਕ ਰਸਾਲਿਆਂ ਦੀ ਮਦਦ ਨਾਲ ਉਹ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਨਾਲ ਹਮੇਸ਼ਾ ਜੁੜੀ ਰਹਿੰਦੀ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਆਪਣੇ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਖ਼ਾਲਸਾ ਕਾਲਜ ਦਾ ਪੰਜਾਬੀ ਵਿਭਾਗ ਪੰਜਾਬੀ ਦੇ ਸਮੁੱਚੇ ਸਾਹਿਤ ਜਗਤ ਨਾਲ ਆਪਣੀਆਂ ਸਰਗਰਮੀਆਂ ਕਰਕੇ ਜੁੜਿਆ ਰਹਿੰਦਾ ਹੈ ਅਤੇ ਸਾਹਿਤਕਾਰ ਇਸ ਵਿਭਾਗ ਨਾਲ ਜੁੜੇ ਰਹਿੰਦੇ ਹਨ।

# 'ਮੇਰੇ ਅੰਦਰ ਮਨੁੱਖ ਹੋਣ ਦੀ ਖੁਸ਼ਬੂ ਹੈ' ਰਿਲੀਜ਼



**ਪਟਿਆਲਾ**-ਪੰਜਾਬੀ ਸ਼ਾਇਰ ਲਿਪੀ ਦਾ ਮਹਾਂਦੇਵ ਦੀ ਤੀਸਰੀ ਕਾਵਿ ਪੁਸਤਕ 'ਮੇਰੇ ਅੰਦਰ ਮਨੁੱਖ ਹੋਣ ਦੀ ਖੁਸ਼ਬੂ ਹੈ' ਦਾ ਲੋਕ ਅਰਪਣ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਵਿਹੜੇ ਵਿੱਚ ਕੀਤਾ ਗਿਆ। ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਸ੍ਰੀ ਸਤਨਾਮ ਸਿੰਘ, ਸ੍ਰੀ ਅਮਰਿੰਦਰ ਸਿੰਘ, ਸ੍ਰੀ ਤੇਜਿੰਦਰ ਸਿੰਘ ਗਿੱਲ ਹੋਰਾਂ ਨੇ ਕਿਤਾਬ ਲੋਕ ਅਰਪਣ ਕੀਤੀ। ਇਸ ਮੌਕੇ ਖੋਜ ਅਫਸਰ ਤੇ ਸ਼ਾਇਰ ਡਾਕਟਰ ਸੰਤੋਖ ਸਿੰਘ, ਸਤਪਾਲ ਚਹਿਲ, ਬਲਵਿੰਦਰ ਸਿੰਘ ਭੱਟੀ ਚਿੱਟਾ ਸਿੱਧੂ, ਚਹਿਲ ਜਗਪਾਲ, ਨਰਿੰਦਰ ਪਾਲ ਕੌਰ, ਅਮਰੀਕ ਸਿੰਘ ਅਤੇ ਸਤਪਾਲ ਭੀਖੀ ਸ਼ਾਮਲ ਹੋਏ। ਇਸ ਮੌਕੇ ਲਿਪੀ ਦਾ ਮਹਾਂਦੇਵ ਦੀ ਕਾਵਿ ਪੁਸਤਕ 'ਨਾ ਅੱਗ ਹੈ, ਨਾ ਲੋਹਾ' ਦਾ ਦੂਜਾ ਐਡੀਸ਼ਨ ਵੀ ਲੋਕ ਅਰਪਣ ਕੀਤਾ ਗਿਆ ।ਬੁਲਾਰਿਆਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਮਹਾਦੇਵ ਦੀ ਸ਼ਾਇਰੀ ਕਿਰਤੀ ਮਨੁੱਖ ਦੀ ਅੰਤਰ ਵੇਦਨਾ ਅਤੇ ਕੁਦਰਤ ਦੀ ਮਨੁੱਖੀ ਜੀਵਨ ਵਿੱਚ ਦੇਣ ਨੂੰ ਅੰਕਿਤ ਕਰਦੀ ਹੈ। ਇਹ ਨਵੇਂ ਬਿੰਬਾਂ, ਸੱਜਰੇ ਖਿਆਲਾਂ ਦੀ ਕਵਿਤਾ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਵੇਗੀ।

# 'ਕਲਮ' ਵੱਲੋਂ ਇਨਾਮ ਵੰਡ ਸਮਾਗਮ 4 ਨੂੰ

**ਜਲੰਧਰ**-ਕੌਮਾਂਤਰੀ ਲੇਖਕ ਮੰਚ ਵੱਲੋਂ ਮਿਤੀ 4 ਅਕਤੂਬਰ 2024, ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ, ਗਦਰੀ ਬਾਬਾ ਹਰਜਾਪ ਸਿੰਘ ਮੈਮੋਰੀਅਲ ਕਨਵੈਨਸ਼ਨ ਹਾਲ (ਖ਼ਾਲਸਾ ਕਾਲਜ ਮਾਹਿਲਪੁਰ) ਵਿਖੇ 'ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਮਾਹਿਲਪੁਰ ਤੇ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ, ਪਟਿਆਲ਼ਾ ਦੇ ਸਹਿਯੋਗ ਨਾਲ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ 'ਚ ਬਾਪੂ ਜਾਗੀਰ ਸਿੰਘ ਕੰਬੋਜ 'ਅਸ਼ੀਰਵਾਦ 'ਕਲਮ' ਪੁਰਸਕਾਰ'- ਸ਼ਾਇਰ ਸੁਰਿੰਦਰ ਗਿੱਲ ਨੂੰ, ਡਾ. ਕੇਸਰ ਸਿੰਘ ਕੇਸਰ ਇਲਮੇ-ਅੱਵਲ 'ਕਲਮ' ਪੁਰਸਕਾਰ'- ਡਾ. ਨਾਹਰ ਸਿੰਘ ਨੂੰ, ਰਿਸ਼ੀ-ਰਮਨ ਦੀ ਰੌਂ 'ਕਲਮ' ਪੁਰਸਕਾਰ- ਸ਼ਾਇਰ ਅਮਰੀਕ ਡੋਗਰਾ ਨੂੰ, ਤਲਵਿੰਦਰ ਦੀ ਤਰੰਗ 'ਕਲਮ' ਪੁਰਸਕਾਰ ਕਹਾਣੀਕਾਰ ਅਤਰਜੀਤ ਨੂੰ ਦਿੱਤੇ ਜਾ ਰਹੇ ਹਨ। ਸਮਾਗਮ 'ਚ ਸਮਕਾਲੀ ਸ਼ਾਇਰੀ ਦੇ ਸਿਰਮੌਰ ਸਿਰਨਾਵਿਆਂ ਦੀ ਸ਼ਿਰਕਤ ਵਾਲ਼ਾ ਕਵੀ-ਦਰਬਾਰ ਹਰ ਵਾਰ ਵਾਂਗ ਯਾਦਗਾਰੀ ਹੋਵੇਗਾ। ਪ੍ਰੈੱਸ ਨੂੰ ਜਾਣਕਾਰੀ ਦੇਂਦੇ ਹੋਏ ਸੁਰਜੀਤ ਜੱਜ (ਕੋ-ਚੇਅਰਮੈਨ), ਸੁਖਵਿੰਦਰ ਕੰਬੋਜ, ਲਖਵਿੰਦਰ ਜੌਹਲ (ਚੇਅਰਮੈਨ 'ਕਲਮ'), ਕੁਲਵਿੰਦਰ (ਪ੍ਰਧਾਨ 'ਕਲਮ') ਨੇ ਦੱਸਿਆ ਕਿ ਇਹ ਪੁਰਸਕਾਰ ਸਮਾਗਮ 20ਵਾਂ ਹੈ। 'ਕਲਮ' ਹਰ ਸਾਲ ਪ੍ਰਸਿੱਧ ਲੇਖਕਾਂ ਨੂੰ ਇਹ ਸਨਮਾਨ ਦਿੰਦੀ ਆ ਰਹੀ ਹੈ।

# 'ਅੱਖੋਂ ਤਿਲਕੀ ਰੌਸ਼ਨੀ' ਕਹਾਣੀ ਸੰਗ੍ਰਹਿ ਰਿਲੀਜ਼



**ਬਰਨਾਲਾ**-ਸਾਹਿਤ ਚਰਚਾ ਮੰਚ ਬਰਨਾਲਾ ਵੱਲੋਂ ਬਹੁਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕੈਡਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਦਾ ਕਹਾਣੀ ਸੰਗ੍ਰਹਿ 'ਅੱਖੋਂ ਤਿਲ੍ਹਕੀ ਰੌਸ਼ਨੀ' ਰਾਮ ਸਰੂਪ ਅਣਖੀ ਅਜਾਇਬ ਘਰ ਕੱਚਾ ਕਾਲਜ ਰੋਡ ਬਰਨਾਲਾ ਵਿਖੇ ਰਿਲੀਜ਼ ਕੀਤਾ ਗਿਆ। ਇਹ ਰਸਮ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਚੇਅਰਮੈਨ ਡਾ. ਕਰਾਂਤੀ ਪਾਲ ਨੇ ਅਦਾ ਕੀਤੀ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੂਟਾ ਸਿੰਘ ਚੌਹਾਨ ਦਾ ਇਹ ਅਜਿਹਾ ਕਹਾਣੀ ਸੰਗ੍ਰਹਿ ਹੈ, ਜਿਹੜਾ ਸਾਨੂੰ ਭਾਰਤੀ ਭਾਸ਼ਾਵਾਂ ਵਿਚ ਗੱਲ ਕਰਨ ਦੇ ਸਮਰੱਥ ਬਣਾਉਂਦਾ ਹੈ। ਜਦੋਂ ਸਮੁੱਚੀ ਕਹਾਣੀ 'ਤੇ ਨਜ਼ਰ ਮਾਰਦੇ ਹਾਂ ਤਾਂ ਅਜਿਹੇ ਮਾਹੌਲ ਨੂੰ ਪੇਸ਼ ਕਰਦੀਆਂ ਅਜਿਹੀਆਂ ਕਹਾਣੀਆਂ ਘੱਟ ਹੀ ਨਜ਼ਰ ਆਉਂਦੀਆਂ ਹਨ। ਖ਼ੁਦ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਹ ਕਹਾਣੀਆਂ ਸਾਨੂੰ ਦੱਸਦੀਆਂ ਹਨ ਕਿ ਸਮਾਜ ਵਿਚ ਜਾਤ-ਪਾਤ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ। ਮੰਚ ਦੇ ਜਨਰਲ ਸਕੱਤਰ ਡਾ. ਭੁਪਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਚੌਹਾਨ ਰਾਮ ਸਰੂਪ ਅਣਖੀ ਬਾਰੇ 'ਮਾਲਵੇ ਦਾ ਸਾਗਵਾਨ' ਰਾਮ ਸਰੂਪ ਅਣਖੀ ਪੁਸਤਕ ਦਾ ਸੰਪਾਦਨ ਵੀ ਕਰ ਰਹੇ ਹਨ। ਇਸ ਮੌਕੇ ਸ਼ਾਇਰ ਤਰਸੇਮ, ਡਾ. ਰਾਮਪਾਲ ਸ਼ਾਹਪੁਰੀ, ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਰਾਮ ਸਰੂਪ ਸ਼ਰਮਾ, ਲਛਮਣ ਦਾਸ ਮੁਸਾਫ਼ਿਰ, ਜਗਜੀਤ ਗੁਰਮ, ਜਸਵਿੰਦਰ ਕੌਰ ਵੀਨੂ, ਡਾ. ਜਸਵੀਰ ਕੌਰ ਅਤੇ ਵੀਰਪਾਲ ਕੌਰ ਹੰਡਿਆਇਆ ਆਦਿ ਲੇਖਕ ਹਾਜ਼ਰ ਸਨ।

# ਸੰਤ ਸੰਧੂ ਨੂੰ ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਪੁਰਸਕਾਰ



**ਜਲੰਧਰ**-ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ ਜਲੰਧਰ (ਰਜਿ.) ਵੱਲੋਂ ਮਹਾਂਕਵੀ ਜੀ ਦਾ ਜਨਮ ਦਿਹਾੜਾ ਪ੍ਰੈੱਸ ਕਲੱਬ ਜਲੰਧਰ ਵਿਖੇ ਮਨਾਇਆ ਗਿਆ। ਇਸ ਮੌਕੇ ਹੋਏ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਰਵਸ੍ਰੀ ਜਸਵੰਤ ਜ਼ਫ਼ਰ (ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ), ਸੇਵਾ-ਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਭਾਸ਼ਾ ਵਿਭਾਗ ਪੰਜਾਬ ਦੇ ਸੇਵਾ-ਮੁਕਤ ਡਾਇਰੈਕਟਰ ਚੇਤਨ ਸਿੰਘ, ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਬੇਦੀ, ਡਾ. ਬਲਵਿੰਦਰ ਕੌਰ ਬਰਿਆਣਾ, ਪ੍ਰਸਿੱਧ ਸ਼ਾਇਰ ਸੰਤ ਸੰਧੂ ਤੇ ਲਾਇਨ ਪਰਮਜੀਤ ਸਿੰਘ ਚਾਵਲਾ ਸ਼ਾਮਲ ਸਨ। ਸਭ ਤੋਂ ਪਹਿਲਾਂ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਬੇਦੀ ਨੇ ਸਭ ਨੂੰ ਜੀ ਆਇਆਂ ਆਖਿਆ, ਉਪਰੰਤ ਡਾ. ਬਲਵਿੰਦਰ ਕੌਰ ਬਰਿਆਣਾ, ਇੰਜ. ਕਰਮਜੀਤ ਸਿੰਘ (ਮੁੱਖ ਸੰਪਾਦਕ ਰਣਜੀਤ ਮੈਗਜ਼ੀਨ), ਸ. ਚੇਤਨ ਸਿੰਘ ਤੇ ਡਾ. ਪਰਮਜੀਤ ਸਿੰਘ ਮਾਨਸਾ ਨੇ ਮਹਾਂਕਵੀ ਭਾਈ ਸੰਤੋਖ ਸਿੰਘ ਦੇ ਰਚਿਤ ਗ੍ਰੰਥ ਸੂਰਜ ਪ੍ਰਕਾਸ਼ ਦੇ ਵੱਖ-ਵੱਖ ਪਹਿਲੂਆਂ ਉਪਰ ਆਪਣੇ ਖੋਜ ਭਰਪੂਰ ਪਰਚੇ ਪੇਸ਼ ਕੀਤੇ।

ਇਸ ਤੋਂ ਬਾਅਦ ਦੋ ਪੁਸਤਕਾਂ ਜੈਮਸ ਆਫ ਸਿੱਖਇਜ਼ਮ (ਲੇਖਕ ਸਵ. ਰਣਜੀਤ ਸਿੰਘ ਖੜਗ ਤੇ ਸੰਪਾਦਕ ਇੰਜ ਕਰਮਜੀਤ ਸਿੰਘ) 'ਅੱਧੀ ਸਦੀ ਦੇ ਆਰ ਪਾਰ' (ਲੇਖਕ ਕੁਲਦੀਪ ਸਿੰਘ ਬੇਦੀ) ਲੋਕ ਅਰਪਣ ਕੀਤੀਆਂ ਗਈਆਂ। ਦੂਜਾ ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਸਨਮਾਨ ਇਸ ਵਾਰ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਜਨਾਬ ਸੰਤ ਸੰਧੂ ਹੁਰਾਂ ਨੂੰ ਦਿੱਤਾ ਗਿਆ। ਇਸ ਮੌਕੇ ਹੋਏ ਗ਼ੈਰ ਰਸਮੀ ਕਵੀ ਦਰਬਾਰ ਵਿੱਚ ਸਰਵਸ੍ਰੀ ਜਸਵੰਤ ਜ਼ਫ਼ਰ, ਸੰਤ ਸੰਧੂ, ਜਗਦੀਸ਼ ਰਾਣਾ, ਡਾ. ਬਲਦੇਵ ਸਿੰਘ ਬੱਧਣ, ਮਾਲਾ ਅਗਰਵਾਲ, ਇੰਜ. ਕਰਮਜੀਤ ਸਿੰਘ ਨੂਰ, ਵਿਸ਼ਾਲ ਬਿਆਸ ਤੇ ਪਰਮਦਾਸ ਹੀਰ ਕਵੀਆਂ ਨੇ ਆਪੋ-ਆਪਣੀਆਂ ਕਵਿਤਾਵਾਂ ਪੜ੍ਹੀਆਂ। ਸਮਾਗਮ ਵਿੱਚ ਬੋਲਦਿਆਂ ਮੁੱਖ ਮਹਿਮਾਨ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਮਹਾਂਕਵੀ ਜਿੰਨੀ ਵੱਡੀ ਸੋਚ ਰੱਖਣ ਵਾਲਾ ਕਵੀ ਹੋਰ ਕੋਈ ਨਹੀਂ ਹੋ ਸਕਦਾ।ਇਸ ਸਮਾਗਮ ਵਿੱਚ ਮਨੋਹਰ ਲਾਲ, ਆਰ ਪੀ ਗਾਂਧੀ, ਗੁਰਬਚਨ ਸਿੰਘ ਰਖਰਾ, ਅਜੈ ਕੌਸ਼ਲ, ਰਾਜਪਾਲ ਕੌਰ, ਹਰਜਿੰਦਰ ਕੌਰ ਅਤੇ ਬਲਬੀਰ ਕੌਰ ਵੀ ਹਾਜ਼ਰ ਸਨ। ਅੰਤ ਵਿੱਚ ਇੰਜ. ਕਰਮਜੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਤੇ ਖਾਣੇ ਲਈ ਸੱਦਾ ਦਿੱਤਾ। ਮੰਚ ਦਾ ਸੰਚਾਲਨ ਕਮੇਟੀ ਦੇ ਜਨਰਲ ਸਕੱਤਰ ਜੁਗਿੰਦਰ ਸੰਧੂ ਤੇ ਡਾ. ਰਾਮ ਮੂਰਤੀ ਨੇ ਕੀਤਾ।

# 'ਕਾਫ਼ਲੇ' ਦੀ ਵਿਸ਼ੇਸ਼ ਬੈਠਕ 'ਚ 'ਰੂਹ ਵੇਲ਼ਾ' ਲੋਕ ਅਰਪਣ



**ਬਰੈਂਪਟਨ** : ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਵੱਲੋਂ ਇੱਕ ਵਿਸ਼ੇਸ਼ ਬੈਠਕ ਬੁਲਾਈ ਗਈ, ਜਿਸ ਵਿੱਚ ਰਾਜਦੀਪ ਤੂਰ ਦੀ ਸ਼ਾਹਮੁਖੀ ਵਿੱਚ ਛਪੀ ਗ਼ਜ਼ਲਾਂ ਦੀ ਕਿਤਾਬ 'ਰੂਹ ਵੇਲ਼ਾ' ਲੋਕ ਅਰਪਣ ਕੀਤੀ ਗਈ। ਸਭ ਤੋਂ ਪਹਿਲਾਂ ਕਾਫ਼ਲੇ ਦੇ ਮੁੱਖ ਸੰਚਾਲਕ ਕੁਲਵਿੰਦਰ ਖਹਿਰਾ ਨੇ ਰਾਜਦੀਪ ਤੂਰ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਸਾਂਝੇ ਕੀਤੇ। ਨਾਲ ਹੀ ਦੱਸਿਆ ਕਿ ਰਾਜਦੀਪ ਤੂਰ ਨੇ ਨਵੇਂ ਤੇ ਪੁਰਾਣੇ ਲਹਿਜੇ ਨੂੰ ਮੁੱਖ ਰੱਖ ਕੇ ਗ਼ਜ਼ਲਾਂ ਲਿਖੀਆਂ ਹਨ, ਜੋ ਬਹੁਤ ਵਧੀਆ ਲੱਗੀਆਂ ਹਨ। 2020 ਵਿੱਚ ਰਾਜਦੀਪ ਤੂਰ ਦੀ ਗ਼ਜ਼ਲਾਂ ਦੀ ਕਿਤਾਬ 'ਰੂਹ ਵੇਲ਼ਾ' ਪੰਜਾਬੀ ਵਿੱਚ ਆਈ ਸੀ ਤੇ ਹੁਣ ਉਹੀ ਕਿਤਾਬ ਸ਼ਾਹਮੁਖੀ ਵਿੱਚ ਆਈ ਹੈ। ਉਨ੍ਹਾਂ ਦੱਸਿਆ ਕਿ ਮੇਰੇ ਲਿਖਣ ਤੇ ਕਿਤਾਬ ਛਪਵਾਉਣ ਵਿੱਚ ਗੁਰਭਜਨ ਗਿੱਲ ਦਾ ਕਾਫ਼ੀ ਯੋਗਦਾਨ ਹੈ। ਉਸ ਨੇ ਆਪਣੀਆਂ ਕੁਝ ਵੱਖ-ਵੱਖ ਵਿਸ਼ਿਆਂ ਵਿੱਚ ਲਿਖੀਆਂ (ਏਕਤਾ, ਹਕੂਮਤ, ਕਿਸਾਨ ਅੰਦੋਲਨ ਤੇ ਰੋਮਾਂਟਿਕ) ਗ਼ਜ਼ਲਾਂ ਤੇ ਕੁਝ ਗ਼ਜ਼ਲਾਂ ਦੇ ਸ਼ੇਅਰ ਸਾਂਝੇ ਕੀਤੇ, ਜਿਵੇਂ ਆਪਣੇ ਹਿੱਸੇ ਦੀ ਧਰਤੀ, ਮੈਂ ਆਪਣਾ ਅੰਬਰ ਭਾਲ ਰਿਹਾ ਹਾਂ, ਧੂੜ ਅੱਖਾਂ ਤੋਂ ਲਾਂਭੇ ਜਦੋਂ ਹੋ ਗਈ , ਮਿੱਟੀ ਦਾ ਕੀ ਇਹ ਤਾਂ ਖੁਰ ਜਾਵੇਗੀ, ਆਲ੍ਹਣੇ 'ਚੋਂ ਉੱਡੇ ਪਰਿੰਦੇ ਜੋ ਹੁਣ ਨਹੀਂ ਮੁੜਣੇ। ਇੱਕ ਦਿਨ ਮਿਲਾਂਗੇ, ਐਵੇਂ ਫ਼ਿਕਰ ਨਾ ਕਰ, ਅੰਨਦਾਤੇ ਤਾਂ ਬੇਸ਼ੱਕ ਕਹਾਉਂਦੇ ਰਹੇ, ਜੇਬ ਖ਼ਾਲੀ ਰਹੀ। ਪਾਲਦੇ ਰਹੇ ਜੋ ਕੁਨਬੇ ਤੁਹਾਡੇ, ਉਹ ਪਾਗਲ ਕਿਵੇਂ ਹੋ ਗਏ , ਹੁਣ ਸਿਤਮ ਸਹਿਣ ਦੀ ਇੰਤਹਾ ਹੋ ਗਈ, ਕਿੰਨਾ ਕੁ ਚਿਰ ਲੋਕ ਚੁੱਪ ਬਹਿਣਗੇ , ਕੰਜਕਾਂ ਦੀ ਰੀਝ ਮੋਈ, ਜਦ ਉਨ੍ਹਾਂ ਪਿੱਪਲਾਂ ਨੂੰ ਵੱਢਿਆ ਆਦਿ। ਸੁਰਿੰਦਰ ਖਹਿਰਾ ਤੇ ਰਜਵੰਤ ਕੌਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ, ਰਾਜਦੀਪ ਤੂਰ ਦੀਆਂ ਗ਼ਜ਼ਲਾਂ ਦੀ ਸਿਫ਼ਤ ਕੀਤੀ। ਇਸ ਤੋਂ ਬਾਅਦ ਰਸੀਦ ਨਦੀਮ ਤੇ ਉਜ਼ਮਾ ਮਹਿਮੂਦ ਨੇ ਆਪਣੀਆਂ ਗ਼ਜ਼ਲਾਂ ਤੇ ਨਜ਼ਮਾਂ ਸਾਂਝੀਆਂ ਕੀਤੀਆਂ। ਡਾ. ਵਰਿਆਮ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਕੋਈ ਦਸ ਬਾਰਾਂ ਸਾਲਾਂ ਤੋਂ ਦੋਹਾਂ ਪੰਜਾਬਾਂ ਦੇ ਲੇਖਕਾਂ ਦਾ ਆਪਸੀ ਮੇਲ-ਮਿਲਾਪ ਵਧ ਰਿਹਾ ਹੈ, ਜੋ ਵਧੀਆ ਰੁਝਾਨ ਹੈ। ਇਸ ਵਿੱਚ ਯੂਟਿਊਬਰ ਤੇ ਸੋਸ਼ਲ ਮੀਡੀਆ ਨੇ ਵਧੀਆ ਰੋਲ ਨਿਭਾਇਆ ਹੈ। ਸ਼ਾਹਮੁਖੀ ਤੇ ਪੰਜਾਬੀ ਦੀਆਂ ਕਿਤਾਬਾਂ ਦਾ ਵਟਾਂਦਰਾ ਵਧੀਆ ਗੱਲ ਹੈ। ਲੇਖਕਾਂ ਨੇ ਲਾਸ਼ਾਂ ਤੇ ਕੰਡੇਦਾਰ ਤਾਰਾਂ ਉੱਤੋਂ ਦੀ ਸੱਤਰੰਗਾ ਪੁਲ ਉਸਾਰ ਕੇ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਜਾ ਕੇ ਬੋਲਣ ਨਾਲ ਮੈਂ ਆਪਣੇ ਆਪ ਨੂੰ ਮੁਕੰਮਲ ਹੋਇਆ ਮਹਿਸੂਸ ਕੀਤਾ ਹੈ। ਦੋਹਾਂ ਪੰਜਾਬਾਂ ਦੇ ਲੇਖਕਾਂ ਨਾਲ ਮਿਲ ਕੇ ਦੋਹਾਂ ਭਾਸ਼ਾਵਾਂ ਵਿੱਚ ਛਪਦੇ ਸਾਹਿਤ ਦੀ ਸਮਝ ਹੋਣ ਲੱਗ ਜਾਵੇਗੀ। ਰਾਜਦੀਪ ਦੀ ਕਿਤਾਬ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਅਹਿਸਾਸ ਤੇ ਸੰਵੇਦਨਸ਼ੀਲ ਇਨਸਾਨ ਤੂਰ ਦੀ ਕਿਤਾਬ ਵਿੱਚ ਵੱਸਦਾ ਹੈ ਤੇ ਰਾਜਦੀਪ ਤੂਰ ਇੱਕ ਸੂਖਮ ਸ਼ਾਇਰ ਹੈ, ਮੈਂ ਇਸ ਦੀ ਸੂਖਮਤਾ ਦੀ ਦਾਦ ਦੇਂਦਾ ਹਾਂ। ਵਧੀਆ ਲਿਖਣ ਲਈ ਦੁਆਵਾਂ ਤੇ ਮੁਬਾਰਕਾਂ! ਮੀਟਿੰਗ ਦੇ ਅਖੀਰ 'ਤੇ ਕਾਫ਼ਲਾ ਸੰਚਾਲਕ ਪਿਆਰਾ ਸਿੰਘ ਕੁੱਦੋਵਾਲ ਨੇ ਵੀ ਰਾਜਦੀਪ ਤੂਰ ਦੀ ਕਿਤਾਬ ਦੀ ਸਿਫ਼ਤ ਕਰਦਿਆਂ ਹੋਇਆਂ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ। 'ਪੰਜਾਬੀ ਆਰਟਸ ਐਸੋਸੀਏਸ਼ਨ' ਤੋਂ ਬਲਜਿੰਦਰ ਲੇਲਣਾ ਅਤੇ ਰੌਇਲ ਸਟਾਰ ਰੀਅਲਟੀ ਦੇ ਮਾਲਕ ਪਰਮਿੰਦਰ ਢਿੱਲੋਂ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਬਹੁਤ ਹੀ ਛੋਟੇ ਨੋਟਿਸ 'ਤੇ ਮੀਟਿੰਗ ਲਈ ਜਗ੍ਹਾ ਮੁਹੱਈਆ ਕੀਤੀ।

# ਅਜੋਕੇ ਸਾਹ ਘੁਟਵੇਂ ਮਾਹੌਲ 'ਚ ਭਗਤ ਸਿੰਘ ਦੇ ਵਿਚਾਰਧਾਰਕ ਤੇ ਸਮਾਜਕ ਸਰੋਕਾਰਾਂ ਬਾਰੇ ਚਰਚਾ ਸਮੇਂ ਦੀ ਲੋੜ : ਡਾ. ਅਰੀਤ

**ਚੰਡੀਗੜ੍ਹ**—ਇਪਟਾ ਪੰਜਾਬ ਵੱਲੋਂ ਸ਼ਹੀਦ ਏ ਆਜ਼ਮ ਭਗਤ ਸਿੰਘ ਤੇ ਨਾਟ-ਕਰਮੀ ਗੁਰਸ਼ਰਨ ਭਾਅ ਜੀ ਦੇ ਜਨਮ ਦਿਹਾੜਿਆਂ ਨੂੰ ਸਮਰਪਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ 9 ਰੋਜ਼ਾ ਸਮਾਗਮਾਂ ਦੀ ਲੜੀ ਅਧੀਨ ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਮੁਹਾਲੀ ਫੇਜ਼-10 ਦੇ ਸਿਲਵੀ ਪਾਰਕ ਦੀ ਸੰਤੋਖ ਸਿੰਘ ਧੀਰ ਲਾਇਬਰੇਰੀ ਵਿਖੇ ਡਾ. ਅਰੀਤ (ਪੁੱਤਰੀ ਗੁਰਸ਼ਰਨ ਭਾਅ ਜੀ ਤੇ ਸਾਬਕਾ ਡਾਇਰੈਕਟਰ ਸਿਹਤ ਵਿਭਾਗ ਪੰਜਾਬ), ਗੁਰਨਾਮ ਕੰਵਰ (ਸ਼ਾਇਰ), ਸੰਜੀਵਨ ਸਿੰਘ (ਨਾਟਕਕਾਰ) ਦੀ ਪ੍ਰਧਾਨਗੀ ਹੇਠ ਚਾਰ ਦਰਜਨ ਇਪਟਾ ਕਾਰਕੁਨਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਤੇ ਰੰਗਕਰਮੀਆ ਦੇ ਸੰਖੇਪ ਪਰ ਪ੍ਰਭਾਵਸ਼ਾਲੀ ਇਕੱਠ ਵਿੱਚ ਹੋਈ। ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਨ ਲਈ ਵਕਤਾ ਦੇ ਤੌਰ 'ਤੇ ਰੰਗਕਰਮੀ ਬਲਕਾਰ ਸਿੱਧੂ ਤੇ ਨਾਟ-ਕਰਮੀ ਰਾਬਿੰਦਰ ਸਿੰਘ ਰੱਬੀ ਨੇ ਕਿਹਾ, 'ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਵਿਚ ਜਿਹੜੀ ਮੁੱਢਲੀ ਸਾਂਝ ਸੀ, ਉਹ ਸੀ ਦੋਵੇਂ ਰੰਗਕਰਮੀ ਸਨ। ਭਗਤ ਸਿੰਘ ਨੇ ਵਿਦਿਆਰਥੀ ਜੀਵਨ ਵਿਚ ਲਾਹੌਰ ਵਿਖੇ ਕੁਝ ਨਾਟਕਾਂ ਵਿਚ ਹਿੱਸਾ ਲਿਆ।' ਡਾਕਟਰ ਅਰੀਤ ਨੇ ਕਿਹਾ, 'ਅਜੋਕੇ ਸਾਹ ਘੁਟਵੇਂ ਮਾਹੌਲ ਵਿਚ ਭਗਤ ਸਿੰਘ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਨ ਸਮੇਂ ਦੀ ਲੋੜ ਹੈ। ਮੇਰੇ ਪਾਪਾ ਗੁਰਸ਼ਰਨ ਸਿੰਘ ਭਗਤ ਸਿੰਘ ਦੇ ਸਿਧਾਂਤਾਂ ਅਤੇ ਸੋਚ ਮੁਤਾਬਕ ਆਖ਼ਰੀ ਦਮ ਤੱਕ ਚੱਲੇ।' ਸ਼ਾਇਰ ਗੁਰਨਾਮ ਕੰਵਰ ਨੇ ਕਿਹਾ, 'ਗੁਰਸ਼ਰਨ ਸਿਰਫ਼ ਆਪਣੇ ਜਾਣੂਆਂ, ਕਲਮਕਾਰਾਂ ਤੇ ਕਲਾਕਾਰਾਂ ਦਾ ਹੀ ਭਾਅ ਜੀ ਨਹੀਂ ਸੀ, ਉਹ ਸਮਾਜ ਦੇ ਦੱਬੇ-ਕੁੱਚਲੇ ਤਬਕੇ ਦੇ ਵੀ ਭਾਅ ਜੀ ਸਨ।' ਸੰਜੀਵਨ ਸਿੰਘ ਨੇ ਕਿਹਾ, 'ਭਗਤ ਸਿੰਘ ਤੇ ਗੁਰਸ਼ਰਨ ਸਿੰਘ ਸੁਖ਼ਾਲੀ ਜ਼ਿੰਦਗੀ ਦੇ ਬਾਵਜੂਦ ਲੋਕਾਂ ਨਾਲ ਖੜ ਵੀ, ਲੋਕਾਂ ਲਈ ਲੜੇ ਵੀ ਤੇ ਅੜੇ ਵੀ। ਦੋਵਾਂ ਨੇ ਹੋਰ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕੀਤਾ ਤੇ ਕਿੱਕਰਾਂ ਨੂੰ ਦਾਖਾਂ ਲਾਅ ਕੇ ਵੀ ਦਿਖਾ ਦਿੱਤੀਆਂ।' ਹੋਰਨਾਂ ਤੋਂ ਇਲਾਵਾ ਚਰਚਿਤ ਲੇਖਕ ਸੁਰਿੰਦਰ ਗਿੱਲ, ਸਰਦਾਰਾ ਸਿੰਘ ਚੀਮਾ, ਰੰਗਮੰਚ ਤੇ ਫਿਲਮ ਅਦਾਕਾਰਾ ਅਮਨ ਭੋਗਲ, ਇਪਟਾ ਦੇ ਬਾਨੀ ਤੇਰਾ ਸਿੰਘ ਦੇ ਪੁੱਤਰ ਦਿਲਦਾਰ ਸਿੰਘ, ਨਾਟਕਰਮੀ ਗੁਰਪ੍ਰੀਤ ਸਿੰਘ ਸਿੰਧਰਾ, ਕਲਮਕਾਰ ਹਰਨਾਮ ਸਿੰਘ ਡੱਲਾ, ਪੱਤਰਕਾਰ ਗੁਰਪ੍ਰੀਤ ਖੋਖਰ ਤੇ ਸੁਰਿੰਦਰ ਸਿੰਘ ਰਸੂਲਪੁਰੀ ਨੇ ਚਰਚਾ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ।

—ਗੁਰਜੀਤ ਬਿੱਲਾ

# ਜਸਵੀਰ ਕੌਰ ਪੱਖੋਕੇ ਦੀ ਪਲੇਠੀ ਕਾਵਿ ਪੁਸਤਕ 'ਤੇ ਗੋਸ਼ਟੀ



**ਬਰਨਾਲਾ** : ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਕਰਵਾਏ ਸਾਹਿਤਕ ਸਮਾਗਮ ਵਿੱਚ ਪੁਸਤਕ ਗੋਸ਼ਟੀ ਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸੁਰਜੀਤ ਸਿੰਘ ਦਿਹੜ, ਤੇਜਿੰਦਰ ਚੰਡਿਹੋਕ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਜਸਵੀਰ ਕੌਰ ਪੱਖੋਕੇ ਅਤੇ ਡਾਕਟਰ ਹਰਿਭਗਵਾਨ ਸੁਸ਼ੋਭਿਤ ਸਨ।ਸਭਾ ਵੱਲੋਂ ਜਸਵੀਰ ਕੌਰ ਪੱਖੋਕੇ ਦੀ ਪਲੇਠੀ ਕਾਵਿ ਪੁਸਤਕ 'ਚਾਰ ਕਦਮ ਜ਼ਿੰਦਗੀ' ਉਪਰ ਵਿਚਾਰ ਗੋਸ਼ਟੀ ਕਰਵਾਈ ਗਈ। ਤੇਜਿੰਦਰ ਚੰਡਿਹੋਕ ਨੇ ਪੁਸਤਕ ਉਪਰ ਪੇਪਰ 'ਜਜ਼ਬਾਤ ਦੇ ਵਹਿਣ 'ਚ ਵਹਿੰਦੀ ਪੁਸਤਕ ਚਾਰ ਕਦਮ ਜ਼ਿੰਦਗੀ' ਪੜ੍ਹਿਆ, ਜਿਸ ਉਪਰ ਬਹਿਸ ਕਰਦਿਆਂ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਗੋਸ਼ਟੀ ਦਾ ਮਤਲਬ ਪੁਸਤਕ ਦੇ ਦੋਵਾਂ ਪੱਖਾਂ 'ਤੇ ਵਿਚਾਰ ਕਰਨਾ ਹੁੰਦਾ ਹੈ। ਡਾਕਟਰ ਹਰਿਭਗਵਾਨ ਨੇ ਖੁੱਲ੍ਹੀ ਕਵਿਤਾ ਬਾਰੇ ਚਰਚਾ ਕੀਤੀ। ਲਖਵੀਰ ਸਿੰਘ ਦਿਹੜ ਨੇ ਕਵਿਤਾ ਨੂੰ ਔਰਤ ਅਤੇ ਮਰਦ ਦੀ ਸੰਵੇਦਨਾ ਦੀ ਗੱਲ ਆਖੀ। ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਸਾਨੂੰ ਲਿਖਣ ਤੋਂ ਪਹਿਲਾਂ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ। ਇਹਨਾਂ ਤੋਂ ਇਲਾਵਾ ਡਾਕਟਰ ਰਾਮਪਾਲ ਸਿੰਘ, ਲਛਮਣ ਦਾਸ ਮੁਸਾਫ਼ਿਰ ਆਦਿ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ। ਉਪਰੰਤ ਤੇਜਿੰਦਰ ਚੰਡਿਹੋਕ ਅਤੇ ਜਸਵੀਰ ਕੌਰ ਪੱਖੋਕੇ ਨੇ ਉਠਾਏ ਸਵਾਲਾਂ ਦੇ ਜਵਾਬ ਦਿੱਤੇ। ਦੋਵਾਂ ਵਿਦਵਾਨਾਂ ਦਾ ਸਭਾ ਵੱਲੋਂ ਸਨਮਾਨ ਵੀ ਕੀਤਾ ਗਿਆ। ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਲਖਵਿੰਦਰ ਸਿੰਘ ਠੀਕਰੀਵਾਲਾ, ਸੁਰਜੀਤ ਸਿੰਘ ਦਿਹੜ, ਰਘਬੀਰ ਸਿੰਘ ਗਿੱਲ ਅਤੇ ਗੁਰਤੇਜ ਸਿੰਘ ਮੱਖਣ ਨੇ ਹਿੱਸਾ ਲਿਆ।ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਉਕਤ ਕਾਵਿ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮੰਚ ਸੰਚਾਲਨ ਖ਼ੂਬਸੂਰਤ ਤਰੀਕੇ ਨਾਲ ਨਿਭਾਇਆ।

-ਤੇਜਿੰਦਰ ਚੰਡਿਹੋਕ

# .ਗ਼ਜ਼ਲ ਮੰਚ ਸਰੀ ਦੀ ਖ਼ੂਬਸੂਰਤ ਸ਼ਾਇਰਾਨਾ ਸ਼ਾਮ

**ਸਰੀ**—ਗ਼ਜ਼ਲ ਮੰਚ ਸਰੀ ਵੱਲੋਂ ਸਰੀ ਆਰਟ ਸੈਂਟਰ ਵਿਚ ਆਪਣੀ ਸਾਲਾਨਾ ਖ਼ੂਬਸੂਰਤ ਸ਼ਾਇਰਾਨਾ ਸ਼ਾਮ ਮਨਾਈ ਗਈ, ਜਿਸ ਵਿਚ ਸ਼ਾਮਲ ਹੋਏ ਸੰਜੀਦਾ ਸ਼ਾਇਰੀ ਦੇ ਸੈਂਕੜੇ ਕਦਰਦਾਨਾਂ ਨੇ ਪੰਜਾਬੀ ਸ਼ਾਇਰੀ ਨੂੰ ਰੂਹ ਨਾਲ ਮਾਣਿਆ ਅਤੇ ਹਰ ਇਕ ਸ਼ਾਇਰ ਨੂੰ ਤਾੜੀਆਂ ਦੀ ਭਰਪੂਰ ਦਾਦ ਨਾਲ ਨਿਵਾਜਿਆ। ਇਸ ਸ਼ਾਮ ਦੀ ਪ੍ਰਧਾਨਗੀ ਪੰਜਾਬ ਤੋਂ ਆਏ ਪ੍ਰੋ. ਬਾਵਾ ਸਿੰਘ (ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ) ਤੇ ਪ੍ਰਿੰਸੀਪਲ ਸਤਿੰਦਰ ਕੌਰ ਕਾਹਲੋਂ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਦਸਮੇਸ਼ ਗਿੱਲ ਫਿਰੋਜ਼ ਨੇ ਕੀਤੀ।ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਵਾਂਟਲਿਨ ਫਸਟ ਨੇਸ਼ਨ ਦੀ ਨਾਮਵਰ ਸ਼ਖ਼ਸੀਅਤ ਫਰਨ ਗੈਬਰੀਅਲ ਵੱਲੋਂ ਆਪਣੀ ਭਾਸ਼ਾ ਵਿਚ ਗਾਏ ਗੀਤ ਨਾਲ ਹੋਈ। ਗ਼ਜ਼ਲ ਮੰਚ ਵੱਲੋਂ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੰਚ ਦੀਆਂ ਸਰਗਰਮੀਆਂ ਬਾਰੇ ਅਤੇ ਸਹਿਯੋਗੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਪ੍ਰੀਤ ਮਨਪ੍ਰੀਤ ਨੇ 'ਲਾਹ ਵੀ ਦੇ ਹੁਣ ਚੁੱਪ ਦੇ ਪਰਦੇ, ਬੋਲ ਜ਼ਰਾ ਕੁਝ ਚਾਨਣ ਕਰਦੇ, ਕਿੰਨੇ ਖਾਲੀ ਹੋ ਚੱਲੇ ਹਾਂ ਖਾਲੀ ਥਾਵਾਂ ਭਰਦੇ-ਭਰਦੇ' ਜਿਹੇ ਗੰਭੀਰ ਸ਼ਿਅਰਾਂ ਨਾਲ ਸਰੋਤਿਆਂ ਦੀ ਭਰਪੂਰ ਵਾਹ-ਵਾਹ ਹਾਸਲ ਕੀਤੀ। ਕਵਿੱਤਰੀ ਸੁਖਜੀਤ 'ਤੂੰ ਵੀ ਝੋਲੇ ਭਰ ਦਿੱਤੀ ਹੈ ਤੂੰ ਵੀ ਹਿੱਸਾ ਪਾ ਦਿੱਤੇ, ਮੇਰੇ ਕੋਲ ਤਾਂ ਪਹਿਲਾਂ ਹੀ ਪਰ ਆਪਣੇ ਦਰਦ ਬਥੇਰੇ ਸੀ' ਲੈ ਕੇ ਔਰਤ ਵੇਦਨਾ ਦੀ ਸ਼ਾਇਰੀ ਦੇ ਰੂਬਰੂ ਹੋਈ। ਦਵਿੰਦਰ ਗੌਤਮ ਆਪਣੀਆਂ ਗ਼ਜ਼ਲਾਂ ਰਾਹੀਂ ਵਿਸ਼ੇਸ਼ ਪ੍ਰਭਾਵ ਛੱਡ ਗਿਆ। ਦਵਿੰਦਰ ਗੌਤਮ ਨੇ ਸਟੇਜ ਸੰਚਾਲਨ ਸਾਂਭਦਿਆਂ ਸ਼ਬਦਾਂ ਦੇ ਜਾਦੂਗਰ ਇੰਦਰਜੀਤ ਧਾਮੀ ਨੂੰ ਪੇਸ਼ ਕੀਤਾ ਅਤੇ ਇੰਦਰਜੀਤ ਧਾਮੀ ਨੇ 'ਇਹ ਕਲਪਨਾ ਵਿੱਚ ਖੁਤਖੁਤੀ ਸਾਡੇ ਜਗਾਉਂਦਾ ਕੌਣ ਹੈ, ਸੋਚੋ ਕਿ ਸਾਡੀ ਹੋਸ਼ ਨਾਲ ਯਾਰੀ ਪਵਾਉਂਦਾ ਕੌਣ ਹੈ' ਰਾਹੀਂ ਸਰੋਤਿਆਂ ਦੀ ਕਲਪਨਾ ਨੂੰ ਹਲੂਣਿਆ। ਹਰਦਮ ਮਾਨ ਨੇ ਆਪਣੇ ਅੰਦਾਜ਼ ਵਿਚ ਹਾਜ਼ਰੀ ਲੁਆਈ। ਦਸ਼ਮੇਸ਼ ਗਿੱਲ ਨੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਗੁਰਮੀਤ ਸਿੱਧੂ ਨੂੰ ਦਾਅਵਤ ਦਿੱਤੀ। ਗੁਰਮੀਤ ਸਿੱਧੂ ਨੇ ਸੱਤਿਅਮ, ਸ਼ਿਵਮ, ਸੁੰਦਰਮ ਨੂੰ ਇਉਂ ਪੇਸ਼ ਕੀਤਾ 'ਸੱਚ, ਸੁਹੱਪਣ, ਸ਼ਿਵ ਤਿੰਨਾਂ ਲਈ ਇਕ ਸ਼ਬਦ ਹੈ ਕੀ, ਦੁਨੀਆ ਪੜ੍ਹਦੀ ਰਹੀ ਕਿਤਾਬਾਂ ਮੈਂ ਲਿਖ ਦਿੱਤਾ ਧੀ'। ਬਲਦੇਵ ਸੀਹਰਾ ਸਿਸਟਮ ਨੂੰ ਸੰਬੋਧਨ ਹੋਇਆ, 'ਇਹ ਸ਼ਹਿਰ ਦੇ ਤਬੀਬ ਨੂੰ ਸਮਝਾ ਦਿਓ ਕੋਈ, ਹੁੰਦਾ ਇਲਾਜ ਹੋਰ ਦਾ ਬਿਮਾਰ ਹੋਰ ਹੈ'। ਕ੍ਰਿਸ਼ਨ ਭਨੋਟ ਆਪਣੇ ਉਸਤਾਦੀ ਅੰਦਾਜ਼ ਵਿਚ ਪੇਸ਼ ਹੋਏ ਅਤੇ ਕਾਮਨਾ ਕੀਤੀ 'ਮਿਲ ਕੇ ਦੁਆ ਕਰੋ ਹੁਣ ਕੋਈ ਕਦੇ ਨਾ ਵਿਛੜੇ, ਰਾਵੀ, ਚਨਾਬ, ਜੇਹਲਮ, ਸਤਲੁਜ ਵਾਂਗੂੰ।' ਅਖੀਰ ਵਿਚ ਪੇਸ਼ ਹੋਏ ਨਾਮਵਰ ਸ਼ਾਇਰ ਜਸਵਿੰਦਰ ਨੇ ਆਪਣੀ ਸ਼ਾਇਰੀ ਰਾਹੀਂ ਸਰੋਤਿਆਂ ਦੇ ਮਨਾਂ ਵਿਚਲੇ ਝੀਲ ਦੇ ਪਾਣੀਆਂ ਨੂੰ ਹਿਲਾਇਆ ਅਤੇ ਕਲਪਨਾ ਦੇ ਪੰਖੇਰੂਆਂ ਨੂੰ ਨਵੀਂ ਉਡਾਨ ਦਿੱਤੀ।



—ਹਰਦਮ ਮਾਨ

# ਪਾਠਕਾਂ ਦੇ ਝਰੋਖੇ 'ਚੋਂ

## ਅਣਖੀ ਯਾਦਗਾਰੀ ਅਜਾਇਬਘਰ

5 ਸਤੰਬਰ ਦੇ 'ਐਤਵਾਰਤਾ' ਵਿਚ ਰਾਮ ਸਰੂਪ ਅਣਖੀ ਯਾਦਗਾਰੀ ਅਜਾਇਬਘਰ ਬਹੁਤ ਮਹੱਤਵਸ਼ੀਲ ਕਾਰਜ ਹੈ। ਕਈ ਦੇਸ਼ਾਂ ਵਿਚ ਸਾਡੇ ਸਾਹਿਤਕਾਰਾਂ ਦੀਆਂ ਇਸ ਕਿਸਮ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ । ਇਹ ਯਾਦਗਾਰ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੈ । ਕਿਹਾ ਜਾਂਦਾ ਹੈ ਕਿ ਅਸੀਂ ਪੰਜਾਬੀ ਆਪਣੇ ਮਹਾਂਪੁਰਖਾਂ, ਦਾਰਸ਼ਨਿਕਾਂ ਤੇ ਅਦੀਬਾਂ ਦੀ ਕਦਰ ਨਹੀਂ ਕਰਦੇ, ਪਰ ਅਣਖੀ ਅਜਾਇਬ ਘਰ ਬਰਨਾਲਾ ਨੇ ਇਹ ਧਾਰਨਾ ਖਤਮ ਕਰ ਦਿੱਤੀ ਹੈ । ਕਿੰਨਾ ਚੰਗਾ ਹੋਵੇ ਜੇ ਪੰਜਾਬ ਸਰਕਾਰ ਆਪਣੀ ਜ਼ੁਬਾਨ ਨਾਲ ਪਿਆਰ ਦਾ ਸਬੂਤ ਦੇਵੇ ।ਸਿਰਫ ਪੰਜਾਬੀ ਲਾਗੂ ਕਰਨ ਦੀ ਦੁਹਾਈ ਦੇਈ ਜਾਣੀ ਕੋਈ ਵੱਡੀ ਗੱਲ ਨ੍ਹੀ ਹੈ ।ਸਾਹਿਤਕਾਰਾਂ ਦੀਆਂ ਇਸ ਕਿਸਮ ਦੀਆਂ ਯਾਦਗਾਰਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣਮੁਨਾਰਾ ਹਨ ।ਹੋਰ ਬਹੁਤ ਸਾਹਿਤਕਾਰ ਹਨ । ਜਸਵੰਤ ਸਿੰਘ ਕੰਵਲ, ਸੁਰਜੀਤ ਪਾਤਰ, ਦਲੀਪ ਕੌਰ ਟਿਵਾਣਾ, ਨਾਨਕ ਸਿੰਘ ਨਾਵਲਿਸਟ ਦਿਆਂ ਯਾਦਗਾਰਾਂ ਕਾਇਮ ਕਰਨ ਦੀ ਲੋੜ ਹੈ। ਸਗੋਂ ਪੰਜਾਬ ਵਿਚ ਇਹੋ ਜਿਹੇ ਸਾਹਿਤਕਾਰਾਂ ਦੀ ਯਾਦ ਵਿਚ ਮੇਲੇ ਲਾਉਣੇ ਚਾਹੀਦੇ ਹਨ, ਜਿਵੇਂ ਲੁਧਿਆਣੇ ਪ੍ਰੋ. ਮੋਹਨ ਸਿੰਘ ਮੇਲਾ ਹਰ ਸਾਲ ਲੁਧਿਆਣੇ ਲੱਗਦਾ ਹੈ, ਜੇ ਇਹ ਕਾਰਜ ਯੂਨੀਵਰਸਿਟੀਆਂ ਨੂੰ ਦਿੱਤਾ ਜਾਵੇ ਤਾਂ ਵੀ ਬਹੁਤ ਚੰਗਾ ਹੋਵੇਗਾ। ਮੈਂ ਅਣਖੀ ਅਜਾਇਬਘਰ ਬਣਾਉਣ ਵਾਲੇ ਪ੍ਰਬੰਧਕਾਂ ਤੇ ਅਦੀਬਾਂ, ਅਣਖੀ ਜੀ ਦੇ ਸਪੁੱਤਰ ਤੇ ਪਰਵਾਰ ਨੂੰ ਵਧਾਈ ਦਿੰਦਾ ਹਾਂ ।ਗੁਰਮੀਤ ਸਿੰਘ ਸ਼ੁਗਲੀ ਨੇ ਜਿਨਸੀ ਸ਼ੋਸ਼ਣ ਬਾਰੇ ਪਸ਼ੂਆਂ ਦੀ ਮਿਸਾਲ ਦਿੱਤੀ ਹੈ। ਇਸ ਪੱਖ ਤੋਂ ਬੰਦਾ ਪਸ਼ੂਆਂ ਤੋਂ ਵੀ ਗਿਰ ਗਿਆ ਹੈ। ਅਸਲ ਵਿਚ ਸਾਡਾ ਕਾਨੂੰਨ ਮਾੜਾ ਹੈ। ਅਸੀਂ ਘਟਨਾ ਹੋਣ ਪਿੱਛੋਂ ਕਾਨੂੰਨ ਬਣਾਉਣ ਵੱਲ ਹੁੰਦੇ ਹਾਂ । ਇਸ ਗੱਲੋਂ ਅੰਗਰੇਜ਼ ਚੰਗੇ ਸੀ । ਉਨ੍ਹਾਂ ਦੇ ਬਣਾਏ ਕਈ ਕਾਨੂੰਨ ਅਜੇ ਵੀ ਸਾਰਥਿਕ ਹਨ ।ਸਾਡਾ ਲੋਕਤੰਤਰ ਬਹੁਤ ਢਿੱਲਾ ਹੈ। ਪੰਜਾਬ ਵਿਚ ਹੀ ਵੇਖ ਲਓ ਕਰਾਈਮ ਕਿਸ ਹੱਦ ਤੱਕ ਪਹੁੰਚ ਗਿਆ ਹੈ। ਰੋਜ਼ ਅਖਬਾਰਾਂ ਵਿੱਚ ਲੁੱਟਾਂ-ਖੋਹਾਂ ਦੀਆਂ ਖਬਰਾਂ ਛਪ ਰਹੀਆਂ ਹਨ ।ਚੈਨਲ ਵੱਡੀਆਂ-ਵੱਡੀਆਂ ਕਹਾਣੀਆਂ ਬੋਲ ਕੇ ਸੁਣਾ ਰਹੇ ਹਨ। ਅੱਜ ਦੀਆਂ ਟੀਵੀ ਖਬਰਾਂ ਵਿਚ ਹੀ ਅੰਮ੍ਰਿਤਸਰ ਦੇ ਪਿੰਡ ਦੇ ਬੈਂਕ ਵਿਚ ਵੱਡੀ ਲੁੱਟ ਦੀ ਖਬਰ ਆ ਰਹੀ ਹੈ ।ਕਿੱਥੇ ਹੈ ਪੰਜਾਬ ਸਰਕਾਰ ? ਦੇਵ ਕੁਰਾਈਵਾਲਾ ਦਾ ਯਾਤਰਾ ਬਿਰਤਾਂਤ, ਸਵਰਾਜਬੀਰ ਦੀ ਪੱਤਰਕਾਰੀ ਤੇ ਸਵਰਾਜਬੀਰ ਦੀਆਂ ਕਿਤਾਬਾਂ ਨਾਟਕ ਨੂੰ ਦੇਣ ਦਾ ਜ਼ਿਕਰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ। ਕਹਾਣੀਕਾਰ ਭਗਵੰਤ ਰਸੂਲਪੁਰੀ ਦੀ ਸੰਪਾਦਨਾ ਵਿਚ ਛਪੀ ਕਿਤਾਬ ਅਦਨਾ ਇਨਸਾਨ ਦੀ ਸਮੀਖਿਆ (ਡਾ. ਸੁਖਪਾਲ ਕੌਰ ਸਮਰਾਲਾ) ਪੜ੍ਹ ਕੇ ਦਲਿਤ ਵਰਗ ਦੀ ਜ਼ਿੰਦਗੀ ਦੇ ਸਰੋਕਾਰਾਂ ਦਾ ਪਤਾ ਲੱਗਾ ।ਸਾਰੇ ਕਹਾਣੀਕਾਰਾਂ ਨੇ ਕਹਾਣੀਆਂ ਵਿਚ ਦਲਿਤ ਮਸਲਿਆਂ ਨੂੰ ਲਿਆ ਹੈ । ਗਿਆਨੀ ਦਿੱਤ ਸਿੰਘ ਬਾਰੇ ਕਿਤਾਬ ਦਾ ਮੇਰਾ ਸਮੀਖਿਆ ਲੇਖ ਛਾਪਿਆ ਹੈ ਧੰਨਵਾਦ, ਪਰ ਇਸ ਕਿਤਾਬ ਦਾ ਟਾਈਟਲ ਛਪਣਾ ਚਾਹੀਦਾ ਸੀ। ਸਿਰਲੇਖ ਵੀ ਭਰਵਾਂ ਚਾਹੀਦਾ ਸੀ। ਸਾਹਿਤ ਰਿਪੋਰਟਾਂ ਵਿਚ ਡਾ. ਦਰਸ਼ਨ ਸਿੰਘ ਆਸ਼ਟ ਨੂੰ ਮਿਲਿਆ ਕੌਮੀ ਪੁਰਸਕਾਰ, ਡਾ. ਫਕੀਰ ਚੰਦ ਸ਼ੁਕਲਾ ਦਾ ਸਨਮਾਨ, ਪਾਸ਼ ਯਾਦਗਾਰੀ ਸਮਾਗਮ ਆਦਿ ਪੜ੍ਹ ਕੇ ਖੁਸ਼ੀ ਹੋਈ ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਬੱਬਰ ਅਕਾਲੀ ਲਹਿਰ ਦਾ ਪ੍ਰਭਾਵ : ਚਰੰਜੀ ਲਾਲ ਕੰਗਣੀਵਾਲ**

**ਦਾਰਸ਼ਨਿਕ ਵਾਲਟਰ ਬੈਂਜਾਮਿਨ ਦੀਆਂ ਲਿਖਤਾਂ : ਅਨੁਵਾਦ : ਭਗਵੰਤ ਰਸੂਲਪੁਰੀ**

**'ਮੁਹਾਜ਼' : ਨਛੱਤਰ, (ਫੋਕਸ) : ਡਾ. ਸੰਦੀਪ ਰਾਣਾ**

**ਦਾਦਰ ਪੰਡੋਰਵੀ ਦੀਆਂ .ਗ਼ਜ਼ਲਾਂ ਤੇ ਹੋਰ ਬਹੁਤ ਕੁਝ**

# ਸਮਕਾਲ

## 'ਸੁਰਤਿ' : ਵਰਖਾ ਅੰਕ




ਖ਼ੂਬਸੂਰਤ ਦਿੱਖ ਨਾਲ ਛਪਣ ਵਾਲਾ ਰਸਾਲਾ 'ਸੁਰਤਿ' ਦਾ ਵਰਖਾ, ਦੂਜਾ ਅੰਕ ਮਨਜੀਤ ਬਾਵਾ ਦੀ ਅਰਥ ਭਰਪੂਰ ਪੇਂਟਿੰਗ ਨਾਲ ਛਪ ਕੇ ਆ ਗਿਆ ਹੈ। ਪਰਚੇ ਨੇ ਆਪਣੀ ਦਿੱਖ ਤੇ ਮੈਟਰ ਦੇ ਮਿਆਰ ਨੂੰ ਕਾਇਮ ਰੱਖਿਆ ਹੈ। ਪੰਜਾਬ ਦੇ ਕਲਚਰ, ਅਰਥਚਾਰੇ, ਪਾਠਕਾਂ ਦੀ ਘਾਟ ਵਰਗੇ ਨਿਰਾਸ਼ਾਵਾਦੀ ਬਿਰਤਾਂਤ 'ਤੇ ਸੰਪਾਦਕੀ ਵਿੱਚ ਸਵਾਲ ਖੜੇ ਕੀਤੇ ਹਨ। ਸੰਪਾਦਕੀ ਕਹਿੰਦੀ ਹੈ ਕਿ ਪੰਜਾਬ ਸੰਘਰਸ਼ ਦੇ ਸਮੇਂ 'ਚੋਂ ਗੁਜ਼ਰ ਰਿਹਾ ਹੈ ਪਰ ਇਹ ਨਿਰਾਸ਼ਾ ਦਾ ਸਮਾਂ ਨਹੀਂ, ਸਗੋਂ ਇਹ ਨਵੇਂ ਸਿਰਿਓਂ ਜਾਗਣ ਦਾ ਸਮਾਂ ਹੈ। ਪੰਜਾਬ ਦੇ ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਹੁਰਾਂ ਦੀ ਮੁਲਾਕਾਤ ਇਸ ਅੰਕ ਦਾ ਹਾਸ਼ਲ ਹੈ। ਸਵਾਲ ਡਾ. ਆਤਮ ਸਿੰਘ ਰੰਧਾਵਾ ਹੁਰਾਂ ਕੀਤੇ ਦੇ ਨੇ ਤੇ ਜਵਾਬ ਗਰੇਵਾਲ ਹੁਰਾਂ ਨੇ ਚਿੰਤਨੀ ਸੁਰ ਵਿੱਚ ਗੰਭੀਰਤਾ ਨਾਲ ਦਿੱਤੇ ਨੇ। ਗਰੇਵਾਲ ਹੁਰਾਂ ਦੇ ਚਿੰਤਨ ਦਾ ਲੰਮਾਂ ਸਫ਼ਰ ਹੈ। ਵਿੱਦਿਆ, ਸਿੱਖਿਆ, ਅਰਥਾਂ ਦੀ ਰਾਜਨੀਤੀ, ਮੁਹੱਬਤ ਦੀ ਰਾਜਨੀਤੀ, ਵਿਸਮਾਦੁ ਨਾਦ, ਪੰਜਾਬ ਦੇ ਹਾਲਾਤ ਤੇ ਚੁਣੌਤੀਆ, ਹਰੀ ਕ੍ਰਾਂਤੀ ਦਾ ਸੰਕਲਪ, ਪਰਵਾਸ ਦਾ ਬਿਰਤਾਂਤ, ਪੰਜਾਬੀ ਸਾਹਿਤ ਤੇ ਆਲੋਚਨਾ, ਪੰਜਾਬੀ ਭਾਸ਼ਾ ਸਬੰਧੀ ਆਦਿ ਸਮੇਤ ਹੋਰ ਬਹੁਤ ਸਾਰੇ ਮਸਲਿਆ, ਮੁੱਦਿਆ ਉੱਤੇ ਫ਼ਿਕਰ ਜ਼ਾਹਰ ਕੀਤੀ ਹੈ। ਗੁਰਬਚਨ ਦਾ ਸਵੈ-ਬਿਰਤਾਂਤ 'ਉਨ੍ਹਾਂ ਦਿਨਾਂ ਵਿਚ' ਵੀ ਕਈ ਮਸਲਿਆਂ ਤੋਂ ਅਹਿਮ ਹੈ। ਅੰਮ੍ਰਿਤਸਰ, ਚੰਡੀਗੜ੍ਹ ਤੇ ਜਲੰਧਰ ਦੀ ਕੌਫ਼ੀ ਹਾਊਸ ਦੇ ਪ੍ਰਸੰਗ ਸਮੇਂ ਹੁੰਦੇ ਸਾਹਿਤਕ ਸੰਵਾਦ ਦਾ ਜ਼ਿਕਰ ਇਸ ਲਿਖਤ ਵਿੱਚ ਕੀਤਾ ਹੈ। 'ਸੁਰਤਿ' ਦੇ ਮੁੱਢ ਵਿੱਚ ਨਵਤੇਜ ਭਾਰਤੀ ਦੀ ਸ਼ਾਇਰੀ ਦੇ ਭਿੰਨ-ਭਿੰਨ ਰੰਗ ਪੜ੍ਹਨ ਨੂੰ ਮਿਲਦੇ ਹਨ। ਡਾ. ਲਖਵਿੰਦਰ ਜੌਹਲ ਹੁਰਾਂ ਵੱਲੋਂ 'ਰਘਬੀਰ ਸਿੰਘ ਸਿਰਜਣਾ' ਦਾ ਲਿਖਿਆ ਸ਼ਬਦ ਚਿੱਤਰ 'ਸਿਦਕ ਅਤੇ ਸੰਘਰਸ਼ ਦੀ ਸਹਿਜ ਕਥਾ' ਕਈ ਪਹਿਲੂਆਂ ਤੋਂ ਮਹੱਤਵਪੂਰਨ ਹੈ। ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਮਜ਼ਬੂਤ ਥੰਮ ਵਜੋਂ ਜਾਣੇ ਜਾਂਦੇ ਰਘਬੀਰ ਸਿੰਘ ਦੇ ਨਿੱਗਰ ਪ੍ਰਸੰਗ ਇਸ ਸ਼ਬਦ ਚਿੱਤਰ ਵਿੱਚ ਉਭਰ ਕੇ ਸਾਡੇ ਸਾਹਮਣੇ ਆਉਂਦੇ ਹਨ। ਡਾ. ਸਵਰਾਜਬੀਰ ਪੰਜਾਬੀ ਦੇ ਵੱਡੇ ਕੱਦ ਵਾਲੇ ਚਿੰਤਕ ਹਨ ਉਨ੍ਹਾਂ ਨੇ ਸੁਰਤਿ ਵਿੱਚ ਬਾਬਾ ਨਾਨਕ ਤੇ ਬੁੱਲ੍ਹੇ ਸ਼ਾਹ ਦੇ ਸਿਆਸੀ ਤੇ ਸਮਾਜਿਕ ਦਮਨ ਵਿਰੁੱਧ ਪ੍ਰਵਚਨ ਦਾ ਚਿੰਤਨ ਮੰਥਨ ਆਪਣੇ ਲੇਖ ਵਿੱਚ ਪ੍ਰਤੀਬੱਧਤਾ ਤੇ ਸੁਹਿਰਦਤਾ ਨਾਲ ਕੀਤਾ ਹੈ। 'ਹੀਰਵੰਨੇ ਪੰਜਾਬ' ਦਾ ਸੰਕਲਪ ਉਸਾਰਨ ਵਾਲੇ ਡਾ. ਸੁਮੇਲ ਸਿੰਘ ਸਿੱਧੂ ਨੇ ਪੰਜਾਬ ਤੇ ਸਿੱਖੀ ਨੂੰ ਜਸਵੰਤ ਸਿੰਘ ਕੰਵਲ, ਸਵਰਾਜਬੀਰ, ਗੁਰਦੀਪ ਸਿੰਘ ਢਿੱਲੋਂ ਦੇ ਹਵਾਲਿਆਂ, ਚਿੰਤਨੀ ਸੁਰਾਂ ਨਾਲ ਸਮਝਾਉਣ ਦਾ ਉਪਰਾਲਾ ਕੀਤਾ ਹੈ। ਲੰਮੇ ਲੇਖ ਦਾ ਇਸ ਅੰਕ ਵਿੱਚ ਅੱਧਾ ਹਿੱਸਾ ਹੀ ਛਪਿਆ ਹੈ। ਸੁਖਪਾਲ ਨੇ ਸੁਰਜੀਤ ਪਾਤਰ ਦਾ ਸ਼ਬਦ ਚਿੱਤਰ ਆਪਣੀ ਦ੍ਰਿਸ਼ਟੀ ਨਾਲ ਲਿਖਿਆ ਹੈ। ਪ੍ਰੇਮ ਮਾਨ ਵਿਦਵਤਾ, ਚਿੰਤਨ ਅਤੇ ਗਿਆਨ ਨਾਲ ਭਰਿਆ ਤੇ ਵਿਸ਼ਾਲ ਦ੍ਰਿਸ਼ਟੀ ਵਾਲਾ ਕਲਮਕਾਰ ਹੈ। ਪਿਛਲੇ ਕੁਝ ਸਮੇਂ ਤੋਂ ਉਹ ਆਪਣੀ ਸਵੈ-ਜੀਵਨੀ ਦਾ ਬਿਰਤਾਂਤ ਸਿਰਜਣ ਲੱਗਾ ਹੋਇਆ ਹੈ। ਸੁਰਤਿ ਦੇ ਇਸ ਅੰਕ ਵਿੱਚ ਉਸ ਨੇ 'ਮੇਰੀ ਅਮਰੀਕਾ ਵਾਲੀ ਨੌਕਰੀ ਦੀ ਇੰਟਰਵਿਊ ਦਾ ਬਿਰਤਾਂਤ' ਰਾਹੀ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਵਿਦੇਸ਼ ਦੀ ਵਿੱਦਿਆ ਦਾ ਕਿੰਨਾ ਉੱਚਾ ਮਿਆਰ ਹੈ। ਜਿੱਥੇ ਪੜ੍ਹ ਕੇ ਇਕ ਮਨੁੱਖ ਕਿੰਨਾ ਗਿਆਨਵਾਨ ਹੋ ਜਾਂਦਾ ਏ। ਲੇਖ ਕਈ ਪਹਿਲੂਆਂ ਤੋਂ ਉਤਮ ਰਚਨਾ ਹੈ।

ਸੁਰਤਿ ਨੇ ਨਵੇਂ ਅੰਕ ਵਿੱਚ ਨੌਂ ਕਹਾਣੀਆਂ ਛਾਪੀਆਂ ਹਨ ਜਿਨ੍ਹਾਂ ਵਿੱਚ ਸੱਤ ਪੰਜਾਬੀ ਦੀਆਂ ਨੇ ਇਕ ਲਹਿੰਦੇ ਪੰਜਾਬ ਦੀ ਤੇ ਇਕ ਅਨੁਵਾਦ ਕੀਤੀ ਹੋਈ ਹੈ। ਸੁਖਜੀਤ ਦੀ 'ਬਾਜ਼ੀ' ਕਹਾਣੀ ਕਈ ਪਹਿਲੂਆਂ ਤੋਂ ਨਵੇਕਲੀ ਕਹਾਣੀ ਹੈ। ਸਿੱਖ ਕਿਸਾਨੀ ਕਲਚਰ ਚੋਂ ਇਕ ਮਨੁੱਖ ਦੀ ਬਣਤਰ ਕਿਸ ਤਰ੍ਹਾਂ ਦੀ ਉਸਰਦੀ ਏ, ਕਹਾਣੀ ਦੇ ਮੁੱਖ ਪਾਤਰ ਦੀ ਘਾੜਤ ਤੋਂ ਸਾਨੂੰ ਪਤਾ ਲੱਗਦੀ ਹੈ। 'ਕਣਕ' ਜਾਂ ਅੰਨ ਦਾ ਚਿਹਨ ਕਹਾਣੀ ਵਿੱਚ ਫੈਲਦਾ ਹੈ। ਉਸ ਦੇ ਬਾਪ ਵੱਲੋਂ ਚਿਤਵੇ ਬਹਾਦਰੀ ਵਾਲੇ ਇਤਿਹਾਸਕ ਪ੍ਰਸੰਗ ਕਿਵੇਂ ਇਕ ਮੰਜੇ 'ਤੇ ਬਿਮਾਰ ਪਏ ਬੰਦੇ ਨੂੰ ਸ਼ੇਰ ਬਣਾ ਦਿੰਦੇ ਨੇ ਕਹਾਣੀ ਪੜ੍ਹਦਿਆਂ ਪਤਾ ਲੱਗਦਾ ਹੈ। ਜਸਬੀਰ ਭੁੱਲਰ ਨੇ 'ਕੱਚਾ ਚਿੱਠਾ' ਵਿੱਚ ਪੰਜਾਬ ਸੰਕਟ ਦੇ ਸਮੇਂ ਦਾ ਰਵਾਇਤੀ ਬਿਰਤਾਂਤ ਸਿਰਜਿਆ ਹੈ। ਖ਼ਾਲਿਦ ਹੁਸੈਨ ਨੇ ਆਪਣੀ ਕਹਾਣੀ 'ਮੱਛੀਆਂ ਜਾਲ਼ੇ ਫ਼ਸੀਆਂ' 'ਚ ਉਸ ਪਾਕਿਸਤਾਨੀ ਗੁੱਲੂ ਨਾਂ ਦੇ ਮਛੇਰੇ ਦੀ ਪੀੜ ਦੀ ਗੱਲ ਕੀਤੀ ਹੈ ਜਿਹੜਾ ਮੱਛੀਆਂ ਫੜ੍ਹਦਾ ਫੜਿਆ ਜਾਂਦਾ ਹੈ। ਬਲੀਜੀਤ ਦੀ ਕਹਾਣੀ 'ਨੁਤਫ਼ਾ' ਇਕ ਫੌਜੀ ਦੇ ਦੁਖਾਂਤ ਨੂੰ ਹੀ ਨਹੀਂ ਸਿਰਜਦੀ ਬਲਕਿ ਉਸ ਨਾਲ ਜੁੜੇ ਲਹੂ ਦੇ ਰਿਸ਼ਤਿਆਂ ਦੇ ਦੁਖਾਂਤ ਨੂੰ ਸਿਰਜਦੀ ਹੈ। ਬਾਪ ਤੇ ਪੁੱਤ ਦੇ ਦਹਿਸ਼ਤ ਨਾਲ ਭਰੇ ਰਿਸ਼ਤਿਆਂ ਦੇ ਬਿਰਤਾਂਤ ਨੂੰ ਸਿਰਜਦੀ ਹੈ। ਬਿੰਦਰ ਬਸਰਾ ਨੇ ਆਪਣੀ ਕਹਾਣੀ 'ਜੋ ਕਦੇ ਹਾਰ ਨਹੀਂ ਮੰਨਦੇ' ਖੱਬੇਪੱਖੀ ਧਿਰ ਨਾਲ ਜੁੜੇ ਇਕ ਕਾਮਰੇਡ ਦੀ ਮਨੋਦਿਸ਼ਾ ਨੂੰ ਚਿਤਰਿਆ ਹੈ। ਅਜਮੇਰ ਸਿੱਧੂ ਨੇ ਆਪਣੀ ਕਹਾਣੀ 'ਬਰਫ਼ ਦੀ ਬੁਲਬੁਲ' 'ਚ ਵਿਗਿਆਨ ਨਾਲ ਉਸਾਰੇ ਆਰਟੀਫ਼ੀਸ਼ੀਅਲ ਰੋਬੋਟ ਤੇ ਮਨੁੱਖੀ ਸੰਵੇਦਨਾ ਦੀ ਗੱਲ ਕੀਤੀ ਹੈ। ਜ਼ੁਬੈਰ ਅਹਿਮਦ ਦੀ ਕਹਾਣੀ 'ਕਹਾਣੀ ਜੋ ਮੁੱਕਦੀ ਨਹੀਂ' ਦੀ ਸ਼ੈਲੀ ਪਾਠਕ ਨੂੰ ਆਪਣੇ ਵੱਲ ਖਿੱਚਦੀ ਹੈ। ਸੁਰਿੰਦਰ ਗੀਤ 'ਟੈਟੂ' ਵਿਚ ਪਰਵਾਸ ਦੇ ਮਸਲੇ ਉਭਾਰਦੇ ਹੈ। ਭੁਪਿੰਦਰ ਪ੍ਰੀਤ ਨੇ ਐਂਤਨ ਚੈਖਵ ਦੀ ਰੂਸੀ ਕਹਾਣੀ 'ਗਾਉਣ ਵਾਲੀ ਕੁੜੀ' ਦਾ ਅਨੁਵਾਦ ਕੀਤਾ ਹੈ। ਕਵੀ ਸੁਰਿੰਦਰ ਸੋਹਲ ਦੇ ਨਾਵਲ 'ਜਾਸਮੀਤ ਦੀ ਮਹਿਕ' ਦਾ ਅੰਸ਼ ਛਪਿਆ ਹੈ। ਹਰਕੀਰਤ ਕੌਰ ਚਹਿਲ ਨੇ 'ਧੁੱਪਾਂ ਛਾਂਵਾਂ ਦਾ ਸਫ਼ਰ' ਦਾ ਯਾਤਰਾ ਬਿਰਤਾਂਤ ਲਿਖਿਆ ਹੈ। ਚਰਨਜੀਤ ਸਿੰਘ ਪੰਨੂ ਹੁਰਾਂ ਨੇ ਵੀ 'ਨਾਰਥ ਪੋਲ-ਧਰਤੀ ਦਾ ਮੁਕਟ' ਜਾਣਕਾਰੀ ਭਰਪੂਰ ਸਫ਼ਰਨਾਮਾ ਲਿਖਿਆ ਹੈ। ਜਗਦੀਸ਼ ਸਚਦੇਵਾ ਨੇ ਪ੍ਰਮਿੰਦਰਜੀਤ ਦੇ ਵਿਰਾਟ ਕੱਦ ਨੂੰ ਦੋ ਪੰਨਿਆਂ 'ਤੱਤੇ-ਠੰਡੇ ਵੇਲੇ' ਵਿੱਚ ਸਮੇਟਣ ਦੀ ਕੋਸ਼ਿਸ਼ ਕੀਤਾ ਹੈ।

ਹਰਵਿੰਦਰ ਭੰਡਾਲ ਨੇ ਵਾਲਟਰ ਬੈਂਜਾਮਿਨ ਦੇ ਜੀਵਨ ਅਤੇ ਫ਼ਲਸਫ਼ੇ ਨੂੰ 'ਆਧੁਨਿਕ ਸਭਿਅਤਾ ਦੀ ਖ਼ੁਦਕੁਸ਼ੀ' 'ਚ ਵਿਸਥਾਰ ਨਾਲ ਪੇਸ਼ ਕੀਤਾ ਹੈ। ਡਾ. ਗੁਰਉਪਦੇਸ਼ ਸਿੰਘ ਨੇ 'ਸਾਹਿਰ' ਬਾਰੇ ਨਿੱਠ ਕੇ ਲਿਖਿਆ ਹੈ। ਚਾਲ੍ਹੀ ਦਿਨ, ਬੇਸਮੈਂਟ ਕਵਿਤਾਵਾਂ ਦੋ ਪੁਸਤਕਾਂ ਦਾ ਵਿਸ਼ਲੇਸ਼ਣ ਪ੍ਰਿੰ. ਸਰਵਣ ਸਿੰਘ ਤੇ ਡਾ. ਰਾਜੇਸ਼ ਸ਼ਰਮਾ ਨੇ ਕੀਤਾ ਹੈ। ਡਾ. ਜਗਜੀਤ ਬਰਾੜ ਨੇ 'ਗਲਪ ਰਚਨਾਵਾਂ ਵਿੱਚ ਤਿੰਨ ਬਿੰਦੂ' ਅਧੀਨ ਗਲਪ ਦੇ ਤਕਨੀਤੀ ਮਸਲਿਆਂ ਉੱਤੇ ਆਪਣੀ ਧਾਰਨਾ ਤੇ ਸਿਧਾਂਤਕੀ ਦਿੱਤੀ ਹੈ। ਗਲਪ ਸਿਰਜਣ ਵਾਲੇ ਸਿਰਜਕਾਂ ਨੂੰ ਇਹ ਲਿਖਤ ਗੰਭੀਰਤਾ ਨਾਲ ਲੈਣੀ ਚਾਹੀਦੀ ਹੈ। ਅਮਰਜੀਤ ਚੰਦਨ ਦੀ ਨਵੀਂ ਕਿਤਾਬ 'ਦੁੱਧ ਵਿੱਚ ਕਾਂਜੀ' ਦਾ ਵਿਸ਼ਲੇਸ਼ਣ ਵਰਿੰਦਰ ਖੁਰਾਨਾ ਨੇ ਕੀਤਾ ਹੈ।

ਅਗਾਂਹ ਡਾ. ਸੁਖਦੇਵ ਸਿੰਘ ਸੋਹਲ ਦਾ 'ਅੰਮਿਤਸਰ ਇਤਿਹਾਸ ਅਤੇ ਵਰਤਮਾਨ', ਡਾ. ਮਨਮੋਹਨ ਦਾ 'ਮੇਰੀ ਕਵਿਤਾ 'ਚ ਸਿਮਰਤ ਅੰਮ੍ਰਿਤਸਰ' ਡਾ. ਜਤਿੰਦਰ ਸਿੰਘ ਦਾ 'ਮੋਹਨਜੀਤ ਤੇ ਅੰਮ੍ਰਿਤਸਰ ਸ਼ਹਿਰ' ਲੇਖ ਵੀ ਪੜ੍ਹਨ ਵਾਲੇ ਹਨ। ਡਾ. ਮੇਘਾ ਸਿੰਘ 'ਅਮਿੱਟ ਪੈੜਾਂ ਛੱਡਣ ਵਾਲਾ ਪੱਤਰ 'ਫੁਲਵਾੜੀ', ਡਾ. ਆਤਮਜੀਤ ਸਿੰਘ ਦੀ 'ਪੂਰਨ ਤੇ ਪੰਜਾਬ ਦਾ ਅੰਦਰੂਨੀ ਰਿਸ਼ਤਾ', ਅਜਮੇਰ ਰੋਡੇ ਦੀ 'ਅਨੁਭਵ ਅਤੇ ਸੰਭਾਵਨਾਵਾਂ' ਅਧੀਨ ਸਾਹਿਤ ਸਿਰਜਣ ਪ੍ਰਕਿਰਿਆ ਛਾਪੀ ਗਈ ਹੈ। ਡਾ. ਰਾਜੇਸ਼ ਸ਼ਰਮਾ ਦਾ ਲੇਖ 'ਅਕਾਦਮਿਕ ਲਿਖਤਾਂ ਵਿਚ ਵਿਗਾੜਾਂ ਅਤੇ ਸਾਹਿਤ ਅਧਿਐਨ' ਵੀ ਮਹੱਤਵਪੂਰਨ ਲੇਖ ਹੈ। ਜਿੰਦਰ ਦੀ 'ਸੇਫ਼ਟੀ ਕਿੱਟ' ਵਿਚਲੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਕੀਤਾ ਹੈ। ਸਿਨੇਮਾ ਬਾਰੇ ਤਨਵੀਰ ਨੇ ਅਤੇ ਨਾਟਕ ਬਾਰੇ ਸਾਹਿਬ ਸਿੰਘ ਨੇ ਲਿਖਿਆ ਹੈ। ਅਮਰਜੀਤ ਚੰਦਨ, ਰਵਿੰਦਰ ਸਹਿਰਾਅ, ਗੁਰਤੇਜ ਕੋਹਾਰਵਾਲਾ, ਅਮਰਜੀਤ ਕੌਂਕੇ, ਅੰਬਰੀਸ਼, ਸਵਾਮੀ ਅੰਤਰ ਨੀਰਵ, ਸੰਦੀਪ ਸ਼ਰਮਾ, ਮੀਤ ਅਨਮੋਲ, ਵਿਜੇਤਾ ਰਾਜ, ਅੰਜੁਮ ਕੁਰੈਸ਼ੀ, ਅੰਬਰੀਨ ਜ਼ਫ਼ਰ ਦੀਆਂ ਕਵਿਤਾਵਾਂ ਦਾ ਆਪਣਾ ਮਿਆਰ ਹੈ।

ਵੰਨ-ਸੁਵੰਨੀਆਂ ਲਿਖਤਾਂ ਨਾਲ 'ਸੁਰਤਿ' ਦਾ ਦੂਜਾ ਅੰਕ ਭਰਪੂਰ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਇਸ ਅੰਕ ਦੇ ਸਫ਼ੇ : 224 ਅਤੇ ਮੁੱਲ: 250 ਰੁਪਏ ਹੈ। ਸੰਪਰਕੀ ਪਤਾ : ਸੰਪਾਦਕ 'ਸੁਰਤਿ', 113, ਕਬੀਰ ਪਾਰਕ, ਅੰਮ੍ਰਿਤਸਰ-143002

ਪਰਚੇ ਦੇ ਸਰਪ੍ਰਸਤ : ਆਤਮ ਸਿੰਘ ਰੰਧਾਵਾ, ਸੰਪਾਦਕ : ਗੁਰਬੀਰ ਸਿੰਘ ਬਰਾੜ (98150-73801)

## ਸ਼ਬਦ ਸਪਲੀਮੈਂਟ : ਅਜੀਤ ਸਿੰਘ ਪੱਤੋ



ਸ਼ਬਦ ਸਪਲੀਮੈਂਟ ਦੀ ਪਛਾਣ ਅਮਿੱਟ ਪਛਾਣ ਬਣਾ ਚੁੱਕੇ ਸਾਹਿਤਕਾਰ ਦੇ ਵਿਸ਼ੇਸ਼ ਅੰਕ ਸੰਪਾਦਤ ਕਰਨ ਵਿੱਚ ਹੈ। ਹੱਥਲਾ ਅੰਕ ਮਾਲਵੇ ਦੇ ਚਰਚਿਤ ਕਹਾਣੀਕਾਰ ਅਜੀਤ ਸਿੰਘ ਪੱਤੋ 'ਤੇ ਤਿਆਰ ਕੀਤਾ ਗਿਆ ਹੈ। 'ਮੇਰਾ ਪੰਨਾ' 'ਚ ਜਿੰਦਰ ਨੇ ਪੱਤੋ ਦੇ ਪ੍ਰਸੰਗ ਵਿੱਚ ਆਪਣੀ ਗੱਲ ਕੀਤੀ ਹੈ। ਅਗਾਂਹ ਗੁਰਬਚਨ ਸਿੰਘ ਭੁੱਲਰ, ਬੂਟਾ ਸਿੰਘ ਚੌਹਾਨ, ਨਿੰਦਰ ਘੁਗਿਆਣਵੀ, ਤੇਜਾ ਸਿੰਘ ਤਿਲਕ ਨੇ ਅਜੀਤ ਸਿੰਘ ਪੱਤੋ ਦੀ ਕਹਾਣੀ, ਉਹਦੇ ਜੀਵਨ ਤੇ ਸ਼ਖ਼ਸੀਅਤ ਦੀ 'ਸ਼ਬਦ ਚਿੱਤਰਾਂ' ਬਹਾਨੇ ਗੱਲ ਕੀਤੀ ਹੈ। ਉਪਰੰਤ ਅਜੀਤ ਸਿੰਘ ਪੱਤੋ ਦੀਆਂ 10 ਕਹਾਣੀਆਂ ਛਾਪੀਆਂ ਹਨ। ਜਿਨ੍ਹਾਂ ਵਿੱਚ ਇੱਕੋ ਮਿੱਟੀ ਦੇ ਪੁੱਤ, ਸਰਕਾਰੀਆ, ਨੂਰ ਤੇ ਨਾਰ, ਸੁਹਾਗ ਸੂਟ, ਦੂਸਰਾ ਕਦਮ ਜ਼ਿਕਰਯੋਗ ਹਨ। ਅੰਤ ਵਿੱਚ ਡਾ. ਰਚਨਾ ਕੁਮਾਰੀ ਨੇ 'ਸੂਰਜ ਦੀ ਧੀ' ਦਾ ਪਾਠਗਤ ਵਿਸ਼ਲੇਸ਼ਣ ਕੀਤਾ ਹੈ। 'ਸ਼ਬਦ' ਦੇ ਪ੍ਰਬੰਧਕਾ ਨੇ ਅਜੀਤ ਸਿੰਘ ਪੱਤੋ ਬਾਰੇ ਇਹ ਅੰਕ ਤਿਆਰ ਕਰਕੇ ਉਸ ਨੂੰ ਭੁੱਲੇ ਬੈਠੇ ਪਾਠਕਾਂ ਵਿੱਚ ਜਿਉਂਦਾ ਕਰ ਦਿੱਤਾ ਹੈ। ਪਰਚੇ ਦੇ ਪੰਨੇ : 80, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਜਿੰਦਰ, 984 ਮਾਡਲ ਹਾਊਸ, ਜਲੰਧਰ, ਮੁਬਾਇਲ : 98148-03254

- ਭਗਵੰਤ ਰਸੂਲਪੁਰੀ

29-Sep-Sunday.qxd 9/28/2024 10:48 PM Page 3



**ਡਾ. ਬਲਦੇਵ ਸਿੰਘ ਖਹਿਰਾ ਦੀਆਂ ਮਿੰਨੀ ਕਹਾਣੀਆਂ ਵਿਚ ਜੀਵਨ ਦੀਆਂ ਤਲ਼ਖ ਹਕੀਕਤਾਂ ਦੇ ਨਾਲ-ਨਾਲ ਪਰਵਾਸ ਨਾਲ ਸੰਬੰਧਤ ਸਮੱਸਿਆਵਾਂ ਅਤੇ ਜੀਵਨ ਸ਼ੈਲੀ ਨੂੰ ਵੀ ਛੋਹਿਆ ਗਿਆ ਹੈ। ਇਹ ਰਚਨਾਵਾਂ ਪਰਵਾਸ ਦੇ ਧੁਰ ਅੰਦਰਲੇ ਨੂੰ ਬਿਆਨ ਕਰਦੀਆਂ ਹਨ, ਜਿਨ੍ਹਾਂ ਨੂੰ ਪੜ੍ਹਦੇ ਹੋਏ ਮਹਿਸੂਸ ਹੁੰਦਾ ਹੈ ਕਿ ਪਰਵਾਸ ਵਿਚ ਵੀ ਬਹੁਤੇ ਬਜ਼ੁਰਗ ਇਕੱਲਤਾ ਹੰਢਾ ਰਹੇ ਹਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਅੰਤ ਨਹੀਂ।**

– ਜਗਦੀਸ਼ ਰਾਏ ਕੁਲਰੀਆਂ

# ਡਾ. ਬਲਦੇਵ ਸਿੰਘ ਖਹਿਰਾ ਦੀਆਂ ਮਿੰਨੀ ਕਹਾਣੀਆਂ

## ਯੂਅਰ ਪ੍ਰਾਬਲਮ

"ਹੈਲੋ ਜਸ! ਮੈਂ ਬੋਲਦਾਂ ਬਲਕਾਰ"

"ਹਾਇ ਬੱਲੀ! ਦੇਸ ਜਾ ਕੇ ਭੁੱਲ ਹੀ ਗਿਆ"

"ਨਹੀਂ ਡਾਰਲਿੰਗ! ਇਹ ਕਿਵੇਂ ਹੋ ਸਕਦੈ ..ਸੌਰੀ..ਵੱਡੀ ਸਾਰੀ ਸੌਰੀ..ਕੰਮ 'ਚ ਟਾਈਮ ਹੀ ਨਹੀਂ ਮਿਲਿਆ.."

"ਤਿਆਰੀ ਹੋ'ਗੀ ?"

"ਬਾਕੀ ਰਹਿੰਦੀ ਜ਼ਮੀਨ ਤੇ ਮਕਾਨ ਵਗੈਰਾ ਦਾ ਤਾਂ ਸੌਦਾ ਹੋ ਗਿਆ..ਬਸ ਹੁਣ ਤਾਂ ਇਕ ਵੀਕ ਹੀ ਰਹਿ ਗਿਆ, ਫਿਰ ਸਾਰਾ ਪਰਵਾਰ ਇਕੱਠਾ, ਤੈਨੂੰ ਪਤੈ ਬੀਬੀ-ਬਾਪੂ ਦੀ ਪੀ ਆਰ ਵੀ ਆ'ਗੀ ਐ ?"

"ਕੀ ਮਤਲਬ ? ਤੇਰੇ ਮਾਂ-ਪਿਓ ਏਥੇ ਸਾਡੇ ਵਿਚ ਰਹਿਣਗੇ ? ਨੋ ਨੋ, ਮੈਂ ਨਹੀਂ ਬਰਦਾਸ਼ਤ ਕਰ ਸਕਦੀ"

"ਡਾਰਲਿੰਗ! ਉਹ ਆਪਣੇ ਮਾਤਾ-ਪਿਤਾ ਨੇ.."

"ਮਾਤਾ ਪਿਤਾ ? ਓਲਡਮੈਨ ਸਵੇਰੇ ਹੀ ਉੱਚੀ-ਉੱਚੀ ਟੀ.ਵੀ ਲਾ ਲੈਂਦਾ, ਖਾਣੇ 'ਚ ਉਹਨੂੰ ਕੁਸ਼ ਪਸੰਦ ਹੀ ਨਹੀਂ, ਉਤੋਂ ਐਕਸਪੈਕਟ ਕਰਦਾ ਮੈਂ ਜੌਬ ਵੀ ਕਰਾਂ..ਤੇ ਮਾਂ ਤੇਰੀ ਉਦਾਂ ਈ ਲੜਨ ਦੇ ਬਹਾਨੇ ਭਾਲਦੀ ਐ..ਨੋ ਵੇਅ.."

"ਜਸ, ਓਲਡਮੈਨ ਨੇ ਤਕਰੀਬਨ ਸਾਰੀ ਜ਼ਮੀਨ ਵੇਚ ਕੇ ਆਪਾਂ ਨੂੰ ਘਰ ਲੈ ਕੇ ਦਿੱਤੈ, ਹੁਣ ਮੈਂ ਕਿਹੜੇ ਮੂੰਹ ਨਾਲ ਕਹੂੰ ਕਿ ਤੁਸੀਂ ਵੱਖਰੇ ਰਹਿ ਲਓ ?"

"ਇਟਸ ਯੂਅਰ ਪਰਾਬਲਮ ਬਲਕਾਰ! ਫਰੌਮ ਮਾਈ ਸਾਈਡ ਬਿਗ ਨੋ.."

"ਜਸ..ਜਹਾਜ਼ ਤੋਂ ਉਤਰ ਕੇ ਮੈਂ ਉਹਨਾਂ ਨੂੰ ਕਿੱਥੇ ਲਿਜਾਊਂ ?"

"ਬਸ, ਤੇਰੀ ਖਾਤਿਰ ਏਨਾ ਕਰ ਸਕਦੀ ਹਾਂ ਕਿ ਬੇਸਮੈਂਟ ਲੱਭ ਦਿਆਂ, ਉਹਨਾਂ ਨੂੰ ਸਿੱਧਾ ਉਥੇ ਛੱਡ ਕੇ ਫੇਰ ਘਰ ਆਈਂ"

"ਏਦਾਂ ਕਿਵੇਂ ਹੋ ਸਕਦੈ ?"

"ਘਰ ਦੇ ਲੌਕ ਬਦਲ ਦੇਣੇ ਐ ਮੈਂ, ਜੇ ਜ਼ਬਰਦਸਤੀ ਵੜਨ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਬੁਲਾ ਲਊਂ, ਵੱਡਾ ਤਮਾਸ਼ਾ ਹੋਊ ਫਿਰ.."

"ਜਸ ਪਲੀਜ਼"

ਫੋਨ ਕੱਟਿਆ ਜਾ ਚੁੱਕਾ ਸੀ।

## ਦੋ ਨੰਬਰ ਦਾ ਬੂਟ

ਮਨਿੰਦਰ ਨੂੰ ਚੰਗਾ ਪਤੀ ਅਤੇ ਜ਼ਿੰਦਗੀ ਦੇ ਸਾਰੇ ਸੁੱਖ-ਸਾਧਨ ਸਹਿਜੇ ਹੀ ਮਿਲ ਗਏ, ਪਰ ਫਿਰ ਵੀ ਉਹ ਖੁਸ਼ ਨਹੀਂ ਸੀ। ਉਹਦਾ ਪਤੀ ਮਹੀਨੇ ਵਿੱਚੋਂ ਵੀਹ ਦਿਨ ਦੌਰੇ 'ਤੇ ਹੀ ਰਹਿੰਦਾ। ਮਨਿੰਦਰ ਅਤੇ ਉਹਦੀ ਤਿੰਨ ਸਾਲਾਂ ਦੀ ਧੀ ਮਹਿਕ ਬਹੁਤ ਹੀ ਇਕੱਲਤਾ ਮਹਿਸੂਸ ਕਰਦੀਆਂ।

ਇੱਕ ਦਿਨ ਮਨਿੰਦਰ ਦੇ ਪੇਕੇ ਸ਼ਹਿਰ ਤੋਂ ਉਹਦੇ ਕਾਲਜ ਦੇ ਦੋਸਤ ਸ਼ੈਲੀ ਦੀ ਬਦਲੀ ਇਸੇ ਸ਼ਹਿਰ ਵਿੱਚ ਹੋ ਗਈ। ਆਉਣ-ਜਾਣ ਕੁਦਰਤੀ ਸੀ। ਮਨਿੰਦਰ ਦੀ ਉਦਾਸੀ ਅਤੇ ਬੋਰੀਅਤ ਕਾਫ਼ੀ ਹੱਦ ਤੱਕ ਦੂਰ ਹੋ ਗਈ।

ਅੱਜ ਸਾਰਾ ਦਿਨ ਘੁੰਮਣ ਫਿਰਨ ਤੋਂ ਬਾਅਦ ਸ਼ੈਲੀ ਉਨ੍ਹਾਂ ਨੂੰ ਘਰ ਛੱਡਣ ਆਇਆ ਤਾਂ ਵਾਪਸ ਜਾਣ ਤੋਂ ਪਹਿਲਾਂ ਕੌਫ਼ੀ ਲਈ ਕਹਿ ਕੇ ਸੋਫੇ 'ਤੇ ਹੀ ਟੇਢਾ ਹੋ ਗਿਆ।

ਬਜ਼ਾਰੋਂ ਲਿਆਂਦੀਆਂ ਚੀਜ਼ਾਂ ਵਿੱਚੋਂ ਆਪਣੇ ਛੋਟੇ-ਛੋਟੇ ਸੂਟ ਕੱਢਦੀ ਬਿਟੀਆ ਮਹਿਕ ਅਚਾਨਕ ਬੋਲੀ, "ਅੰਕਲ! ਆਪ ਹਮਾਰੇ ਪਾਪਾ ਹੋ"

"ਨਹੀਂ ਤਾਂ" ਸ਼ੈਲੀ ਨੇ ਹੈਰਾਨ ਹੋ ਕੇ ਨਾਂਹ ਵਿੱਚ ਸਿਰ ਹਿਲਾਇਆ।

"ਫਿਰ ਤੁਮ ਪਾਪਾ ਕੀ ਤਰਹ ਮੰਮੀ ਕੋ ਪੱਪੀ ਕਿਉਂ ਕਰ ਰਹੇ ਥੇ"

ਤਿੱਖੀ ਜਿਹੀ ਆਵਾਜ਼ ਵਿੱਚ ਬੋਲਦਿਆਂ ਮਹਿਕ ਨੇ ਆਪਣੇ ਹੱਥ ਵਿੱਚੜਿਆ ਦੋ ਨੰਬਰ ਦਾ ਬੂਟ ਸ਼ੈਲੀ ਦੇ ਮੂੰਹ 'ਤੇ ਵਗਾਹ ਮਾਰਿਆ।

## ਗੂੰਗੀਆਂ ਜੀਭਾਂ

ਟੋਰਾਂਟੋ ਦੇ ਇਕ ਰੇਡੀਓ ਟਾਕ-ਸ਼ੋਅ ਵਿਚ ਔਰਤਾਂ ਦੀ ਭਾਰਤ ਅਤੇ ਕੈਨੇਡਾ ਵਿਚ ਦੁਰਦਸ਼ਾ ਬਾਰੇ ਗੱਲਬਾਤ ਚੱਲ ਰਹੀ ਸੀ। ਸਰੋਤੇ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਹੋਏ ਆਪਣੇ ਅਨੁਭਵ ਦੱਸ ਰਹੇ ਸਨ।

ਭਖਵੀਂ ਚਰਚਾ ਵਿਚ ਇਕ ਰੋਣਹਾਕੀ ਮਰਦਾਨਾ ਆਵਾਜ਼ ਆਈ, "ਮੇਰੀ ਪ੍ਰਾਬਲਮ ਵੀ ਹੱਲ ਕਰ ਦਿਓ ਪਲੀਜ਼, ਮੈਨੂੰ ਵਾਈਫ ਨੇ ਘਰੋਂ ਕੱਢ'ਤਾ, ਕਹਿੰਦੀ ਬਹੁਤੀ ਚੂੰ-ਚਾਂ ਕੀਤੀ ਤਾਂ 911 ਨੂੰ ਕਾਲ ਕਰ ਦਊਂ.."

"ਤੁਸੀਂ ਕੁਝ ਗਲਤ ਕਿਹਾ ਜਾਂ ਕੀਤਾ ਹੋਣੈ ਜਨਾਬ!" ਰੇਡੀਓ-ਹੋਸਟ ਬੜੇ ਜੋਸ਼ ਵਿਚ ਬੋਲੀ।

"ਉਹਨੂੰ ਫਰੈਂਡਾਂ ਨਾਲ ਨਾਈਟ-ਕਲੱਬ 'ਚ ਜਾਣੋਂ ਰੋਕਿਆ ਸੀ ਬੱਸ.."

"ਏਸ ਗੱਲ'ਤੇ ? ਤੁਸੀਂ ਸੱਚ ਕਹਿ ਰਹੇ ਓ ?" ਟਾਕ-ਸ਼ੋਅ ਵਿਚ ਸ਼ਾਮਲ ਮਹਿਮਾਨ ਲੇਖਿਕਾ ਨੇ ਕਿਹਾ।

"ਹਾਂ ਜੀ ਮੈਡਮ ਜੀ, ਮੈਨੂੰ ਮੇਰੇ ਨਿੱਕੇ-ਨਿੱਕੇ ਬੱਚਿਆਂ ਦੀ ਸਹੁੰ, ਕਹਿੰਦੀ ਮੈਂ ਆਪਣੀ ਮਰਜ਼ੀ ਦੀ ਮਾਲਕ ਆਂ, ਜਿਥੇ ਜੀ ਕਰੂ ਜਾਊਂ, ਜੀਹਦੇ ਨਾਲ ਮਰਜ਼ੀ ਜਾਊਂ, ਇਹ ਇੰਡੀਆ ਨਹੀਂ ਹੈਗਾ..ਬਾਹਲਾ ਔਖਾ ਐਂ ਤਾਂ ਤੂੰ ਨਿੱਕਲ ਘਰੋਂ"

"ਅੱਛਾ ?..." ਭਾਰਤ ਤੋਂ ਗਈ ਲੇਖਿਕਾ ਦੀ ਆਵਾਜ਼ ਹੈਰਾਨੀ ਵਿਚ ਡੁੱਬ ਗਈ।

"ਹੁਣ ਤਿੰਨਾਂ ਦਿਨਾਂ ਤੋਂ ਆਵਦੇ ਟਰੱਕ ਵਿਚ ਈ ਸੌਂ ਰਿਹਾਂ, ਮੈਨੂੰ ਦੱਸੋ ਕੀ ਕਰਾਂ ?"

"ਹਾਂ ਜੀ ਦੋਸਤੋ! ਹੋ ਜਾਂਦੈ ਕਦੇ-ਕਦੇ ਇਉਂ ਵੀ ਏਥੇ, ਤੁਸੀਂ ਆਪਣੇ ਸੁਝਾਅ ਦਿਓ.." ਰੇਡੀਓ-ਹੋਸਟ ਨੇ ਗੇਂਦ ਸਰੋਤਿਆਂ ਵੱਲ ਉਛਾਲ ਦਿੱਤੀ।

ਟਰਨ-ਟਰਨ ਵੱਜਦੇ ਟੈਲੀਫੋਨਾਂ ਨੂੰ ਜਿਵੇਂ ਸੱਪ ਸੁੰਘ ਗਿਆ, ਇਕ ਦੂਜੀ ਤੋਂ ਵਧ ਕੇ ਬੋਲ ਰਹੀਆਂ ਜੀਭਾਂ ਅਚਾਨਕ ਗੁੰਗੀਆਂ ਹੋ ਗਈਆਂ ਸਨ।

## ਮੰਮੀ ਦਾ 'ਡੇ-ਕੇਅਰ ਸੈਂਟਰ

ਧੀ-ਜਵਾਈ ਦਾ ਨਾਸ਼ਤਾ ਮੇਜ਼ ਉਤੇ ਰੱਖਦੀ ਮਹਿੰਦਰ ਕੌਰ ਚੁੱਪ-ਚੁੱਪ ਸੀ।

"ਲੱਗਦੈ ਮੰਮੀ ਜੀ ਇੰਡੀਆ ਬਾਰੇ ਸੋਚ-ਸੋਚ ਕੇ ਉਦਾਸ ਨੇ" ਜਵਾਈ ਦੀਪ ਹੱਸ ਕੇ ਬੋਲਿਆ।

"ਮੰਮੀ ਤੁਸੀਂ ਠੀਕ ਓ ਨਾ ?" ਧੀ ਸਿਮਰਨ ਨੇ ਨੇੜੇ ਹੁੰਦਿਆਂ ਪਿਆਰ ਨਾਲ ਪੁੱਛਿਆ।

ਮਹਿੰਦਰ ਕੌਰ ਨੇ ਠੰਢਾ ਸਾਹ ਭਰਿਆ ਤੇ ਮਸਾਂ ਹੀ 'ਹਾਂ..' ਕਿਹਾ ਜੈਕਟ ਪਾਉਂਦਿਆਂ ਜਵਾਈ ਬੋਲਿਆ, "ਮੰਮੀ ਜੀ ਦਾ ਜੀਅ ਲਵਾਉਣ ਲਈ ਮੈਂ ਕੁਝ ਹੋਰ ਸੋਚ ਰਿਹਾ ਸੀ, ਕਿਉਂ ਨਾ ਆਪਾਂ ਬੱਚਿਆਂ ਲਈ ਘਰੇ ਹੀ 'ਡੇ-ਕੇਅਰ ਸੈਂਟਰ' ਖੋਲ੍ਹ ਲਈਏ ? ਸਾਰਾ ਦਿਨ ਰੌਣਕ ਬਣੀ ਰਹੂ.."

ਸ਼ਾਮ ਛੇ ਵਜੇ ਦਫਤਰੋਂ ਮੁੜੇ ਤਾਂ ਮੰਮੀ ਨੂੰ ਉਸੇ ਤਰ੍ਹਾਂ ਹੀ ਦੇਖ ਕੇ ਸਿਮਰਨ ਨੇ ਚਾਹ ਬਣਾਈ ਤੇ ਡੌਲੀ ਨੂੰ ਉਹਦੇ ਡੈਡੀ ਦੇ ਹਵਾਲੇ ਕਰ ਕੇ ਮੰਮੀ ਕੋਲ ਬੈਠ ਗਈ।

"ਦੱਸੋ ਨਾ ਮੰਮੀ ਕੀ ਗੱਲ ਐ ?"

"ਕੁਝ ਨਹੀਂ" ਮੰਮੀ ਨੇ ਟਾਲਣਾ ਚਾਹਿਆ।

"ਨਹੀਂ ਦੱਸੋ! ਤੁਹਾਨੂੰ ਮੇਰੀ ਸੌਂਹ.."

"ਕੁਝ ਖਾਸ ਨਹੀਂ ਧੀਏ!..ਰਾਤ ਨੂੰ ਨੀਂਦ ਨਹੀਂ ਆਉਂਦੀ, ਲੱਤਾਂ ਤੇ ਕਮਰ 'ਚ ਬਹੁਤ ਦਰਦ ਰਹਿੰਦੈ, ਅੱਜ ਸਵੇਰ ਤੋਂ ਸਿਰ ਦਰਦ ਵੀ" ਕਹਿੰਦੀ ਮੰਮੀ ਦੀਆਂ ਅੱਖਾਂ ਵਿੱਚ ਹੰਝੂ ਲਿਸ਼ਕਣ ਲੱਗੇ।

"ਨਹੀਂ ਮੰਮੀ! ਕੁਝ ਹੋਰ ਵੀ ਐ..ਤੁਸੀਂ ਸਾਨੂੰ ਦੱਸਦੇ ਨਹੀਂ"

"ਚੱਲ ਛੱਡ ਪਰ੍ਹੇ.."

"ਨਹੀਂ..ਬੋਲੋ..ਤੁਹਾਨੂੰ ਡੌਲੀ ਦੀ ਸਹੁੰ.."

"ਬੇਟਾ ਕਿਉਂ ਸੌਂਹਾਂ ਪਾਈ ਜਾਂਦੀ ਐਂ ? ਦੱਸ ਕੇ ਵੀ ਕੀ ਹੋਊ ? ਤੁਹਾਡੀਆਂ ਡਿਊਟੀਆਂ ਤੇ ਘਰ ਦੇ ਕੰਮ ਤੇ ਫਿਰ ਡੌਲੀ ਨੂੰ ਸਾਂਭਣਾ, ਯੂ ਕਾਂਟ ਹੈਲਪ.."

"ਚਲੋ ਦੱਸੋ ਤਾਂ ਸਹੀ..ਵਾਇ ਆਈ ਕਾਂਟ ਹੈਲਪ ?" ਹੱਸ ਕੇ ਸਿਮਰਨ ਨੇ ਮਾਹੌਲ ਹਲਕਾ ਕੀਤਾ।

"ਬੇਟਾ! ਤੈਨੂੰ ਪਤਾ ਈ ਐ, ਇੰਡੀਆ 'ਚ ਦੋ ਦੋ ਨੌਕਰ-ਚਾਕਰ, ਮੈਂ ਪੰਦਰਾਂ-ਵੀਹਾਂ ਸਾਲਾਂ ਤੋਂ ਘਰ ਦਾ ਕੋਈ ਕੰਮ ਨਹੀਂ ਕੀਤਾ, ਪਾਣੀ ਵੀ ਆਪ ਪਾ ਕੇ ਨੀ ਸੀ ਪੀਤਾ ਕਦੇ, ਹੁਣ ਛੋਟੇ ਜਿਹੇ ਇਸ ਘਰ ਪਰਵਾਰ ਦਾ ਕੰਮ ਕਰਦਿਆਂ ਬਹੁਤ ਥੱਕ ਜਾਂਦੀ ਹਾਂ, ਥਕਾਵਟ ਤੇ ਦਰਦ ਨਾਲ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ, ਨਾਲੇ ਹੁਣ ਤਾਂ ਉਮਰ ਵੀ ਹੋ ਚੱਲੀ ਐ.." ਧੀ ਨੂੰ ਚੁੱਪ ਤੇ ਹੈਰਾਨ ਦੇਖ ਕੇ ਉਹ ਫਿਰ ਬੋਲੀ, "ਡੌਲੀ ਨੂੰ ਸਾਂਭਦੀ ਦਾ ਆਹ ਹਾਲ ਐ, ਉਤੋਂ ਸਵੇਰੇ ਦੀਪ ਨੇ ਘਰੇ ਡੇ-ਕੇਅਰ ਸੈਂਟਰ ਖੋਲ੍ਹਣ ਦੀ ਗੱਲ ਆਖੀ."

ਮਹਿੰਦਰ ਕੌਰ ਦੀ ਆਵਾਜ਼ ਅੱਥਰੂਆਂ ਦੇ ਦਰਿਆ ਵਿਚੋਂ ਲੰਘ ਕੇ ਆ ਰਹੀ ਸੀ।

## ਥੋਹਰਾਂ ਦੇ ਸਿਰਨਾਵੇਂ

"ਦੇਖੋ ਬਾਪੂ ਜੀ! ਮੈਨੂੰ ਆਏ ਨੂੰ ਮਹੀਨਾ ਹੋ ਗਿਐ । ਸਾਰੇ ਅੰਗਾਂ-ਸਾਕਾਂ ਨੂੰ ਪੁੱਛ ਲਿਐ ..ਕੋਈ ਵੀ ਤੁਹਾਨੂੰ ਦੋਵਾਂ ਨੂੰ ਰੱਖਣ ਲਈ ਤਿਆਰ ਨਹੀਂ..ਮੈਂ ਤੁਹਾਨੂੰ ਇਸ ਬਿਰਧ ਅਵਸਥਾ 'ਚ ਇਕੱਲੇ ਇਸ ਕੋਠੀ 'ਚ ਬਿਲਕੁਲ ਨਹੀਂ ਛੱਡ ਸਕਦਾ..ਤੁਸੀਂ ਆਪਣਾ ਲੁੱਕ-ਆਫਟਰ ਕਰ ਹੀ ਨਹੀਂ ਸਕਦੇ।"

ਮਾਤਾ-ਪਿਤਾ ਨੂੰ ਖਾਮੋਸ਼ ਦੇਖ ਕੇ ਉਹ ਫਿਰ ਬੋਲਿਆ, "ਨਾਲੇ ਅਗਲੇ ਹਫਤੇ ਇਸ ਕੋਠੀ ਦਾ ਕਬਜ਼ਾ ਵੀ ਦੇਣੈ..ਮੈਂ ਸਾਰਾ ਬੰਦੋਬਸਤ ਕਰ ਲਿਐ ..ਓਲਡ-ਏਜ ਹੋਮ ਵਾਲੇ ਡੇਢ ਲੱਖ ਲੈਂਦੇ ਨੇ..ਬਾਕੀ ਸਾਰੀ ਉਮਰ ਦੀ ਦੇਖਭਾਲ ਉਹਨਾਂ ਦੇ ਜ਼ਿੰਮੇ।"

"ਪਰਮਿੰਦਰ ਅਸੀਂ ਆਪਣਾ ਘਰ ਛੱਡ ਕੇ ਕਿਤੇ ਨ੍ਹੀ ਜਾਣਾ। ਤੇਰੀ ਮਾਂ ਤਾਂ ਜਮਾ ਈ ਨ੍ਹੀ ਮੰਨਦੀ ਤੂੰ ਜਾਹ ਅਮਰੀਕਾ ਸਾਨੂੰ ਸਾਡੇ ਹਾਲ 'ਤੇ ਛੱਡ ਦੇ ਹਾਲੇ ਸਾਡਾ ਵਾਹਿਗੁਰੂ ਐ"

"ਮਾਂ! ਬਾਪੂ ਜੀ! ਤੁਸੀਂ ਬੱਚਿਆਂ ਵਾਂਗੂ ਜ਼ਿੱਦ ਕਿਉਂ ਫੜੀ ਬੈਠੇ ਓਂ ? ਕੋਠੀ ਤਾਂ ਵਿਕ ਚੁੱਕੀ ਐ ਆਪਣੇ ਮਨ ਨੂੰ ਸਮਝਾਓ।" ਕਹਿੰਦਾ ਪਰਮਿੰਦਰ ਆਪਣੇ ਕਮਰੇ ਵਿਚ ਚਲਾ ਗਿਆ। ਉਸੇ ਰਾਤ ਬਾਪੂ ਜੀ ਅਕਾਲ ਚਲਾਣਾ ਕਰ ਗਏ।

ਤਿੰਨ ਦਿਨ ਬਾਅਦ ਬਾਪੂ ਜੀ ਦੇ ਫੁੱਲ ਕੀਰਤਪੁਰ ਸਾਹਿਬ ਪ੍ਰਵਾਹ ਕਰਕੇ ਮੁੜੇ ਤਾਂ ਰਿਸ਼ਤੇਦਾਰਾਂ ਨੇ ਪਰਮਿੰਦਰ ਨੂੰ ਦੱਸਿਆ, "ਮਾਂ ਜੀ ਕਿਸੇ ਨੂੰ ਪਛਾਣਦੇ ਈ ਨਹੀਂ ..ਬੱਸ ਵਿਹੜੇ 'ਚ ਬੈਠੇ ਕੋਠੀ ਵੱਲ ਈ ਦੇਖੀ ਜਾਂਦੇ ਨੇ..ਸ਼ਾਇਦ ਉਹ ਪਾਗਲਪਨ ਦੀ ਅਵਸਥਾ 'ਚ ਨੇ।"

"ਤਾਂ ਫਿਰ ਮਾਂ ਨੂੰ ਪਾਗਲਖਾਨੇ ਭਰਤੀ ਕਰਾ ਦਿੰਨੇ ਆਂ ..ਥੋਨੂੰ ਨੀ ਪਤਾ, ਇਕ-ਇਕ ਦਿਨ ਦਾ ਮੇਰਾ ਕਿੰਨਾ ਨੁਕਸਾਨ ਹੋ ਰਿਹੈ, ਪਿੱਛੇ ਆਪਣੇ ਪਰਵਾਰ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਐ ਮੇਰੇ ਸਿਰ 'ਤੇ।"

ਇਹ ਉਹਨਾਂ ਦੇ ਸਹਿਕ-ਸਹਿਕ ਕੇ ਲਏ ਪੁੱਤ ਪਰਮਿੰਦਰ ਦੀ ਆਵਾਜ਼ ਸੀ।

## ਗੁਆਚੇ ਹੱਥ ਦੀ ਤਲਾਸ਼

ਗੁਰਸ਼ਰਨ ਕੌਰ ਨੂੰ ਛਾਬੇ ਵਿੱਚੋਂ ਦੋ-ਤਿੰਨ ਰੋਟੀਆਂ ਕੱਢਦਿਆਂ ਦੇਖ ਕੇ ਗੁਰਦਾਸ ਬੋਲ ਉੱਠਿਆ, "ਮੰਮੀ! ਤੁਹਾਨੂੰ ਪਤੈ ਆਪਣਾ ਗੁਜ਼ਾਰਾ ਕਿਵੇਂ ਚੱਲਦੈ..ਤੁਸੀਂ ਕੁੱਤਿਆਂ ਚਿੜੀਆਂ ਨੂੰ ਰੋਟੀਆਂ ਪਾਉਣ ਬਹਿ ਜਾਂਦੇ ਓ।"

"ਨਾਲੇ ਸਾਰੀ ਰਾਤ ਕਮਰੇ ਦੀ ਲਾਈਟ ਜਗਦੀ ਰਹਿੰਦੀ ਐ, ਮਾੜਾ ਜਿਹਾ ਹੱਥ ਹਿਲਾ ਕੇ ਬੰਦ ਕਰ ਦਿਆ ਕਰੋ ।" ਨੂੰਹ ਨੇ ਵੀ ਸੁਰ ਮਿਲਾਇਆ।

ਗੁਰਸ਼ਰਨ ਕੌਰ ਚੁੱਪ-ਚਾਪ ਆਪਣੇ ਕਮਰੇ ਵੱਲ ਹੋ ਤੁਰੀ, ਉਸ ਤੋਂ ਰੋਣਾ ਨਹੀਂ ਰੁਕ ਰਿਹਾ ਸੀ। ਲਾਚਾਰ ਅਤੇ ਦੁਖੀ ਉਹ ਬਿਸਤਰੇ 'ਤੇ ਪਈ ਸੋਚਾਂ ਵਿੱਚ ਡੁੱਬ ਗਈ। ਉਹਦੇ ਸਵਰਗਵਾਸੀ ਪਤੀ ਨੇ ਤਾਂ ਉਹਨੂੰ ਕਦੇ ਕੋਈ ਨੁਕਸਾਨ ਹੋਣ 'ਤੇ ਟੋਕਿਆ ਵੀ ਨਹੀਂ ਸੀ, ਝਿੜਕਣਾ ਤਾਂ ਦੂਰ ਦੀ ਗੱਲ ਸੀ। ਫਿਰ ਅਗਲੀ ਸੋਚ ਉਹਨੂੰ ਗੁਰਦਾਸ ਦੇ ਜਨਮ ਵੇਲੇ ਦੇ ਦੁੱਖ, ਬੇਬਸੀ ਤੇ ਗੁੱਸੇ ਵੱਲ ਲੈ ਗਈ। ਉਹ ਦਰਦਾਂ ਨਾਲ ਤੜਪ ਰਹੀ ਸੀ, ਹਸਪਤਾਲ ਵਿੱਚ ਡਾਕਟਰ ਨਰਸਾਂ ਉਸ ਵੱਲ ਧਿਆਨ ਨਹੀਂ ਦੇ ਰਹੇ ਸਨ। ਉਸ ਨੇ ਪੂਰਾ ਜ਼ੋਰ ਲਾ ਕੇ ਕਿਹਾ ਸੀ, "ਡਾਕਟਰ ਨੂੰ ਬੁਲਾਓ! ਹਾਇ ਮੈਂ ਦਰਦ ਨਾਲ ਮਰ ਚੱਲੀ.."

ਇੱਕ ਨਰਸ ਆ ਕੇ ਰੁੱਖੀ ਜਿਹੀ ਆਵਾਜ਼ ਵਿੱਚ ਬੋਲੀ, "ਕੀ ਰੌਲਾ ਪਾਇਐ ਬੀਬੀ! ਸਬਰ ਕਰ, ਹੁਣੇ ਆਉਂਦੀ ਐ ਡਾਕਟਰ...."

ਉਹਨੇ ਹੰਝੂਆਂ ਦਾ ਹੜ੍ਹ ਰੋਕਣ ਲਈ ਅੱਖਾਂ ਮੀਚ ਲਈਆਂ। ਐਨੇ ਨੂੰ ਇਕ ਕੋਮਲ ਹੱਥ ਨੇ ਉਹਦੀ ਬਾਂਹ ਨੂੰ ਹਲਕਾ ਜਿਹਾ ਛੋਹਿਆ ਤੇ ਫਿਰ ਅਪਣੱਤ ਜਿਹੀ ਨਾਲ ਘੁੱਟ ਲਿਆ। ਇਹ ਇਕ ਛੋਟੀ ਉਮਰ ਦੀ ਸਿਖਿਆਰਥੀ ਨਰਸ ਸੀ। ਗੁਰਸ਼ਰਨ ਕੌਰ ਨੇ ਗੁੱਸੇ ਨਾਲ ਉਹ ਹੱਥ ਝਟਕ ਦਿੱਤਾ। ਪਰ ਹੱਥ ਫਿਰ ਉਹਦਾ ਮੋਢਾ ਪਲੋਸਣ ਲੱਗਿਆ ਤੇ ਮੱਧਮ ਮਿੱਠੀ ਜਿਹੀ ਆਵਾਜ਼ ਆਈ, "ਆਈ ਨੋਅ ਬਹੁਤ ਪੇਨ ਹੋ ਰਹੀ ਹੈ, ਪਰ ਇਹ ਤਕਲੀਫ ਥੋੜ੍ਹੀ ਦੇਰ ਦੀ ਹੈ ਤੇ ਅਸੀਂ ਸਾਰੇ ਤੁਹਾਡੀ ਹੈਲਪ ਲਈ ਹਾਂ ।"

ਉਹ ਹੱਥ ਹੌਲੀ ਜਿਹੀ ਉਹਦੇ ਮੱਥੇ ਨੂੰ ਪਲੋਸਣ ਲੱਗਾ..ਕੁਝ ਪਲਾਂ ਵਿੱਚ ਉਸ ਦਾ ਗੁੱਸਾ, ਲਾਚਾਰੀ ਤੇ ਇਕੱਲਤਾ ਗਾਇਬ ਹੋਣ ਲੱਗੀ।

ਕਾਸ਼ ਉਹ ਹੱਥ ਅੱਜ ਵੀ ਉਸ ਦਾ ਮੱਥਾ ਪਲੋਸ ਦਿੰਦਾ।

## ਮੁੱਕਦੇ ਸ਼ਬਦਾਂ ਦੀ ਗਾਥਾ

ਪੋਤੇ-ਪੋਤੀ ਨੂੰ ਸਕੂਲ ਛੱਡਣ ਆਏ ਮਾਸਟਰ ਰੇਸ਼ਮ ਸਿੰਘ ਨਾਲ ਅਕਸਰ ਮੁਲਾਕਾਤ ਹੋ ਜਾਂਦੀ। ਡਾਢਾ ਮਿੱਠਾ ਸੁਭਾਅ, ਮਿਲਾਪੜੇ ਜਿਹੇ, ਬੱਚਿਆਂ ਕੋਲ ਆ ਕੇ ਬੜੇ ਖੁਸ਼, ਨੂੰਹ-ਪੁੱਤ ਚੰਗੇ ਕੰਮਾਂ 'ਤੇ ਲੱਗੇ ਹੋਏ।

ਤਿੰਨ ਕੁ ਸਾਲ ਬਾਅਦ ਸਾਡਾ ਫਿਰ ਬੇਟੀ ਕੋਲ 'ਸਰੀ' ਜਾਣਾ ਹੋਇਆ ਤਾਂ ਮਾਸਟਰ ਜੀ ਕਿਤੇ ਨਾ ਦਿਸੇ। ਇਕ ਦਿਨ ਅਚਾਨਕ ਪਾਰਕ ਵਿਚ ਆਪਣੀ ਪਤਨੀ ਬਲਪ੍ਰੀਤ ਨਾਲ ਬੈਠੇ ਮਿਲ ਹੀ ਗਏ। ਜੱਫੀ ਪਾਉਂਦੇ ਬੋਲੇ, "ਬੜੇ ਚਿਰੀਂ ਗੇੜਾ ਵੱਜਿਆ.." ਉਹਨਾਂ ਦੀ ਫਿੱਕੀ ਜਿਹੀ ਮੁਸਕਾਨ ਤੇ ਕਮਜ਼ੋਰ ਹੋਇਆ ਸਰੀਰ ਦੱਸ ਰਿਹਾ ਸੀ ਕਿ ਸਭ ਕੁਝ ਠੀਕ ਨਹੀਂ ਸੀ।

ਬਲਪ੍ਰੀਤ ਨੇ ਦੱਸਿਆ ਕਿ ਸਾਲ ਕੁ ਤੋਂ ਮਾਸਟਰ ਜੀ ਕਾਫ਼ੀ ਢਿੱਲੇ ਰਹਿੰਦੇ ਨੇ, ਕੰਨਾਂ 'ਚ ਸ਼ਾਂਅ ਸ਼ਾਂਅ ਦੀ ਆਵਾਜ਼ ਤੰਗ ਕਰਦੀ ਐ, ਸੁਣਦਾ ਵੀ ਬਹੁਤ ਘੱਟ ਐ।

"ਸੁਣਿਐ ਏਥੇ ਤਾਂ ਇਲਾਜ ਬੜਾ ਵਧੀਆ..ਦਿਖਾਇਆ ਨਹੀਂ ਕਿਤੇ ?" ਮੈਂ ਉਹਨਾਂ ਦਾ ਪੂਰਾ ਹਾਲ-ਹਵਾਲ ਜਾਣਨ ਲਈ ਪੁੱਛਿਆ।

"ਫੈਮਿਲੀ ਡਾਕਟਰ ਦੇ ਇਲਾਜ ਨਾਲ ਆਰਾਮ ਨਹੀਂ ਆ ਰਿਹਾ, ਉਤੋਂ ਦਵਾਈਆਂ ਖਾ-ਖਾ ਭੁੱਖ ਮਰ ਗਈ ਐ, ਅਖੀਰ ਉਹਨੇ ਸਪੈਸ਼ਲਿਸਟ ਕੋਲ ਰੈਫਰ ਕਰ'ਤਾ, ਪਰ ਬੇਟਾ ਜਾਂ ਨੂੰਹ ਕੋਈ ਵੀ ਵੈਨਕੂਵਰ ਲੈ ਕੇ ਨਹੀਂ ਗਿਆ।"

"ਕਿਉਂ..?"

"ਕਹਿੰਦੇ ਛੁੱਟੀ ਨਹੀਂ ਮਿਲਦੀ, ਜ਼ਿਆਦਾ ਕੁਸ਼ ਕਹੀਏ ਤਾਂ ਜਵਾਬ ਮਿਲਦੈ ਕਿ ਬੁਢਾਪੇ 'ਚ ਮਾੜੀਆਂ-ਮੋਟੀਆਂ ਤਕਲੀਫ਼ਾਂ ਤਾਂ ਚਲਦੀਆਂ ਈ ਰਹਿੰਦੀਐਂ, ਅਸੀਂ ਕਿੱਥੇ ਲਈ ਫਿਰੀਏ ।"

ਬਲਪ੍ਰੀਤ ਦਾ ਗੱਚ ਭਰ ਆਇਆ।

ਮੈਨੂੰ ਕਹਿਣ ਲਈ ਕੁਝ ਨਹੀਂ ਔੜ ਰਿਹਾ ਸੀ ਕਿ ਉਹ ਹੀ ਫੇਰ ਬੋਲੀ, "ਪਿਛਲੀਆਂ ਸਰਦੀਆਂ 'ਚ ਬੇਸਮੈਂਟ ਦੇ ਛੋਟੇ ਜਿਹੇ ਕਮਰੇ 'ਚ ਸਮਾਂ ਜੇਲ੍ਹ ਵਾਂਗੂੰ ਬਿਤਾਇਆ, ਪੋਤੇ-ਪੋਤੀ ਨੂੰ ਉਤਲੇ ਕਮਰੇ ਦੀ ਲੋੜ ਸੀ, ਹੁਣ ਤਾਂ ਉਹ ਵੀ ਨੇੜੇ ਨਹੀਂ ਲੱਗਦੇ, ਉਹਨਾਂ ਦੇ ਮਾਂ-ਪਿਓ ਕੋਲ ਤਾਂ ਪਹਿਲਾਂ ਈ ਟੈਮ ਨਹੀਂ ਸੀ ।"

"ਤੁਸੀਂ ਇੰਡੀਆ ਵਾਪਸ ਚਲੇ ਜਾਣਾ ਸੀ, ਆਵਦੇ ਘਰ.." ਮੈਨੂੰ ਏਹੋ ਹੱਲ ਸੁੱਝਿਆ।

"ਕਿਹਦੇ ਕੋਲ ਲੈ ਕੇ ਜਾਵਾਂ ? ਉਥੇ ਕਿਹੜਾ ਐ ਜਿਹੜਾ ਸਾਨੂੰ ਦੋਹਾਂ ਨੂੰ ਸਾਂਭੂ ?...."

ਬਲਪ੍ਰੀਤ ਅਚਾਨਕ ਚੁੱਪ ਹੋ ਗਈ, ਜਿਵੇਂ ਸਾਰੇ ਸ਼ਬਦ ਮੁੱਕ ਗਏ ਹੋਣ। ਸ਼ਬਦ ਤਾਂ ਮੇਰੇ ਵੀ ਮੁੱਕ ਗਏ ਸਨ।

# ਜ਼ਿੰਦਗੀ ਦੇ ਨਾਟਕ ਦੀ ਅਸਲ ਨਾਇਕਾ

**ਸੁਖਮਿੰਦਰ ਸੇਖੋਂ**

ਸਾਢੇ ਤਿੰਨ ਕੁ ਦਹਾਕੇ ਪਹਿਲਾਂ ਪਟਿਆਲੇ ਆਪਣੇ ਇਕ ਨਾਟਕ 'ਹੀਰੋ ਨਹੀਂ ਆਏਗਾ' ਦੀ ਰਿਹਰਸਲ ਕਰਕੇ ਮੈਂ ਆਪਣੇ ਬਾਕੀ ਕਲਾਕਾਰਾਂ ਤੋਂ ਵਿਦਾ ਹੋ ਕੇ ਨਾਟਕ ਵਿੱਚ ਹੀਰੋਇਨ ਦੀ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਦੇ ਸਾਈਕਲ ਦੇ ਨਾਲ-ਨਾਲ ਆਪਣੇ ਸਾਈਕਲ 'ਤੇ ਉਸ ਨੂੰ ਘਰ ਤੱਕ ਛੱਡਣ ਜਾ ਰਿਹਾ ਸੀ । ਇਹ ਰੋਜ਼ਾਨਾ ਦੀ ਮੇਰੀ ਜਾਂ ਕਿਸੇ ਹੋਰ ਸਾਥੀ ਅਦਾਕਾਰ ਦੀ ਡਿਊਟੀ ਹੁੰਦੀ ਸੀ, ਪਰ ਉਸ ਦਿਨ ਰਸਤੇ ਵਿਚ ਦੋ ਲੋਫਰਨੁਮਾ ਮੁੰਡਿਆਂ ਨੇ ਅਦਾਕਾਰਾ ਨੂੰ ਅਸ਼ਲੀਲ ਟਿੱਪਣੀਆਂ ਕਰਨੀਆਂ ਆਰੰਭ ਦਿੱਤੀਆਂ। ਮੈਨੂੰ ਉਸ ਦੱਸਿਆ ਕਿ ਇਹ ਮੁੰਡੇ ਉਸ ਨੂੰ ਰੋਜ਼ ਹੀ ਛੇੜਦੇ ਹਨ, ਜਿਸ ਦਾ ਉਸ ਨੂੰ ਗੁੱਸਾ ਤਾਂ ਬਹੁਤ ਚੜ੍ਹਦਾ ਹੈ, ਪਰ ਉਹ ਨਜ਼ਰ-ਅੰਦਾਜ਼ ਕਰ ਦਿੰਦੀ ਹੈ। ਮੈਨੂੰ ਵੀ ਇੱਕ-ਦੋ ਸਾਥੀ ਕਲਾਕਾਰਾਂ ਤੋਂ ਇਹ ਭਿਣਕ ਪਈ ਸੀ। ਉਸ ਦਿਨ ਵੀ ਸਕੂਟਰ 'ਤੇ ਸਵਾਰ ਉਹ ਮੁੰਡੇ ਸਾਡੇ ਅੱਗੇ-ਪਿੱਛੇ ਹੋ ਰਹੇ ਸਨ । ਇੱਕ ਕਲੀਨਸ਼ੇਵ ਸੀ, ਪਰ ਮੁੱਛਾਂ ਰੱਖੀਆਂ ਹੋਈਆਂ ਸਨ, ਦੂਸਰੇ ਦੇ ਵੱਡੀ ਦਾਹੜੀ ਮੁੱਛ ਸੀ ਤੇ ਸਿਰ 'ਤੇ ਪਰਨਾ ਬੰਨ੍ਹਿਆ ਹੋਇਆ ਸੀ। ਕਲੀਨਸ਼ੇਵ ਹੱਟਾ-ਕੱਟਾ ਸੀ ਤੇ ਦੂਸਰਾ ਮਾੜਕੂ ਜਿਹਾ। ਮੈਨੂੰ ਉਨ੍ਹਾਂ ਦੇ ਅਜਿਹਾ ਕਰਨ 'ਤੇ ਗੁੱਸਾ ਆ ਰਿਹਾ ਸੀ, ਪਰ ਕੁੜੀ ਮੈਨੂੰ ਮੁਖਾਤਿਬ ਸੀ-ਰਹਿਣ ਦਿਓ ਸੇਖੋਂ ਜੀ, ਆਪੇ ਬੋਲ ਕੇ ਚਲੇ ਜਾਣਗੇ। ਜਵਾਬ ਤਾਂ ਮੈਂ ਵੀ ਦੇ ਸਕਦੀ ਆਂ, ਪਰ ਉਲਟਾ ਬਦਨਾਮੀ ਮੇਰੀ ਈ ਹੋਵੇਗੀ—

ਪਰ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਸੀ ਆ ਰਹੇ, ਬਲਕਿ ਉਨ੍ਹਾਂ ਇੱਕ ਜਗ੍ਹਾ ਸਕੂਟਰ ਖਲਾਰ ਲਿਆ ਸੀ ਤੇ ਇੱਕ ਜਣੇ ਨੇ ਉਸ ਦੇ ਸਾਈਕਲ ਨੂੰ ਪਿੱਛਿਓਂ ਪਕੜ ਕੇ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਮੇਰੇ ਸਬਰ ਦਾ ਪਿਆਲਾ ਛਲਕਦਾ ਜਾ ਰਿਹਾ ਸੀ—ਮੈਂ ਆਪਣੇ ਸਾਈਕਲ ਦੇ ਪੈਡਲ ਹੌਲੇ ਕੀਤੇ ਤੇ ਬਰੇਕ ਲਗਾ ਦਿੱਤੀ। ਉਨ੍ਹਾਂ ਨੂੰ ਲਲਕਾਰਿਆ ਅਤੇ ਮਾੜਕੂ ਜਿਹੇ ਚਾਂਭਲੇ ਹੋਏ ਮੁੰਡੇ ਨੂੰ ਮੋਢਿਆਂ ਤੋਂ ਪਕੜ ਕੇ ਪਿਛਾਂਹ ਪਟਕਾ ਮਾਰਿਆ। ਪਤਾ ਨਹੀਂ ਮੇਰੇ ਵਰਗੇ ਸਿੰਗਲ ਹੱਡੀ ਵਿੱਚ ਉਸ ਦਿਨ ਏਨਾ ਜ਼ੋਰ ਕਿਵੇਂ ਆ ਗਿਆ ਸੀ। ਜਦੋਂ ਹੱਟਾ-ਕੱਟਾ ਮੁੱਛਲ ਮੇਰੇ ਘਸੁੰਨ ਮਾਰਨ ਨੂੰ ਹੋਇਆ ਤਾਂ ਮੈਂ ਉਸ ਦੇ ਇਕ ਅਜਿਹੀ ਚਪੇੜ ਦੇ ਮਾਰੀ ਕਿ ਉਹ ਭਵੱਤਰ ਗਿਆ। ਉਹ ਫਿਰ ਮਾਰਨ ਲਈ ਉੱਲਰਿਆ ਤਾਂ ਮੈਂ ਇੱਕ ਹੋਰ ਕੱਸਵੀਂ ਚਪੇੜ ਉਸ ਦੇ ਚਿਹਰੇ 'ਤੇ ਦਾਗ ਦਿੱਤੀ, ਉਹ ਡਿੱਗਦਾ-ਡਿੱਗਦਾ ਮਸਾਂ ਬਚਿਆ। ਉਸ ਆਲੇ-ਦੁਆਲੇ ਆਉਂਦੇ-ਜਾਂਦੇ ਲੋਕਾਂ ਵੰਨੀਂ ਤੱਕਿਆ ਤਾਂ ਉਹ ਸ਼ਰਮਿੰਦਾ ਜਿਹਾ ਹੋ ਗਿਆ ਅਤੇ ਬੇਇਜ਼ਤੀ ਮਹਿਸੂਸ ਕਰਦਿਆਂ ਉਸ ਆਪਣੇ ਸਾਥੀ ਨੂੰ ਇਸ਼ਾਰਾ ਕੀਤਾ ਅਤੇ ਸਕੂਟਰ ਦੇ ਮਗਰ ਉਸ ਨੂੰ ਬਿਠਾ ਕੇ ਸਕੂਟਰ ਤੇਜ਼ੀ ਨਾਲ ਭਜਾ ਲਿਆ।

ਮੈਨੂੰ ਆਪਣੇ-ਆਪ 'ਤੇ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਇੱਕ ਕਲਮਕਾਰ ਤੇ ਕਲਾਕਾਰ ਵਿੱਚ ਅਜਿਹੀ ਕਿਹੜੀ ਸ਼ਕਤੀ ਨੇ ਪ੍ਰਵੇਸ਼ ਕਰ ਲਿਆ ਸੀ। ਮੈਂ ਆਲੇ-ਦੁਆਲੇ ਆਉਂਦੇ-ਜਾਂਦੇ ਬੰਦਿਆਂ ਵੱਲ ਕਿਸੇ ਜੇਤੂ ਅੰਦਾਜ਼ ਨਾਲ ਝਾਕਦਾ ਹੋਇਆ ਉਸ ਅਦਾਕਾਰ ਕੁੜੀ ਨੂੰ ਉਸ ਦੇ ਘਰ ਤੱਕ ਛੱਡਣ ਗਿਆ। ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਮੈਂ ਕਿਸੇ ਨਾਟਕ ਦਾ ਨਹੀਂ, ਬਲਕਿ ਅਸਲ ਜ਼ਿੰਦਗੀ ਵਿੱਚ ਵੀ ਇੱਕ ਹੀਰੋ ਬਣ ਗਿਆ ਹੋਵਾਂ, ਪਰ ਰਾਤ ਨੂੰ ਜਦ ਰੋਟੀ ਖਾਣ ਲੱਗਾ ਤਾਂ ਮੇਰੇ ਸੰਘ ਤੋਂ ਗਰਾਹੀ ਅੰਦਰ ਨਹੀਂ ਸੀ ਲੰਘ ਰਹੀ। ਸੌਣ ਲੱਗਿਆਂ ਨੀਂਦ ਨਾ ਆਵੇ। ਮੇਰੀਆਂ ਅੱਖਾਂ ਸਾਹਮਣੇ ਉਹ ਦੋਨੋਂ ਬਦਮਾਸ਼ ਮੁੰਡੇ ਵਾਰ-ਵਾਰ ਆ ਰਹੇ ਸਨ, ਜਿਵੇਂ ਕਹਿ ਰਹੇ ਹੋਣ-ਤੂੰ ਸਾਡੇ ਨਾਲ ਪੰਗਾ ਲੈ ਤਾਂ ਲਿਆ, ਪਰ ਹੁਣ ਦੇਖੀਂ ਅਸੀਂ ਤੇਰਾ ਕੀ ਹਸ਼ਰ ਕਰਦੇ ਆਂ ਵੱਡੇ ਹੀਰੋਆ— ? ਸਵੇਰੇ ਉਨੀਂਦਰਾ ਜਿਹਾ ਉੱਠਿਆ। ਦਫਤਰ ਜਾਣ ਨੂੰ ਚਿੱਤ ਨਾ ਕਰੇ, ਮਤੇ ਉਨ੍ਹਾਂ ਮੇਰੀ ਖੋਜ ਖਬਰ ਕੱਢ ਲਈ ਹੋਵੇ ਤੇ ਰਸਤੇ ਵਿੱਚ ਮੈਨੂੰ ਰੋਕ ਕੇ ਸੱਚਮੁੱਚ ਹੀ ਮੇਰੇ 'ਤੇ ਕਿਤੇ ਹਮਲਾ ਕਰ ਦੇਣ ? ਲੇਕਿਨ ਅਜਿਹਾ ਨਾ ਵਾਪਰਿਆ, ਪਰ ਸ਼ਾਮ ਨੂੰ ਨਾਟਕ ਦੇ ਰਿਹਰਸਲ ਸਥਾਨ 'ਤੇ ਜਾਂਦਿਆਂ ਵੀ ਇੱਕ ਡਰ ਤੇ ਖੌਫ ਜਿਹਾ ਆ ਰਿਹਾ ਸੀ। ਖਾਸ ਕਰਕੇ ਜਦੋਂ ਮੈਂ ਰਿਹਰਸਲ ਖਤਮ ਕਰਕੇ ਆਪਣੇ ਸਾਥੀਆਂ ਤੋਂ ਵਿਦਾਇਗੀ ਲਈ ਤਾਂ ਮੇਰਾ ਮਨ ਕਰੇ ਕਿ ਅੱਜ ਇਸ ਕੁੜੀ ਨੂੰ ਉਸ ਦੇ ਘਰ ਤੱਕ ਕੋਈ ਹੋਰ ਛੱਡ ਕੇ ਆਵੇ, ਪਰ ਇਵੇਂ ਚਾਹਕੇ ਅਜਿਹਾ ਕਰ ਨਾ ਸਕਿਆ, ਚੂੰਕਿ ਅਜਿਹਾ ਕਰਨ ਨਾਲ ਸਾਥੀ ਸਮਝਣਗੇ ਕਿ ਮੈਂ ਆਪਣੀਆਂ ਲਿਖਤਾਂ ਤੇ ਨਾਟਕਾਂ ਵਿੱਚ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲਾ ਇਨ੍ਹਾਂ ਬਦਮਾਸ਼ਾਂ ਦੇ ਡਰ ਕਾਰਨ ਪਿੱਛੇ ਹਟ ਗਿਆ ਹਾਂ। ਮੈਨੂੰ ਇਹ ਵੀ ਤਾਂ ਸ਼ਿੱਦਤ ਨਾਲ ਅਹਿਸਾਸ ਹੋ ਰਿਹਾ ਸੀ ਕਿ ਕੱਲ੍ਹ ਜਿੱਥੇ ਇਹ ਕਾਂਡ ਵਾਪਰਿਆ ਸੀ, ਉਥੇ ਦੇਖ ਰਹੇ ਦੁਕਾਨਦਾਰ ਤੇ ਹੋਰ ਲੋਕਾਂ ਵਿੱਚ ਹੀ ਨਹੀਂ, ਬਲਕਿ ਉਸ ਅਦਾਕਾਰਾ ਦੀਆਂ ਨਜ਼ਰਾਂ ਵਿੱਚ ਵੀ ਮੈਂ ਇੱਕ ਹੀਰੋ ਬਣ ਗਿਆ ਸੀ। ਇਸ ਲਈ ਮੈਂ ਖੌਫਜ਼ਦਾ ਹੁੰਦਿਆਂ ਵੀ ਰੁਟੀਨ ਵਾਂਗ ਉਸ ਦੇ ਸਾਈਕਲ ਦੇ ਨਾਲ ਹੀ ਆਪਣਾ ਸਾਈਕਲ ਲਾ ਲਿਆ, ਪਰ ਦੂਰ-ਦੂਰ ਤੱਕ ਜਿੱਥੇ ਤੱਕ ਵੀ ਮੇਰੀ ਡਰੀ ਜਿਹੀ ਨਜ਼ਰ ਸਫਰ ਕਰ ਰਹੀ ਸੀ, ਉਹ ਲੋਫਰ ਦਿਖਾਈ ਨਾ ਦਿੱਤੇ। ਰਤਾ ਸੁੱਖ ਦਾ ਸਾਹ ਆਇਆ, ਪਰ ਅਗਲੇ ਮੋੜ ਤੱਕ ਜਾਂਦਿਆਂ ਹੀ ਮੈਂ ਦੇਖਿਆ ਕਿ ਉਥੇ ਇਕ ਦਰੱਖਤ ਦੇ ਥੱਲੇ ਉਹ ਦੋਵੇਂ ਬਦਮਾਸ਼ਨੁਮਾ ਮੁੰਡੇ ਖੜ੍ਹੇ ਸਨ। ਸਕੂਟਰ ਉਨ੍ਹਾ ਸਾਈਡ 'ਤੇ ਲਗਾ ਰੱਖਿਆ ਸੀ। ਉਨ੍ਹਾ ਸਾਨੂੰ ਰੁਕਣ ਦਾ ਇਸ਼ਾਰਾ ਕੀਤਾ। ਮੈਂ ਕੁੜੀ ਨੂੰ ਇਸ਼ਾਰੇ ਨਾਲ ਰੁਕਣ ਤੋਂ ਵਰਜ ਦਿੱਤਾ, ਪਰ ਉਨ੍ਹਾਂ ਨੇ ਉਸ ਦੇ ਸਾਈਕਲ ਨੂੰ ਪਿੱਛਿਓਂ ਪਕੜ ਕੇ ਰੋਕ ਲਿਆ। ਮੈਨੂੰ ਵੀ ਰੁਕਣਾ ਪਿਆ। ਮੇਰਾ ਦਿਲ ਧੱਕ-ਧੱਕ ਕਰ ਰਿਹਾ ਸੀ। ਇੱਕ ਖੌਫ ਤੇ ਡਰ ਨਾਲ ਮੈਂ ਨਿਘਰਦਾ ਜਾ ਰਿਹਾ ਸਾਂ, ਪਰ ਉਪਰੋਂ-ਉਪਰੋਂ ਦਲੇਰੀ ਦਿਖਾਉਂਦਿਆਂ ਆਪਣਾ ਸਾਈਕਲ ਰੋਕ ਲਿਆ ਤੇ ਥੱਲੇ ਉੱਤਰ ਆਇਆ। ਅਦਾਕਾਰਾ ਨੇ ਵੀ ਸਾਈਕਲ ਸਟੈਂਡ 'ਤੇ ਲਾ ਲਿਆ ਸੀ। ਉਹ ਪਿਆਰੀ ਤੇ ਕੋਮਲ ਜਿਹੀ ਕੁੜੀ ਪਹਿਲਾਂ ਉਸ ਹੱਟੇ-ਕੱਟੇ ਮੁੱਛਲ ਵੱਲ ਆਪਣੀਆਂ ਮੋਟੀਆਂ ਅੱਖਾਂ ਕੱਢ ਕੇ ਝਾਕੀ ਤੇ ਫਿਰ ਉਸ ਨੇ ਮਾੜਚੂ ਜਿਹੇ ਮੁੰਡੇ ਨੂੰ ਧੱਕਾ ਮਾਰਦਿਆਂ ਲਲਕਾਰ ਕੇ ਕਿਹਾ— ਜੇ ਕਿਸੇ ਦੀ ਹਿੰਮਤ ਐ ਤਾਂ ਹੱਥ ਲਾ ਕੇ ਦੇਖੇ ਮੈਨੂੰ।

ਮੁੰਡੇ ਵੀ ਥੋੜ੍ਹੇ ਹੈਰਾਨ-ਪਰੇਸ਼ਾਨ ਹੋ ਉੱਠੇ, ਪਰ ਹੱਟੇ-ਕੱਟੇ ਮੁੱਛਲ ਨੇ ਜਦੋਂ ਉਸ ਦੀ ਬਾਂਹ ਪਕੜ ਕੇ ਉਸ ਨੂੰ ਆਪਣੇ ਨੇੜੇ ਕਰਨਾ ਚਾਹਿਆ ਤਾਂ ਉਸ ਨੇ ਇੱਕ ਖਿੱਚਵੀਂ ਚਪੇੜ ਉਸ ਦੀ ਸੱਜੀ ਗੱਲ੍ਹ 'ਤੇ ਚੇਪ ਦਿੱਤੀ। ਇਸ ਤੋਂ ਪਹਿਲਾਂ ਕਿ ਇਸ ਦੇ ਇਵਜ਼ ਉਹ ਕੋਈ ਅਗਲੀ ਕਾਰਵਾਈ ਕਰਦੇ, ਇਹ ਨਾਟਕ ਜਿਹਾ ਦੇਖ ਕੇ ਲੋਕ ਇਕੱਤਰ ਹੋਣੇ ਆਰੰਭ ਹੋ ਗਏ ਸਨ। ਉਨ੍ਹਾਂ ਵਿੱਚੋਂ ਕੁਝ ਇੱਕ ਨੇ ਬਾਹਵਾਂ ਉਲਾਰੀਆਂ ਸਨ, ਜਿਵੇਂ ਕਹਿ ਰਹੇ ਹੋਣ-ਡਰੀਂ ਨਾ, ਅਸੀਂ ਸਾਰੇ ਤੇਰੇ ਨਾਲ ਆਂ— । ਉਹ ਦੋਵੇਂ ਗੁੰਡੇਨੁਮਾ ਮੁੰਡੇ ਵੀ ਸ਼ਾਇਦ ਡਰ ਤੇ ਘਬਰਾ ਗਏ ਸਨ, ਉਨ੍ਹਾਂ ਉਥੋਂ ਖਿਸਕਣ ਵਿੱਚ ਹੀ ਭਲਾਈ ਸਮਝੀ। ਜਦੋਂ ਦੁਬਾਰਾ ਗੁਰਦੀਪ ਦੀ ਗਰਜਵੀਂ ਆਵਾਜ਼ ਉਨ੍ਹਾਂ ਦੇ ਕੰਨੀਂ ਪਈ ਤਾਂ ਉਨ੍ਹਾ ਸਕੂਟਰ ਤੇਜ਼ੀ ਨਾਲ ਭਜਾ ਲਿਆ-ਕਿਉਂ ? ਹੁਣ ਦੌੜ ਕਿਉਂ ਗਏ ? ਆਪਣੀ ਭੈਣ ਤੋਂ ਰੱਖੜੀ ਨਹੀਂ ਜੇ ਬੰਨ੍ਹਵਾਉਣੀ ?

ਇਨ੍ਹਾਂ ਪਲਾਂ-ਛਿਣਾਂ ਵਿਚ ਮੈਨੂੰ ਜਾਪਿਆ ਸੀ ਕਿ ਮੇਰਾ ਲੰਮਾ ਕੱਦ ਜਿਵੇਂ ਨਿੱਕਾ ਹੋ ਗਿਆ ਹੋਵੇ ਤੇ ਮੱਧਰੇ ਕੱਦ ਵਾਲੀ ਗੁਰਦੀਪ ਮੈਥੋਂ ਕਿਤੇ ਉੱਚੇ ਕੱਦ ਦੀ ਮਾਲਕ ਹੋ ਗਈ ਹੋਵੇ-ਜ਼ਿੰਦਗੀ ਦੇ ਅਸਲ ਨਾਟਕ ਦੀ ਨਾਇਕਾ-

*ਸੰਪਰਕ 98145-07693*

ਸਫ਼ਾ 3 ਦੀ ਬਾਕੀ

## ਕਿਸਾਨੀ ਸੰਕਟ ਦੀਆਂ ਜੜ੍ਹਾਂ ਤਲਾਸ਼ਦੀ ਗਲਪ ਰਚਨਾ...

ਦੀ ਅਸਲ ਵਿੱਚ ਜ਼ਮੀਨੀ ਹਕੀਕਤ ਹੀ ਪੇਸ਼ ਕਰ ਰਿਹਾ ਹੈ, ਪਰ ਇਸ ਦੇ ਨਾਲ-ਨਾਲ ਊਧੋ ਭਲਵਾਨ ਵਰਗੇ ਵੀ ਹਨ, ਜੋ ਅੱਠ ਸੂਬਿਆਂ ਵਿੱਚ ਆਪਣੀ ਗਾਇਕੀ ਦਾ ਲੋਹਾ ਮਨਵਾ ਚੁੱਕਿਆ ਹੈ, ਪਰ ਉਸ ਦੀ ਜ਼ਮੀਨ ਨਹੀਂ, ਜਿਸ ਨੂੰ ਬਚਾਉਣ ਲਈ ਇਹ ਮੋਰਚਾ ਲੱਗਿਆ ਸੀ। ਅਸਲ ਵਿੱਚ ਇਸ ਸੰਘਰਸ਼ ਦਾ ਫੌਰੀ ਕਾਰਨ ਭਾਵੇਂ ਕੇਂਦਰ ਵੱਲੋਂ ਲਿਆਂਦੇ ਤਿੰਨ ਕਾਲੇ ਕਾਨੂੰਨ ਹੀ ਸਨ, ਪਰ ਇਸ ਦੇ ਪਿਛੋਕੜ ਵਿੱਚ ਸਮਾਜਿਕ ਮੰਦਹਾਲੀ ਦਾ ਉਹ ਦੌਰ ਕਾਰਜਸ਼ੀਲ ਸੀ, ਜਿਸ ਵਿੱਚ ਬੰਦਾ ਆਪਣੀ ਮਰਜ਼ੀ ਨਾਲ ਸਾਹ ਤੱਕ ਨਹੀਂ ਲੈ ਸਕਦਾ। ਉਸ ਮੋਰਚੇ ਦੇ ਬਹੁਤੇ ਲੋਕ ਅਜਿਹੇ ਹੀ ਸਨ, ਜੋ ਜੀਵਨ ਦੀਆਂ ਜ਼ਹਿਮਤਾਂ ਭੋਗ-ਭੋਗ ਕੇ ਗਲ ਤੱਕ ਭਰੇ-ਪੀਤੇ ਸਨ।

ਹਰਨੇਕ ਨੇ ਆਪਣੇ ਇਸ ਨਾਵਲ ਵਿੱਚ ਕਿਸਾਨੀ ਘੋਲ ਦੀ ਜਿੱਤ ਤੋਂ ਬਾਅਦ ਦਾ ਵੀ ਵਰਨਣ ਕੀਤਾ ਹੈ, ਜਿਸ ਵਿੱਚ ਪੰਜਾਬ ਸਿੰਘ ਦੀ ਹਾਲਤ ਸੁਧਰਨ ਦੀ ਥਾਂ ਸਗੋਂ ਹੋਰ ਨਿਘਰਦੀ ਜਾ ਰਹੀ ਹੈ। ਪਾਣੀ ਨਾ ਮਿਲਣ ਕਰਕੇ ਹਾੜ੍ਹੀ ਹੁੰਦੀ ਨਹੀਂ, ਘਰ ਦੀ ਦੇਖਭਾਲ ਨਾ ਹੋਣ ਕਰਕੇ ਛੱਤ ਡਿਗ ਪਈ ਹੈ, ਕਰਮ ਕੌਰ ਦਾ ਇਲਾਜ ਵੀ ਕਰਾਉਣਾ ਹੈ, ਇਸ ਸਾਰੇ ਪੰਜ ਪਾਂਜੇ ਪੂਰੇ ਕਰਨ ਲਈ ਉਹ ਟਰੈਕਟਰ ਜੋ ਕਿਸਾਨ ਦਾ ਕਮਾਊ ਪੁੱਤਰ ਹੈ, ਨੂੰ ਵੇਚਣ ਲਈ ਮਜਬੂਰ ਹੁੰਦਾ ਹੈ। ਕਦੇ ਆੜ੍ਹਤੀਏ ਕੋਲ ਜ਼ਮੀਨ ਵੇਚਣ ਦੀ ਵਿਉਂਤ ਬਣਾਉਂਦਾ ਹੈ, ਇਹੀ ਜ਼ਮੀਨ ਬਚਾਉਣ ਲਈ ਉਹ ਲਗਾਤਾਰ ਕਿਸਾਨੀ ਸੰਘਰਸ਼ ਵਿੱਚ ਹਾਜ਼ਰ ਰਿਹਾ, ਇਕ ਵਾਰ ਵੀ ਘਰ ਫੇਰਾ ਨਹੀਂ ਪਾਇਆ, ਪਰ ਜ਼ਮੀਨ ਤਾਂ ਉਸ ਦੇ ਹੱਥੋਂ ਫਿਰ ਰੇਤ ਵਾਂਗ ਕਿਰਦੀ ਜਾ ਰਹੀ ਹੈ। ਜਰਨੈਲ ਰੁਪਿੰਦਰ ਦਾ ਵਿਆਹ ਫਿਰ ਦੂਰੀਆਂ, ਨੇੜਤਾ ਆਦਿ ਅਜਿਹੇ ਵੇਰਵੇ ਹਨ, ਜੋ ਕਿਸਾਨੀ ਸੰਕਟ ਦੀ ਜ਼ਮੀਨੀ ਹਕੀਕਤ ਨੂੰ ਬਿਆਨ ਕਰਦੇ ਹਨ। ਇਹ ਨਾਵਲ ਦੁਆਬੇ ਦੇ ਮੰਜਕੀ ਖੇਤਰ ਦੀ ਲੋਕੇਲ ਵਿੱਚ ਰੱਖ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ, ਜਿਸ ਕਰਕੇ ਭਾਸ਼ਾ ਅਤੇ ਸ਼ਬਦਾਵਲੀ ਉਸ ਖਿੱਤੇ ਦੀ ਹੀ ਵਰਤੀ ਹੈ। ਪਾਠਕ ਨੂੰ ਨਾਵਲ ਪੜ੍ਹਦਿਆਂ ਕਿਤੇ-ਕਿਤੇ ਦੁਹਰਾਅ ਅਤੇ ਕਿਤੇ ਲੰਮੇ ਭਾਸ਼ਨ ਉਕਤਾ ਸਕਦੇ ਹਨ, ਖਾਸ ਕਰਕੇ ਨਾਵਲ ਦੇ ਆਖਰੀ ਪੰਨਿਆਂ 'ਤੇ ਮੋਗੇ ਕਾਨਫਰੰਸ ਵਾਲਾ ਹਿੱਸਾ, ਪਰ ਇਸ ਸਭ ਕੁਝ ਦੇ ਹੁੰਦਿਆਂ ਵੀ ਇਹ ਗ਼ਲਪ ਰਚਨਾ ਪੰਜਾਬ ਦੀ ਕਿਸਾਨੀ ਅਤੇ ਉਸ ਨਾਲ ਜੁੜੇ ਖੇਤ ਮਜ਼ਦੂਰ ਵਰਗ ਦਾ ਵਰਣਨ ਕਰਨ ਦਾ ਯਤਨ ਕਰਦੀ ਹੈ। *ਮੋਬਾ. 98721-73475*

ਸਫ਼ਾ 3 ਦੀ ਬਾਕੀ

## ਨਿਸ਼ਕਪਟ, ਸਾਦਗੀ, ਸੰਵੇਦਨਸ਼ੀਲ, ਸਾਂਝੀਵਾਲਤਾ...

ਨਾਲ ਖੁਸ਼ੀਆਂ ਸਾਂਝੀਆਂ ਕਰਨਾ ਚਾਹੁੰਦਾ ਹੈ। ਉਸ ਦੇ ਦਿਲ ਦੀ ਰੀਝ ਹੈ :

ਇਸ ਸਾਲ ਦੀ ਦੀਵਾਲੀ ਨੂੰ ਸਿੱਧੂਆ
ਮੈਂ ਘਰ ਦਿਆਂ ਨਾਲ ਬਿਤਾ ਦੇਵਾਂ
ਵਿਹੜੇ ਆਈਆਂ ਕੁਝ ਖੁਸ਼ੀਆਂ ਨੂੰ
ਮੈਂ ਕਈ ਗੁਣਾ ਵਧਾ ਦੇਵਾਂ।

ਸੁਖਦੀਪ ਸਿੱਧੂ ਦੀ ਕਵਿਤਾ 'ਟਿੱਬਿਆਂ ਦਾ ਪੁੱਤ' ਗਾਇਕ ਸਿੱਧੂ ਮੂਸੇਵਾਲਾ ਦੀ ਕਾਰਜ ਪ੍ਰਣਾਲੀ 'ਤੇ ਅਧਾਰਤ ਹੈ। ਜੇਕਰ ਮੂਸੇਵਾਲਾ ਦੀ ਗੱਲ ਕੀਤੀ ਜਾਵੇ ਤਾਂ ਉਸ ਨੂੰ ਸੁਣਨ ਵਾਲੇ ਬੱਚੇ, ਨੌਜਵਾਨ ਤੇ ਬਜ਼ੁਰਗ ਵੀ ਸਨ, ਉਸ ਨੇ ਹਰ ਵਰਗ ਦੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ ਸੀ। ਉਸ ਦੀ ਮੌਤ 29 ਮਈ 2022 ਨੂੰ ਪਿੰਡ ਜਵਾਹਰਕੇ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾ ਕੇ ਕੀਤੀ ਗਈ। ਬੰਦੂਕ-ਸੱਭਿਆਚਾਰ ਦੇ ਪ੍ਰਦਰਸ਼ਨ ਸਮੇਂ ਉਸ ਦੀ ਚੜ੍ਹਤ ਰਹੀ, ਜਦ ਉਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੀ ਗੱਲ ਕੀਤੀ ਤਾਂ ਉਸ ਨੂੰ ਮੌਤ ਨਸੀਬ ਹੋਈ, ਜਦਕਿ ਕੋਈ ਵਿਅਕਤੀ ਪੰਜਾਬ ਦੀਆਂ ਸਮੱਸਿਆਵਾਂ ਤੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਉਮਰ ਕੈਦ ਤੇ ਮੌਤ ਮਿਲਦੀ ਹੈ। ਸਿੱਧੂ ਨੇ ਕਵਿਤਾ ਵਿੱਚ ਮੌਤ ਦੀ ਘਿਨੌਣੀ ਘਟਨਾ ਦਾ ਵਿਰੋਧ ਕਰਕੇ ਮਨੁੱਖਤਾ ਦੇ ਜ਼ਾਵੀਏ ਤੋਂ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਦੇ ਜਹਾਨੋਂ ਤੁਰ ਜਾਣ 'ਤੇ ਦੁੱਖ ਪ੍ਰਗਟਾਇਆ ਹੈ। ਮੂਸੇਵਾਲਾ ਨੇ ਨੌਜਵਾਨਾਂ ਨੂੰ ਰੁੱਖ ਲਗਾਉਣ ਤੇ ਦਸਤਾਰ ਸਜਾਉਣ ਲਈ ਕਿਹਾ, ਜਿਸ ਸਦਕਾ ਮਾਨਸਾ ਤੇ ਸੰਗਰੂਰ ਜ਼ਿਲ੍ਹਾ ਹਰਿਆਵਲ ਭਰਪੂਰ ਬਣਿਆ। ਉਹ ਸਮੂਹ ਪੰਜਾਬੀਆਂ ਦਾ ਧੰਨਵਾਦ ਕਰਦਾ ਹੈ, ਜੋ ਇਸ ਦੁੱਖ ਦੀ ਘੜੀ ਵਿੱਚ ਮੂਸੇਵਾਲਾ ਦੇ ਮਾਤਾ-ਪਿਤਾ ਨਾਲ ਖੜ੍ਹੇ ਹੋਏ। ਕਵੀ ਕਹਿੰਦਾ ਹੈ ਕਿ ਅਜਿਹਾ ਵਕਤ ਕਿਸੇ 'ਤੇ ਨਾ ਆਵੇ ਕਿ ਪੁੱਤਰ ਦੀ ਲਾਸ਼ ਦੇ ਸਿਰ 'ਤੇ ਸਿਹਰਾ ਬੰਨ੍ਹਣਾ ਪਵੇ :

ਪੁੱਤਰ ਦੀ ਲਾਸ਼ ਉੱਤੇ ਬੰਨ੍ਹਿਆ ਏ ਸਿਹਰਾ ਇੱਕ ਮਾਂ ਨੇ
ਰੱਬਾ ਜ਼ਰਾ ਦੱਸੀਂ ਇਹ ਦਸਤੂਰ ਕਿਹੜਾ ਹੋ ਗਿਆ ?

ਕਵੀ ਅਖਬਾਰਾਂ ਦੀ ਕਾਰਜ ਪ੍ਰਣਾਲੀ ਤੇ ਸਰਕਾਰੀ ਤੰਤਰ ਨੂੰ ਤਾਕੀਦ ਕਰਦਾ ਹੈ :

ਸੋਝੀ ਬਖਸ਼ੀਂ ਮਾਲਕਾ ਸਰਕਾਰਾਂ ਤੇ ਅਖਬਾਰਾਂ ਨੂੰ
ਪੰਜਾਬ ਦੀ ਧਰਤੀ 'ਤੇ ਇਹ ਫਤੂਰ ਜਿਹੜਾ ਹੋ ਗਿਆ।

'ਮਾਪੇ' ਕਵਿਤਾ ਵਿੱਚ ਸੁਖਦੀਪ ਨੇ ਮਾਤਾ-ਪਿਤਾ ਦੀ ਸਿਫਤ-ਸਲਾਹ ਕੀਤੀ ਹੈ, ਜਿਨ੍ਹਾਂ ਨੇ ਆਪਣੀ ਔਲਾਦ ਨੂੰ ਨਵੀਨ ਰਸਤਿਆਂ ਦੇ ਪਾਂਧੀ ਬਣਾਉਣ ਵਿੱਚ ਵਡਮੁੱਲਾ ਯੋਗਦਾਨ ਦਿੱਤਾ। ਮਾਤਾ-ਪਿਤਾ ਆਪਣਾ ਫਰਜ਼ ਨਿਭਾਉਂਦੇ ਹੋਏ ਔਲਾਦ ਦਾ ਹਰ ਪੱਖ ਤੋਂ ਖਿਆਲ ਰੱਖਦੇ, ਸਿੱਖਿਆ ਦਿਵਾਉਂਦੇ, ਜ਼ਰੂਰਤਾਂ ਪੂਰੀਆਂ ਕਰਦੇ ਪ੍ਰਸੰਨਚਿੱਤ ਹੁੰਦੇ। ਆਪ ਤੰਗੀਆਂ ਕੱਟ ਕੇ ਬੱਚਿਆਂ ਦਾ ਭਵਿੱਖ ਸੰਵਾਰਦੇ, ਇਹ ਕੰਮ ਸੌਖਾ ਨਹੀਂ ਹੁੰਦਾ, ਕਿਉਂਕਿ ਮਨੁੱਖੀ ਜੀਵਨ ਵਿੱਚ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਤਾ-ਪਿਤਾ ਦੇ ਕਹਿਣ ਤੋਂ ਬਾਹਰੇ ਨੌਜਵਾਨ ਭਟਕਦੇ ਹੋਏ ਅਨੈਤਿਕਤਾ ਵਿੱਚ ਗਲਤਾਨ ਹੋ ਜਾਂਦੇ ਹਨ, ਜਦਕਿ ਨੈਤਿਕ ਮੁੱਲਾਂ ਨਾਲ ਪ੍ਰਣਾਏ ਨੌਜਵਾਨ ਆਪਣੇ ਘਰ-ਪਰਵਾਰ ਤੋਂ ਬਹੁਤ ਕੁਝ ਸਿੱਖਦੇ ਹਨ। ਮਾਪਿਆਂ ਦੀ ਉਸਤਤ

ਪਹਿਲਾਂ ਦਿੱਤਾ ਜਨਮ ਮੈਨੂੰ
ਸੋਹਣਾ ਜਗਤ ਦਿਖਾ ਦਿੱਤਾ,
ਲਾਡ ਪਿਆਰ ਨਾਲ ਪਾਲਿਆ ਮੈਨੂੰ
ਗੱਭਰ ਜਿਹਾ ਬਣਾ ਦਿੱਤਾ।

ਪੁਲਵਾਮਾ ਹਮਲੇ ਦੀ ਘਟਨਾ ਇਤਿਹਾਸ ਵਿੱਚ ਦਰਜ ਹੈ। ਇਹ ਘਟਨਾ 14 ਫਰਵਰੀ 2019 ਵਿੱਚ ਵਾਪਰੀ ਸੀ। ਜੰਮੂ-ਸ੍ਰੀਨਗਰ ਹਾਈਵੇ ਉਤੇ ਸੀ ਆਰ ਪੀ ਐਫ ਦੇ ਕਾਫਲੇ 'ਤੇ ਆਤਮਘਾਤੀ ਅੱਤਵਾਦੀ ਹਮਲਾ ਹੋਇਆ। ਇਸ ਵਿੱਚ 40 ਜਵਾਨ ਸ਼ਹੀਦ ਹੋਏ। ਪਾਕਿਸਤਾਨੀ ਅੱਤਵਾਦੀ ਸੰਗਠਨ "ਜੈਸ਼ ਏ ਮੁਹੰਮਦ" ਨੇ ਪੁਲਵਾਮਾ ਜ਼ਿਲ੍ਹੇ ਦੇ ਆਵੰਤੀਪੋਰਾ ਨੇੜੇ ਲੇਥਪੁਰਾ ਇਲਾਕੇ 'ਚ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ। ਇਸ ਆਤਮਘਾਤੀ ਹਮਲੇ ਦੇ ਜਵਾਬ ਵਿੱਚ ਭਾਰਤ ਨੇ 26 ਫਰਵਰੀ 2019 ਨੂੰ ਬਾਲਾਕੋਟ ਏਅਰ ਸਟਰਾਈਕ ਕਰਕੇ ਜੈਸ਼ ਏ ਮੁਹੰਮਦ ਦੇ ਅੱਤਵਾਦੀਆਂ ਨੂੰ ਮਾਰ ਦਿੱਤਾ। ਸੁਖਦੀਪ ਸਿੱਧੂ ਦੀ ਕਵਿਤਾ 'ਸ਼ਹਾਦਤ' ਵਿੱਚ ਪੁਲਵਾਮਾ ਹਮਲੇ ਨੂੰ ਯਾਦ ਕਰਦਿਆਂ ਦੇਸ਼ ਦੇ ਬਹਾਦਰ ਸੈਨਿਕਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ।

ਇਸ ਘਟਨਾ ਦੀ ਨਿੰਦਾ ਅੰਤਰ-ਰਾਸ਼ਟਰੀ ਪੱਧਰ 'ਤੇ ਕੀਤੀ ਗਈ ਸੀ। ਪਾਕਿਸਤਾਨ ਦੀਆਂ ਸਰਹੱਦਾਂ ਰਾਹੀਂ ਅੱਤਵਾਦੀ ਭਾਰਤ ਦਾਖਲ ਹੋ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਇਨ੍ਹਾਂ ਹਮਲਾਵਰਾਂ ਦਾ ਅੱਤਵਾਦੀ ਕੈਂਪਾਂ ਵਿੱਚ ਬਰੇਨਵਾਸ਼ ਕਰਕੇ ਹੀ 'ਮਨੁੱਖੀ ਬੰਬ' ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਕਵੀ ਦੀ ਦ੍ਰਿਸ਼ਟੀ ਆਲੋਚਨਾਤਮਕ ਹੈ :

ਜਿਹੜੇ ਸਰਹੱਦ ਪਾਰੋਂ ਆਏ
ਉਨ੍ਹਾਂ ਖੱਟਿਆ ਹਰਾਮ
ਐਸੇ ਕੰਮ ਦਾ ਕੀ ਤੁਹਾਨੂੰ
ਮਿਲਣਾ ਸੀ ਇਨਾਮ।

ਸ਼ਹੀਦੇ-ਆਜ਼ਮ ਭਗਤ ਸਿੰਘ ਚਿੰਤਕ, ਵਿਦਵਾਨ ਸਨ। ਉਨ੍ਹਾ ਦਾ ਜੀਵਨ ਪੁਸਤਕਾਂ ਦੇ ਅਧਿਐਨ 'ਤੇ ਟੇਕ ਕਰਦਾ ਹੈ। ਉਨ੍ਹਾ ਆਜ਼ਾਦੀ ਪ੍ਰਾਪਤੀ ਲਈ ਨੌਜਵਾਨ ਵਰਗ ਨੂੰ ਲਾਮਬੱਧ ਕੀਤਾ। ਉਹ ਨੌਜਵਾਨਾਂ ਦੇ ਆਦਰਸ਼ ਸਨ, ਹੈ ਅਤੇ ਰਹਿਣਗੇ। ਉਨ੍ਹਾ ਦੇ ਵਿਚਾਰ ਸਾਮਰਾਜਵਾਦੀ ਸਿਸਟਮ ਵਿਰੁੱਧ ਆਜ਼ਾਦ ਮਨੁੱਖ ਦੀ ਪੈਰਵੀ ਕਰਦੇ ਹਨ। ਆਜ਼ਾਦ ਭਾਰਤ ਵਿੱਚ ਉਸ ਦੇ ਵਿਚਾਰਾਂ ਦੀ ਗੂੰਜ ਹੈ, ਭਾਵੇਂ ਕਿ ਸਰਕਾਰੀ ਸਿਸਟਮ ਨਹੀਂ ਚਾਹੁੰਦਾ ਕਿ ਕੋਈ ਹੱਕ, ਸੱਚ ਤੇ ਈਮਾਨ ਲਈ ਆਵਾਜ਼ ਉਠਾਏ।

ਸੁਖਦੀਪ ਦੀ ਕਵਿਤਾ 'ਬਾਣ ਦਾ ਮੰਜਾ' ਵਿੱਚ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਵਿੱਚ ਮੰਜੇ ਉਪਰ ਬੈਠੇ ਦੀ ਤਸਵੀਰਕਸ਼ੀ ਕੀਤੀ ਗਈ ਹੈ। ਉਸ ਦੇ ਹੱਥਾਂ ਤੇ ਪੈਰਾਂ ਵਿੱਚ ਬੇੜੀਆਂ ਹਨ, ਪਰ ਉਸ ਦੀ ਰੂਹਾਨੀਅਤ ਬੰਧਨ ਮੁਕਤ ਜੋ ਸਰਕਾਰੀ ਤੰਤਰ ਦੀਆਂ ਲੋਕ-ਮਾਰੂ ਨੀਤੀਆਂ ਦਾ ਵਿਰੋਧ ਕਰਦੀ ਹੈ। ਸਰੀਰਕ ਤੌਰ 'ਤੇ ਉਨ੍ਹਾ ਨੂੰ ਫਾਂਸੀ ਉਪਰ ਲਟਕਾਇਆ ਗਿਆ, ਪਰ ਉਸ ਦੀ ਵਿਚਾਰਧਾਰਾ ਸਦਾ ਨੌਜਵਾਨਾਂ ਵਿੱਚ ਕਾਇਮ ਰਹੇਗੀ। ਅੰਗਰੇਜ਼ੀ ਸਰਕਾਰ ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਬਹੁਤ ਡਰ ਗਈ, ਕਿਉਂਕਿ ਨੌਜਵਾਨ ਉਸ ਦੀ ਸੋਚ 'ਤੇ ਪਹਿਰਾ ਦੇਣ ਲਈ ਜੇਲ੍ਹ ਤੋਂ ਬਾਹਰ ਖੜ੍ਹੇ ਸਨ। ਕਵੀ ਦੱਸਦਾ ਹੈ :

ਉਹਦਾ ਚੋਰੀ ਚੋਰੀ ਹੋਇਆ ਸੰਸਕਾਰ ਲੋਥ ਦਾ,
ਪਰ ਚਾਨਣ ਹਮੇਸ਼ਾ ਰਹੂ ਕ੍ਰਾਂਤੀਕਾਰੀ ਜੋਤ ਦਾ।

ਸੁਖਦੀਪ ਸਿੱਧੂ ਦੇ ਕਾਵਿ ਸੰਗ੍ਰਹਿ 'ਬੰਬੇ ਵਿੱਚ ਪੰਜਾਬ' ਵਿੱਚ ਛੋਟੀਆਂ ਨਜ਼ਮਾਂ ਵੀ ਦਰਜ ਹਨ। ਇਨ੍ਹਾਂ ਛੋਟੀਆਂ ਨਜ਼ਮਾਂ ਵਿੱਚ ਵੱਡ-ਅਕਾਰੀ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ। ਸਿੱਧੂ ਦੋ ਸਤਰਾਂ ਵਿੱਚ ਹੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਬਾਰੇ ਜਾਣਕਾਰੀ ਦਿੰਦਾ ਹੈ :

ਸੇਵਾ ਕਰੋ ਪੰਜਾਬੀਓ
ਪੈਂਤੀ ਅੱਖਰੀ ਬਿਮਾਰ ਹੈ ।
ਸ਼ਬਦ ਸ਼ਕਤੀ ਦਾ ਚਿੱਤਰ :
ਸ਼ਬਦਾਂ ਦੇ ਵਾਰਾਂ ਨੂੰ
ਗਲਾ ਕਟਦੇ ਵੇਖਿਆ ਮੈਂ
ਕਵਿਤਾ ਦੀ ਸਿਰਜਣ ਪ੍ਰਕਿਰਿਆ :
ਕਵਿਤਾ
ਸੋਚਣ 'ਤੇ ਨ੍ਹੀ ਆਉਂਦੀ
ਇਹ ਫੁੱਟ ਪੈਂਦੀ ਹੈ
ਤੇ ਉਹੀ ਹਾਲ
ਮੁਹੱਬਤ ਦਾ ਹੈ।
ਇਸ਼ਕ ਹਯਾਤੀ ਦੀ ਹਕੀਕਤ ਬਾਰੇ ਚਿਤਰਨ ਜਾਂ ਤਸਵੀਰਕਸ਼ੀ :
ਇਸ਼ਕ ਦਾ ਬੂਟਾ ਝੋਨੇ ਵਾਂਗ ਹੈ
ਜੜ੍ਹਾਂ ਵਿੱਚ ਪਾਣੀ ਖੜ੍ਹਾ ਮੰਗਦਾ ਹੈ।

ਕਲਮ ਦੀ ਤਾਕਤ ਹਰ ਯੁੱਗ ਵਿੱਚ ਹੀ ਵਿਦਮਾਨ ਰਹੀ ਹੈ। ਕਲਮ ਦੀ ਤਾਕਤ ਦਾ ਜ਼ਿਕਰ :

ਬੇਧਕ ਕਲਮਾਂ ਜਦ ਲਿਖਦੀਆਂ ਹਨ
ਯੁੱਗ ਪਲਟਦੇ ਨੇ
ਵਿਗਿਆਨੀਆਂ ਨੂੰ ਪੁੱਛੋ
ਜੱਜਾਂ ਨੂੰ ਪੁੱਛੋ
ਕਵੀਆਂ ਤੇ ਪੱਤਰਕਾਰਾਂ ਨੂੰ ਪੁੱਛੋ।

ਹਰੇਕ ਵਰਗ ਦੇ ਪਾਠਕ ਲਈ ਸੁਖਦੀਪ ਸਿੱਧੂ ਦਾ ਕਾਵਿ ਸੰਗ੍ਰਹਿ ਵਾਚਣਯੋਗ ਹੈ, ਜਿਸ ਵਿੱਚ ਜੀਵਨ ਦੇ ਹਰੇਕ ਵਿਸ਼ੇ ਨੂੰ ਬਹੁਤ ਸਾਦਗੀ ਨਾਲ ਛੋਹਿਆ ਗਿਆ ਹੈ।

*# ਸੰਪਰਕ : 81465-42810*

ਸਫ਼ਾ 1 ਦੀ ਬਾਕੀ

## ਅਰੁੰਧਤੀ ਰਾਏ..

—ਸਾਨੂੰ ਜੇਲ੍ਹ ਤੋੜਨੀ ਪਵੇਗੀ! ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖ ਧਾਰਾ ਦਾ ਟੀ ਵੀ ਦੇਖਣਾ ਬੰਦ ਕਰਨਾ ਹੋਵੇਗਾ। ਇਸ ਵਿਚ ਮਨੋਰੰਜਨ ਚੈਨਲ ਵੀ ਸ਼ਾਮਲ ਹਨ। ਉਸ ਖ਼ੂਬਸੂਰਤ ਸ਼ਾਂਤੀ 'ਚ ਸਾਡਾ ਦਿਮਾਗ ਸਾਡੇ ਕੋਲ ਮੁੜ ਪਰਤ ਆਵੇਗਾ। ਸਾਡਾ ਆਈਕਿਊ ਪੱਧਰ ਵਧ ਜਾਵੇਗਾ।

**? ਆਧੁਨਿਕ ਮਨੁੱਖੀ ਇਤਿਹਾਸ ਵਿਚ ਰਾਸ਼ਟਰਵਾਦ ਹਮੇਸ਼ਾ ਹੀ ਇਕ ਬਹੁਤ ਹੀ ਗੰਭੀਰ ਰਾਜਨੀਤਕ ਪ੍ਰੋਜੈਕਟ ਰਿਹਾ ਹੈ। ਬਸਤੀਵਾਦ ਵਿਰੋਧੀ ਅੰਦੋਲਨਾਂ ਦੇ ਦੌਰ ਵਿਚ ਰਾਸ਼ਟਰਵਾਦ ਇਨਕਲਾਬੀ ਅਤੇ ਅਗਾਂਹਵਧੂ ਵਿਚਾਰ ਸੀ, ਪਰ ਉਸੇ ਦੌਰ 'ਚ ਇਸ ਦੀ ਵਰਤੋਂ ਫਾਸ਼ੀਵਾਦੀ ਅਤੇ ਸੱਤਾਵਾਦੀ ਨਿਜ਼ਾਮ ਨੂੰ ਕਾਨੂੰਨੀ ਬਣਾਉਣ ਤੇ ਲਾਗੂ ਕਰਨ ਅਤੇ ਲੋਕਾਂ ਨੂੰ ਨਸਲੀ ਰੂਪ 'ਚ ਕੁਚਲਣ ਲਈ ਕੀਤੀ ਗਈ। ਅਸੀਂ ਖ਼ੁਦ ਵੀ ਹੁਣ ਫਿਰਕੂ ਰਾਸ਼ਟਰਵਾਦ ਦੇ ਅਜਿਹੇ ਹੀ ਯਤਨ ਦੇਖ ਰਹੇ ਹਾਂ। ਇਹ ਦੋ-ਧਾਰੀ ਤਲਵਾਰ ਹੈ। ਤੁਸੀਂ ਇਸ ਵਰਤਾਰੇ ਨੂੰ ਕਿਵੇਂ ਦੇਖਦੇ ਹੋ।**

—ਰਾਸ਼ਟਰਵਾਦ ਮੂਰਖ਼ਾਂ ਲਈ ਹੈ ਜਾਂ ਵੱਧ ਤੋਂ ਵੱਧ ਖੇਡਾਂ ਦੇ ਮਾਮਲੇ 'ਚ ਚੰਗਾ ਹੈ। ਕੁਝ ਚੰਗਾ ਦਿਲਪ੍ਰਚਾਵਾ। ਬਾਕੀ ਦੇ ਬਾਰੇ 'ਚ ਅਸੀਂ ਇਕ ਅਜਿਹੇ ਸਮਾਜ ਵਿਚ ਰਹਿਣ ਦੀ ਕੋਸ਼ਿਸ਼ ਕਰਦੇ ਅਤੇ ਰਹਿੰਦੇ ਹਾਂ, ਜਿਸ ਵਿਚ ਇਸ ਨੂੰ ਲੈ ਕੇ ਸਲਾਹੁਣਯੋਗ ਅਤੇ ਭਿਆਨਕ ਚੀਜ਼ਾਂ ਹਨ। ਅਸੀਂ ਸਲਾਹੁਣਯੋਗ ਚੀਜ਼ਾਂ ਦਾ ਜਸ਼ਨ ਮਨਾਉਂਦੇ ਹਾਂ, ਭਿਆਨਕ ਚੀਜ਼ਾਂ ਨਾਲ ਲੜਦੇ ਹਾਂ। ਅਸੀਂ ਗੱਲਬਾਤ ਜਾਰੀ ਰੱਖਦੇ ਹਾਂ। ਮੇਰੇ ਲਈ ਸਾਰੀ ਲੜਾਈ ਮਹਾਨ ਪ੍ਰੇਮ ਤੋਂ ਪੈਦਾ ਹੁੰਦੀ ਹੈ। ਜਦ ਦਿੱਲੀ ਏਅਰਪੋਰਟ ਉੱਪਰ ਇਕ ਮਲਿਆਲੀ ਸੁਰੱਖਿਆ ਗਾਰਡ ਨੇ ਮੇਰੀ ਆਈ ਡੀ ਚੈੱਕ ਕਰਦੇ ਹੋਏ ਕਿਹਾ, "ਸਾਡੇ ਕੇਰਲ 'ਚ ਵੀ ਇਕ ਅਰੁੰਧਤੀ ਰਾਏ ਹੈ। ਹਮੇਸ਼ਾ ਪ੍ਰੇਸ਼ਾਨੀ 'ਚ ਰਹਿੰਦੀ ਹੈ" ਤਾਂ ਮੈਨੂੰ ਬਹੁਤ ਹਾਸਾ ਆਇਆ। ਉਸ ਨੂੰ ਪਤਾ ਨਹੀਂ ਲੱਗਿਆ ਕਿ ਉਹ ਮੈਂ ਹੀ ਹਾਂ। ਇਕ ਲੇਖਕ ਦੇ ਰੂਪ 'ਚ, ਮਨੁੱਖ ਹੀ ਇੱਕੋ-ਇਕ ਅਜਿਹੀ ਚੀਜ਼ ਨਹੀਂ ਹੈ, ਜਿਸ ਦੀ ਮੈਨੂੰ ਪ੍ਰਵਾਹ ਹੈ। ਮੇਰੀਆਂ ਕਿਤਾਬਾਂ ਜਾਨਵਰਾਂ, ਕੀੜਿਆਂ, ਨਦੀਆਂ, ਆਕਾਸ਼ ਅਤੇ ਪਹਾੜਾਂ ਨਾਲ ਭਰੀਆਂ ਪਈਆਂ ਹਨ। ਇਕ ਰਾਸ਼ਟਰਵਾਦੀ ਕੀੜੇ-ਮਕੌੜੇ ਜਾਂ ਝੰਡਾ ਲਹਿਰਾਉਂਦੇ ਬਘਿਆੜ ਦੀ ਕਲਪਨਾ ਕਰੋ। ਸਾਨੂੰ ਆਪਣੀ ਜ਼ਮੀਨ, ਆਪਣੀਆਂ ਨਦੀਆਂ ਅਤੇ ਪਹਾੜਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ...ਪਰ ਅਸੀਂ ਉਨ੍ਹਾਂ ਨੂੰ ਰਾਸ਼ਟਰਵਾਦ ਦੇ ਨਾਂਅ 'ਤੇ ਨਸ਼ਟ ਕਰ ਰਹੇ ਹਾਂ। ਝੰਡੇ ਕੱਪੜੇ ਦੇ ਟੋਟੇ ਹਨ, ਜਿਨ੍ਹਾਂ ਦੀ ਵਰਤੋਂ ਉਹ ਸਾਡੇ ਦਿਮਾਗ ਨੂੰ ਸੁੰਗੇੜਨ ਲਈ ਕਰਦੇ ਹਨ ਅਤੇ ਜਦ ਅਸੀਂ ਮਰ ਜਾਂਦੇ ਹਾਂ ਤਾਂ ਸਾਨੂੰ ਦਫ਼ਨਾਉਣ ਲਈ ਕਫ਼ਨ ਦੇ ਰੂਪ 'ਚ ਵਰਤਦੇ ਹਨ।

**? ਮੁੱਖ ਧਾਰਾ ਦਾ ਮੀਡੀਆ ਪੂਰੀ ਤਰ੍ਹਾਂ ਸਮਾਜ ਦੇ ਉੱਚ ਤਬਕੇ ਦੀ ਜ਼ਿੰਦਗੀ ਉੱਪਰ ਧਿਆਨ ਕੇਂਦਰਤ ਕਰ ਰਿਹਾ ਹੈ। ਬਹੁਗਿਣਤੀ ਲੋਕਾਂ ਦੀਆਂ ਜ਼ਿੰਦਗੀਆਂ, ਪੇਂਡੂ ਭਾਰਤ ਦੀਆਂ ਕਹਾਣੀਆਂ ਮੁੱਖ ਧਾਰਾ ਦੇ ਮੀਡੀਆ ਵਿਚ ਕਦੇ ਵੀ ਨਜ਼ਰ ਨਹੀਂ ਆਉਂਦੀਆਂ। ਇਹ ਅਜਿਹੀ ਦੁਨੀਆ ਹੈ, ਜਿੱਥੇ ਕਾਰਪੋਰੇਟ ਮੀਡੀਆ ਘਰਾਣਿਆਂ ਦੇ ਬਣਾਏ ਬਿਰਤਾਂਤ ਦਾ ਬੋਲਬਾਲਾ ਹੈ। ਇਸ ਉੱਪਰ ਕਾਬੂ ਪਾਉਣ ਲਈ ਤੁਹਾਡਾ ਕੋਈ ਵਿਹਾਰਕ ਸੁਝਾਅ।**

—ਮੁੱਖ ਧਾਰਾ ਮੀਡੀਆ ਦੀ ਏਨੀ ਆਲੋਚਨਾ ਹੋ ਚੁੱਕੀ ਹੈ ਕਿ ਉਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ। ਭਾਰਤ ਵਿਚ ਸਾਡੇ ਬਹੁਤ ਸਾਰੇ ਮੁੱਖ ਧਾਰਾ ਚੈਨਲ, ਜਿਨ੍ਹਾਂ ਦੀ ਭੂਮਿਕਾ ਉਸ ਮੁਲਕ (ਰਵਾਂਡਾ) 'ਚ ਹੋਏ ਕਤਲੇਆਮ ਤੋਂ ਪਹਿਲਾਂ ਰਵਾਂਡਾ ਰੇਡੀਓ ਵੱਲੋਂ ਨਿਭਾਈ ਭੂਮਿਕਾ ਦੇ ਤੁਲ ਹੈ, ਨੇ ਸਿਰਫ਼ ਭਾਰਤ ਵਿਚ ਫਾਸ਼ੀਵਾਦ ਦੀ ਆਮਦ 'ਚ ਹੀ ਮਦਦ ਨਹੀਂ ਕੀਤੀ, ਸਗੋਂ ਉਹ ਫਾਸ਼ੀਵਾਦੀ ਪ੍ਰੋਜੈਕਟ ਦਾ ਬੁਨਿਆਦੀ ਹਿੱਸਾ ਹਨ। ਕਿਸੇ ਨੂੰ ਉਨ੍ਹਾਂ ਨੂੰ ਸੈਂਸਰ ਕਰਨ ਦੀ ਲੋੜ ਨਹੀਂ ਸੀ, ਉਹ ਸਾਰੇ ਗੁੱਝੇ ਸੰਦੇਸ਼ਾਂ 'ਚ ਭਾਈਵਾਲ ਸਨ। ਕੁਝ ਐਂਕਰ ਕਪਤਾਨਾਂ ਵਾਂਗ ਹਨ, ਜੋ ਮੁਸਲਮਾਨਾਂ ਦੇ ਕਤਲ ਕਰਨ ਵਾਲੇ ਹਜੂਮ ਦਾ ਸੱਚਮੁੱਚ ਨਿਰਦੇਸ਼ਨ ਕਰ ਰਹੇ ਹਨ। ਇਹ ਮੁੱਖ ਤੌਰ 'ਤੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਝੂਠ ਦੀ ਵਜ੍ਹਾ ਕਰਕੇ ਹੈ ਕਿ ਉਮਰ ਖ਼ਾਲਿਦ, ਖ਼ਾਲਿਦ ਸੈਫ਼ੀ, ਗੁਲਿਫ਼ਸ਼ਾਂ ਵਰਗੇ ਲੋਕ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ। ਇਹ ਸਭ ਅਸੀਂ ਜਾਣਦੇ ਹਾਂ, ਪਰ ਇਸ ਬਾਰੇ ਕੀ ਕੀਤਾ ਜਾਵੇ ? ਜਿਵੇਂ ਮੈਂ ਕਿਹਾ ਹੈ ਕਿ ਇੱਥੇ ਢਾਂਚਾਗਤ ਸਮੱਸਿਆ ਹੈ, ਉਹ ਹੈ ਇਨ੍ਹਾਂ ਚੈਨਲਾਂ ਅਤੇ ਅਖ਼ਬਾਰਾਂ ਦੇ ਆਰਥਿਕ ਮਾਡਲ ਵਿਚ ਹਿੱਤਾਂ ਦਾ ਟਕਰਾਅ। ਉਨ੍ਹਾਂ 'ਚੋਂ ਕੁਝ ਦੀ ਮਾਲਕੀ ਸਿੱਧੇ ਰੂਪ 'ਚ ਅਡਾਨੀ ਅਤੇ ਰਿਲਾਇੰਸ ਵਰਗੀਆਂ ਕੰਪਨੀਆਂ ਕੋਲ ਹੈ, ਜਦਕਿ ਬਾਕੀਆਂ ਨੂੰ ਸਾਰਾ ਧਨ ਸਰਕਾਰੀ ਅਤੇ ਕਾਰਪੋਰੇਟ ਇਸ਼ਤਿਹਾਰਾਂ ਤੋਂ ਮਿਲਦਾ ਹੈ। ਇਹ ਸੈਂਕੜੇ ਹਜ਼ਾਰਾਂ ਕਰੋੜ ਰੁਪਏ ਨੂੰ ਪਹੁੰਚ ਜਾਂਦਾ ਹੈ। ਤਾਂ ਫਿਰ ਇਨ੍ਹਾਂ ਤੋਂ ਕੋਈ ਵੀ ਆਸ ਕਿਉਂ ਕੀਤੀ ਜਾਵੇ ? ਸਮੱਸਿਆ ਇਹ ਹੈ ਕਿ ਇਨ੍ਹਾਂ ਦਾ ਢਾਂਚਾ ਕਿਵੇਂ ਬਣਾਇਆ ਗਿਆ ਹੈ ਅਤੇ ਇਨ੍ਹਾਂ 'ਚ ਸਰਮਾਇਆ ਕਿਵੇਂ ਲਾਇਆ ਜਾਂਦਾ ਹੈ। ਸਾਨੂੰ ਕੁਝ ਟੀਵੀ ਚੈਨਲਾਂ ਅਤੇ ਅਖ਼ਬਾਰਾਂ ਲਈ ਅਜਿਹਾ ਮਾਡਲ ਬਣਾਉਣ ਦੀ ਜ਼ਰੂਰਤ ਹੈ, ਜਿੱਥੇ ਉਨ੍ਹਾਂ 'ਚ ਧਨ ਜਨਤਕ ਟਰੱਸਟ ਲਗਾਏ ਅਤੇ ਉਹ ਸੰਪਾਦਕੀ ਤੌਰ 'ਤੇ ਪੂਰੀ ਤਰ੍ਹਾਂ ਆਜ਼ਾਦ ਹੋਣ। ਉਹ ਰਾਜਨੀਤਕ ਪਾਰਟੀਆਂ ਅਤੇ ਕਾਰਪੋਰੇਸ਼ਨਾਂ ਦੇ ਪ੍ਰਭਾਵ ਹੇਠ ਆਉਣ ਵਾਲੇ ਨਾ ਹੋਣ।

**? ਅੰਤ 'ਚ, ਜਨਤਕ ਤੌਰ 'ਤੇ ਇਹ ਕਹਿਣ ਲਈ ਧਰੁਵ ਰਾਠੀ ਦੀ ਜ਼ਰੂਰਤ ਹੈ ਕਿ ਰਾਜਾ ਨੰਗਾ ਹੈ ਅਤੇ ਉਸ ਨੇ ਜੋ ਪ੍ਰਭਾਵ ਪੈਦਾ ਕੀਤਾ ਹੈ, ਉਹ ਬਹੁਤ ਵੱਡਾ ਹੈ। ਕੀ ਇਹ ਨਵੇਂ ਮੀਡੀਆ ਦੀ ਸੰਭਾਵਨਾ ਦਾ ਸੰਕੇਤ ਹੈ ? ਕੀ ਤੁਹਾਨੂੰ ਨਵੀਂ ਪੀੜ੍ਹੀ ਦੇ ਸੋਸ਼ਲ ਮੀਡੀਆ ਕਾਰਕੁਨਾਂ 'ਚ ਆਸ ਦੀ ਨਵੀਂ ਕਿਰਨ ਨਜ਼ਰ ਆਉਂਦੀ ਹੈ।**

—ਧਰੁਵ ਰਾਠੀ ਬਹੁਤ ਹੀ ਸ਼ਾਨਦਾਰ ਹੈ। ਹਿੰਦੀ ਭਾਸ਼ਾ ਦੇ ਹੋਰ ਯੂਟਿਊਬਰ ਵੀ ਹਨ, ਜੋ ਬਹੁਤ ਪ੍ਰੇਰਣਾਦਾਇਕ ਹਨ। ਉਹ ਸਪੱਸ਼ਟਵਾਦੀ, ਪੇਸ਼ੇਵਰ ਅਤੇ ਬਿਲਕੁਲ ਨਿਧੜਕ ਹਨ-ਬੇਸ਼ੱਕ ਰਵਿਸ਼ ਕੁਮਾਰ ਵੀ ਇਨ੍ਹਾਂ ਵਿਚ ਵੱਡਾ ਨਾਂਅ ਹੈ, ਪਰ ਨਾਲ ਹੀ ਪੁੰਨ ਪ੍ਰਸੂਨ ਬਾਜਪਾਈ, ਦੀਪਕ ਸ਼ਰਮਾ, ਨਵੀਨ ਕੁਮਾਰ, ਸੰਜੇ ਸ਼ਰਮਾ, 4 ਪੀ ਐੱਮ ਨਿਊਜ਼, ਸੱਤਿਆ ਹਿੰਦੀ ਨਿਊਜ਼ ਅਤੇ ਇਸ ਦੇ ਬਹੁਤ ਸਾਰੇ ਐਂਕਰ ਅਜਿਹੇ ਬਹੁਤ ਸਾਰੇ ਲੋਕ ਹਨ। ਇਨ੍ਹਾਂ ਵੱਲੋਂ ਆਪਣੇ ਸ਼ੋਅ ਅੱਪਲੋਡ ਕਰਨ 'ਤੇ ਉਨ੍ਹਾਂ ਦੇ ਦਰਸ਼ਕਾਂ ਦੀ ਗਿਣਤੀ ਕੁਝ ਮਿੰਟਾਂ 'ਚ ਹੀ ਸੈਂਕੜੇ ਹਜ਼ਾਰ ਅਤੇ ਕੁਝ ਘੰਟਿਆਂ 'ਚ ਹੀ ਲੱਖਾਂ ਨੂੰ ਪਹੁੰਚ ਜਾਂਦੀ ਹੈ। ਉਨ੍ਹਾਂ 'ਚੋਂ ਹਰੇਕ ਦਾ ਚੀਜ਼ਾਂ ਬਾਰੇ ਵੱਖਰਾ ਨਜ਼ਰੀਆ ਹੈ। ਉਹ ਦਰਅਸਲ ਇਕ ਵਰਤਾਰਾ ਹਨ। ਦੁਨੀਆ 'ਚ ਨਵਾਂ। ਮੈਂ ਉਨ੍ਹਾਂ ਨੂੰ ਨੇੜਿਓਂ ਫਾਲੋ ਕਰਦੀ ਹਾਂ। ਅਸੀਂ ਉਨ੍ਹਾਂ ਦੇ ਬਹੁਤ ਰਿਣੀ ਹਾਂ। ਮੈਨੂੰ ਉਨ੍ਹਾਂ 'ਤੇ ਵਾਕਈ ਮਾਣ ਹੈ।

*(ਇਹ ਇੰਟਰਵਿਊ ਪਹਿਲੀ ਵਾਰ ਮਲਿਆਲੀ ਭਾਸ਼ਾ 'ਚ ਹਫ਼ਤਾਵਾਰ ਦੇਸ਼ ਅਭਿਮਾਨੀ 'ਚ ਪ੍ਰਕਾਸ਼ਿਤ ਹੋਈ ਸੀ।)*

29-Sep-Sunday.qxd 9/28/2024 10:48 PM Page 2



# ਕਿਰਤੀ ਦੀਆਂ ਕਥਾਵਾਂ

ਹਰਵਿੰਦਰ ਭੰਡਾਲ

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥

ਗੁਰਬਾਣੀ ਦੀ ਇਹ ਤੁਕ ਗ਼ਦਰ ਲਹਿਰ ਤੇ ਕਿਰਤੀ ਲਹਿਰ ਦੇ ਰਿਸ਼ਤੇ ਉੱਤੇ ਐਨ ਢੁਕਦੀ ਹੈ। ਕਿਰਤੀ ਲਹਿਰ, ਗ਼ਦਰ ਲਹਿਰ ਤੋਂ ਪ੍ਰੇਰਿਤ, ਉਸੇ ਦੀ ਅਗਲੀ ਕੜੀ ਜਾਂ 'ਸਪੁਤ' ਸੀ। ਪਹਿਲੀ ਸੰਸਾਰ ਜੰਗ ਦੌਰਾਨ ਹਿੰਦੁਸਤਾਨ ਅੰਦਰ ਗ਼ਦਰ ਕਰਨ ਦੀ ਕੋਸ਼ਿਸ਼ ਅਸਫ਼ਲ ਰਹਿਣ ਪਿੱਛੋਂ ਵੀ ਗ਼ਦਰ ਲਹਿਰ ਦੀ ਹਸਤੀ ਮਿਟੀ ਨਹੀਂ ਸੀ। 1914-16 ਦਰਮਿਆਨ ਗ਼ਦਰ ਪਾਰਟੀ ਦੇ ਬਹੁਤ ਸਾਰੇ ਪਹਿਲੀ ਕਤਾਰ ਦੇ ਆਗੂ ਫਾਂਸੀਆਂ ਦੇ ਰੱਸੇ ਚੁੰਮ ਗਏ ਜਾਂ ਉਮਰ ਕੈਦ, ਕਾਲੇ ਪਾਣੀਆਂ ਦੀ ਸਜ਼ਾ ਭੁਗਤਦੇ ਮੁਲਕ ਤੋਂ ਜਲਾਵਤਨ ਕਰ ਦਿੱਤੇ ਗਏ। ਜੰਗ ਦੌਰਾਨ ਅਮਰੀਕਾ ਵੱਲੋਂ ਬਰਤਾਨੀਆ ਆਦਿ ਮੁਲਕਾਂ ਦੀ ਹਮਾਇਤ ਵਿੱਚ ਆ ਜਾਣ ਪਿੱਛੋਂ ਪਿੱਛੇ ਬਚੇ ਰਹਿ ਗਏ ਗਦਰੀਆਂ ਉੱਤੇ ਸਾਨ ਫਰਾਂਸਿਸਕੋ ਸਾਜ਼ਿਸ਼ ਕੇਸ ਚਲਾਇਆ ਗਿਆ। ਇਹਨਾਂ ਵਿੱਚੋਂ ਭਾਈ ਸੰਤੋਖ ਸਿੰਘ ਪ੍ਰਮੁੱਖ ਸਨ, ਜਿਹਨਾਂ ਨੂੰ ਸਜ਼ਾ ਸੁਣਾ ਕੇ ਜੇਲ੍ਹ ਵਿੱਚ ਸੁੱਟਿਆ ਗਿਆ। ਭਾਈ ਸੰਤੋਖ ਸਿੰਘ ਦੀ ਇਸ ਜੇਲ੍ਹ ਯਾਤਰਾ ਨੇ ਨਾ ਸਿਰਫ਼ ਉਹਨਾਂ ਦੇ, ਸਗੋਂ ਉਹਨਾਂ ਵਰਗੇ ਹੋਰ ਬਹੁਤ ਸਾਰੇ ਗ਼ਦਰੀਆਂ ਦੇ ਜੀਵਨ ਅਤੇ ਵਿਚਾਰਾਂ ਦੀ ਨੁਹਾਰ ਬਦਲ ਦਿੱਤੀ।

ਜੇਲ੍ਹ ਵਿੱਚ ਭਾਈ ਸੰਤੋਖ ਸਿੰਘ ਐਗਨਸ ਸਮੈਡਲੀ ਅਤੇ ਹੋਰ ਸਮਾਜਵਾਦੀ ਆਗੂਆਂ ਦੇ ਸੰਪਰਕ ਵਿੱਚ ਆਏ। ਗ਼ਦਰ ਪਾਰਟੀ ਦੀ ਜਮਹੂਰੀ ਇਨਕਲਾਬੀ ਸਮਝ ਦਾ ਜ਼ਰੂਰੀ ਤੱਤ ਸਾਂਝੀਵਾਲਤਾ ਦਾ ਸੀ। ਇਸ ਲਈ ਭਾਈ ਸੰਤੋਖ ਸਿੰਘ ਅਤੇ ਹੋਰ ਬਹੁਤ ਸਾਰੇ ਗ਼ਦਰੀ 1917 ਦੇ ਰੂਸੀ ਇਨਕਲਾਬ ਦੇ ਪ੍ਰਭਾਵ ਵਿੱਚ ਬਹੁਤ ਛੇਤੀ ਸਮਾਜਵਾਦੀ ਵਿਚਾਰਾਂ ਵੱਲ ਮੋੜਾ ਕੱਟ ਗਏ। ਜੇਲ੍ਹ ਵਿੱਚ ਭਾਈ ਸੰਤੋਖ ਸਿੰਘ ਨੇ ਬਹੁਤ ਸਾਰਾ ਮਾਰਕਸਵਾਦੀ ਤੇ ਕਮਿਊਨਿਸਟ ਸਾਹਿਤ ਪੜ੍ਹਿਆ ਤੇ ਉਹ ਝੱਟ ਇਸ ਦੇ ਕਾਇਲ ਹੋ ਗਏ।

1917 ਵਿੱਚ ਲੈਨਿਨ ਦੀ ਅਗਵਾਈ ਵਿੱਚ ਸੰਸਾਰ ਇਨਕਲਾਬ ਦੀ ਅਗਵਾਈ ਕਰਨ ਲਈ ਤੀਸਰੀ ਇੰਟਰਨੈਸ਼ਨਲ ਬਣਾਈ ਗਈ। 1922 ਵਿੱਚ ਅਮਰੀਕਾ ਦੀ ਗ਼ਦਰ ਪਾਰਟੀ ਅਤੇ ਤੀਸਰੀ ਇੰਟਰਨੈਸ਼ਨਲ ਦਰਮਿਆਨ ਸਿੱਧੇ ਸੰਪਰਕ ਪੈਦਾ ਹੋ ਗਏ। ਨਵੰਬਰ-ਦਸੰਬਰ 1922 ਵਿੱਚ ਹੋਣ ਵਾਲੀ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿੱਚ ਹਿੱਸਾ ਲੈਣ ਲਈ ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ ਮਾਸਕੋ ਪੁੱਜੇ। ਇਸ ਤੋਂ ਪਹਿਲਾਂ ਜੂਨ 1920 ਵਿੱਚ ਹੋਈ ਦੂਜੀ ਕਾਂਗਰਸ ਵਿੱਚ ਹੀ ਲੈਨਿਨ ਨੇ ਪੱਛੜੇ ਬਸਤੀਵਾਦੀ ਕਲੋਨੀ ਮੁਲਕਾਂ ਅੰਦਰ ਸਿਆਸੀ ਕੰਮ ਸੰਬੰਧੀ ਆਪਣਾ ਥੀਸਸ ਪੇਸ਼ ਕਰ ਦਿੱਤਾ ਸੀ। ਇਸੇ ਕਾਂਗਰਸ ਵਿੱਚ ਹੀ ਐੱਮ ਐੱਨ ਰਾਏ ਨੇ ਵੀ ਆਪਣਾ ਸਪਲੀਮੈਂਟਰੀ ਥੀਸਸ ਪੇਸ਼ ਕੀਤਾ ਸੀ। ਦੋਹਾਂ ਥੀਸਸਾਂ ਦੀ ਸੁਰ ਇੱਕ-ਦੂਜੇ ਤੋਂ ਵੱਖਰੀ ਹੋਣ ਦੇ ਬਾਵਜੂਦ, ਦੋਹਾਂ ਨੂੰ ਹੀ ਕਾਂਗਰਸ ਵੱਲੋਂ ਸਵੀਕਾਰ ਕੀਤਾ ਗਿਆ ਸੀ ਅਤੇ ਹਿੰਦੁਸਤਾਨ ਅੰਦਰ ਸਮਾਜਵਾਦੀ ਲਹਿਰ ਦੀ ਉਸਾਰੀ ਦੀ ਜ਼ਿੰਮੇਵਾਰੀ ਐੱਮ ਐੱਨ ਰਾਏ ਨੂੰ ਦੇ ਦਿੱਤੀ ਗਈ ਸੀ।

ਦੋ ਵਰ੍ਹੇ ਬਾਅਦ ਜਦੋਂ ਗਦਰੀ ਮਾਸਕੋ ਪਹੁੰਚੇ ਤਾਂ ਉਹਨਾਂ ਦੀ ਝੋਲੀ ਜਾਂ ਜ਼ਿਹਨ ਵਿੱਚ ਐੱਮ ਐੱਨ ਰਾਏ ਦਾ ਬਸਤੀਆਂ ਬਾਰੇ ਥੀਸਸ ਬਿਲਕੁਲ ਨਹੀਂ ਸੀ, ਜੋ ਦਾਅਵਾ ਕਰਦਾ ਸੀ ਕਿ ਹਿੰਦੁਸਤਾਨ ਜਿਹੇ ਬਸਤੀ ਮੁਲਕਾਂ ਅੰਦਰ ਸਮਾਜਵਾਦੀ ਇਨਕਲਾਬ ਕਰਨ ਲਈ ਹਾਲਾਤ ਬਿਲਕੁਲ ਸਾਜ਼ਗਾਰ ਹਨ। ਸੋਵੀਅਤ ਯੂਨੀਅਨ ਦੀ ਪੂਰਬੀ ਯੂਨੀਵਰਸਿਟੀ ਵਿੱਚ ਮਾਰਕਸਵਾਦ ਦੀ ਤਾਲੀਮ ਹਾਸਲ ਕਰਨ ਪਿੱਛੋਂ ਉਹ ਹਿੰਦੁਸਤਾਨ ਵੱਲ ਚੱਲ ਪਏ। ਭਾਈ ਰਤਨ ਸਿੰਘ ਨੇ ਕਾਬੁਲ ਵਿੱਚ ਗ਼ਦਰੀ ਅੱਡਾ ਕਾਇਮ ਕੀਤਾ ਪਰ ਭਾਈ ਸੰਤੋਖ ਸਿੰਘ ਹਿੰਦੁਸਤਾਨ ਆ ਗਏ, ਜਿੱਥੇ ਉਹਨਾਂ ਨੂੰ ਹਕੂਮਤ ਨੇ ਗ੍ਰਿਫ਼ਤਾਰ ਕਰ ਲਿਆ। ਸਪੱਸ਼ਟ ਹੈ ਕਿ ਉਹ ਆਪਣੇ ਨਾਲ ਐੱਮ ਐੱਨ ਰਾਏ ਦੀ ਨਹੀਂ, ਲੈਨਿਨ ਦੀ ਸੇਧ ਲੈ ਕੇ ਆਏ ਸਨ, ਜਿਸ ਅਨੁਸਾਰ ਪੱਛੜੇ ਬਸਤੀ ਮੁਲਕਾਂ ਅੰਦਰ ਚੱਲ ਰਹੀਆਂ ਕੌਮੀ ਲਹਿਰਾਂ ਅੰਦਰ ਰਲ-ਮਿਲ ਕੰਮ ਕਰਕੇ ਹੀ ਕੌਮੀ ਮੁਕਤੀ ਅਤੇ ਫਿਰ ਇਨਕਲਾਬ ਵੱਲ ਵਧਿਆ ਜਾ ਸਕਦਾ ਸੀ।

ਰਿਹਾਈ ਪਿੱਛੋਂ ਜਦੋਂ ਉਹਨਾਂ ਨਵੇਂ ਪਰਚੇ 'ਕਿਰਤੀ' ਦਾ ਪਲੇਠਾ ਅੰਕ ਫਰਵਰੀ 1926 ਵਿੱਚ ਕੱਢਿਆ ਤਾਂ ਇਸ ਦਾ ਮੈਟਰ ਅਤੇ ਇਸ ਨਾਲ ਜੁੜੇ ਵਿਅਕਤੀਆਂ ਦਾ ਵੇਰਵਾ ਹੀ ਸਪੱਸ਼ਟ ਕਰਦਾ ਸੀ ਕਿ 'ਕਿਰਤੀ' ਮੁਲਕ ਅੰਦਰ ਆਪਣੀ ਕਿਹੋ ਜਿਹੀ ਭੂਮਿਕਾ ਤਸੱਵੁਰ ਕਰ ਰਿਹਾ ਸੀ। 'ਕਿਰਤੀ' ਦੀ ਇਸ ਭੂਮਿਕਾ ਪਿੱਛੇ ਭਾਈ ਸੰਤੋਖ ਸਿੰਘ ਦਾ ਚਿੰਤਨ ਸੀ, ਜੋ ਸਾਂਝੀਵਾਲਤਾ ਦੇ ਸੰਕਲਪ ਅੰਦਰ ਮੁਲਕ ਦੇ ਆਪਣੇ ਸੱਭਿਆਚਾਰਕ ਪ੍ਰਸੰਗਾਂ ਨੂੰ ਵੀ ਸੰਜੋਅ ਕੇ ਰੱਖਦਾ ਸੀ। ਬਦਕਿਸਮਤੀ ਨਾਲ ਛੇਤੀ ਹੀ ਭਾਈ ਸੰਤੋਖ ਸਿੰਘ ਦੀ ਮੌਤ ਹੋ ਗਈ। ਉਹਨਾਂ ਦੀ ਮੌਤ ਪਿੱਛੋਂ ਵੀ 'ਕਿਰਤੀ' ਦਾ ਸਫ਼ਰ ਜਾਰੀ ਰਿਹਾ। 'ਕਿਰਤੀ' ਦਾ ਇਹ ਪਹਿਲਾ ਪੜਾਅ ਨਵੰਬਰ 1930 ਤੱਕ ਜਾਰੀ ਰਿਹਾ। ਇਹੀ ਉਹ ਪੜਾਅ ਹੈ, ਜੋ ਸਭ ਤੋਂ ਵੱਧ ਬੱਝਵੇਂ ਰੂਪ ਵਿੱਚ ਕਿਰਤੀ ਲਹਿਰ ਨੂੰ ਗ਼ਦਰ ਲਹਿਰ ਤੋਂ ਮਿਲੇ ਬੇਟਨ ਨਾਲ ਜੋੜਦਾ ਹੈ।

ਭਾਈ ਸੰਤੋਖ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ 'ਕਿਰਤੀ' ਵਿੱਚ ਛਪਣ ਵਾਲੇ ਮੈਟਰ ਦੇ 6 ਖਾਤੇ ਤਿਆਰ ਕੀਤੇ ਸਨ। ਇਹ ਖਾਤੇ ਸਨ : ਖਾਤਾ ਕਿਰਤੀ, ਖਾਤਾ ਵਰਤਮਾਨ ਹਿੰਦੁਸਤਾਨ, ਖਾਤਾ ਵਰਤਮਾਨ ਜਗਤ, ਖਾਤਾ ਇਤਿਹਾਸ, ਖਾਤਾ ਟਿੱਪਣੀਆਂ ਤੇ ਖਾਤਾ ਮਿਸ਼ਰਤ। ਸੰਭਾਵਤ ਰੂਪ ਵਿੱਚ 'ਕਿਰਤੀ' ਵਿੱਚ ਛਪਣ ਵਾਲੀਆਂ ਕਥਾਵਾਂ ਅਤੇ ਕਵਿਤਾਵਾਂ ਖਾਤਾ ਮਿਸ਼ਰਤ ਅਧੀਨ ਛਾਪੀਆਂ ਜਾਂਦੀਆਂ ਸਨ। ਇਸ ਕਿਤਾਬ ਵਿੱਚ ਸੰਪਾਦਤ ਕਥਾਵਾਂ ਤੋਂ ਇਲਾਵਾ ਵੀ ਕੁਝ ਕਥਾਵਾਂ ਪਰਚੇ ਵਿੱਚ ਲਗਾਤਾਰ ਛਪੀਆਂ। ਇਹ ਕਥਾਵਾਂ ਖਾਤਾ ਇਤਿਹਾਸ ਦਾ ਹਿੱਸਾ ਸਨ। ਇਸ ਖਾਤੇ ਵਿੱਚ ਗ਼ਦਰੀ ਸ਼ਹੀਦਾਂ ਦੀਆਂ ਜੀਵਨੀਆਂ ਛਾਪੀਆਂ ਜਾਂਦੀਆਂ ਸਨ। ਇਹੀ ਬਾਬਾਣੀਆ ਕਹਾਣੀਆ ਸਨ। ਪੁਰਖਿਆਂ ਦੀਆਂ ਇਹ ਕਹਾਣੀਆਂ ਇਸੇ ਲਈ ਛਾਪੀਆਂ ਜਾਂਦੀਆਂ ਸਨ ਤਾਂ ਜੋ ਇਹਨਾਂ ਨੂੰ ਪੜ੍ਹ ਅਗਲੀ ਨਸਲ ਦੇ ਪੁਤ ਸਪੁਤ ਹੋ ਸਕਣ।

'ਕਿਰਤੀ' ਵਿੱਚ ਛਪੀਆਂ ਕਥਾਵਾਂ ਨੂੰ ਸੁਚੇਤ ਹੋ ਕੇ ਕਥਾਵਾਂ ਕਿਹਾ ਜਾ ਰਿਹਾ ਹੈ, ਕਹਾਣੀਆਂ ਨਹੀਂ। ਕਹਾਣੀ ਸ਼ਬਦ ਉਸ ਸਾਹਿਤਕ ਸਿਨਫ਼ ਵੱਲ ਇਸ਼ਾਰਾ ਕਰਦਾ ਹੈ, ਜਿਸ ਨੂੰ ਹੁਨਰੀ ਕਹਾਣੀ ਜਾਂ ਨਿੱਕੀ ਕਹਾਣੀ ਵੀ ਕਿਹਾ ਜਾਂਦਾ ਹੈ। ਸਾਹਿਤਕ ਕਿਰਤ ਦਾ ਮੁਲਾਂਕਣ ਕਰਨ ਲਈ ਸਾਹਿਤਕ ਮਾਪ-ਦੰਡ ਹੁੰਦੇ ਹਨ। ਇਹ ਕਿਰਤ ਆਪਣੀ ਸਾਹਿਤਕਤਾ ਕਾਰਨ ਵਿਸ਼ੇਸ਼ ਹੁੰਦੀ ਹੈ। ਸਾਹਿਤਕਤਾ ਕਿਸੇ ਸਥਿਤੀ, ਘਟਨਾ ਜਾਂ ਪਾਤਰ ਦੇ ਅਨੁਭਵ ਨੂੰ ਨਵੇਂ ਅਰਥਾਂ ਵਿੱਚੋਂ ਦੇਖਣ ਦੀ ਕਿਰਿਆ ਵਿੱਚੋਂ ਉਪਜਦੀ ਹੈ। ਇਹ ਪਾਠਕ ਅੰਦਰ ਜ਼ਿੰਦਗੀ ਦੀ ਅਜਿਹੀ ਨਵੀਂ ਸੰਵੇਦਨਾ ਉਪਜਾਉਂਦੀ ਹੈ, ਜਿਸ ਦੀ ਪਹਿਲਾਂ ਹੋਂਦ ਨਹੀਂ ਹੁੰਦੀ। ਇਹਨਾਂ ਅਰਥਾਂ ਵਿੱਚ ਹੀ ਇਹ ਸਿਰਜਣਾਤਮਕ ਅਤੇ ਮੌਲਿਕ ਹੁੰਦੀ ਹੈ।

ਕਿਰਤੀ ਦੇ ਸੰਪਾਦਕ ਇਹਨਾਂ ਕਥਾਵਾਂ ਨੂੰ ਇਹਨਾਂ ਦੇ ਸਾਹਿਤਕ ਮੁੱਲ ਕਾਰਨ ਪ੍ਰਕਾਸ਼ਤ ਨਹੀਂ ਸੀ ਕਰ ਰਹੇ। ਇਹਨਾਂ ਨੂੰ ਪ੍ਰਕਾਸ਼ਤ ਕਰਨ ਦਾ ਮੰਤਵ ਵੀ ਉਹੀ ਸੀ, ਜਿਸ ਕਾਰਨ ਸ਼ਹੀਦੀ ਜੀਵਨੀਆਂ ਛਾਪੀਆਂ ਜਾ ਰਹੀਆਂ ਸਨ। ਸ਼ਹੀਦੀ ਜੀਵਨੀਆਂ ਛਾਪਣ ਦਾ ਮੰਤਵ ਪਾਠਕਾਂ ਦੀ ਸਾਂਝ ਬੀਤੇ ਵਿੱਚ ਹੋਏ-ਵਾਪਰੇ ਨਾਲ ਪਵਾਉਣਾ ਸੀ। ਅਸਲ ਵਿਅਕਤੀਆਂ ਦੇ ਜੀਵਨ ਬਿਰਤਾਂਤ ਹੋਣ ਕਾਰਨ ਉਹ ਜੀਵਨੀਆਂ ਇਤਿਹਾਸ ਦੇ ਮੁਢਲੇ ਸਰੋਤ ਹਨ। ਜਿਵੇਂ ਉਹਨਾਂ ਬਾਰੇ ਉਹਨਾਂ ਦੇ ਬਹੁਤ ਨੇੜਲੇ ਸਾਥੀਆਂ ਨੇ ਬਿਆਨ ਕੀਤਾ। ਸੰਪਾਦਕ ਆਸ ਕਰਦੇ ਸਨ ਕਿ ਇਹ 'ਬਾਬਾਣੀਆਂ ਕਹਾਣੀਆਂ' ਪੜ੍ਹ ਕੇ ਪਾਠਕ ਵੀ ਇਹਨਾਂ ਤੋਂ ਪ੍ਰੇਰਨਾ ਲੈਂਦਿਆਂ ਆਪਣੀ ਗੁਲਾਮੀ ਦਾ ਅਹਿਸਾਸ ਕਰਨਗੇ ਤੇ ਚੱਲ ਰਹੇ ਅਜ਼ਾਦੀ ਸੰਗਰਾਮ ਦਾ ਹਿੱਸਾ ਬਣਨਗੇ। 'ਕਿਰਤੀ' ਵਿਚਲੀਆਂ ਕਥਾਵਾਂ ਵੀ ਪਾਠਕਾਂ ਨੂੰ ਕੁਝ ਇਸੇ ਤਰ੍ਹਾਂ ਪ੍ਰੇਰਤ ਕਰਨ ਲਈ ਸਨ। ਇਹ ਕਹਾਣੀਆਂ ਸਾਹਿਤਕ ਮੁੱਲਾਂ ਕਾਰਨ ਨਹੀਂ ਸੀ ਛਾਪੀਆਂ ਜਾ ਰਹੀਆਂ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਇਹਨਾਂ ਦਾ ਕੋਈ ਸਾਹਿਤਕ ਮੁੱਲ ਨਹੀਂ ਹੈ।







ਕਥਾਵਾਂ ਪ੍ਰਾਚੀਨ ਇਤਿਹਾਸਕਾਲ ਤੋਂ ਹੀ ਮਨੁੱਖੀ ਸਮਾਜਾਂ ਵਿੱਚ ਆਪਣੀ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ। ਪੁਰਾਤਨ ਕਾਲ ਦੇ ਮਨੁੱਖ ਕੋਲ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰਨ ਦਾ ਸਾਧਨ ਇਹ ਕਥਾਵਾਂ ਹੀ ਸਨ। ਭਾਰਤ ਅੰਦਰ ਸਭ ਤੋਂ ਪੁਰਾਣੇ ਵੇਦ ਤੋਂ ਸ਼ੁਰੂ ਹੋ ਕੇ ਉਪਨਿਸ਼ਦ, ਪੁਰਾਣ, ਜਾਤਕ ਕਥਾਵਾਂ, ਪੰਚਤੰਤਰ ਆਦਿ ਸਭ ਵਿੱਚ ਕਥਾਵਾਂ ਰਾਹੀਂ ਹੀ ਪਾਠਕਾਂ/ਸਰੋਤਿਆਂ ਨੂੰ ਵਿਚਾਰਧਾਰਕ ਅਤੇ ਨੈਤਿਕ ਪਾਠ ਪੜ੍ਹਾਏ ਜਾਂਦੇ ਸਨ। ਕਥਾਵਾਂ ਰਾਹੀਂ ਸਰੋਤਿਆਂ ਤੱਕ ਵਿਸ਼ੇਸ਼ ਅਨੁਭਵ ਪਹੁੰਚਾਏ ਜਾਂਦੇ ਸਨ। ਇਹਨਾਂ ਅਨੁਭਵਾਂ ਨੂੰ ਜਾਨਣ ਦਾ ਸਿੱਟਾ ਗਿਆਨ ਪ੍ਰਾਪਤ ਕਰਨਾ ਸਮਝਿਆ ਜਾਂਦਾ ਸੀ। ਆਸ ਕੀਤੀ ਜਾਂਦੀ ਸੀ ਕਿ ਕਥਾਵਾਂ ਰਾਹੀਂ ਸਰੋਤਿਆਂ ਨੂੰ ਸਿਆਣਪ ਅਤੇ ਗਿਆਨ ਤੱਕ ਪਹੁੰਚਾਇਆ ਜਾ ਸਕਦਾ ਹੈ। ਆਧੁਨਿਕ ਵਿਗਿਆਨਕ ਯੁੱਗ ਵਿੱਚ ਇਹ ਕਾਰਜ ਗਣਿਤ ਦੀਆਂ ਸਮੀਕਰਣਾਂ ਕਰ ਰਹੀਆਂ ਹਨ।

ਇਸੇ ਲਈ 'ਕਿਰਤੀ' ਵਿੱਚ ਛਾਪਣ ਲਈ ਕਥਾਵਾਂ ਦੀ ਚੋਣ ਬਹੁਤ ਬਾਰੀਕਬੀਨੀ ਨਾਲ ਕੀਤੀ ਦਿਸਦੀ ਹੈ। ਇਹਨਾਂ ਕਥਾਵਾਂ ਦੇ ਪਾਤਰ ਸਧਾਰਨ ਨਹੀਂ ਹਨ। ਵਧੇਰੇ ਗਿਣਤੀ ਵਿੱਚ ਇਹ ਪਾਤਰ ਪੱਕੇ ਇਨਕਲਾਬੀ ਹਨ, ਜੋ ਅਜ਼ਾਦੀ ਲਈ ਜੂਝਦੇ ਮਰਦੇ ਹਨ। ਉਹ ਮੁੱਖ-ਧਾਰਾਈ ਅਜ਼ਾਦੀ ਲਹਿਰ ਦਾ ਹਿੱਸਾ ਹੋਣ ਦੀ ਬਜਾਏ, ਲਹਿਰ ਦਾ ਇਨਕਲਾਬੀ ਹਿੱਸਾ ਹਨ, ਜੋ ਅਜ਼ਾਦੀ ਲਈ ਹਥਿਆਰਬੰਦ ਜੱਦੋਜਹਿਦ ਕਰ ਰਿਹਾ ਹੈ। ਰੂਸੀ ਇਨਕਲਾਬ ਦਾ ਅਸਰ ਕਥਾਵਾਂ ਦੀ ਚੋਣ ਉੱਤੇ ਸਾਫ਼ ਦੇਖਿਆ ਜਾ ਸਕਦਾ ਹੈ। ਇਹਨਾਂ ਕਥਾਵਾਂ ਵਿੱਚੋਂ ਬਹੁਤ ਸਾਰੀਆਂ ਰੂਸੀ ਇਨਕਲਾਬੀਆਂ ਦੇ ਜ਼ਾਰਸ਼ਾਹੀ ਹਕੂਮਤ ਵਿਰੁੱਧ ਸੰਘਰਸ਼ ਨੂੰ ਦਿਖਾਉਂਦੀਆਂ ਹਨ। ਇਨਕਲਾਬੀ ਆਪਣੇ ਐਕਸ਼ਨ ਕਰਦਿਆਂ ਹੱਸ-ਹੱਸ ਕੇ ਮਰਨ ਲਈ ਤਿਆਰ ਦਿਸਦੇ ਹਨ। ਉਹ ਆਪਣੇ ਜੀਵਨ, ਆਪਣੇ ਸਾਹਾਂ ਨੂੰ ਆਪਣੇ ਮਕਸਦ ਦੀ ਪੂਰਤੀ ਲਈ ਕੁਰਬਾਨ ਕਰਨ ਲਈ ਤਿਆਰ ਹਨ। ਉਹਨਾਂ ਦਾ ਰਾਹ ਕਰੜਾ ਸਿਆਸੀ ਰਾਹ ਹੈ, ਜਿਸ ਦੇ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਬਣ ਸਕਦਾ। ਇਸੇ ਲਈ ਜੇ ਇਨਕਲਾਬੀ ਦੀ ਆਪਣੀ ਪਿਆਰੀ ਪੁੱਤਰੀ ਵੀ ਆਪਣੇ ਇਨਕਲਾਬੀ ਰਾਹ ਤੋਂ ਥਿੜਕਦੀ ਹੈ ਤਾਂ ਉਸ ਦੀ ਸਜ਼ਾ ਵੀ ਮੌਤ ਹੀ ਹੈ। ਇਨਕਲਾਬੀ ਮਕਸਦ ਹਰ ਤਰ੍ਹਾਂ ਦੇ ਰਿਸ਼ਤਿਆਂ, ਭਾਵਨਾਵਾਂ ਤੋਂ ਬਹੁਤ ਉੱਚਾ ਹੈ। ਇਹ ਕਥਾਵਾਂ ਇਨਕਲਾਬੀ ਆਦਰਸ਼ਾਂ ਦੀ ਉਚਾਈ ਔਸਤ ਤੋਂ ਬਹੁਤ ਅਧਿਕ ਰੱਖਦੀਆਂ ਹਨ। ਏਨੀ ਉੱਚੀ ਛਾਲ ਹਰ ਕੋਈ ਨਹੀਂ ਮਾਰ ਸਕਦਾ, ਪਰ ਕਥਾਵਾਂ ਪਾਠਕਾਂ ਨੂੰ ਇਹ ਛਾਲ ਮਾਰਨ ਲਈ ਉਕਸਾਉਂਦੀਆਂ/ ਪ੍ਰੇਰਦੀਆਂ ਹਨ।

ਅਜ਼ਾਦੀ ਅਤੇ ਮੌਤ 'ਕਿਰਤੀ' ਦੀਆਂ ਕਥਾਵਾਂ ਦੇ ਮੁੱਖ ਸੂਤਰ ਹਨ। 'ਕਿਰਤੀ' ਪਰਚੇ ਦਾ ਮਕਸਦ ਹੀ ਮੁਲਕ ਦੇ ਕਿਰਤੀਆਂ ਨੂੰ ਅਜ਼ਾਦੀ ਲਈ ਤਿਆਰ ਕਰਨਾ ਸੀ। ਇਸ ਲਈ ਅਜ਼ਾਦੀ ਦੇ ਅਰਥ ਅਤੇ ਇਸ ਦੀ ਕੀਮਤ ਇਹਨਾਂ ਕਥਾਵਾਂ ਵਿੱਚ ਵਾਰ-ਵਾਰ ਦੱਸੀ ਗਈ ਹੈ। ਮਈ 1926 ਦੇ ਅੰਕ ਵਿੱਚ 'ਸਵਤੰਤਰਤਾ ਦੀ ਕਦਰ' ਕਥਾ ਵਿੱਚ ਭੇਡੂ ਆਪਣੀ ਸੁਤੰਤਰਤਾ ਲਈ ਆਪਣੀ ਜਾਨ ਵੀ ਦਾਅ ਉੱਤੇ ਲਾ ਦਿੰਦਾ ਹੈ, ਪ੍ਰੰਤੂ ਭੋਲੂ ਦੀ ਗੁਲਾਮੀ ਹੇਠ ਜੀਵਨ ਦੀ ਸੁਰੱਖਿਅਤਾ ਮਾਨਣ ਲਈ ਤਿਆਰ ਨਹੀਂ। ਕਥਾ ਵਿੱਚ ਪਹਿਲਵਾਨ ਭੇਡੂ ਅਤੇ ਪਹਾੜੀ ਭੇਡੂ ਸਭ ਉਹਨਾਂ ਦੇਸ਼ ਭਗਤਾਂ ਦੇ ਪ੍ਰਤੀਕ ਹਨ, ਜੋ ਹੁਣ ਤੋਂ ਪਹਿਲਾਂ ਅਜ਼ਾਦੀ ਲਈ ਜਾਨ ਵਾਰ ਚੁੱਕੇ ਹਨ। ਇਸੇ ਤਰ੍ਹਾਂ ਭਾਈ ਸਵਤੰਤਰ ਸਿੰਘ ਜੀ ਬੀ.ਏ. ਦੇ ਨਾਂਅ ਹੇਠ ਛਪੀ ਕਥਾ 'ਸ਼ਹੀਦ ਦਾ ਵਾਰਸ' ਵਿੱਚ ਦਰਸ਼ਨ ਸਿੰਘ ਆਪਣੀ ਮਾਂ ਪਾਸੋਂ ਆਪਣੇ ਪਿਤਾ ਦੇ ਸ਼ਹੀਦ ਹੋਣ ਬਾਰੇ ਪੁੱਛਦਾ ਹੈ ਤਾਂ ਮਾਂ ਦੱਸਦੀ ਹੈ, "ਬੱਚਾ, ਤੇਰਾ ਪਿਤਾ ਅਮਰੀਕਾ ਵਰਗੇ ਅਜ਼ਾਦ ਦੇਸ਼ ਵੇਖ ਆਇਆ ਸੀ, ਉਸ ਦੇ ਦਿਲ ਵਿਚ ਆਜ਼ਾਦੀ ਘਰ ਕਰ ਗਈ ਸੀ। ਜਦ ਉਹ ਆਪਣੇ ਦੇਸ਼ ਨੂੰ ਗੁਲਾਮੀ ਵਿਚ ਜਕੜਿਆ ਹੋਇਆ ਵੇਖਦਾ ਤਾਂ ਆਪਣੇ-ਆਪ ਤੋਂ ਬਾਹਰ ਹੋ ਕੇ ਘਿਗਆਈ ਅਵਾਜ਼ ਨਾਲ ਆਖਿਆ ਕਰਦਾ ਸੀ: 'ਏਸ ਜੀਉਣ ਨਾਲੋਂ ਮੌਤ ਹਜ਼ਾਰ ਦਰਜੇ ਚੰਗੀ ਹੈ।'

'ਕਿਰਤੀ' ਪਰਚੇ ਅੰਦਰ ਸੰਸਾਰ ਭਰ ਵਿਚ ਚੱਲ ਰਹੀਆਂ ਅਜ਼ਾਦੀ ਲਹਿਰਾਂ ਦਾ ਜ਼ਿਕਰ ਹੁੰਦਾ ਸੀ ਅਤੇ ਉਹਨਾਂ ਉੱਤੇ ਸੰਪਾਦਕੀ ਟਿੱਪਣੀਆਂ ਕੀਤੀਆਂ ਜਾਂਦੀਆਂ ਸਨ, ਪਰ ਕਥਾਵਾਂ ਦੇ ਆਪਣੇ ਖਾਸ ਪ੍ਰਭਾਵ ਕਾਰਨ ਆਇਰਲੈਂਡ ਦੀ ਅਜ਼ਾਦੀ ਦੀ ਜੰਗ ਬਾਰੇ ਮਿਲਾਰਨ ਪਿੰਡ ਦੇ ਆਲੇ-ਦੁਆਲੇ ਦੀਆਂ ਘਟਨਾਵਾਂ ਉੱਤੇ ਅਧਾਰਤ ਨਾਵਲੀ ਪੱਧਰ ਦੀਆਂ ਕਥਾਵਾਂ ਪਰਚੇ ਵਿਚ ਲੜੀਵਾਰ ਛਾਪੀਆਂ ਗਈਆਂ ਸਨ। ਇਹਨਾਂ ਦਾ ਅਨੁਵਾਦ ਭਾਈ ਤਾਰਾ ਸਿੰਘ ਮੌਜੀ ਨੇ ਕੀਤਾ ਸੀ। ਮੂਲ ਲਿਖਤ ਦਾ ਸਰੋਤ ਅਤੇ ਲੇਖਕ ਦਾ ਜ਼ਿਕਰ ਨਹੀਂ ਹੈ। ਕੁਝ ਕਿਸ਼ਤਾਂ ਛਪਣ ਤੋਂ ਬਾਅਦ ਲਿਖਤ ਰਹਿੰਦੀ ਵੀ ਅਧੂਰੀ ਹੀ ਹੈ, ਪਰ ਛਪਿਆ ਹਿੱਸਾ ਬੇਹੱਦ ਦਿਲਚਸਪ ਹੈ, ਜੋ ਇੱਕ ਸਧਾਰਨ ਪਿੰਡ ਵਿੱਚ ਸਧਾਰਨ ਲੋਕਾਂ ਦੇ ਹੌਲੀ-ਹੌਲੀ ਬਾਗੀਆਂ ਵਿੱਚ ਵਟਦੇ ਜਾਣ ਦੀ ਕਥਾ ਕਹਿੰਦਾ ਹੈ। 'ਕਿਰਤੀ' ਇਹ ਕਥਾ ਛਾਪ ਕੇ ਆਪਣੇ ਲੋਕਾਂ ਤੱਕ ਇਹ ਸੁਨੇਹਾ ਪਹੁੰਚਾ ਰਿਹਾ ਪ੍ਰਤੀਤ ਹੁੰਦਾ ਹੈ ਕਿ ਅੰਗਰੇਜ਼ ਬਸਤੀ ਆਇਰਲੈਂਡ ਵਾਂਗ ਹੀ ਹਿੰਦੁਸਤਾਨ ਅੰਦਰ ਵੀ ਇਸ ਤਰ੍ਹਾਂ ਦੀ ਹਥਿਆਰਬੰਦ ਲਹਿਰ ਸ਼ੁਰੂ ਕਰਨੀ ਸੰਭਵ ਹੈ। ਇਸ ਕਥਾ ਵਿੱਚ ਵੀ ਸਧਾਰਨ, ਸ਼ਾਂਤ ਜ਼ਿੰਦਗੀ ਜਿਊਂਦੇ ਲੋਕਾਂ ਨੂੰ ਜਦੋਂ ਆਪਣੀ ਗੁਲਾਮ ਸਥਿਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਮਰਨ-ਮਰਾਉਣ ਲਈ ਤਿਆਰ ਹੋ ਜਾਂਦੇ ਹਨ।

ਵਾਲਟਰ ਬੈਂਜਾਮਿਨ 'ਦ ਸਟੋਰੀ ਟੈੱਲਰ ਵਿੱਚ ਲਿਖਦਾ ਹੈ ਕਿ ਕਥਾ ਕਹਿਣ ਵਾਲਾ ਆਪਣੀ ਅਥਾਰਟੀ ਮੌਤ ਤੋਂ ਉਧਾਰ ਲੈਂਦਾ ਹੈ। ਮੌਤ ਹੀ ਉਹ ਆਖਰੀ ਸਚਾਈ ਹੈ, ਜੋ ਮੌਤ ਤੋਂ ਪਹਿਲਾਂ ਵਾਪਰੇ ਹੋਏ ਨੂੰ ਅਰਥ ਪ੍ਰਦਾਨ ਕਰਦੀ ਹੈ। ਆਧੁਨਿਕ ਬੰਦਾ ਮੌਤ ਨੂੰ ਭੁੱਲ ਕੇ ਜਿਊਂਦਾ ਹੈ। ਉਹ ਆਪਣੀ ਜ਼ਿੰਦਗੀ ਦੇ ਫੈਸਲੇ ਕੁਝ ਇਸ ਤਰ੍ਹਾਂ ਕਰਦਾ ਹੈ, ਜਿਵੇਂ ਉਸ ਦੀ ਜ਼ਿੰਦਗੀ ਸਦੀਵੀ ਸੱਚ ਹੋਵੇ। ਇਸੇ ਲਈ ਹੁਣ ਬੰਦੇ ਲਈ ਮੌਤ ਨਿੱਜੀ ਘਟਨਾ ਹੈ, ਜਿਸ ਨੂੰ ਆਮ ਪਬਲਿਕ ਤੋਂ ਲੁਕਾਇਆ ਜਾਂਦਾ ਹੈ। ਬੰਦੇ ਨੂੰ ਇਕਾਂਤ ਵਿੱਚ ਮਰਨਾ ਚਾਹੀਦਾ ਹੈ, ਅਜੋਕੀ ਸੱਭਿਅਤਾ ਦਾ ਇਹੀ ਵਿਸ਼ਵਾਸ ਹੈ। ਇਸੇ ਲਈ ਬਸਤੀਵਾਦੀ ਹਾਕਮ ਬਾਗੀਆਂ ਦੀ ਮੌਤ ਨੂੰ ਪਬਲਿਕ ਦ੍ਰਿਸ਼ ਬਣਾ ਦਿੰਦੇ ਸਨ। 1857 ਦੇ ਗ਼ਦਰ ਤੋਂ ਬਾਅਦ ਹਜ਼ਾਰਾਂ ਬਾਗੀਆਂ ਨੂੰ ਲੋਕਾਂ ਸਾਹਮਣੇ ਰੁੱਖਾਂ ਨਾਲ ਲਟਕਾ ਕੇ ਫਾਂਸੀਆਂ ਦਿੱਤੀਆਂ ਗਈਆਂ। ਕਿਸੇ ਬਾਗੀ ਦਾ ਸਿਰ ਕੱਟ ਕੇ ਸ਼ਹਿਰ ਦੇ ਮੁੱਖ ਗੇਟ ਉੱਤੇ ਲਟਕਾ ਦੇਣਾ, ਅਤੀਤ ਦਾ ਆਮ ਵਰਤਾਰਾ ਹੁੰਦਾ ਸੀ।

ਮੌਤ ਦੇ ਇਸ ਤਰ੍ਹਾਂ ਘਟੇ ਜਾਣ ਦਾ ਦ੍ਰਿਸ਼ ਦੇਖ ਕੇ ਆਮ ਲੋਕ ਦਹਿਸ਼ਤਜ਼ਦਾ ਹੋ ਜਾਂਦੇ ਸਨ। ਉਹਨਾਂ ਨੂੰ ਜਾਪਦਾ ਸੀ ਕਿ ਕਤਲ ਹੋਇਆਂ ਨੂੰ ਅਗਲੇ ਜਨਮ ਜਾਂ ਜੰਨਤ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ। ਇਸ ਦੇ ਉਲਟ 'ਕਿਰਤੀ' ਦੀਆਂ ਵਧੇਰੇ ਕਥਾਵਾਂ ਵਿੱਚ ਮੌਤ ਮਨੋ-ਇੱਛਤ ਚੀਜ਼ ਵਜੋਂ ਪੇਸ਼ ਹੁੰਦੀ ਹੈ। ਚਾਹੇ 'ਪਾਗਲ' ਕਥਾ ਦਾ ਸਮਰਨੋਵ ਹੋਵੇ, 'ਸੰਗੀ ਜਾਨੀਟਾ ਦੀ ਜਾਨੀਟਾ' ਜਾਂ 'ਬਣੀ ਸਿਰ ਸ਼ੇਰਾਂ ਦੇ' ਵਿਚਲੇ ਗ਼ਦਰੀ, ਸਭ ਆਪਣੀ ਮੌਤ ਆਪ ਚੁਣਦੇ ਹਨ। ਇਹ ਉਹਨਾਂ ਦੀ ਆਪਣੀ ਸੁਚੇਤ ਚੋਣ ਹੈ। ਇਸੇ ਲਈ ਉਹ ਸ਼ਹਾਦਤ ਦੇ ਅਸਲ ਅਰਥਾਂ ਵਿੱਚ ਸ਼ਹੀਦ ਹਨ। ਇਹ ਕਥਾਵਾਂ ਮੌਤ ਦੁਆਲੇ ਲਪੇਟੇ ਬਸਤੀਵਾਦੀ ਚੋਲੇ ਨੂੰ ਲੀਰੋ-ਲੀਰ ਕਰਦੀਆਂ ਹਨ। ਜਿਸ ਤਰ੍ਹਾਂ ਦੀ ਜਥੇਬੰਦੀ ਅਤੇ ਜਿਸ ਤਰ੍ਹਾਂ ਦੇ ਸੰਘਰਸ਼ ਦਾ ਤਸੱਵੁਰ ਕਿਰਤੀ ਕਰ ਰਹੇ ਸਨ, ਉਹ ਮੌਤ ਦੇ ਖ਼ੌਫ਼ ਨੂੰ ਉਲੰਘ ਗਏ ਸੂਰਮਿਆਂ ਵੱਲੋਂ ਹੀ ਸੰਭਵ ਹੋ ਸਕਦਾ ਸੀ। ਇਹਨਾਂ ਪਾਤਰਾਂ ਲਈ ਆਪਣੀ ਮੌਤ ਤੋਂ ਵੀ ਵੱਧ ਮਹੱਤਵਪੂਰਨ ਐਕਸ਼ਨ ਵਿੱਚ ਸਫ਼ਲਤਾ ਹੈ। 'ਪਿਆਰੇ ਦੀ ਕਥਾ' ਇਸ ਪੱਖ ਤੋਂ ਸਿਖਰ ਦੀ ਕਥਾਕਾਰੀ ਹੈ, ਜਿਸ ਵਿੱਚ ਪਿਆਰੇ ਨਾਂਅ ਦਾ ਇਨਕਲਾਬੀ ਜੋ ਕਦੇ ਡਾਕਾ ਮਾਰਨ ਨੂੰ ਗੈਰਇਖਲਾਕੀ ਕੰਮ ਮੰਨ ਕੇ ਦੇਸ਼ ਲਈ ਵੀ ਇਹ ਕਰਨ ਲਈ ਤਿਆਰ ਨਹੀਂ ਸੀ, ਅਖੀਰ ਦੇਸ਼ ਭਗਤੀ ਦੀ ਖਾਤਰ ਆਪਣੇ ਸਾਥੀਆਂ ਲਈ ਆਪਣੇ ਹੱਥੀਂ ਆਪਣਾ ਸਿਰ ਵੱਢਣ ਦਾ ਚਮਤਕਾਰੀ ਕੰਮ ਕਰ ਗੁਜ਼ਰਦਾ ਹੈ।

ਕਿਸੇ ਵੀ ਖਿੱਤੇ ਦੇ ਬੰਦੇ ਨੂੰ ਆਪਣੀ ਛਾਤੀ ਉੱਤੇ ਹਮੇਸ਼ਾ ਮਿੱਥਕ ਕਥਾਵਾਂ ਦਾ ਬੋਝ ਚੁੱਕ ਕੇ ਤੁਰਨਾ ਪੈਂਦਾ ਹੈ। ਇਹ ਮਿੱਥਕ ਕਥਾਵਾਂ ਹਮੇਸ਼ਾ ਬੰਦੇ ਨੂੰ ਸਦਾਚਾਰ ਸਿਖਾਉਂਦੀਆਂ, ਉਸ ਨੂੰ ਹਰ ਪੱਖ ਤੋਂ ਹੋ ਰਹੇ ਦਮਨ ਨਾਲ ਆਤਮਸਾਤ ਹੋਣਾ ਸਿਖਾਉਂਦੀਆਂ ਹਨ। ਹਰ ਥਾਂ ਪਰੀ ਕਥਾਵਾਂ ਬੰਦੇ ਦੇ ਅਵਚੇਤਨ ਤੋਂ ਮਿੱਥਕ ਕਥਾਵਾਂ ਦਾ ਬੋਝ ਉਤਾਰ ਕੇ ਕੁਦਰਤ ਨੂੰ ਬੰਦੇ ਦੇ ਹੱਕ ਵਿੱਚ ਖੜਾ ਕਰਦੀਆਂ ਹਨ। ਇਹ ਪਰੀ ਕਥਾਵਾਂ ਸੁਖਾਂਤਕ ਹੁੰਦੀਆਂ ਹਨ। 'ਕਿਰਤੀ' ਵਿੱਚ ਪ੍ਰਕਾਸ਼ਤ ਬਹੁਤੀਆਂ ਕਥਾਵਾਂ ਦੁਖਾਂਤਕ ਹਨ। ਪਰ ਉਹ ਕਿਸੇ ਕਿਸਮ ਦੀਆਂ ਮਿੱਥਾਂ ਸਥਾਪਤ ਨਹੀਂ ਕਰਦੀਆਂ। ਪਰੀ ਕਹਾਣੀਆਂ ਵਾਂਗ ਹੀ ਇਹ ਸਗੋਂ ਅਲੌਕਿਕ ਕਿਸਮ ਦੀ ਬਹਾਦਰੀ ਅਤੇ ਦਲੇਰੀ ਦੇ ਮੁਜੱਸਮੇ ਪਾਤਰ ਘੜਦੀਆਂ ਹਨ। ਬਸਤੀਵਾਦੀ ਦਮਨ ਦੇ ਬੋਝ ਨਾਲ ਲੱਦੇ ਪੰਜਾਬੀ ਪਾਠਕ ਨੂੰ ਇਹ ਕਥਾਵਾਂ ਪੜ੍ਹਦਿਆਂ ਉਸੇ ਤਰ੍ਹਾਂ ਮਹਿਸੂਸ ਹੁੰਦਾ ਹੋਵੇਗਾ, ਜਿਵੇਂ ਬਾਲਾਂ ਨੂੰ ਪਰੀ ਕਹਾਣੀਆਂ ਪੜ੍ਹ ਕੇ ਹੁੰਦਾ ਹੈ। ਇਹ ਕਥਾਵਾਂ ਪਾਠਕਾਂ ਨੂੰ ਨਿਰਾਸ਼ਾ ਵਿੱਚੋਂ ਕੱਢ ਕੇ ਅਜ਼ਾਦੀ ਦੀ ਆਸ ਦੇਣ ਵਾਲੀਆਂ ਹਨ। ਅੱਜ ਵੀ ਇਹਨਾਂ ਨੂੰ ਪੜ੍ਹ ਕੇ ਇਹੀ ਮਹਿਸੂਸ ਹੁੰਦਾ ਹੈ।

'ਸੱਚੀ ਉਦਾਰਤਾ' ਕਹਾਣੀ ਵਿੱਚ ਮਰਨ-ਮਾਰਨ ਦੀ ਨੈਤਿਕਤਾ ਦੇ ਸਵਾਲ ਨੂੰ ਹੋਰ ਡੂੰਘਾਈ ਵਿੱਚ ਵਿਚਾਰਿਆ ਗਿਆ ਹੈ। ਰਾਜਿੰਦਰ ਕੌਰ ਦੇ ਪਤੀ ਦਾ ਕਾਤਲ ਵਤਨ ਭਗਤ ਹੈ। ਉਸ ਨੇ ਮੁਲਕਪ੍ਰਸਤਾਂ ਦੀਆਂ ਸੈਂਕੜੇ ਜਾਨਾਂ ਬਚਾਉਣ ਲਈ ਅੰਗਰੇਜ਼ਾਂ ਦੇ ਪਿੱਠੂ ਵਕੀਲ ਨੂੰ ਮਾਰਿਆ ਹੈ। ਇਖਲਾਕੀ ਤੌਰ 'ਤੇ ਬੁਲੰਦ ਸ਼ਖਸੀਅਤ ਦੇ ਮਾਲਕ ਪ੍ਰਦੁਮਨ ਨੂੰ ਮਾਰ ਕੇ ਪਤੀ ਦੇ ਕਤਲ ਦਾ ਬਦਲਾ ਲੈਣਾ ਚਾਹੀਦਾ ਹੈ ਜਾਂ ਪ੍ਰਦੁਮਨ ਦੇ ਆਦਰਸ਼ ਨੂੰ ਸਮਝ ਕੇ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ? ਰਾਜਿੰਦਰ ਕੌਰ ਦੇ ਸਾਹਮਣੇ ਇਹੀ ਨੈਤਿਕ ਦਵੰਦ ਹੈ। ਅਖੀਰ ਉਹ "ਸੱਚੀ ਭਾਰਤ ਪੁੱਤਰੀ" ਦੇ ਫ਼ਰਜ਼ ਨੂੰ ਅਨੁਭਵ ਕਰਕੇ ਹੀ ਆਪਣਾ ਆਖਰੀ ਫੈਸਲਾ ਲੈਂਦੀ ਹੈ।

'ਕਿਰਤੀ' ਲਹਿਰ ਦਾ ਗ਼ਦਰ ਲਹਿਰ ਨਾਲੋਂ ਇੱਕ ਵੱਡਾ ਅੰਤਰ ਇਸ ਦੀ ਆਰਥਿਕ ਚੇਤੰਨਤਾ ਸੀ। ਗ਼ਦਰ ਲਹਿਰ ਕੋਲ ਆਰਥਿਕ ਬਰਾਬਰੀ ਦਾ ਆਦਰਸ਼ਵਾਦੀ ਨਜ਼ਰੀਆ ਸੀ, ਜੋ ਉਸ ਨੇ ਅਰਾਜਕਤਾਵਾਦੀਆਂ/ਸਮਾਜਵਾਦੀਆਂ ਆਦਿ ਕੋਲੋਂ ਲਿਆ ਸੀ। ਕਿਰਤੀ ਲਹਿਰ ਵਿੱਚ ਰੂਸੀ ਇਨਕਲਾਬ ਦੇ ਅਸਰ ਹੇਠ ਗ਼ਦਰੀ ਹਿੰਦੀ, ਕਿਰਤੀ ਵਿੱਚ ਵਟ ਜਾਂਦਾ ਹੈ। ਇਸ ਦਾ 'ਕਿਰਤੀ ਦੀਆਂ ਕਥਾਵਾਂ' ਉਪਰ ਵੀ ਸਪੱਸ਼ਟ ਪ੍ਰਭਾਵ ਮਹਿਸੂਸ ਕੀਤਾ ਜਾ ਸਕਦਾ ਹੈ। 'ਇਕ ਦਰਦੀ ਹਿਰਦਾ' ਦਾ ਪਾਤਰ ਕਿਰਤੀਆਂ ਦੇ ਦਰਦ ਨੂੰ ਮਹਿਸੂਸ ਕਰਨ ਉੱਤੇ ਬੇਹੱਦ ਜ਼ੋਰ ਦਿੰਦਿਆਂ ਇਸ ਨੂੰ ਇਖ਼ਲਾਕ ਦੀ ਪਛਾਣ ਨਾਲ ਜੋੜਦਾ ਹੈ। 'ਗਰੀਬਾਂ ਨੂੰ ਸਤੌਣ ਦੇ ਸਿੱਟੇ' ਸਿਰਲੇਖ ਵਿੱਚ ਹੀ ਗਰੀਬਾਂ ਉੱਤੇ ਜ਼ੁਲਮ ਨੂੰ ਕੁਦਰਤੀ ਨੈਤਿਕਤਾ ਨਾਲ ਜੋੜਿਆ ਗਿਆ ਹੈ। 'ਦੁਖੀ ਰਾਮ ਸਿੰਘ' ਜੇ ਇੱਕ ਸਿੱਖ ਕਿਸਾਨ ਦੇ ਕਰਜ਼ਾਈ ਹੋਣ ਦੀ ਬਾਤ ਪਾਉਂਦੀ ਹੈ ਤਾਂ 'ਅੱਲਾ ਦਿੱਤਾ' ਵਿੱਚ ਉਹੀ ਦੁਖਾਂਤ ਮੁਸਲਿਮ ਅਰਾਈਂ ਨਾਲ ਵਾਪਰਦਾ ਹੈ। ਇਹਨਾਂ ਕਥਾਵਾਂ ਵਿੱਚ ਕਿਸਾਨੀ ਦੇ ਸੰਕਟਾਂ ਲਈ ਆਰਥਿਕ ਦੇ ਨਾਲ ਨਾਲ ਸੱਭਿਆਚਾਰਕ ਕਾਰਨਾਂ ਦੀ ਵੀ ਪਛਾਣ ਕੀਤੀ ਗਈ ਹੈ। ਬਹੁਤ ਵਾਰ ਇਹਨਾਂ ਸੱਭਿਆਚਾਰਕ ਕਾਰਨਾਂ ਨੂੰ ਅਸੀਂ ਅੱਜ ਦੇ ਸਮੇਂ ਵੀ ਅੱਖੋਂ-ਪਰੋਖਾ ਕਰ ਦਿੰਦੇ ਹਾਂ। ਇਸ ਪੱਖ ਤੋਂ ਸਭ ਤੋਂ ਖ਼ੂਬਸੂਰਤ ਅਤੇ ਮਹੱਤਵਪੂਰਨ ਕਥਾ 'ਇਕ ਤਲਾਉ' ਦੀ ਕਹਾਣੀ ਹੈ। ਇਸ ਕਥਾ ਵਿੱਚ ਤਲਾਉ ਦੇ ਰੂਪਕ ਨੂੰ ਵਰਤ ਕੇ ਸਰਮਾਏਦਾਰਾ ਪ੍ਰਬੰਧ ਦੀਆਂ ਗੁੰਝਲਾਂ ਨੂੰ ਬਹੁਤ ਅਸਾਨ ਸ਼ਬਦਾਂ ਅਤੇ ਘਟਨਾਵਾਂ ਰਾਹੀਂ ਸਮਝਾਇਆ ਗਿਆ ਹੈ। ਇੱਥੋਂ ਤੱਕ ਕਿ ਸਰਮਾਏਦਾਰੀ ਸਿਸਟਮ ਵਿੱਚ ਆਰਥਿਕ ਸੰਕਟ ਕਿਵੇਂ ਪੈਦਾ ਹੁੰਦਾ ਹੈ, ਕਥਾ ਦੇ ਅੰਤ ਤੱਕ ਪਾਠਕ ਇਹ ਵੀ ਸਮਝ ਜਾਂਦਾ ਹੈ।

ਅਜੋਕਾ ਦੌਰ ਸੂਚਨਾਵਾਂ ਦਾ ਹੈ। ਸੂਚਨਾਵਾਂ ਵੀ ਉਹ ਜੋ ਬੰਦੇ ਦੇ ਇਸ ਤਤਕਾਲੀ ਪਲ ਉੱਤੇ ਅਸਰ ਪਾਉਣ ਵਾਲੀਆਂ ਹੋਣ। ਕਿਸੇ ਬੇਗਾਨੇ ਮੁਲਕ ਅੰਦਰ ਹੋ ਗਏ ਇਨਕਲਾਬ ਦੇ ਮੁਕਾਬਲੇ ਗੁਆਂਢ ਦੇ ਘਰ ਅਲਮਾਰੀ ਨੂੰ ਲੱਗੀ ਅੱਗ ਦੀ ਘਟਨਾ ਵਿੱਚ ਬੰਦਾ ਵੱਧ ਦਿਲਚਸਪੀ ਦਿਖਾਉਂਦਾ ਹੈ, ਪਰ ਫਿਰ ਵੀ ਕਥਾ-ਕਹਾਣੀਆਂ ਜਿਊਂਦੀਆਂ ਹਨ। ਇਹਨਾਂ ਅੰਦਰ ਇਤਿਹਾਸ ਦੇ ਅਰਥ ਵੀ ਹਨ ਅਤੇ ਵਰਤਮਾਨ ਦੇ ਵੀ। 'ਕਿਰਤੀ ਦੀਆਂ ਕਥਾਵਾਂ' ਦਿਖਾਉਂਦੀਆਂ ਹਨ ਕਿ ਕਿਸੇ ਸਮੂਹਿਕ ਕਾਜ ਲਈ ਕਿਵੇਂ ਕੁਰਬਾਨ ਹੋਇਆ ਜਾ ਸਕਦਾ ਹੈ। ਇਹਨਾਂ ਵਿਚਲੇ ਪਾਤਰ ਅਜੋਕੇ ਖਪਤਕਾਰੀ ਬੰਦੇ ਲਈ ਅਲੋਕਾਰੀ ਹੋ ਸਕਦੇ ਹਨ, ਪਰ ਇਹਨਾਂ ਦੀ ਅਲੋਕਾਰਤਾ ਵਿੱਚੋਂ ਹੀ ਮਨੁੱਖੀ ਇਤਿਹਾਸ ਦੇ ਸੰਘਰਸ਼ ਜਨਮੇ ਸਨ। ਇਹਨਾਂ ਪਾਤਰਾਂ ਨੂੰ ਬਸਤੀਵਾਦੀ/ਜ਼ਾਰਸ਼ਾਹੀ ਸਮਿਆਂ ਨੇ ਸਿਰਜਿਆ ਸੀ। ਅਜੋਕੀਆਂ ਸ਼ਹਿਰੀ ਅਜ਼ਾਦੀਆਂ ਇਹਨਾਂ ਸਮਿਆਂ ਵਿਰੁੱਧ ਸੰਘਰਸ਼ ਰਾਹੀਂ ਹੀ ਲੋਕਾਂ ਨੇ ਜਿੱਤੀਆਂ ਹਨ। ਇਸੇ ਲਈ ਇਹ ਕਥਾਵਾਂ ਨਾ ਸਿਰਫ਼ ਸਾਨੂੰ ਉਸ ਸ਼ਾਨਦਾਰ ਇਤਿਹਾਸ ਦੇ ਰੂਬਰੂ ਕਰਦੀਆਂ ਹਨ, ਸਗੋਂ ਇਸ ਨਾਲ ਇਹਨਾਂ ਸੰਘਰਸ਼ਾਂ ਦੇ ਉਹਨਾਂ ਆਦਰਸ਼ਾਂ ਨੂੰ ਵੀ ਮੁੜ ਚੇਤੇ ਕਰਵਾਉਂਦੀਆਂ ਹਨ, ਜਿਹਨਾਂ ਨੇ ਹਾਲੇ ਸਾਕਾਰ ਹੋਣਾ ਹੈ। ਆਪਣੇ ਇਹਨਾਂ ਸਰੋਕਾਰਾਂ ਵਿੱਚ ਹੀ 'ਕਿਰਤੀ' ਦੀਆਂ ਇਹ ਕਥਾਵਾਂ ਅੱਜ ਦੇ ਪਾਠਕਾਂ ਲਈ ਵੀ ਓਨੀਆਂ ਹੀ ਪ੍ਰਸੰਗਕ ਹਨ।

## ਬਾਲ ਕੋਨਾ



ਅਵੀਜੋਤ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ



ਸੁਖਪ੍ਰੀਤ ਕੌਰ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ



ਜਸਮੀਤ ਕੌਰ, ਸੱਤਵੀਂ, ਗੌਰਮਿੰਟ ਹਾਈ ਸਕੂਲ ਕੋਟ ਧਰਮੂ, ਮਾਨਸਾ



ਜਸਮੀਤ ਕੌਰ, ਸੱਤਵੀਂ, ਗੌਰਮਿੰਟ ਹਾਈ ਸਕੂਲ ਕੋਟ ਧਰਮੂ, ਮਾਨਸਾ



ਜਸਮੀਤ ਕੌਰ, ਸੱਤਵੀਂ, ਗੌਰਮਿੰਟ ਹਾਈ ਸਕੂਲ ਕੋਟ ਧਰਮੂ, ਮਾਨਸਾ